भारत सरकार
GOVERNMENT OF INDIA
राष्ट्रीय पुस्तकालय, कलकत्ता ।
NATIONAL LIBRARY, CALCUTTA.

वर्ग संख्या
Class No. P 294.553
पुस्तक संख्या
Book No. Ki 342 s

रा० पु०/N. L. 38.

H7/Dte/NL/Cal/79—2,50,000—1-3-82—GIPG.

# ਸਿਖ ਮੂਲਵਾਦ ਬਾਰੇ

ਕਿਰਪਾਲ ਸਿੰਘ ਆਜ਼ਾਦ

ਪੰਜਾਬ ਬੁਕ ਸੈਂਟਰ
ਐਸ.ਸੀ.ਓ. 1126-27, ਸੈਕਟਰ 22-ਬੀ,
ਚੰਡੀਗੜ੍ਹ ।

SIKH MOOLVAD BAARE
(Regarding Sikh Fundamentalism)
A—Critique
© KIRPAL SINGH AZAD

Delivery of Book Act., 1954.
1 8 DEC 1990

P
294.553
K 3428

**ਇਸੇ ਕਲਮ ਤੋਂ...**

ਜਨਮ ਪੀੜਾ (ਮਹਾਂ ਕਾਵਿਕ ਨਾਵਲ)

ਗੁਰਬਾਣੀ ਇਨਕਲਾਬੀ ਹੈ ਕਿ... (ਇਕ ਵਿਸ਼ਲੇਸ਼ਣ)

ਕੋਈ ਆਖੇ, ਕੋਈ ਸਮਝੇ ਨਾ (ਕਹਾਣੀ ਸੰਗ੍ਰਹਿ)

ਚੰਨ ਤਾਰਿਆਂ ਦੀ ਦੁਨੀਆ (ਖਗੋਲ ਬਾਰੇ—ਬਾਲਗ ਵਿਦਿਆ)

ਨਵ-ਚਿੰਤਨ ਕਹਾਣੀਆਂ (ਬਾਲ ਕਹਾਣੀਆਂ)

ਦਾਰਸ਼ਨਿਕ, ਇਤਹਾਸਕ, ਸਮੀਖਿਅਕ ਲਿਖਤਾਂ

ਅਤੇ 20 ਤੋਂ ਉਪਰ ਅਨੁਵਾਦਿਤ ਪੁਸਤਕਾਂ

National Library
128886
26.12.1990
Calcutta

ਪ੍ਰਕਾਸ਼ਕ :
ਪੰਜਾਬ ਬੁੱਕ ਸੈਂਟਰ, ਐਸ.ਸੀ.ਓ. 1126-27,
ਸੈਕਟਰ 22-ਬੀ, ਚੰਡੀਗੜ੍ਹ।

ਛਾਪਕ :
ਪ੍ਰੇਰਨਾ ਪ੍ਰਿੰਟਿੰਗ ਪ੍ਰੈਸ, ਬੀ-52, ਫੇਜ਼ 6,
ਸ. ਅ. ਸ. ਨਗਰ (ਮੋਹਾਲੀ)।

ਮੁੱਲ :
ਸਾਧਾਰਨ : 25-00 ਰੁਪਏ
ਡੀਲਕਸ : 50-00 ਰੁਪਏ

## ਤਤਕਰਾ


ਮੁੱਖਬੰਧ / ਆਦਿਕਾ 5

1. ਸਿਖ ਧਰਮ ਦੀਆਂ ਵਿਲੱਖਣਤਾਵਾਂ 9
2. ਧਰਮ ਯੁਗਾਂਤਰ : ਸਿਖ ਧਰਮ ਦੀਆਂ ਸਮਸਿਆਵਾਂ 12
3. ਗੁਰਬਾਣੀ ਦੀ ਮਾਨਤਾ : ਦਰਸ਼ਨ, ਦੇਹ ਤੋਂ ਕਰਾਮਾਤ ਤਕ 19
4. ਸਿਖ ਇਤਹਾਸਕਾਰੀ 25
5. ਸਿਖ ਇਤਹਾਸ ਦਾ ਪੁਨਰ-ਅਧਿਅਨ (ਗੁਰੂ ਕਾਲ) 36
6. ਬੰਦਾ ਸਿੰਘ ਬਹਾਦਰ : ਸ੍ਰੇਣੀ ਹਿਤ ਆਪਣੇ ਪੰਧ ਉਪਰ 54
7. ਘਲੂਘਾਰਾ, ਮਿਸਲ-ਕਾਂਡ : (ਗੁਰੀਲਾ ਤੋਂ ਫੌਜੀ ਸ਼ਕਤੀ ਤਕ) 61
8. ਮਹਾਰਾਜਾ ਰਣਜੀਤ ਸਿੰਘ : ਤੇਗ ਤੋਂ ਦੇਗ ਵਲ 68
9. ਇਕ ਸਰਕਾਰ ਬਾਝੋਂ : ਸਰਦਾਰਾਂ ਦੀ ਔਕਾਤ 79
10. ਸਾਮਰਾਜੀ ਲਖ ਲੁੱਟ : ਨਾਮਧਾਰੀ ਲਹਿਰ 94
11. ਵੀਹਵੀਂ ਸਦੀ : ਦੋ ਜੁਝਾਰ ਲਹਿਰਾਂ 104
12. ਸਿੰਘ ਸਭਾ, ਅਕਾਲੀ ਲਹਿਰ ; ਸਿਖ ਰਾਜਨੀਤੀ 109
13. ਅਕਾਲੀ ਲਹਿਰ : ਸਿਆਸਤ ਬਨਾਮ ਧਰਮ 127
14. ਸਿਖ ਮੂਲਵਾਦ : ਦੋ ਉਤਪ੍ਰੇਰਕ 133
15. ਭਾਰਤੀ ਸੈਕੂਲਰਿਜ਼ਮ : ਸਿਧਾਂਤ ਅਤੇ ਅਮਲ 139
16. ਭਾਰਤ ਵੰਡ : ਮੂਲਵਾਦੀ ਘਲੂਘਾਰਾ 146
17. ਫਿਰਕਾਪ੍ਰਸਤੀ ਅਤੇ ਮੂਲਵਾਦ ਦੇ ਆਧਾਰ 150
18. ਸਫਲਤਾ-ਮੁਖ ਰਾਜਨੀਤੀ ਦਾ ਘਾਲਾ-ਮਾਲਾ 165
19. ਮੂਲਵਾਦ ਵਿਰੁਧ ਸੰਘਰਸ਼ 195

ਸਹਾਇਕ ਪੁਸਤਕਾਂ ਦੀ ਸੂਚੀ 202

ਸੁਧੀ ਪੱਤਰ 205

# ਸਮਰਪਣ

ਗਿਆਨ-ਵਿਗਿਆਨ ਦੇ ਉਹਨਾਂ ਤਾਂਘੀਆਂ ਨੂੰ ਜੋ ਧਰਮ ਅਤੇ ਮਾਨਵਤਾ ਨੂੰ ਅਗੇ ਤੋਰਨਾ ਚਾਹੁੰਦੇ ਹਨ। ਜੋ ਮਨੁਖ ਨੂੰ ਧਰਮ ਲਈ ਨਹੀਂ, ਸਗੋਂ ਧਰਮ ਨੂੰ ਮਨੁਖ ਲਈ ਪੈਦਾ ਹੋਇਆ ਮੰਨਦੇ ਹਨ।

# ਆਦਿਕਾ

ਮਨੁਖ ਦੇ ਜਨਮ ਲੈਣ ਤੋਂ ਮਹਾਨ ਕੋਈ ਸਬੱਬ ਨਹੀਂ। ਜਨਮ ਲੈਣ ਵਿਚ ਦੇਸ, ਧਰਮ ਅਤੇ ਸ੍ਰੇਣੀ ਦੀ ਚੋਣ ਮਨੁਖ ਦੇ ਵੱਸ ਵਿਚ ਨਹੀਂ। ਪਰ ਇਹ ਗਲ ਮਨੁਖ ਦੇ ਵੱਸ ਵਿਚ ਹੈ ਕਿ ਉਹ ਧਰਮ ਤੇ ਸਮਾਜ ਨੂੰ ਆਪਣੀ ਸ੍ਰੇਣੀ ਦੇ ਹਿਤਾਂ ਅਨੁਸਾਰ ਸਮਝੇ ਅਤੇ ਧਿਆਵੇ।

ਇਹ ਵੀ ਸ਼ਾਇਦ ਕੋਈ ਸੁੰਦਰ ਸਬੱਬ ਹੀ ਸੀ ਕਿ ਇਸ ਪੁਸਤਿਕਾ ਦੇ ਲੇਖਕ ਨੂੰ ਅੰਮ੍ਰਿਤਸਰ ਦੇ ਇਕ ਸਾਧਾਰਨ ਸਿਖ ਘਰ ਵਿਚ ਉਸ ਮਾਂ ਨੇ ਜਨਮ ਦਿਤਾ ਜੋ ਤ੍ਰਿੰਨ ਪਹਿਰੇ ਉਠ ਕੇ ਹਰਿਮੰਦਰ ਦੇ ਦਰਸ਼ਨ ਕਰਨ ਵਾਲੀ ਭਜਨੀਕ ਨਿੱਤ-ਨੇਮਣ ਸੀ। ਬਾਲ ਵਰੇਸ ਵਿਚ ਗੁਰੂ ਕੇ ਬਾਗ ਵਿਚ ਬਣੇ ਸੰਖੇਪ ਜਿਹੇ ਚਬੂਤਰੇ—ਮੰਜੀ ਸਾਹਿਬ—ਤੋਂ ਗਿਆਨੀ ਠਾਕਰ ਸਿੰਘ ਪਾਸੋਂ ਗੁਰਬਾਣੀ ਦੀ ਵਿਆਖਿਆ ਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਪਾਸੋਂ ਗੁਰ ਪ੍ਰਤਾਪ ਸੂਰਜ ਦੀ ਕਥਾ ਨੇਮ ਨਾਲ ਸੁਣੀਆਂ। ਗੁਰਬਾਣੀ ਦੇ ਮਾਨਵਤਾਵਾਦੀ ਪੂਰਨੇ, ਬਾਲ ਬੁਧ ਉਪਰ ਉੱਕਰੇ ਗਏ।

ਸੰਘਰਸ਼ਮਈ ਗਰੀਬ ਜੀਵਨ ਦੇ ਅਨੰਤ ਅਧਿਅਨ ਦੀ ਛੂਹ ਪਾਈ ਤਾਂ ਅਨੁਭਵ ਹੋਇਆ ਕਿ ਗੁਰਬਾਣੀ ਨੇ ਚੰਗਾ ਮਨੁਖ ਬਣਨ ਲਈ ਤੇ ਸੰਸਾਰ ਨੂੰ ਚੰਗੇ ਤੋਂ ਚੰਗੇਰਾ ਚਿਤਵਣ-ਚਿਤਰਣ ਲਈ ਮੈਨੂੰ ਉਂਗਲੀ ਲਾ ਕੇ ਸੋਚ ਅਤੇ ਅਮਲ ਦੇ ਰਾਹ ਉਪਰ ਚਲਣਾ ਸਿਖਾਇਆ ਸੀ। ਵਿਗਿਆਨਕ ਮਾਨਵਤਾਵਾਦ ਦੀ ਸ਼ਾਹ-ਰਾਹ ਤੇ ਪੈ ਕੇ ਤਾਂ ਮੈਂ ਜਿਵੇਂ ਰੱਬ ਤੋਂ ਮੁਨਕਰ ਹੀ ਹੋ ਗਿਆ ਪਰ ਗੁਰਬਾਣੀ ਦੀ ਸਿਖਿਆ-ਸਾਹਿਤਕਤਾ ਅਗੇ ਮਨ-ਮਸਤਕ ਝੁਕੇ ਰਹੇ। ਪੱਛਮੀ ਜਰਮਨੀ ਦੀ ਧਰਤੀ ਉਪਰ ਗੁਰੂ

ਗਰੰਥ ਸਾਹਿਬ ਦੀ ਪਹਿਲੀ ਬੀੜ ਲਿਜਾਣ-ਲੇਵਣ ਅਤੇ ਪਤਨੀ, ਪੁਤਰ-ਪੋਤਰ ਤਕ ਸਿੱਖੀ ਨੂੰ ਕੇਸਾਂ-ਸਵਾਸਾਂ ਨਾਲ ਨਿਭਾਉਣ ਦੀ ਸਮਰਥਾ ਹੋਈ ਹੈ।

ਵਿਗਿਆਨਕ ਮਾਨਵਤਾਦੀ ਚਿੰਤਣ ਨੇ ਜੁਆਨੀ ਸਮੇਂ ਦ੍ਰਿਸ਼ਟੀ ਨੂੰ ਏਨਾ ਕੁ ਰੁਸ਼ਨਾ ਦਿਤਾ ਕਿ ਸਿਖ ਸਮਾਜ ਦੇ ਢਕੇ-ਕੱਜੇ ਤੇ ਕਜਲਾਏ ਇਤਹਾਸ ਵਿਚੋਂ ਸ਼੍ਰੇਣੀਆਂ ਨੂੰ ਉਭਰਦਿਆਂ, ਟਕਰਾਉਂਦਿਆਂ ਤੇ ਪ੍ਰਤੀਸਥਾਪਤ ਹੁੰਦਿਆਂ ਦੇਖ ਲਿਆ। ਇਸੇ ਲਈ ਪੰਜਾਹਵਿਆਂ ਵਿਚ ਹੀ 'ਸਿਖ ਸਮਾਜ' ਨਾ ਰਖ ਕੇ ਪੁਸਤਕ ਨੂੰ ਵਿਉਂਤ ਕੇ ਲਿਖਣਾ ਆਰੰਭ ਕੀਤਾ ਜਿਸ ਵਿਚੋਂ ਕੁਝ 'ਲੋਕ ਸਾਹਿਤ' ਤੇ 'ਜੀਵਨ ਪ੍ਰੀਤੀ' ਆਦਿਕ ਮਾਸਿਕ-ਪਤਰਾਂ ਵਿਚ ਛਪੇ ਵੀ ਪਰ ਪੁਸਤਕ ਪੂਰੀ ਨਾ ਹੋਈ। ਸ਼ਾਇਦ ਇਹ (ਲੇਖ)ਪਹਿਲੀ ਅਲ੍ਹੜ ਤੇ ਅਣਗੌਲੀ ਆਵਾਜ਼ ਸੀ ਜਿਸਨੇ ਮਹਾਰਾਜਾ ਰਣਜੀਤ ਸਿੰਘ ਦੀ ਸਥਾਪਤ ਹੁੰਦੀ ਸਾਮੰਤਸ਼ਾਹੀ ਹੇਠ ਮਿਸਲ-ਭਾਤ ਦੀ ਜਮਹੂਰੀਅਤ ਅਤੇ ਸਿੱਖਾਂ ਦੇ ਧਾਰਮਿਕ-ਕਬੀਲਾਈ ਮਹਾਂ-ਸੰਘ ਨੂੰ ਖਤਮ ਹੁੰਦਿਆ ਦਸਿਆ ਸੀ। ਨਾਲ ਹੀ ਮਾਰਕਸਵਾਦ ਤੋਂ ਮਿਲੀ ਸੂਝ-ਬੂਝ ਨੇ ਸਿਖਾਂ ਦੀ ਪਹਿਲੀ ਲੜਾਈ ਵੇਲੇ ਲਾਹੌਰ ਦਰਬਾਰ ਦੀ ਸਰਦਾਰ ਸ਼੍ਰੇਣੀ ਨੂੰ ਆਪਣੇ ਲੋਕਾਂ ਨਾਲ ਗੱਦਾਰੀ ਕਰਕੇ ਬ੍ਰਤਾਨਵੀ ਸਾਮਰਾਜ ਦੀ ਚਾਕਰੀ ਕਰਦਿਆਂ ਦਿਖਾਇਆ ਸੀ।

ਸ਼੍ਰੇਣੀ-ਚੇਤੰਨਤਾ ਮਾਰਕਸਵਾਦ ਦੇ ਅਧਿਅਨ ਨਾਲ ਇਕਵਾਰਗੀ ਨਹੀਂ ਸੀ ਆਈ ਸਗੋਂ ਇਸ ਦੇ ਬੀਜ-ਅੰਸ਼ ਬਾਲ-ਬੁਧ ਵਿਚ ਹੀ ਆ ਟਿਕੇ ਸਨ ਜਦੋਂ ਗੁਰ ਪ੍ਰਤਾਪ ਸੂਰਜ (ਸੂਰਜ ਪ੍ਰਕਾਸ਼) ਦੇ ਕਰਤਾ ਭਾਈ ਸੰਤੋਖ ਸਿੰਘ ਦੇ ਇਹ ਵਿਚਾਰ ਪੜ੍ਹੇ-ਵਿਚਾਰੇ ਹੋਣਗੇ : "ਸੰਸਾਰਕ ਸ਼ਕਤੀ ਅਤੇ ਧਨ, ਗੁਰੂ ਨਾਨਕ ਤੋਂ ਬਾਰਾਂ ਕੋਹ ਦੀ ਵਿੱਥ ਤੇ, ਗੁਰੂ ਅੰਗਦ ਤੋਂ ਛੇ ਕੋਹ ਦੀ ਵਿੱਥ ਤੇ ਰਹੇ ਸਨ। ਇਨ੍ਹਾਂ ਨੇ ਗੁਰੂ ਅਮਰਦਾਸ ਦਾ ਦਰਵਾਜ਼ਾ ਖਟਖਟਾਇਆ ਅਤੇ ਗੁਰੂ ਰਾਮਦਾਸ ਦੇ ਚਰਨ ਜਾ ਫੜੇ। ਗੁਰੂ ਅਰਜਨ ਦੇਵ ਦੇ ਸਮੇਂ ਵਿਚ ਇਨ੍ਹਾਂ ਨੂੰ ਗ੍ਰਹਿ-ਪ੍ਰਵੇਸ਼ ਦੀ ਆਗਿਆ ਮਿਲ ਗਈ।"

ਸੋਚਿਆ, ਭਾਈ ਗੁਰਦਾਸ ਨੇ ਗੁਰੂ ਦੀ ਗੋਲਕ ਤੋਂ ਧੁਆੜੇ ਪੈਂਦਿਆਂ ਦੇਖ ਕੇ ਠੀਕ ਲਿਖਿਆ ਸੀ, "ਜਿਉਂ ਗੁਰ ਸਿਖਾਂ ਭਾਗੁ ਧਰਮਸਾਲ ਦੀ, ਵਿਹੁ ਖੰਡੂ ਪਾਜ।" ਪੜ੍ਹਿਆ ਵੀ, ਕਿ ਗੁਰੂ ਗੋਬਿੰਦ ਸਿੰਘ ਨੇ ਮੰਜੀਆ ਉਪ੍ਰੰਤ ਸਥਾਪਤ ਹੋਈਆਂ ਮਸੰਦੀਆਂ—ਜੋ ਸਿਖਾਂ ਤੋਂ 'ਕਾਰ-ਭੇਟ' ਦੀ ਮਾਇਆ ਉਗ੍ਰਾਹੁਣ ਦੀ ਸੰਸਥਾ ਸੀ—

ਨੂੰ ਭਾਰਾ ਦੰਡ ਦਿਤਾ ਸੀ। ਖਿਆਲ ਆਉਂਦਾ ਕਿ ਧਨ ਤੇ ਧਨੀ ਛੋਟੀ ਦੀ ਲਕੜੀ ਨੇ ਇਸ ਤੋਂ ਮਗਰੋਂ ਕਿਹੜੀ ਘਟ ਗੁਜ਼ਾਰੀ ਹੋਵੇਗੀ! ਪਰ ਵਡੀਆਂ-ਵਡੀਆਂ ਸ਼ਿੱਧੀਆਂ-ਪ੍ਰਸਿੱਧੀਆਂ ਵਾਲੇ ਪੋਥੀਕਾਰਾਂ ਦੀਆਂ ਲਿਖਤਾਂ ਪੜ੍ਹ ਕੇ ਆਪਣੀ ਗਰੀਬ ਕਲਮ ਦੀ ਆਵਾਜ਼, ਪੂੰਜੀਵਾਦੀ ਨਗਾਰ-ਖਾਨੇ ਵਿਚ ਇਕ ਤੂਤੀ ਦੀ ਆਵਾਜ਼ ਜਾਪੀ ਸੀ।

ਪਿਛਲੇ ਪੌਣੇ ਕੁ ਦਹਾਕੇ ਤੋਂ ਪੰਜਾਬ ਅਤੇ ਸਿਖ ਸਮਾਜ ਨੂੰ ਉਗਰਵਾਦ ਨੇ ਜਿਵੇਂ ਅੰਦਰੋ-ਅੰਦਰ ਖੋਰਿਆ ਤੇ ਬੇ ਪੱਤ ਕੀਤਾ ਹੈ, ਉਹ ਤਾਂ ਸਮਾਂ ਪਾ ਕੇ ਸੌਰ ਹੀ ਜਾਏਗਾ ਪਰ ਇਕ ਗਲ ਜ਼ਰੂਰ ਸਿੱਧ ਹੋਈ ਹੈ ਕਿ ਸਾਡੇ ਪੂੰਜੀਵਾਦੀ ਚਿੰਤਕ-ਲੇਖਕ, ਸਮਾਜਿਕ ਅਕਲ ਤੋਂ ਅੰਨ੍ਹੇ ਤੇ ਗੰਢ ਦੇ ਪੂਰੇ ਹਨ ਜਿਨ੍ਹਾਂ ਨੂੰ ਉਗਰਵਾਦ-ਅੱਤਵਾਦ ਦਾ ਰਾਕਸ਼ ਪਹਿਲਾਂ ਦਿਸਿਆ ਹੀ ਨਹੀਂ।

ਅਤਵਾਦ-ਉਗਰਵਾਦ-ਵਖਵਾਦ ਹਰ ਸਮਾਜਕ ਉਭਾਰ-ਨਿਘਾਰ ਵਾਂਗ ਪਹਿਲਾਂ ਤੋਂ ਬਣ-ਵਿਗੜ ਰਹੀ ਮਾਨਸਿਕਤਾ ਉਪਰ ਹੀ ਉਸਰੇ ਹਨ ਜਿਸ ਨੂੰ ਨਾ ਤਾਂ ਧਾਰਮਿਕ ਰੰਗ ਵਿਚ ਰੱਤੀ ਵਿਦਵਤਾ ਗੌਲਣ ਦੇ ਯੋਗ ਸੀ ਅਤੇ ਨਾ ਜਿਸ ਨੂੰ ਭਾੜੇ ਉਪਰ ਵਗਦੀ ਕਲਮ ਨੇ ਤਾੜਨਾ-ਤੋਲਣਾ ਸੀ। ਅਤਵਾਦ, ਉਗਰਵਾਦ, ਵਖਵਾਦ ਜਿਸ ਸੰਕੀਰਣ ਪਰ ਸੁਚੇਤ ਮਾਨਸਿਕਤਾ ਉਪਰ ਉਸਰੇ ਹਨ, ਉਸ ਦਾ ਅਜੋਕਾ ਨਾਂ ਮੂਲਵਾਦ ਹੈ।

ਵਿਚਾਰ ਕਿਉਂਕਿ ਹਰ ਚੰਗੇ ਮਾੜੇ ਅਮਲ ਤੋਂ ਪਹਿਲਾਂ ਬਣਦਾ ਹੈ, ਸੂਖਮ ਹੁੰਦਾ ਹੈ ਇਸ ਲਈ ਮੂਲਵਾਦ ਦੇ ਹਥਲੇ ਅਧਿਅਨ ਲਈ ਪਿਛੇ ਜਾਣਾ ਪਿਆ ਹੈ। ਸਿਖ ਇਤਹਾਸ ਨੂੰ ਆਪਣੇ ਬੁਧ ਬਲ ਅਨੁਸਾਰ ਪੜ੍ਹਿਆ-ਵਿਚਾਰਿਆ ਅਤੇ ਕੌਮੀ ਲਹਿਰ ਸਮੇਤ ਸੈਕੂਲਰਿਜ਼ਮ ਨੂੰ ਹੰਗਾਲਿਆ ਹੈ। ਅਜਿਹਾ ਕਰਦਿਆਂ ਕਰਾਮਾਤਾਂ, ਮਿੱਥਾਂ ਅਤੇ ਅਲੌਕਿਕਤਾ— ਪਾਰ-ਸ਼ਰੀਰਕਤਾ ਨੂੰ ਦੂਰੋਂ ਹੀ ਮੱਥਾ ਟੇਕ ਕੇ ਵਿਵੇਕ ਤੇ ਵਿਗਿਆਨ ਦਾ ਲੜ ਫੜਿਆ ਹੈ। ਇੰਜ ਕਰਦਿਆਂ ਆਪਣੇ; ਆਪਣਿਆਂ ਦੇ ਮਨ ਵਿਚ ਵੱਸੇ ਪਿਤਾ-ਪੁਰਖੀ ਵਿਚਾਰਾਂ-ਵਿਸ਼ਵਾਸਾਂ ਤੇ ਬਣੇ-ਬਣਾਏ ਰਾਜਨੀਤਕ ਫਾਰ-ਮੂਲਿਆਂ ਨੂੰ ਨਕਾਰਦਿਆਂ ਮਨ ਨੂੰ ਖੁੱਸਣ ਵੀ ਪਈ ਹੈ ਅਤੇ ਭਲੇ ਭਵਿਖ ਨੂੰ ਮੁਖ ਰਖ ਕੇ ਸੁਰਖਰੂਈ ਵੀ ਹੋਈ ਹੈ।

ਇਸ ਲੇਖਣੀ ਦੇ ਵਿਸ਼ੇ ਦਾ ਉਗਰਵਾਦ, ਅੱਤਵਾਦ-ਵਖਵਾਦ ਨਾਲ ਸਿਧਾ

ਸੰਬੰਧ ਨਹੀਂ, ਨਾ ਹੀ ਹਿੰਦੂ ਸਿਖ ਮੁਖੌਟਿਆਂ ਵਾਲੀ ਫਿਰਕਾਪ੍ਰਸਤੀ ਨਾਲ ਹੈ ਅਤੇ ਨਾ ਸਫਲਤਾ-ਮੁਖ ਅੰਧਕਾਰੀ ਸੈਕੂਲਰਿਜ਼ਮ ਨਾਲ ਸਿੱਧਾ ਸਰੋਕਾਰ ਹੈ। ਪਰ ਇਸ ਅਧਿਅਨ ਦਾ ਪ੍ਰਯੋਜਨ ਉਸ ਸੋਚ-ਪਰਕਿਰਿਆ ਨੂੰ ਸਮਝਣਾ ਹੈ ਜਿਸ ਨੇ ਧਰਮ ਤੇ ਰਾਜਨੀਤੀ ਨੂੰ ਮੂਲੋਂ ਹੀ ਹਿਲਾ-ਥਿੜਕਾ ਕੇ ਪੰਜਾਬ ਅਤੇ ਸਿਖ ਸਮਾਜ ਨੂੰ ਅਧੋਗਤੀ ਦੀ ਖੱਡ ਵਲ ਰੋੜ੍ਹ ਦਿਤਾ ਹੈ।

ਇਨਕਲਾਬੀ ਅਮਲ ਜਾਂ ਯੁਗ-ਪ੍ਰੀਵਰਤਨ ਦਾ ਸਿਧਾਂਤ ਨਾ ਤਾਂ ਆਰਾਮ-ਕੁਰਸੀ ਦਾ ਸੁਪਨੇਸਾਜ਼ ਚਿੰਤਣ ਹੁੰਦਾ ਹੈ, ਨਾ ਹਨੇਰਾ ਢੋਣ ਵਾਲਾ ਅੰਧਕਰਮ, ਇਹ ਲਹਿਰ ਤੋਂ ਸਿਖਿਆ ਤੇ ਮੁੜ ਉਸੇ ਨੂੰ ਗਤੀਸ਼ੀਲ ਕਰਨ ਵਾਲਾ ਵਿਚਾਰ ਹੁੰਦਾ ਹੈ। ਲੋੜ ਸੀ, ਸਿਧਾਂਤ ਅਤੇ ਅਨੁਭਵ ਨਾਲ ਲੈਸ ਚਿੰਤਕਾਂ ਦੀ ਜੋ ਰਾਜਨੀਤਕ ਪਿੜ ਤੋਂ ਪਹਿਲਾਂ ਚਿੰਤਣ ਦੇ ਖੇਤਰ ਵਿਚ ਵਿਗਿਆਨਕ ਮਾਨਵਤਾਵਾਦ ਦੀ ਜਿੱਤ ਦਾ ਝੰਡਾ ਗੱਡਦੇ। ਅਜਿਹਾ ਸਮੂਹਕ ਕੰਮ ਮੇਰੇ ਜਹੇ ਇਕ-ਇਕੱਲੇ ਵਿਅਕਤੀ ਦੇ ਵਿੱਤ ਤੋਂ ਬਾਹਰ ਹੈ। ਪਰ ਇਹ ਸੋਚ ਕੇ ਕਿ ਹਰ ਕੰਮ ਦਾ ਮੁਢ ਕਦੇ ਅਤੇ ਕਿਸੇ ਪਾਸੋਂ ਬੱਝਦਾ ਹੀ ਹੈ—ਮੈਂ ਮੂਲਵਾਦ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ; ਵਿਸ਼ੇ ਦੀ ਸੇਧ ਅਤੇ ਸੰਖੇਪਤਾ ਵਿਚ ਰਹਿੰਦਿਆਂ ਚਿੰਤਣਸ਼ੀਲ ਪਾਠਕਾਂ ਦੇ ਸਨਮੁਖ ਕੁਝ ਸੰਕੇਤ, ਕੁਝ ਪ੍ਰਸ਼ਨ ਕੀਤੇ ਹਨ।

ਇੰਜ ਕਰਦਿਆਂ, ਬਹੁਤ ਸਾਰੀਆਂ ਉਕਾਈਆਂ ਅਤੇ ਗੰਭੀਰ ਭੁੱਲਾਂ ਹੋਈਆਂ ਹੋਣਗੀਆਂ। ਆਸ ਹੈ ਸਮੇਂ ਦੀ ਲੋੜ ਅਨੁਸਾਰ ਗਲ ਤੁਰੇਗੀ; ਵਿਚਾਰ ਸਾਂਝੇ ਤੇ ਸਮੂਹਿਕ ਹੋਣਗੇ—ਲੇਖਕ ਦੀ ਅਗਿਆਨਤਾ ਘਟੇਗੀ ਅਤੇ ਵਿਗਿਆਨਕ ਮਾਨਵਤਾ-ਵਾਦੀ ਸੋਚ ਤੇ ਲਹਿਰ ਅਗੇ ਵਧਣਗੀਆਂ।

ਇਕ ਅਕਤੂਬਰ, 1988 ਕਿਰਪਾਲ ਸਿੰਘ ਆਜ਼ਾਦ

# 1. ਸਿਖ ਧਰਮ ਦੀਆਂ ਵਿਲੱਖਣਤਾਵਾਂ

ਧਰਮ, ਮਾਨਵ ਸਮਾਜ ਦਾ ਅਦਭੁਤ ਅਨੁਭਵ ਹੈ; ਵਰਤਾਰਾ ਹੈ। ਅਨੁਭਵ; ਸਮੇਂ, ਸਥਾਨ, ਅਤੇ ਮਨੁਖ-ਸਮੂਹਾਂ ਦੇ ਅਨੁਸਾਰ ਹੁੰਦਾ ਹੈ। ਇਸ ਲਈ ਇਸ ਦੇ ਵਖ ਵਖ ਨਾਂ, ਸਿਧਾਂਤ, ਸੰਕਲਪ, ਮਰਯਾਦਾ ਅਤੇ ਸਮਾਜਕ ਵਿਲੱਖਣਤਾ ਦਿਸਦੇ ਹਨ।

ਸਿਖ ਧਰਮ ਦੀਆਂ ਵਿਲੱਖਣਤਾਵਾਂ ਹਨ :

ਧਰਮਾਂ-ਮਜ਼ਬਾਂ ਦੇ ਇਤਹਾਸ ਨੂੰ ਦੇਖਿਆਂ ਸਿਖ ਧਰਮ ਦੀ ਜਿਹੜੀ ਵਿਲੱਖਣਤਾ ਵਲ ਧਿਆਨ ਜਾਂਦਾ ਹੈ ਉਹ ਹੈ ਇਸ ਦਾ ਓਦੋਂ ਹੋਂਦ ਵਿਚ ਆਉਣਾ ਜਦੋਂ ਸੰਪੂਰਣ ਧਰਮਾਂ ਦਾ ਦੌਰ ਖਤਮ ਹੋ ਚੁਕਾ ਸੀ। ਸਾਡੀ ਇਹ ਦੁਨੀਆ ਯੂਰਪੀ ਸਿਰੇ ਤੋਂ ਸਾਮੰਤੀ ਯੁਗ ਨੂੰ ਛਡਦੀ ਹੋਈ ਉਦਯੋਗਿਕ ਯੁਗ ਵਿਚ ਪ੍ਰਵੇਸ਼ ਕਰ ਚੁਕੀ ਸੀ। ਸੋਚ-ਵਿਚਾਰ ਦੇ ਪੱਖ ਤੋਂ ਧਰਮ ਲਈ ਜ਼ਰੂਰੀ ਹੈ ਕਿ ਉਹ ਕੁਦਰਤ, ਮਨੁਖ ਅਤੇ ਚਾਲਕ-ਸ਼ਕਤੀ ਸੰਬੰਧੀ ਵਿਚਾਰ-ਸੰਘਤਾ ਜਾਂ ਸਰਬਾਂਗੀ ਸਿਧਾਂਤ ਦੇ ਸਕੇ। ਇਹ ਇਤਹਾਸਕ ਘਟਨਾ-ਪ੍ਰਵਾਹ ਦੀ ਵਿਲੱਖਣਤਾ ਹੈ।

ਸਿਖ ਧਰਮ, ਹਰ ਧਰਮ ਦੇ ਮੁਢਲੇ ਤੇ ਲੋਕ-ਹਿਤੈਸ਼ੀ ਦੌਰ ਵਾਂਗ ਮਨੁਖ ਨੂੰ ਆਪਣੇ ਭੇੜ ਅਤੇ ਲੁੱਟ-ਘਸੁੱਟ ਵਲ ਤਕਾਉਂਦਾ ਤੇ ਜੱਥੇਬੰਦ ਕਰਦਾ ਰਿਹਾ ਹੈ। ਇਸੇ ਲਈ ਸਿਖ ਧਰਮ ਵਿਚ ਕਿਰਤ ਅਤੇ ਕਿਰਤੀ ਨੂੰ ਵਿਸ਼ੇਸ਼ ਮਹਤਤਾ ਦਿਤੀ ਗਈ ਹੈ। ਸੰਸਾਰ-ਵਿਆਪੀ ਲੁੱਟ-ਘਸੁੱਟ ਅਨੁਸਾਰ ਸਿਖ ਧਰਮ ਉਪਰ ਵੀ ਲੋਟੂ ਸ਼੍ਰੇਣੀ ਦਾ ਅਸਰ ਪਿਆ ਹੈ। ਪਰ ਅਜੇ ਤਕ ਇਨ੍ਹਾਂ ਲੋਟੂ ਅਸਰਾਂ ਦੇ ਬਾਵਜੂਦ ਕਿਰਤ—ਖਾਸ

ਕਰ ਦਸਾਂ ਨੌਹਾਂ ਦੀ ਕਿਰਤ—ਅਤੇ ਕਿਰਤੀ—ਜਿਸ ਨੂੰ ਹੱਥਲ ਅਤੇ ਨਿਹੱਥਾ ਹੋਣ ਕਾਰਣ, ਗਰੀਬ ਕਿਹਾ ਗਿਆ ਹੈ—ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਦੀ ਵਿਲੱਖਣਤਾ ਹੈ ਇਹ।

ਰਸਮੀਅਤ ਦੇ ਬਾਵਜੂਦ ਸੰਗਤ ਦੀ ਮਹਿਮਾ, ਲੰਗਰ ਦੇ ਦ੍ਰਿਸ਼ ਨੂੰ ਝੁਠਲਾ-ਇਆ ਨਹੀਂ ਜਾ ਸਕਦਾ। ਗੁਰਿਆਈ ਦੀ ਦੇਣ ਹੈ ਇਹ ਵਿਲੱਖਣਤਾ।

ਸ਼ਾਇਦ ਇਹ ਸਿਖ ਸਮਾਜ ਹੀ ਹੈ ਜਿਸ ਵਿਚ ਜਿਹੜਾ ਵੀ ਆਪਣਾ ਧਰਮ ਗ੍ਰੰਥ (ਗੁਰਬਾਣੀ) ਪੜ੍ਹ ਬੋਲ ਸਕਦਾ ਹੈ ਉਹ ਪਾਦਰੀ, ਪੁਜਾਰੀ, ਮੌਲਵੀ ਆਦਿਕ ਵਾਂਗ ਸ਼ਾਦੀ-ਗਮੀ ਦੇ ਹਰ ਅਵਸਰ 'ਤੇ ਗਵਾਹ ਅਤੇ ਸਿਖਿਅਕ ਵਜੋਂ ਕਾਰਜ ਕਰ ਸਕਦਾ ਹੈ। ਇਸ ਨੂੰ ਅਸੀਂ ਸੰਗਤ ਦੀ ਦਾਤ ਕਹਿ ਸਕਦੇ ਹਾਂ।

ਰੋਜ਼ਾਨਾ ਜੀਵਣ ਦੇ ਕਈ ਪੱਖਾਂ ਬਾਰੇ ਹੋਰਨਾਂ ਧਰਮਾਂ ਵਾਂਗ ਭਾਵੇਂ ਸਿਖ ਧਰਮ ਨੇ ਪਵਿਤਰਤਾ-ਪਾਰਸਾਈ ਨੂੰ ਮੁਖ ਰਖਕੇ—ਤਨ ਨੂੰ ਪੀੜਨ ਅਤੇ ਮਨ ਵਿਚ ਵਿਕਾਰ ਪੈਦਾ ਕਰਨ ਵਾਲੇ ਸਭ ਪੇਯ ਖਾਦ-ਪਦਾਰਥਾਂ ਦੀ ਮਨਾਹੀ ਕੀਤੀ ਹੈ ਪਰ ਸਿਖ ਸਮਾਜ ਨੇ ਤਮਾਕੂ-ਨੋਸ਼ੀ ਨੂੰ ਮੁਖ ਰੂਪ ਵਿਚ ਵਿਵਰਜਤ ਕਰਕੇ ਸੰਸਾਰ ਦੇ ਟੈਂਪਰੈਂਸ ਖੇਤਰ ਵਿਚ ਵਿਲੱਖਣਤਾ ਬਣਾਈ ਹੈ।

ਇਤਹਾਸ ਦੇ ਕਿਸੇ ਮੋੜ ਤੇ ਗੁਰਮਤੇ ਦੀ ਪ੍ਰਥਾ ਵੀ ਅਜਿਹੀ ਵਿਲੱਖਣਤਾ ਹੈ ਜਿਹੜੀ ਵਖ ਵਖ ਦੇਸਾਂ, ਸਮਾਜਾਂ, ਧਰਮਾਂ ਵਿਚ ਇਕ ਜਾਂ ਦੂਜੇ ਰੂਪ ਵਿਚ ਦਿਸਦੀ ਹੈ।

ਕੁਝ ਬਾਹਰਮੁਖੀ ਵਿਲੱਖਣਤਾਵਾਂ ਹਨ ਜਿਨ੍ਹਾਂ ਦਾ ਅਹਿਸਾਸ ਅਤੇ ਗੌਰਵ ਸੂਬੇ, ਦੇਸ ਦੇ ਸਭਿਆਚਾਰ ਅਤੇ ਸਮਕਾਲੀ ਧਰਮਾਂ ਵਿਚਕਾਰ ਸਿਖ ਧਰਮ ਨੂੰ ਰਖ ਕੇ ਹੁੰਦਾ ਹੈ। ਜਿਵੇਂ :

ਕਕਾਰ, ਜੋ ਸਿਖ ਸਮਾਜ ਨੂੰ ਇਕਸੁਰਤਾ ਪ੍ਰਦਾਨ ਕਰਦੇ ਹਨ ਅਤੇ ਚੰਗੇ ਗੁਣਾਂ ਦੇ ਪ੍ਰਤੀਕ ਹਨ।

ਸਾਬਤ-ਸੂਰਤ (ਕੇਸ-ਦਾਹੜੀ) ਅਤੇ ਪਗੜੀ ਜੋ ਵਖ ਵਖ ਸਮੇਂ ਵਖ ਵਖ ਢੰਗ ਅਤੇ ਸ਼ੈਲੀ ਵਿਚ ਵਖ ਵਖ ਸਮਾਜਾਂ ਨੇ ਧਾਰਨ ਕੀਤੀਆਂ ਹਨ।

ਸਿੱਖ ਚਰਿਤਰ ਅਤੇ ਸੁਭਾਅ ਬਾਰੇ ਵੀ ਕੁਝ ਵਿਸ਼ੇਸ਼ਤਾਈਆਂ ਪ੍ਰਸਿੱਧ ਹਨ। ਇਹ ਉਹ ਵਿਸ਼ੇਸ਼ਤਾਈਆਂ ਹਨ ਜੋ ਧਰਮ ਜਾਂ ਜਨ-ਸਮੂਹ ਵਿਸ਼ੇਸ਼ ਦੀ ਚੜ੍ਹਤਲ ਸਮੇਂ

ਆਉਂਦੀਆਂ ਤੇ ਵਿਕਾਸ ਯੋਗ ਬਣਾਉਂਦੀਆਂ ਹਨ, ਧਰਮ ਨੂੰ ਸਥਾਪਤ ਕਰਦੀਆਂ ਰਹੀਆਂ ਹਨ : ਜਿਵੇਂ ਚੰਗਾ ਮਨੁਖ ਬਨਣਾ ਅਤੇ ਚੰਗਾ ਸਮਾਜ ਬਨਾਉਣ ਵਿਚ ਹਿੱਸਾ ਪਾਉਣਾ। ਨਾ ਜ਼ੁਲਮ, ਧੱਕਾ ਅਤੇ ਲੁੱਟ-ਘਸੁੱਟ ਕਰਨਾ; ਨਾ ਸਹਿਣਾ। ਸਹਿਣ-ਸ਼ੀਲ ਰਹਿਣਾ; ਅੱਤ ਹੋਣ ਤੇ ਚੰਗਾ ਜੀਵਣ ਜਿਉਣ ਲਈ ਅੰਤਮ ਲੜਾਈ ਲੜਨਾ ਆਦਿ-ਆਦਿ।

# 2. ਧਰਮ ਯੁਗੰਤਰ :
# ਸਿਖ ਧਰਮ ਦੀਆਂ ਸਮਸਿਆਵਾਂ

ਧਰਮ; ਦਰਸ਼ਨ ਨਹੀਂ ਹੁੰਦਾ ਤਾਂ ਵੀ ਇਸ ਦੀ ਇਕ ਫਿਲਾਸਫੀ ਇਕ ਵਿਚਾਰਾਂ ਤੇ ਸੰਕਲਪਾਂ ਦੀ ਸੰਘਤਾ ਹੁੰਦੀ ਹੈ। ਧਰਮ, ਈਸ਼ਵਰਵਾਦੀ ਹੋਵੇ, ਜਾਂ ਅਨੀਸ਼ਵਰਵਾਦੀ; ਇਹ ਕਲਪਨਾਮਈ ਹੁੰਦਾ ਹੈ, ਯੂਟੋਪੀਆ ਰਚਦਾ ਹੈ । ਸਦੀਵੀ ਸੁਖ-ਸ਼ਾਂਤੀ ਦਾ ਅਰਸ਼ੀ ਯੂਟੋਪੀਆ ਬਹਿਸ਼ਤ-ਸਵਰਗ ਵਰਗਾ ਨਾਂ ਰਖਾਉਂਦਾ ਹੈ ਅਤੇ ਦੁਨਿਆਵੀ ਅਮਨ ਚੈਣ ਲਈ ਚੰਗੇ ਮਨੁਖ ਅਤੇ ਚੰਗੇ ਸਮਾਜ ਨੂੰ ਚਿਤਵਦਾ-ਚਿਤਾਰਦਾ ਹੈ । ਚੰਗੇ ਸੰਸਾਰਕ ਭਵਿਖ ਦੀ ਕਲਪਨਾ ਕਰਦਾ ਹੋਇਆ ਧਾਰਮਿਕ ਚਿੰਤਣ ਤਤਕਾਲੀ ਸਮਾਜ ਦਾ ਵਿਸ਼ਲੇਸ਼ਣ ਕਰਦਾ ਹੈ, ਕੂੜ ਦੀਆਂ ਉਦਾਹਰਣਾ ਦੇਂਦਾ ਤੇ ਨਿੰਦਦਾ ਪਰ ਭਵਿਖ ਕਿਹੋ ਜਿਹਾ ਹੋਵੇ, ਕਿਵੇਂ ਹੋਵੇ ਇਸ ਦਾ ਸਿਧਾਂਤੀਕਰਨ ਕਰਦਾ ਹੈ ।

ਕੋਈ ਧਰਮ ਹੋਵੇ, ਦਰਸ਼ਨ ਹੋਵੇ ਜਾਂ ਵਾਦ ਉਹ ਭਵਿਖ ਨੂੰ ਚਿਤਵ ਸਕਦਾ ਹੈ; ਭਵਿਖ ਦੇ ਸਮਾਜਕ ਰਿਸ਼ਤੇ, ਕਦਰਾਂ-ਕੀਮਤਾਂ ਦੀ ਸੇਧ ਬਾਰੇ ਸਲਾਹ-ਸਿਖਿਆ ਦੇ ਸਕਦਾ ਪਰ ਉਹ ਚਿਤਵੇ ਭਵਿਖ ਵਿਚ ਹੋਣ-ਆਉਣ ਵਾਲੇ ਪੈਦਾਵਾਰੀ ਹਾਲਤਾਂ, ਵਿਕਾਸ ਅਤੇ ਸਮਾਜਕ-ਮਾਨਸਿਕ ਪੜਾਵਾਂ ਬਾਰੇ ਇੰਨ-ਬਿੰਨ ਕੁਝ ਨਹੀਂ ਦੱਸ ਸਕਦਾ । ਇਸੇ ਲਈ ਹਰ ਧਰਮ ਤੇ ਵਾਦ; ਭਵਿਖ ਦੇ ਸਮਾਜਕ ਖੇਤਰਾਂ, ਰਿਸ਼ਤਿਆਂ ਅਤੇ ਕਰਮਾਂ-ਪ੍ਰਤੀਕਰਮਾਂ ਨੂੰ ਸੰਤੁਲਿਤ ਰੱਖਣ ਲਈ ਨਿਯਮਾਂ-ਉਪਦੇਸ਼ਾਂ ਦੇ ਸੰਸ਼ਲੇਸ਼ਤ ਰੂਪ ਵਿਚ ਗ੍ਰੰਥਾਕਰਨ (Dogmatise) ਕਰਦਾ ਹੈ । ਗ੍ਰੰਥ ਜਾਂ 'ਕਿਤਾਬ'

ਜਨਮ ਲੈਂਦੇ ਹਨ ।

ਸਮੇਂ, ਸਥਾਨ ਅਨੁਸਾਰ ਹਰ ਸਮਾਜਕ ਵਸਤ-ਵਰਤਾਰਾ ਵਿਧੀ ਅਤੇ ਵੇਰਵੇ ਵਿਚ ਨਵੇਕਲਾ ਵਿਕਾਸ ਕਰਦਾ ਹੈ—ਪਹਿਲਾਂ ਤੋਂ ਵਖਰੇ ਯਥਾਰਥ-ਰੂਪਾਂ ਨੂੰ ਸਾਮਰਤੱਖ ਕਰਦਾ ਹੈ । ਇਸ ਲਈ ਗ੍ਰੰਥ (Dogma) ਨੂੰ ਅਮਲ ਵਿਚ ਲਿਆਉਣ ਦੀ ਲੋੜ ਪੈਂਦੀ ਹੈ । ਉਪਰੰਤ ਸਮਕਾਲੀ ਯਥਾਰਥਾਂ ਅਨੁਸਾਰ ਗ੍ਰੰਥ ਨੂੰ ਸਮਝਣ-ਵਿਆਖਣ ਦੀ ਲੋੜ ਪੈਂਦੀ ਹੈ। ਇਸੇ ਲੋੜ ਦੀ ਪੂਰਤੀ ਕਰਨ ਲਈ ਵੇਦਾਂ ਤੋਂ ਮਗਰੋਂ ਉਪਨਿਸ਼ਦ ਆਏ, ਬ੍ਰਾਹਮਣ (ਮੀਮਾਂਸਾਵਾਂ) ਆਏ; ਪੁਰਾਣੀ ਟੈਸਟਾਮੈਂਟ ਦੀ ਥਾਂ ਨਵੀਂ (ਇਸਾਈ) ਟੈਸਟਾਮੈਂਟ ਆਈ, ਕੁਰਾਣ ਦੇ ਨਾਲ ਹਦੀਸ,ਫ਼ਿਕਾਹ ਤੇ ਸਿਖ ਧਰਮ ਦੇ ਗ੍ਰੰਥ ਦੀ ਸਟੀਕਕਾਰੀ-ਵਿਆਖਿਆਕਾਰੀ ਆਈ । ਗ੍ਰੰਥ ਅਤੇ ਸਟੀਕਕਾਰੀ (ਵਿਆਖਿਆ) ਦਾ ਨਿਰੰਤਰ ਦਵੰਦ-ਸਿਧਾਂਤ ਅਤੇ ਅਮਲ; ਸਥਾਪਤ ਵਿਚਾਰ ਜਾਂ ਮਰਯਾਦਾ ਅਤੇ ਸਮਾਜਕ ਹਾਲਤਾਂ ਤੇ ਲੋੜਾਂ ਵਿਚਾਰ ਚਲਦੇ ਦਵੰਦਾਂ ਦਾ ਲਖਾਇਕ ਹੈ । ਗ੍ਰੰਥ ਦੀ ਮੁਖ ਵਿਰੋਧਤਾ, ਵਿਕਸਤ ਪੈਦਾਵਾਰੀ ਰਿਸ਼ਤਿਆਂ, ਸਮਾਜਕ-ਵਿਚਾਰਧਾਰਕ ਕਦਰਾਂ-ਕੀਮਤਾਂ ਨਾਲ ਹੁੰਦੀ ਹੈ । ਵਿਕਸਤ ਪੈਦਾਵਾਰੀ ਰਿਸ਼ਤੇ, ਕਦਰਾਂ-ਕੀਮਤਾਂ ਵਧੇਰੇ ਗਿਆਨ-ਵਿਗਿਆਨ ਮਈ ਅਤੇ ਸੂਖਮ ਹੁੰਦੇ ਹਨ । ਇੰਜ ਅਸੀਂ ਕਹਿ ਸਕਦੇ ਹਾਂ ਕਿ ਗ੍ਰੰਥ ਦੀ ਮੁਖ ਵਿਰੋਧਤਾ ਜਾਂ ਟੱਕਰ ਸਮਾਜਕ ਗਿਆਨ ਅਤੇ ਭੌਤਿਕ ਵਿਗਿਆਨ ਨਾਲ ਹੁੰਦੀ ਹੈ; ਹੁੰਦੀ ਆ ਰਹੀ ਹੈ ।

ਸਿਧਾਂਤ ਅਤੇ ਅਮਲ; ਗ੍ਰੰਥ ਅਤੇ ਵਿਆਖਿਆ; ਧਰਮ ਅਤੇ ਗਿਆਨ-ਵਿਗਿਆਨ (ਜਾਂ ਧਰਮ-ਮਰਯਾਦਾ) ਅਤੇ ਸਮਾਜਕ ਯਥਾਰਥ ਦੇ ਦਵੰਦਾ ਵਿਚੋਂ ਧਰਮ ਜਾਂ ਧਰਮਾਂ ਨੂੰ ਸਿਧਾਂਤਕ, ਸਮਾਜਕ, ਵਿਗਿਆਨਕ ਸਮਸਿਆਵਾਂ ਦਰਪੇਸ਼ ਹਨ ।

ਅਜ ਹਰ ਧਰਮ ਦੇ ਸਾਹਮਣੇ ਕੁਝ ਬੁਨਿਆਦੀ ਪ੍ਰਸ਼ਨ ਹਨ, ਸਮਸਿਆਵਾਂ ਹਨ ਜਿਨ੍ਹਾਂ ਨਾਲ ਨਜਿੱਠੇ ਬਿਨਾਂ ਧਰਮ ਦੀ ਹੋਂਦ ਅਤੇ ਵਿਕਾਸ ਸ਼ੰਕਤ ਹਨ :

ਪ੍ਰਸ਼ਨ ਹੈ ਕਿ ਚੜ੍ਹੇ ਦਿਨ ਦੂਣ-ਸਵਾਏ ਹੁੰਦੇ ਸਾਇੰਸੀ ਵਿਕਾਸ ਅਤੇ ਇਸ ਵਿਕਾਸ ਅਨੁਸਾਰ ਬਦਲਦੀਆਂ ਕਦਰਾਂ-ਕੀਮਤਾਂ ਦਾ ਟਾਕਰਾ ਸਥਾਪਤ ਰੂੜ੍ਹੀਆਂ ਰੀਤਾਂ ਨਾਲ ਕਿਵੇਂ ਕੀਤਾ ਜਾਏ ? ਜਾਂ ਸਥਾਪਤ ਰੂੜ੍ਹੀਆਂ-ਰੀਤਾਂ ਪਿਰਤਾਂ ਵਿਚੋਂ

ਕਿੰਨਾ ਕੁ ਤਜਿਆ ਤੇ ਨਵੇਂ ਗਿਆਨ-ਵਿਗਿਆਨ ਵਿਚੋਂ ਕਿੰਨਾ ਕੁ ਪ੍ਰਾਪਤ ਕੀਤਾ ਜਾਏ ?

ਪ੍ਰਸ਼ਨ ਹੈ ਕਿ ਰੂਹਾਨੀ ਮਸਲਿਆਂ ਤੋਂ ਬਿਨਾਂ ਧਰਮ ਕਿੰਨਾ ਕੁ ਦੁਨਿਆਵੀ ਸਮਸਿਆਵਾਂ ਨਾਲ ਨਜਿੱਠੇ ? ਅਤੇ ਦੁਨਿਆਵੀ ਪ੍ਰਸ਼ਨਾਂ ਨਾਲ ਨਜਿੱਠਦਾ ਹੋਇਆ ਆਪਣੇ ਅਨੁਯਾਈਆਂ ਦੇ ਸਰਬੱਤ ਲਈ ਅਗਵਾਈ ਅਤੇ ਕਾਰਜ ਕਰੇ, ਜਾਂ ਬਹੁ-ਗਿਣਤੀ ਗਰੀਬ ਅਤੇ ਕਿਰਤੀ ਸ਼੍ਰੇਣੀ ਲਈ ਪਹਿਰਾ ਦੇਵੇ ਜਾਂ—ਜਿਵੇਂ ਵਿਆਪ ਰਿਹਾ ਹੈ—ਉਸੇ ਤਰ੍ਹਾਂ ਪਤਵੰਤ ਸ਼੍ਰੇਣੀ ਦੇ ਹਿਤ ਵਿਚ ਭੁਗਤੇ।

ਪ੍ਰਸ਼ਨ ਹੈ ਕਿ ਇਕ ਧਰਮ; ਰਾਜ ਸੱਤਾ, ਗੁਆਂਢੀ ਧਰਮਾਂ, ਕੌਮ ਪ੍ਰਸਤੀ ਅਤੇ ਮਾਨਵਤਾਵਾਦੀ ਪ੍ਰਸ਼ਨਾਂ ਨਾਲ ਕਿਵੇਂ ਨਜਿੱਠੇ ?

ਅਤੇ ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕੀ ਧਰਮ, ਮਨੁਖ ਲਈ ਹੋਂਦ ਵਿਚ ਆਇਆ ਹੈ ਜਾਂ ਮਨੁਖ ਧਰਮ ਨੂੰ ਪਾਲਣ ਲਈ ਹੋਂਦ ਵਿਚ ਆਇਆ ਹੈ ?

ਜਦੋਂ ਮਨੁਖ ਦਾ ਅੰਤਰਰਾਸ਼ਟਰੀ ਧਾਰਮਿਕ ਅਨੁਭਵ ਵਿਚਾਰਧਾਰਕ ਤੇ ਸਮਾਜਕ ਚੁਣੌਤੀਆਂ ਦੇ ਰੂ-ਬ-ਰੂ ਹੈ ਉਸੇ ਸਮੇਂ ਹਰ ਧਰਮ ਵਾਂਗ ਸਿਖ ਧਰਮ ਦੇ ਸਾਹਮਣੇ ਆਪਣੀਆਂ ਜਾਂ ਵਿਸ਼ੇਸ਼ ਸਮਸਿਆਵਾਂ ਹਨ ਜੋ ਅਜੋਕੇ ਸਿਖ ਵਿਵੇਕ ਅਤੇ ਵਿਕਾਸ ਦੇ ਸਨਮੁਖ-ਪਿਛਲੀ ਅੱਧੀ ਸਦੀ ਦੇ ਸਮਾਜਕ-ਰਾਜਨੀਤਕ ਘਟਨਾ-ਪ੍ਰਵਾਹ ਵਿਚੋਂ ਉਗਮ ਕੇ ਆ ਖਲੋਤੀਆਂ ਹਨ :

ਸਿਖ ਧਰਮ ਦੇ ਮੂਲ ਸਿਧਾਤ—ਗੁਰਬਾਣੀ—ਦੀ ਅੱਜ ਹੋ ਰਹੀ ਵਿਆਖਿਆਕਾਰੀ ਇਸ ਨੂੰ ਅਜਿਹੀ 'ਬੰਦ-ਕਿਤਾਬ' ਸਿੱਧ ਕਰ ਰਹੀ ਹੈ ਜਿਸ ਦੀ ਹੋਰ ਵਿਆਖਿਆ ਨਹੀਂ ਹੋ ਸਕਦੀ।

ਗੁਰੂ ਗਰੰਥ ਨੂੰ ਪੜ੍ਹਨ-ਸੁਣਨ, ਵਿਚਾਰਨ ਅਤੇ ਜੀਵਣ ਵਿਚ ਉਤਾਰਨ ਦੀ ਥਾਂ ਪੂਰੇ ਗਰੰਥ ਦੇ ਅਖੰਡ ਪਾਠਾਂ, ਕੁਝ ਸ਼ਬਦਾਂ ਦੇ ਅਖੰਡ ਪਾਠਾਂ ਵਲ ਮੁਹਾਰਾਂ ਮੁੜ ਚੁਕੀਆਂ ਹਨ। ਕੁਝ ਸ਼ਬਦਾਂ ਨੂੰ ਖਾਸ ਸਮੇਂ, ਖਾਸ ਮੁਰਾਦ ਪੂਰੀ ਕਰਨ ਲਈ ਜਾਪ ਤੋਂ ਲੈ ਕੇ ਗੁਰ-ਮੰਤਰ ਵਜੋਂ ਹੀ ਨਹੀਂ ਟੂਣੇ, ਧਾਗੇ-ਤਵੀਤ ਵਜੋਂ ਪੜ੍ਹਿਆ-ਪੜ੍ਹਾਇਆ ਅਤੇ ਵਰਤਿਆ ਜਾ ਰਿਹਾ ਹੈ।

'ਸ਼ਬਦ ਦੀ ਖੋਜ' ਵਿਚੋਂ ਪਰਮਾਰਥਕ-ਪਦਾਰਥਕ ਸ਼ਾਂਤੀ ਜਾਂ ਸਿਖਿਆ ਲੱਭਣ ਦੀ ਥਾਂ ਸ਼੍ਰੋਮਣੀ ਗੁਰੂ ਧਾਮਾਂ ਵਲੋਂ ਗੁਰੂ ਗਰੰਥ, ਦਸਮ ਗ੍ਰੰਥ ਦੇ ਖੁਲ੍ਹੇ ਜਾਂ ਅਖੰਡ

ਪਾਠਾਂ ਦੇ ਮੋਖ-ਮੁਲ ਤਾਰ ਕੇ ਘਰ ਬੈਠੇ ਮਹਾਤਮ ਖਰੀਦਣ ਦੇ ਇਸ਼ਤਿਹਾਰ ਛਾਪੇ ਜਾ ਰਹੇ ਹਨ ।

ਗੁਰਬਾਣੀ ਦੇ ਵਿਚਾਰ ਅਤੇ ਅਮਲ ਨੂੰ ਅਨਗੌਲ ਕੇ, ਬੀੜ ਦੇ ਰਖ-ਰਖਾਉ ਨਾਲ ਕੀਮਤੀ ਜਲੌਅ ਕੁਝ ਇੰਜ ਜੋੜੇ ਜਾ ਰਹੇ ਹਨ ਕਿ ਬੀੜ ਦਾ ਬਿੰਬ ਬੁੱਤ-ਪ੍ਰਸਤੀ ਦਾ ਬਣਦਾ ਜਾ ਰਿਹਾ ਹੈ ਜਿਸ ਅੱਗੇ ਕੇਵਲ ਨਤ-ਮਸਤਕ ਹੋਣ ਨਾਲ ਸਿਖੀ ਦਾ ਫਰਜ਼ ਪੂਰਾ ਹੋ ਜਾਂਦਾ ਹੈ ।

ਗੁਰੂ-ਧਾਮਾਂ ਦੀ ਵਰਤਮਾਣ ਸਥਿਤੀ ਤੋਂ ਉਦਾਸੀਨ ਹੋ ਕੇ ਜੇ ਕੋਈ ਗੁਰ-ਮੁਖ ਇਹ ਕਹਿ ਬਹੇ ਕਿ,'ਜਦੋਂ ਗੁਰਦੁਆਰੇ ਕੱਚੇ ਸਨ ਉਦੋਂ ਸਿਖੀ ਪੱਕੀ ਸੀ' ਤਾਂ ਇਹ ਅਚਰਜ ਨਹੀਂ ਹੋਵੇਗਾ । ਅੱਜ ਅੰਗਰੇਜ਼ੀ ਸ਼ਬਦ 'ਗੋਲਡਨ ਟੈਂਪਲ' ਦਾ ਅਨੁਵਾਦ 'ਸਵਰਨ ਮੰਦਰ' ਰੋਜ਼ ਸਿਖ ਸਮਾਜ ਦੇ ਕੰਨਾਂ ਵਿਚ ਪੈਂਦਾ ਅਤੇ ਹਰਿ-ਮੰਦਰ ਲਈ ਪ੍ਰਵਾਨ ਹੁੰਦਾ ਜਾ ਰਿਹਾ ਹੈ । ਕਿਉਂਕਿ ਮਾਇਆ ਦੀ ਮਾਇਆ ਨੇ—ਸੋਨੇ ਦੀ ਚਮਕ ਨੇ—ਹਰਿਮੰਦਰ ਦੇ ਸਮਾਜਕ ਗੁਣਾਂ ਨੂੰ ਕੱਜ ਲਿਆ ਹੈ ।

ਸੰਸਾਰ ਪ੍ਰਸਿਧ ਲੁਟੇਰਿਆਂ, ਸੋਮਨਾਥ ਮੰਦਰ ਦਾ ਇਤਿਹਾਸ ਅਤੇ ਲੋਟੂ ਹਵਸ ਇਸ ਗਲ ਦੇ ਗਵਾਹ ਹਨ ਕਿ ਜਦੋਂ ਵੀ ਕੋਈ ਧਰਮ-ਧਾਮ ਆਤਮਕ-ਪਰਮਾਰਥਕ ਸ਼ਾਂਤੀ ਵੰਡਣ ਦੀ ਥਾਂ ਮਾਇਆ ਦੀ ਗੋਲਕ ਬਣਦਾ ਹੈ ਜਾਂ ਤਾਂ ਕੋਈ ਮਹਿਮੂਦ ਗਜ਼ਨਵੀ 'ਬੁਤ ਸ਼ਿਕਨੀ' ਦਾ ਜਨੂੰਨੀ ਨਾਹਰਾ ਲਾ ਕੇ ਧਰਮ-ਧਾਮ ਨੂੰ ਆ ਲੁਟਦਾ ਹੈ—ਨਸ਼ਰ ਹੁੰਦਾ ਹੈ ਜਾਂ ਫੇਰ ਕੁਫਰ ਹਰ ਕਾਅਬੇ ਦੇ ਅੰਦਰੋਂ ਪੈਦਾ ਹੁੰਦਾ ਹੈ, ਧਰਮ-ਗੋਲਕ ਦੇ ਨਾਲ ਧਰਮ ਦੀ ਮਾਨਤਾ ਨੂੰ ਘੁਣ ਲਗਦਾ ਹੈ ।

ਪਿਛਲੇ ਕੁਝ ਵਰ੍ਹਿਆ ਤੋਂ ਸੰਕੀਰਣਤਾਵਾਦ ਦੇ ਢਏ ਚੜ੍ਹ ਕੇ ਕੁਝ ਭੁਲੱਕੜ ਅੰਸਰਾਂ ਨੇ ਅਨਮਤ ਤੇ ਮਨਮਤ ਵਾਲਾ ਜਿਹੜਾ ਅੱਤ ਦਾ ਰਾਹ ਫੜਿਆ ਹੈ ਉਸ ਨਾਲ ਸਿਖ ਸਮਾਜ ਦਾ ਬਿੰਬ ਧੁੰਦਲਾਇਆ ਹੈ । ਭਾਵੇਂ ਅਸਲ ਨਾਲੋਂ ਵਧ ਇਸ ਬਿੰਬ ਨੂੰ ਧੁੰਦਲਾਉਣ ਵਿਚ ਸ਼ੋਸ਼ੇਬਾਜ਼ ਪੱਤਰਕਾਰੀ ਅਤੇ ਰਾਜ-ਨੀਤੀ ਨੇ ਵੀ ਰੱਜ ਕੇ ਹਿੱਸਾ ਪਾਇਆ ਹੈ ।

ਨਾਲ ਹੀ, ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਜ਼ਾਦੀ ਦੇ ਉਜਾੜੇ ਤੋਂ ਮਗਰੋਂ ਸਿਖ ਫੈਲਿਆ ਹੈ ਪਰ ਸਿੱਖੀ ਸੁੰਗੜੀ ਹੈ । ਕਿਉਂ ?

ਗੁਰੂ-ਕਾਲ ਤੋਂ ਲੈ ਕੇ ਮਿਸਲ-ਕਾਲ ਤਕ ਦਾ ਇਤਹਾਸ ਗਵਾਹ ਹੈ ਬਾਹਰਲਾ

ਖਤਰਾਂ ਤੇ ਹਮਲਾ ਕੁਰਬਾਨੀ ਲੈ ਸਕਦਾ ਹੈ ਪਰ ਇਹ ਧਰਮ ਜਾਂ ਸਮਾਜ ਨੂੰ ਖਤਮ ਨਹੀਂ ਕਰ ਸਕਦਾ। ਫੇਰ ਇਹ ਕੈਸਾ ਹਮਲਾ ਹੈ ਜਿਸ ਨੇ ਸਿੱਖੀ ਦੇ ਅੰਦਰਲੇ ਸੋਮੇ ਤੇ ਸੋਤਰ ਸੁਕਾਉਣੇ ਚਾਹੇ ਹਨ।

ਕੀ ਸਿੱਖ ਸਮਾਜ ਸੌ ਫੀਸਦੀ ਅਮੀਰ ਹੋ ਗਿਆ ਹੈ ਕਿ ਦਸਾਂ ਨੌਹਾਂ ਦੀ ਕਿਰਤ ਦੀ ਉਪਮਾ, ਭਾਈ ਲਾਲੋ ਤੇ ਮਲਿਕ ਭਾਗੋ ਜਹੀਆਂ ਸਾਖੀਆਂ ਦਾ ਵਰਨਣ ਹੌਲੀ ਹੌਲੀ ਭੁੱਲ ਗਏ ਹਨ ?

ਇਹ ਕਿਹੜੀ ਸ਼੍ਰੇਣੀ ਸਿਖ ਸਮਾਜ ਦੀ ਮੁਖ ਧਾਰਾ ਬਣ ਰਹੀ ਹੈ ਕਿ, ਸਿੰਧੀਆਂ ਨਾਦੇੜ ਦੇ ਆਲੇ-ਦੁਆਲੇ ਦੇ ਵਣਜਾਰਿਆਂ ਤੇ ਹੋਰ ਸਮੁਦਾਵਾਂ ਵਿਚ ਸਿਖੀ ਦਾ ਪ੍ਰਭਾਵ ਰੁਕ ਚੁਕਾ ਹੈ, ਨਾਮਧਾਰੀ-ਨਿਰੰਕਾਰੀ (ਆਦੀ) ਨਿਖੜਦੇ ਜਾ ਰਹੇ ਹਨ। ਲੁਬਾਣੇ, ਸਿਕਲੀਗਰ, ਰਾਏ-ਰੰਘਰੇਟੇ ਅਤੇ ਨਿੱਗਰ ਕਰਮ ਕਰਨ ਵਾਲੀਆਂ ਸਿਖ ਜਾਤਾਂ ਜਮਾਤਾਂ ਪੱਛੜ ਗਈਆਂ ਹਨ। ਕਈ ਸਿਖ ਬਿਰਾਦਰੀਆਂ ਵਿਚ ਸੰਗਤ ਤੋਂ ਲੈ ਕੇ ਰੋਟੀ-ਬੇਟੀ ਦੀ ਸਾਂਝ ਮੁਕ ਚੁਕੀ ਹੈ। ਅੰਤਰ-ਜਾਤ ਸਵੈ-ਵਰ ਤੋਂ ਕਤਲ ਹੋ ਜਾਂਦੇ ਹਨ।

ਕੀ ਸਿਖ ਜਨਤਾ ਏਨੀ ਮਨਮੁਖ ਤੇ ਨਾਬਰ ਹੋ ਗਈ ਹੈ ਜਾਂ ਸਿਖ ਲੀਡਰ-ਸ਼ਿਪ ਦੀ ਕੋਈ ਮਸਲਿਹਤ ਹੈ ਕਿ ਇਕਮੁਠਤਾ ਲਈ ਗੁਰਮਤ ਜਾਂ ਗੁਰਮਤੇ ਦੀ ਥਾਂ ਹੁਕਮਨਾਮੇ ਜਾਰੀ ਕਰਨ ਦੀ ਲੋੜ ਪੈ ਰਹੀ ਹੈ ?

ਮੰਨ ਲਿਆ ਕਿ ਧਰਮ ਤੇ ਰਾਜਨੀਤੀ ਸਿਖੀ ਦੇ ਉਸੇ ਤਰ੍ਹਾਂ ਅਨਿੱਖੜ ਅੰਗ ਹਨ ਜਿਵੇਂ ਵਿਅਕਤੀ ਜਾਂ ਸਮਾਜ ਦੀ ਆਰਥਿਕਤਾ ਨਾਲੋਂ ਰਾਜਨੀਤੀ ਨੂੰ ਵਖ ਨਹੀਂ ਕੀਤਾ ਜਾ ਸਕਦਾ। ਪਰ ਪ੍ਰਸ਼ਨ ਹੈ : ਕੀ ਸਿਖ ਧਰਮ, ਰਾਜਨੀਤੀ ਨੂੰ ਨਿਸ-ਚਿਤ ਕਰ ਰਿਹਾ ਹੈ ਜਾਂ ਕਿਸੇ ਧੜੇ ਦੀ ਰਾਜਨੀਤੀ ਸਿਖੀ ਦਾ ਮਾਪ-ਦੰਡ ਨਿਯਤ ਕਰਦੀ ਹੈ ?

ਸਿਖਾਂ ਲਈ ਸਾਰੇ ਉਹ ਸਥਾਨ ਇਤਹਾਸਕ ਤੇ ਪੂਜਨੀਕ ਹਨ ਜਿਥੇ ਸਿਖ-ਗੁਰੂਆਂ ਦੇ ਚਰਣ ਪਏ। ਇਹ ਇਤਹਾਸਕ ਤੇ ਭੂਗੋਲਿਕ ਕਾਰਣ ਹਨ ਜਿਨ੍ਹਾਂ ਕਰਕੇ ਚਾਰ ਪੂਜ-ਸਥਾਨ ਤਖਤ ਬਣੇ, ਸਿਖ ਸਮਾਜ ਦੀ ਇਕਸੁਰਤਾ ਲਈ ਇਕੋ ਜਿਹੀ ਮਹ-ਤਤਾ ਵਾਲੇ। ਪਰ ਕੀ ਕਾਰਣ ਹੈ ਕਿ 'ਐਕਸਨ ਬਲਿਊ ਸਟਾਰ' ਜਹੀ ਭੀੜਾ ਮਗਰੋਂ ਅਕਾਲ ਤਖਤ, ਤਖਤ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤੋਂ ਜਿਹੜੇ ਹੁਕਮ-

ਨਾਮੇ ਜਾਰੀ ਕੀਤੇ ਗਏ ਉਹਨਾਂ ਵਿਚ ਕਸੂਰਵਾਰਾਂ ਦੀ ਗਿਣਤੀ ਤੇ ਦੋਸ਼ ਦੇ ਪੱਖੋਂ ਅਸੰਗਤੀਆਂ ਹਨ ?

ਸਪਸ਼ਟ ਹੈ ਕਿ ਪ੍ਰਬੰਧਕ ਕਮੇਟੀਆਂ ਅਧੀਨ ਸਭਨਾਂ ਗੁਰੂਧਾਮਾਂ ਦੇ ਰਾਗੀ, ਗਰੰਥੀ, ਸੇਵਾਦਾਰ ਅਤੇ ਜਥੇਦਾਰ ਕਿਸੇ ਕਾਨੂੰਨ ਜਾਂ ਨਿਯਮ ਅਨੁਸਾਰ ਨਿਯੁਕਤ ਕੀਤੇ ਜਾਂ ਕਈ ਕਾਰਣਾਂ ਕਰਕੇ ਬਦਲੇ ਤੇ ਹਟਾਏ ਜਾਂਦੇ ਹਨ। ਉਹ ਨਾ ਭਾਈ ਮਨੀ ਸਿੰਘ ਵਾਂਗ ਆਪਣੀ ਵਿਦਵਤਾ ਤੇ ਸੇਵਾ ਕਾਰਣ ਪ੍ਰਵਾਨ ਹੁੰਦੇ ਹਨ ਨਾ ਅਕਾਲੀ ਫੂਲਾ ਸਿੰਘ ਜਿਹੀ ਦਲਬੰਦੀ-ਰਹਿਤ ਅਸੂਲਪ੍ਰਸਤੀ ਕਾਰਣ ਕਿਸੇ ਤਖਤ ਦੀ ਜੱਥੇਦਾਰੀ ਸੰਭਾਲਦੇ ਹਨ। ਪਰ ਦਲਬੰਦੀ ਦੀਆਂ ਮਸਲਿਹਤਾਂ ਕਾਰਣ ਤਖਤ ਦੀ ਜੱਥੇਦਾਰੀ ਦੀ ਪਦਵੀ ਹਾਸੋਹੀਣੀ ਹੁੰਦੀ ਜਾ ਰਹੀ ਹੈ।

ਕੀ ਅੱਜ ਖੁਲ੍ਹਾ ਅਤੇ ਸਮੂਹਿਕ ਅੰਮ੍ਰਿਤ ਪਰਚਾਰ ਇਸ ਲਈ ਨਹੀਂ ਹੋ ਰਿਹਾ ਕਿ ਅੰਮ੍ਰਿਤ ਪਰਚਾਰ ਦਾ ਟੀਚਾ ਸਪਸ਼ਟ ਨਹੀਂ ਜਾਂ ਫੇਰ ਅੰਮ੍ਰਿਤ ਛਕਾ ਤੇ ਸਿੰਘ ਸਜਾ ਕੇ ਨਿਰਧਨਾਂ ਤੇ ਦਲਿਤਾਂ ਨੂੰ ਪਤਵੰਤੇ ਸਰਦਾਰਾਂ ਦੇ ਤੁੱਲ ਸਮਝਣਾ ਪੈਂਦਾ ਹੈ ?

ਸਿਖ ਧਰਮ ਵਿਚ ਮਾਨਵਤਾਵਾਦ ਦੇ ਅਨੁਪਾਤ ਜਿੰਨੀ ਸਾਰਵ-ਭੌਮਿਕਤਾ ਜਾਂ ਸਰਬ-ਵਿਆਪਕਤਾ ਹੈ। ਇਸ ਲਈ ਪੰਜਾਬੀ ਭਾਸ਼ਾ ਆਮ ਤੌਰ ਤੇ ਅਤੇ ਲਿਪੀ ਵਿਸ਼ੇਸ ਰੂਪ ਵਿਚ, ਗੁਰੂ ਗਰੰਥ ਜਾਂ ਗੁਰਬਾਣੀ ਦੇ ਮੂਲ ਪਾਠ ਨਾਲ ਸੰਬੰਧਤ ਹੋ ਸਕਦੀਆਂ ਹਨ ਪਰ ਜਿਥੋਂ ਤਕ ਪੰਜਾਬ ਤੋਂ ਬਾਹਰ ਸਿਖੀ ਦੇ ਪ੍ਰਚਾਰ-ਪ੍ਰਸਾਰ ਦਾ ਸੰਬੰਧ ਹੈ ਪੰਜਾਬੀ ਭਾਸ਼ਾ ਸੀਮਾ-ਰੇਖਾ ਨਹੀਂ। ਤਾਂ ਵੀ ਇਹ ਕੈਸੀ ਸਿੱਖੀ ਹੈ ਜੋ ਪੰਜਾਬੀ ਨੂੰ ਕੇਵਲ ਆਪਣੀ ਸੱਕੀ ਨਹੀਂ ਧਰਮ-ਮਾਂ ਸਮਝਦੀ ਹੈ ਪਰ ਨਾ ਇਸ ਨੂੰ ਪੜ੍ਹਦੀ-ਸੁਣਦੀ ਹੈ, ਨਾ ਸੇਵਾ-ਸੰਭਾਲ ਕਰਦੀ ਹੈ ?

ਸਿੱਖੀ ਅੰਦਰ ਘੱਟ-ਗਿਣਤੀ ਹੋਣ ਦਾ ਇਹ ਕੈਸਾ ਅਹਿਸਾਸ ਜਾਗ ਪਿਆ ਹੈ; ਜਾਂ ਤੰਗ-ਦਿਲੀ ਅਤੇ ਤਅਸਬ ਦੇ ਹੱਥ 'ਪੰਥ ਖਤਰੇ ਵਿਚ' ਦਾ ਕਿੰਨਾ ਕਾਰਗਰ ਬਹਾਨਾ ਆ ਗਿਆ ਹੈ ਕਿ ਸਿਖ ਸਮਾਜ ਵਿਚ ਹੱਕ, ਸੱਚ ਅਤੇ ਵਿਵੇਕ ਦੀ ਆਵਾਜ਼ ਉੱਚੀ ਕਰਨੀ ਧਾਰਮਿਕ ਬਹੁ-ਗਿਣਤੀ ਨਾਲੋਂ ਵਧ ਦੂਭਰ ਹੁੰਦੀ ਜਾ ਰਹੀ ਹੈ।

ਪ੍ਰਸ਼ਨ ਹੈ ਕੀ ਅੱਜ ਦਾ ਸਿਖ ਆਪਣੇ ਜਨਮ ਕਾਰਣ ਸਿਖ ਹੈ ਜਾਂ ਅਨ-ਧਰਮਾਂ ਤੋਂ ਚਿੜ੍ਹ ਕੇ, ਜਾਂ ਆਪਣੇ ਸਿਖੀ ਗੁਣਾਂ ਕਾਰਣ ?

ਜੇ ਸਿੱਖੀ ਦੇ ਗੁਣਾ ਕਾਰਣ ਅਜ ਸਿੱਖਾਂ ਦੀ ਘਾਟ ਹੈ ਤਾਂ ਅਸੀਂ ਅਵੱਸ਼ ਹੀ ਮੂਲੋਂ ਖੁੰਝ ਗਏ ਹਾਂ ।

# 3. ਗੁਰਬਾਣੀ ਦੀ ਮਾਨਤਾ : ਦਰਸ਼ਨ, ਦੇਹ ਤੋਂ ਕਰਾਮਾਤ ਤਕ

ਸਭ ਸੰਸਾਰਕ ਵਸਤਾਂ ਮਨੁਖ ਦੀ ਸਮੂਹਿਕ ਕਿਰਤ ਦੀਆਂ ਭੌਤਿਕ ਉਪਜਾਂ ਹਨ । ਜੋ ਉਸ ਨੇ ਕੁਦਰਤ ਪਾਸੋਂ ਮਿਲੇ ਭੌਤਿਕ ਤੱਤਾਂ ਵਿਚੋਂ ਸਿਰਜੀਆਂ ਹਨ ।

ਪਰ ਭਾਸ਼ਾ ਮਨੁਖ ਦੀ ਉਹ ਅਮੂਰਤ ਅਤੇ ਸਮੂਹਿਕ ਉਪਜ ਹੈ ਜੋ ਉਸ ਨੇ ਵਸਤਾਂ-ਵਰਤਾਰਿਆਂ ਦੇ ਗਿਆਨ ਅਤੇ ਅਨੁਭਵ ਵਿਚੋਂ ਸਿਰਜੀ ਹੈ । ਲਿਪੀ ਵੀ ਮਨੁਖ ਦੀ ਸਾਂਝੀ ਅਤੇ ਮੂਰਤ ਉਪਜ ਹੈ ਜਿਸ ਨੇ ਉਚਾਰ ਦੀ ਭਾਸ਼ਾ ਨੂੰ ਮੂਰਤੀਮਾਨ ਕੀਤਾ ਹੈ ।

ਇਸੇ ਭੌਤਿਕ ਨੂੰ ਅਮੂਰਤ ਅਤੇ ਉਚਾਰ ਰੂਪ ਵਿਚ ਪ੍ਰਗਟਾਉਣ ਵਾਲੀ ਭਾਸ਼ਾ ਦੇ ਕਰਤਾਰੀ ਗੁਣ ਦਾ ਅਨੁਭਵ ਕਰਕੇ ਧਰਮਾਂ, ਦਾਰਸ਼ਨਿਕਾਂ ਅਤੇ ਵਿਗਿਆਨੀਆਂ ਨੇ—ਭਾਸ਼ਾ ਦੀ ਇਕਾਈ—ਸ਼ਬਦ ਨੂੰ ਰੱਬੀ ਦੇਣ ਕਿਹਾ ਹੈ । ਇਹ ਵੀ ਕਿਹਾ ਹੈ ਕਿ ਜਦੋਂ ਕਾਇਨਾਤ ਨਹੀਂ ਸੀ, ਸ਼ਬਦ ਓਦੋਂ ਵੀ ਸੀ ।

ਭਾਸ਼ਾ ਦੇ ਕਰਤਾਰੀ ਗੁਣਾਂ ਤੋਂ ਵਿਸਮਾਦਤ ਹੋ ਕੇ ਆਪਣੇ ਹੀ ਅੰਦਰੋਂ ਨਿਕਲੇ ਸ਼ਬਦਾਂ ਅਤੇ ਵਿਚਾਰਾਂ ਨੂੰ, ਧੁਰ ਤੋਂ ਆਏ ਜਾਂ 'ਹਈ' ਦਰਸਾਉਣਾ ਸੱਚ ਵਰਗਾ ਸੱਚ ਹੈ । ਸਮਾਜਕ ਅਨੁਭਵਾਂ-ਅਨੁਭੂਤੀਆਂ ਦਾ ਸ਼ਬਦ ਰਾਹੀਂ ਇਕ ਚਮਤ-ਕਾਰ ਗੁਰੂ ਗਰੰਥ ਹੈ ।

ਗੁਰਬਾਣੀ—ਪਰਮ ਸੱਚ—ਰੱਬ ਨੂੰ ਮੰਨ ਕੇ, ਉਸਨੂੰ ਪਾਉਣ ਅਤੇ ਉਸੇ ਵਿਚ ਅਭੇਦ ਹੋਣ ਦੀ ਜਗਿਆਸਾ ਉਪਜਾਉਂਦੀ ਅਤੇ ਰਾਹ ਦਰਸਾਉਂਦੀ ਹੈ । ਨਾਲ

ਹੀ ਗੁਰਬਾਣੀ ਸਮਾਜਕ ਯਥਾਰਥ ਦਾ ਮੁਲਾਂਕਣ ਅਤੇ ਆਲੋਚਨਾ (Critique) ਪੇਸ਼ ਕਰ ਕੇ ਵਿਅਕਤੀ ਅਤੇ ਸਮਾਜ ਨੂੰ ਚੰਗੇਰਾ ਬਨਣ-ਬਨਾਉਣ ਦੀ ਪ੍ਰੇਰਨਾ ਦਿੰਦੀ ਹੈ। ਇਸ ਲੋਕ ਨੂੰ ਜਿਊਣ ਯੋਗ ਅਤੇ ਪਰਲੋਕ ਨੂੰ ਸੁਹੇਲਾ ਦੇਖਣਾ ਲੋੜਦੀ ਹੈ। ਗੁਰਬਾਣੀ ਦੇ ਇਹਨਾਂ ਮੂਲ ਸਿਧਾਂਤਾ ਨੂੰ ਸਮਝਣ ਅਤੇ ਵਰਤਾਉਣ ਦੇ ਵਖ ਵਖ ਸਮਾਜਕ ਸੰਦਰਭਾਂ ਵਿਚ ਯਤਨ ਹੋਏ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ।

ਨੇੜਲੇ ਭੂਤਕਾਲ—ਆਜ਼ਾਦੀ ਤੋਂ ਪਹਿਲਾਂ—ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਸਮੇਂ ਸਮਾਜਕ ਯਥਾਰਥਾਂ ਤੋਂ ਮੂੰਹ ਮੋੜ ਕੇ ਪਰਲੋਕ ਵਿਚ ਸੁਰਖਰੂ ਅਤੇ ਸੁਖੀ ਹੋਣਾ ਗੁਰਬਾਣੀ ਦੀ ਮੁਖ ਪ੍ਰੇਰਨਾ ਬਣਾਈ ਜਾ ਰਹੀ ਸੀ। ਆਜ਼ਾਦੀ ਤੋਂ ਮਗਰੋਂ ਪਰਲੋਕ ਤੋਂ ਉਦਾਸੀਨ ਹੋ ਕੇ ਕੇਵਲ ਇਸ ਲੋਕ ਦੀ ਚੱਪਾ ਭਰ ਧਰਤੀ ਉਪਰ ਸਰਬ-ਅਧਿਕਾਰ ਪਾਉਣ ਦੀ ਇੱਛਾ ਗੁਰਬਾਣੀ ਰਾਹੀਂ ਜਗਾਈ ਜਾ ਰਹੀ ਹੈ। ਗੁਰਬਾਣੀ ਦੀ ਸਿਖਿਆ ਅਤੇ ਅਪੀਲ ਤਾਂ ਸਰਬੱਤ ਲਕਾਈ ਲਈ ਹੈ ਪਰ ਇਸ ਦੀ ਵਿਆਖਿਆਕਾਰੀ ਕੇਵਲ ਸਿਖ ਸਮੁਦਾਇ ਨੂੰ ਸੰਬੋਧਤ ਹੈ— ਜਾ ਸ਼ਾਇਦ ਸਿਖ ਸਮਾਜ ਦੀ ਉਪਰਲੀ ਸ਼੍ਰੇਣੀ ਨਾਲ ਅੰਗ ਪਾਲ ਰਹੀ ਹੈ।

**ਗੁਰੂ ਗਰੰਥ ਦਾ ਪਾਠ-ਪਾਠਾਂਤਰ** :— ਪਹਿਲੇ ਚਾਰ ਗੁਰੂਆਂ ਰਚਿਤ ਬਾਣੀ ਦਾ ਪੋਥੀਆਂ ਦੇ ਰੂਪ ਵਿਚ ਖਿੰਡੇ ਹੋਣ ਅਤੇ ਅਨਿਯ ਧਰਮਾ ਵਿਚ ਆਏ ਸਿਧਾਂਤਕ ਵਿਕਾਰ ਨੂੰ ਮੁਖ ਰਖ ਕੇ ਸਮ-ਵਿਚਾਰ ਬਾਣੀਆ ਨੂੰ ਸਮੇਟਣ ਦੀ ਇਛਾ ਨਾਲ ਪੰਚਮ ਗੁਰੂ ਨੇ ਗਰੰਥ ਦੀ ਆਦਿ-ਬੀੜ ਦਾ ਸੰਪਾਦਨ ਕੀਤਾ। ਛਾਪੇ ਖਾਨੇ ਦੀ ਅਨਹੋਂਦ ਸਮੇਂ ਗਰੰਥ ਸਾਹਿਬ ਦੇ ਹੱਥ-ਉਤਾਰੇ ਹੀ ਸੰਭਵ ਸਨ। ਪੋਥੀਆਂ ਤੋਂ ਲੈ ਕੇ ਗਰੰਥ ਸਾਹਿਬ ਦੇ ਉਤਾਰੇ ਇਸ ਲਈ ਵੀ ਸੀਮਤ ਰਹੇ ਹੋਣਗੇ ਕਿ ਪੰਚਮ ਗੁਰੂ ਤੋਂ ਮਗਰੋਂ ਗਰੰਥ ਦੀ ਬੀੜ ਉਪਰ ਕਬਜਾ ਗੁਰਿਆਈ ਉਪਰ ਕਬਜੇ ਦੇ ਨਾਲ ਜੁੜਦਾ ਜਾ ਰਿਹਾ ਸੀ। ਤਾ ਵੀ ਭਾਈ ਬੰਨੋ ਦੀ ਯਾਤਰਾ ਦੌਰਾਨ ਛੁਹਲੇ ਉਤਾਰੇ ਹੋਏ। ਦਸਮ ਗੁਰੂ ਨੇ ਨੌਵੇਂ ਗੁਰੂ ਦੀ ਬਾਣੀ ਅਤੇ ਆਪਣਾ ਇਕ ਸ਼ਬਦ ਵੀ ਬੀੜ ਦੇ ਪ੍ਰਚਲਤ ਪਾਠ ਵਿਚ ਵਧਾਇਆ ਦਸਿਆ ਜਾਂਦਾ ਹੈ।

ਪੰਚਮ ਗੁਰੂ ਦੇ ਸਮੇਂ ਤਕ ਗੁਰਬਾਣੀ ਦਾ ਮਾਨਦੰਡ ਅਤੇ ਪ੍ਰਮਾਣੀਕਤਾ— ਆਤਮ-ਅਨੁਭੂਤਕ ਤੋਂ ਲੈ ਕੇ ਦਾਰਸ਼ਨਿਕ ਪੱਖ ਤਕ— ਨਿਸ਼ਚਿਤ ਹੋ ਚੁਕਾ ਹੋਵੇਗਾ ਤਾਂ ਹੀ ਸ਼ਬਦ-ਹਜ਼ਾਰੇ ਦਾ ਅੰਤਮ ਸ਼ਲੋਕ, ਪਹਿਲਾਂ ਦੇ ਬ੍ਰਿਹਾ-ਪਤਰਾਂ ਨਾਲ ਮਿਲਾ-



12886 dt. 20.12.1990 Rs. 50/-

ਉਣ ਲਈ ਲਿਖਵਾਇਆ ਗਿਆ। ਗੁਰਬਾਣੀ ਦੀ ਸ਼ਬਦਾਰਥ ਸੁਚਤਾ ਨੂੰ ਕਾਇਮ ਰਖਣ ਲਈ ਰਾਮ ਰਾਏ ਨੂੰ ਛੁਟਿਆਇਆ ਗਿਆ ਅਤੇ ਉਚਾਰਣ ਦੇ ਦੋਸ਼ ਲਈ ਖਿਮਾ ਦਾ ਪ੍ਰਾਵਧਾਨ ਅਰਦਾਸ ਵਿਚ ਲਿਆਦਾ ਗਿਆ। ਤਾਂ ਵੀ ਬੀੜ ਦੇ ਵਖ ਵਖ ਉਤਾਰਿਆਂ ਵਿਚ ਸਲੋਕਾਂ ਦੇ ਪਾਠ-ਕ੍ਰਮ ਅਤੇ ਰਾਗ ਮਾਲਾ ਨਸੀਹਤ ਨਾਮਾ, ਪ੍ਰਾਣ ਸੰਗਲੀ, ਸਿੱਧ ਗੋਸ਼ਟ ਆਦਿਕ ਬਾਣੀਆਂ ਦੇ ਪੱਖਾਂ ਤੋਂ ਪਾਠ-ਅੰਤਰ ਆ ਗਏ। ਜਦੋਂ ਧਰਮ ਦਾ ਵਿਵੇਕੀ-ਖੋਜੀ ਪੱਖ ਅਜਿਹੇ ਪਾਠਾਂਤਰਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਤਾਂ ਧਰਮ ਤੋਂ ਲੈ ਕੇ ਸੱਚ ਅਤੇ ਰੱਬ ਤਕ ਨੂੰ ਸੂਨਯ ਜਾਂ ਕਤਈ (Absolute) ਰੂਪ ਵਿਚ ਦੇਖਣ ਵਾਲਾ ਧਰਮੀ ਅਤੇ ਰਹਿਤ-ਮਰਯਾਦਾ ਵਿਚ ਬੱਝਾ ਵਿਸਵਾਸੀ, ਛਿੱਥਾ ਪੈ ਕੇ ਦੁਰਬਚਨ ਬੋਲਦਾ ਹੈ, ਦੁਰ-ਵਿਵਹਾਰ ਕਰਦਾ ਹੈ।

ਧਰਮਾਂ ਦਾ ਇਤਹਾਸ ਇਸ ਗਲ ਦੀ ਸ਼ਾਹਦੀ ਭਰਦਾ ਹੈ ਕਿ ਸੰਕੀਰਣ ਪੰਥੀ ਪੁਜਾਰੀਵਰਗ ਦੇ ਆਖੇ ਲਗ ਕੇ ਕਈ ਵਾਰ ਖੋਜੀਆਂ ਅਤੇ ਖੋਜ ਪੁਸਤਕਾਂ ਨੂੰ 'ਫਿਤਨੇ' ਸੰਦੇਹਵਾਦੀ ਜਾਂ ਨਾਸਤਕ ਕਹਿ ਕੇ ਫੂਕਿਆ ਗਿਆ ਹੈ। ਸਿਖ ਧਰਮ ਦੇ ਇਤਹਾਸ ਵਿਚ ਵੀ ਸ਼ਾਇਦ ਕਦੇ ਪਛਤਾਵਾ ਆਵੇਗਾ ਜਦੋਂ ਯਾਦ ਕੀਤਾ ਗਿਆ ਕਿ ਬੀੜਾਂ, ਪੋਥੀਆਂ ਅਤੇ ਪੁਰਾਤਨ ਲਿਖਤਾਂ ਨੂੰ ਗੁਰਮੁਖਾਂ-ਸੰਤਾਂ ਨੇ ਜੋੜ ਮੇਲੇ ਕਰ ਕੇ ਵਿਸਰਜਤ ਕੀਤਾ ਅਤੇ ਆਪਣੀ ਵਲੋਂ ਖੋਜ ਤੇ ਸੰਕੇ ਨੂੰ ਨਿਰਉਤਰ ਕਰ ਦਿਤਾ ਸੀ।

**ਗੁਰਬਾਣੀ ਦੇ ਅਰਥ-ਅਨਰਥ** :—ਗੁਰਬਾਣੀ ਵਿਚ ਆਸ਼ਿਆਂ ਨੂੰ ਸਪਸ਼ਟ ਕਰਨ ਲਈ ਸਮਕਾਲੀ ਸਮਾਜਕ ਵਰਤਾਰਿਆਂ ਅਤੇ ਮਿਥਹਾਸ ਵਿਚੋਂ ਉਦਾਹਰਣ ਦਿਤੇ ਗਏ ਜਾਂ ਮਿਥਹਾਸ ਅਤੇ ਲੋਕ-ਵੇਦ (Folk-Lore), ਕਿਵ-ਦੰਤੀਆਂ ਦੇ ਹਵਾਲਿਆਂ ਨੂੰ ਪ੍ਰਤੀਕ ਵਜੋਂ ਦਿਤਾ ਗਿਆ ਹੈ। ਗੁਰਬਾਣੀ ਦੇ ਸਟੀਕ-ਕਾਰਾਂ, ਵਿਆਖਿਆਕਾਰਾਂ ਨੇ ਅਚੇਤ ਜਾਂ ਸੁਚੇਤ ਇਹਨਾਂ ਉਦਾਹਰਣਾਂ ਅਤੇ ਪ੍ਰਤੀਕਾਂ ਨੂੰ ਇਤਹਾਸ ਦੇ ਅਰਥ ਦਿਤੇ ਹਨ। ਇਸ ਪ੍ਰਕਾਰ ਦੇ ਅਰਥ-ਅਨਰਥ ਪ੍ਰਤੀਫਲ ਵਜੋਂ, ਵਿਚਾਰਧਾਰਕ ਅਸੰਗਤੀਆਂ ਅਤੇ ਸਮਾਜਕ ਅੰਤਰ-ਦਵੰਦਾਂ ਨੂੰ ਜਨਮ ਦੇਂਦੇ ਹਨ।

ਅਰਥਾਂ ਦੇ ਅਨਰਥ ਤੋਂ ਬਚਣ ਲਈ ਗੁਰਬਾਣੀ ਵਿਚ ਪ੍ਰਯੁਕਤ ਲਗਾਂ ਮਾਤ੍ਰਾਂ ਦੇ ਗੁਝੇ ਭੇਦ ਲੱਭਣਾ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਸਤੰਬਰ ਸੰਨ 1979 ਤਕ ਗੁਰਬਾਣੀ ਦੇ ਪਾਠ-ਬੋਧ ਦੀਆਂਇਕਤਰਤਾਵਾਂ ਕਰਾਕੇ ਪਾਠ-ਬੋਧ ਦੀਆਂ ਕਿਤਾਬਚੀਆਂ ਪ੍ਰਕਾਸ਼ਤ ਕਰਨ ਨੂੰ ਸੁਹਿਰਦ ਘਾਲਣਾ ਤਾਂ ਕਿਹਾ ਜਾ ਸਕਦਾ ਹੈ,

ਪਰ ਇਸ ਨਾਲ ਅਨ-ਅਰਥਾਂ ਤੋਂ ਲੈ ਕੇ ਕੁ-ਵਿਆਖਿਆ ਨੂੰ ਠਲ੍ਹ ਨਹੀਂ ਪੈਂਦੀ। ਕਿਉਂਕਿ ਅਨ-ਅਰਥ ਦਾ ਕਾਰਣ ਜੇ ਅਨ-ਮਤ, ਮਨਮਤ ਦੇ ਸੰਸਕਾਰ ਹਨ ਤਾਂ ਕੁ-ਵਿਆਖਿਆ ਦਾ ਕਾਰਜ ਕੋਈ ਸ੍ਰੇਣੀ-ਹਿਤ ਕਰਦੇ ਹਨ।

**ਗੁਰਬਾਣੀ ਪਾਠ : ਸੇਧ ਲੈਣ ਤੋਂ ਲੈ ਕੇ ਕੁਰੱਆ-ਅੰਦਾਜ਼ੀ ਤਕ :—** ਗਰੰਥ ਸਾਹਿਬ ਦੀ ਬੀੜ ਦਾ ਮੁਹਰਬੰਦ ਹੋਣਾ ਸਿਖ ਸੰਸਕਾਰਾਂ ਵਿਚ ਏਨਾ ਘਰ ਕਰ ਚੁਕਾ ਸੀ ਕਿ ਭਾਈ ਮਨੀ ਸਿੰਘ ਦੀ—ਬੰਦ ਬੰਦ ਕਟਵਾ ਕੇ ਦਿਤੀ—ਸ਼ਹਾਦਤ ਨੂੰ ਪੂਰਣ ਬੀੜ ਵਿਚੋਂ ਸਮੇਂ ਤੇ ਅਵਸਰ ਅਨੁਸਾਰ ਗੁਟਕਿਆਂ ਦੇ ਰੂਪ ਵਿਚ ਵਖ ਵਖ ਕਰਨ ਨੂੰ ਮਿਲੇ ਗੁਰੂ-ਸ੍ਰਾਪ ਦਾ ਸਿੱਟਾ ਦੱਸਣਾ ਪਿਆ—ਸਿਖ ਇਤਹਾਸ ਮਿਥਹਾਸ-ਕਾਰਾਂ ਨੂੰ ਵਰ-ਸ੍ਰਾਪ ਦੀ ਮਿਥ ਘੜਨੀ ਪਈ।

ਗੁਰਬਾਣੀ ਇਕ ਗਰੰਥ ਵਜੋਂ ਜ਼ਰੂਰ 'ਬੰਦ ਕਿਤਾਬ' ਮੰਨੀ ਗਈ ਪਰ ਸੁਧ ਹਿਰਦੇ ਨਾਲ ਇਸ ਦੀ ਖੋਜ ਦਾ ਅਰਦਾਸ ਵਿਚ ਜੋ ਵਿਧਾਨ ਦਿਤਾ ਗਿਆ ਸੀ ਉਸ ਅਨੁਸਾਰ ਗੁਰਬਾਣੀ ਦੇ ਕਈ ਸੰਪਰਦਾਈ ਟੀਕੇ ਕੀਤੇ ਗਏ। ਬਹੁ-ਭਾਂਤ ਵਿਆ-ਖਿਆਵਾਂ ਭਾਈ ਗੁਰਦਾਸ ਤੋਂ ਲੈ ਭਾਈ ਮਨੀ ਸਿੰਘ ਤਕ ਸਗੋਂ ਉਸ ਤੋਂ ਮਗਰੋਂ ਵੀ ਕੀਤੀਆਂ ਗਈਆਂ। ਗਰੰਥ ਸਾਹਿਬ ਦਾ ਮਨ ਚਾਹੇ ਪਾਠ ਕਰਨਾ, ਪਾਠ ਉਪਰ ਵਿਚਾਰ ਕਰਨਾ ਵੀ ਜਾਰੀ ਰਿਹਾ। ਵਡੇ ਘਲੂਘਾਰੇ ਸਮੇਂ ਅਬਦਾਲੀ ਦੇ ਘੇਰੇ ਵਿਚ ਆ ਕੇ ਖਾਲਸਾ ਦਲ ਨਾਲੋਂ ਖਾਲਸਾ ਵਹੀਰ (ਕੁਟੰਬ ਤੇ ਸਾਜ਼ ਸਾਮਾਨ) ਤਾਂ ਵੱਖ ਹੋਏ ਪਰ ਬੀੜ ਵੱਖ ਨਹੀਂ ਹੋਈ—ਖੁਲ੍ਹੇ ਪਾਠ ਦਾ ਵਰਤਾਰਾ ਰਿਹਾ। ਅਖੰਡ ਪਾਠਾਂ ਦੀ ਪ੍ਰਿਤ ਪੂੰਜੀਵਾਦੀ ਦੌਰ ਦੀ ਭੱਜੋ-ਨੱਠੀ ਨਾਲ ਤਾਂ ਮੇਲ ਖਾਂਦੀ ਹੈ (ਪਾਠ ਪਾਠੀ ਕਰੇ ਮਾਇਆ ਰੂਪੀ ਸੇਵਾ ਫਲ ਲੈ ਕੇ ਅਤੇ ਪਾਠ ਦਾ ਪੁੰਨ-ਮਹਾਤਮ ਮਿਲੇ ਉਸ ਸ਼ਰਧਾਲੂ ਨੂੰ ਜੋ ਪਾਠ ਤੋਂ ਕੋਹਾਂ ਦੂਰ ਬੈਠ ਕੇ ਅਰਦਾਸ 'ਮਾਇਆ' ਭੇਜ ਦੇਵੇ) ਪਰ ਅਖੰਡ ਪਾਠਾਂ ਦੀ ਰੀਤ; ਸ਼ਬਦ ਵਿਚੋਂ ਖੋਜ ਕਰਨ ਵਾਲੀ ਸਿਖ-ਜਗਿਆਸਾ ਨਾਲ ਕੋਈ ਮੇਲ ਨਹੀਂ ਖਾਂਦੀ।

ਕੁਝ ਇੰਜ ਹੀ, ਮਨ ਵਿਚ ਧਾਰੀ ਮੁਰਾਦ ਪਾਉਣ ਜਾਂ ਨਾ ਪਾਉਣ ਬਾਰੇ ਜਾਨਣ ਲਈ ਗੁਰੂ ਗਰੰਥ ਵਿਚੋਂ ਵਾਕ ਲੈਣਾ ਜੋਤਿਸ਼ ਉਪਰ ਵਿਸ਼ਵਾਸ ਕਰਨ ਅਤੇ ਕੁਰਆ-ਅੰਦਾਜ਼ੀ ਦੇ ਤੁਲ ਹੈ।

ਕਿਸੇ ਚੰਗੇ-ਮਾੜੇ ਮਨੋਰਥ ਲਈ ਇਕੋ ਸ਼ਬਦ ਦੇ ਸਹੰਸਰਾਂ ਜਾਪ, ਜਾਂ ਕਿਸੇ

ਸੰਤ ਮਹੰਤ ਕੋਲੋਂ ਗੁਰਮੰਤਰ ਦੇ ਰੂਪ ਵਿਚ ਸਰਵਣ ਕਰਨਾ ਮੰਤਰ-ਤੰਤਰ ਅਤੇ ਵਹਿਮ-ਭਰਮ ਵਾਲੀ ਮਨੋ-ਬ੍ਰਿਤੀ ਨੂੰ ਦਰਸਾਉਂਦੇ ਹਨ।

ਸਿਖ ਧਰਮ ਦੇ ਮੂਲ ਸਿਧਾਂਤਾਂ—ਗੁਰਮਤ—ਅਨੁਸਾਰ ਗੁਰਬਾਣੀ ਦਾ ਵਿਵੇਕੀ ਪਾਠ ਯੋਗ ਹੈ ਅਖੰਡ ਪਾਠਾਂ ਅਤੇ ਸੌੜੇ ਮਨੋਰਥਾਂ ਲਈ ਵਾਕ ਲੈਣਾ ਮਨਮਤੀ ਵਿਰੋਧਤਾਈਆਂ ਖੜ੍ਹੀਆਂ ਕਰ ਸਕਦਾ ਹੈ; ਹਰ ਸਿਖ ਤੋਂ ਗੁਰਬਾਣੀ ਪਾਠ ਦਾ ਅਧਿਕਾਰ ਖੋਹ ਕੇ ਸਿਖ ਸਮਾਜ ਵਿਚ ਸ਼ਬਦ, ਵਿਆਖਿਆ ਅਤੇ ਵਹਿਮਾਂ ਭਰਮਾਂ ਦੇ ਵਣਜਾਰਿਆਂ ਨੂੰ ਸ਼ਹਿ ਦੇ ਰਿਹਾ ਹੈ।

**ਗੁਰਬਾਣੀ ਨੂੰ 'ਬੰਦ ਕਿਤਾਬ' ਬਨਾਉਣ ਦੇ ਯਤਨ :—** ਧਰਮ ਜਦ ਸਥਾਪਤ ਹੋ ਜਾਂਦਾ ਹੈ ਤਾਂ ਇਸ ਅੰਦਰ ਤਲਾਵਤ (ਪਾਠ ਕਰਨਾ), ਵਿਆਖਿਆ, ਮਰਯਾਦਾ, ਰਹਿਤ-ਬਹਿਤ, ਦਾਨ-ਦੱਖਣਾ (ਕਾਰ-ਭੇਟ; ਦਸਵੰਧ) ਦੀ ਉਗਰਾਹੀ ਅਤੇ ਪ੍ਰਬਧ ਕਰਨ ਵਾਲੀਆਂ ਵਖ-ਵਖ, ਕੇਂਦਰੀਕ੍ਰਿਤ ਜਾ ਏਕੀਕ੍ਰਿਤ ਸਥਾਪਤੀਆਂ ਆ ਜਾਂਦੀਆਂ ਹਨ। ਇਹਨਾਂ ਸਥਾਪਤੀਆਂ ਦੇ ਹਿਤ ਗੋਲਕ, ਅਤੇ ਕਬਜ਼ੇ ਨਾਲ ਜੁੜਦੇ ਹਨ ਤਾਂ ਧਰਮ ਦੇ ਮੂਲ ਸਿਧਾਂਤਾਂ ਦਾ ਪਰਚਾਰ ਅਤੇ ਅਨੁਯਾਈਆਂ ਦੇ ਕਲਿਆਣ ਵਿਚ ਦਿਲਚਸਪੀ ਘਟ ਜਾਂਦੀ ਹੈ। ਪੁਜਾਰੀ, ਗਰੰਥੀ, ਪਾਦਰੀ, ਮੁੱਲਾਂ ਦੀ ਸਥਾਪਤੀ ਜੇ ਰਾਜ-ਸੱਤਾ ਜਿੰਨੀ ਵਿਸ਼ਾਲ ਅਤੇ ਸ਼ਕਤੀਸ਼ਾਲੀ ਨਾ ਹੋਵੇ ਤਾਂ ਇਹ ਵਿੱਤ ਅਨੁਸਾਰ ਸਥਾਨਕ ਅਫਸਰਸ਼ਾਹੀ ਜਾਂ ਸੂਬਕ ਜਾਂ ਕੇਂਦਰੀ ਰਾਜ-ਸੱਤਾ ਦੇ ਅਧੀਨ ਹੋ ਕੇ ਚਲਦੀ ਹੈ। ਅਤੇ ਧਾਰਮਿਕ ਸਥਾਪਤੀ ਜੇ ਸਥਾਨ, ਸੂਬੇ ਜਾਂ ਕੇਂਦਰ ਨਾਲ ਵਾਰਾ ਵੱਟ ਸਕੇ ਤਾਂ ਇਹ ਸੱਤਾ ਵਿਚੋਂ ਹਿੱਸਾ ਵੰਡਾਉਣ ਲਈ ਰਾਜ ਨਾਲ ਭਿੜ ਵੀ ਪੈਂਦੀ ਹੈ। ਇਸ ਲਈ ਧਰਮ ਦੇ ਪੁਜਾਰੀ-ਗਰੰਥੀ ਵਰਗ ਦਾ ਹਿਤ ਧਰਮ-ਅਨੁਯਾਈਆਂ ਨੂੰ ਧਰਮ ਦੇ ਮੂਲ ਸਿਧਾਂਤਾਂ ਤੋਂ ਸੁਸਿਖਿਅਤ ਕਰਨਾ ਨਹੀਂ ਹੁੰਦਾ, ਸਗੋਂ ਵਿਆਖਿਆ ਅਤੇ ਮਰਯਾਦਾ, ਰਹਿਤ-ਬਹਿਤ ਦੇ ਅਡੰਬਰ ਨੂੰ ਵਧਾ-ਉਲਝਾ ਕੇ ਮਨਮਤ ਅਤੇ ਅੰਧਕਾਰ ਨੂੰ ਕਾਇਮ ਰਖਣਾ ਹੁੰਦਾ ਹੈ। ਗੁਰੂ ਕਾਲ ਤੋਂ ਲੈ ਕੇ ਅਜ ਤਕ ਦੇ ਸਿਖ ਇਤਿਹਾਸ ਵਿਚ ਇਸ ਦੀਆਂ ਗਵਾਹੀਆਂ ਮਿਲਦੀਆਂ ਹਨ।

ਇਸੇ ਲਈ ਕਿਸੇ ਵੀ ਧਰਮ ਦੇ ਮੂਲ ਸਿਧਾਂਤ ਅਤੇ ਉਸ ਦੇ ਬਾਨੀ; ਦਾਰਸ਼ਨਿਕ ਪੱਖ ਤੋਂ ਕੁਝ ਵੀ ਹੋਣ—ਸਮਾਜਕ ਪੱਖ ਤੋਂ ਮਨੁਖ ਅਤੇ ਸਮਾਜ ਨੂੰ ਚੰਗੇਰਾ

ਬਨਾਉਣ ਵਾਲੇ ਪੈਗੰਬਰ ਜਾਂ ਗੁਰੂ ਹੁੰਦੇ ਹਨ। ਧਰਮ ਦੇ ਮੂਲ ਸਿਧਾਂਤਾਂ ਦੀ ਪੁਸਤਕ ਢੇਰ ਚਿਰ ਤਕ ਲੋਕਾ ਦੇ ਹਿਤ ਵਿਚ ਖੁਲ੍ਹੀ ਰਹਿਣ ਯੋਗ ਹੁੰਦੀ ਹੈ। ਧਰਮ ਨੂੰ 'ਬੰਦ ਕਿਤਾਬ' ਉਦੋਂ ਕਿਹਾ ਜਾਂਦਾ ਹੈ ਜਦੋਂ ਮੁਜਤਹਿਦ ਇਮਾਮ, ਪੋਪ ਡੀਨ, ਮੀਮਾਂਸਾ ਅਚਾਰਯ ਅਤੇ ਗਰੰਥੀ-ਗਿਆਨੀ ਇਕ ਹਥ ਵਿਚ ਦਾਨ-ਪਾਤਰ ਅਤੇ ਦੂਜੇ ਵਿਚ ਸ਼ਰਹ ਮਰਯਾਦਾ ਫੜ ਕੇ ਗਰੰਥ-ਕਿਤਾਬ ਅਤੇ 'ਅਹਿਲ ਕਿਤਾਬ' (ਸਿਖਾਂ) ਦੇ ਵਿਚਕਾਰ ਆ ਖਲੋਂਦੇ ਹਨ।

# 4. ਸਿਖ ਇਤਿਹਾਸਕਾਰੀ

ਇਹ ਠੀਕ ਹੀ ਕਿਹਾ ਗਿਆ ਹੈ ਕਿ ਸਿਖ ਇਤਿਹਾਸ ਨੂੰ ਬਣਾਉਂਦੇ ਰਹੇ ਹਨ; ਲਿਖਦੇ ਨਹੀਂ ਰਹੇ। ਇਤਹਾਸਕਾਰੀ ਦੇ ਇਤਹਾਸ ਨੂੰ ਦੇਖ ਕੇ ਇਹ ਗੱਲ ਠੀਕ ਹੈ। ਕਿਉਂਕਿ ਇਤਹਾਸ ਲੋਕ ਹੀ ਬਣਾਉਂਦੇ ਹਨ। ਰਾਜੇ ਰਾਣੇ ਇਸ ਨੂੰ ਆਪਣੇ ਨਾਂ ਲਿਖਵਾਉਂਦੇ ਰਹੇ ਹਨ। ਇਹ ਇੰਜ ਵੀ ਠੀਕ ਹੈ ਕਿ ਹੋਰਨਾਂ ਧਰਮਾਂ ਦੇ ਮੁਢਲੇ ਸਮੇਂ ਵਾਂਗ ਸਿਖਾਂ ਨੇ ਘਾਲਣਾ ਘਾਲ ਕੇ ਇਕ ਇਤਹਾਸ ਬਣਾਇਆ ਹੈ। ਸਿਖ ਸਮਾਜ ਦੀ ਸਥਾਪਤੀ ਅਤੇ ਮਾਨਤਾ ਤੋਂ ਪਹਿਲਾਂ ਜਹਾਂਗੀਰੀ ਤੁਜ਼ਕ, ਤੁਰਕੀ ਸੁਲਤਾਨੀਅਤ ਅਤੇ ਅਫਗਾਨ-ਮੁਗਲ ਸ਼ਹਿਨਸ਼ਾਹੀਅਤ ਦੇ ਤਾਰੀਖ-ਦਾਨਾਂ ਜਾਂ ਰੋਜ਼ਨਾਮਚਾ ਲੇਖਕਾ ਨੇ ਗੁਰੂ-ਕਾਲ ਤੋਂ ਲੈ ਕੇ ਮਿਸਲਾਂ ਦੇ ਸਮੇਂ ਦਾ ਨਕਾਰਤਮਕ ਜ਼ਿਕਰ-ਇਜਕਾਰ ਕੀਤਾ ਹੈ। ਰੋਮਨ ਸਾਮਰਾਜ ਸਮੇਂ ਤੋਂ ਚਲੀ ਆ ਰਹੀ ਗੁਲਾਮਾਂ ਦੇ ਲਹੂ ਵਿਚ ਗੁਲਾਮੀ ਰਚਾਉਣ ਦੀ ਨੀਤੀ ਉਤੇ ਚਲਣ ਵਾਲੇ ਅਤੇ ਕੌਮਾਂ-ਕੌਮੀਅਤਾ ਦੇ ਇਤਹਾਸ ਵਿਚ ਘਚੋਲੇ ਪਾਉਣ ਵਾਲੇ ਬਰਤਾਨਵੀ ਸਾਮਰਾਜ ਨੇ ਸਿਖ ਇਤਹਾਸ-ਮਿਥਹਾਸ ਵਿਚ ਘਚੋਲੇ ਪਾਏ ਹਨ। ਸਿਖਾਂ ਦਾ ਇਤਹਾਸ ਮੁੜ ਸਿਖਾ ਨੂੰ—ਆਪਣੇ ਹਿਤਾਂ ਅਨੁਸਾਰ—ਪੜ੍ਹਾਇਆ ਹੈ।

ਵੀਹਵੀਂ ਸਦੀ ਦੀ ਸਿਖ ਇਤਹਾਸਕਾਰੀ ਵਾਧਾ-ਘਾਟਾਂ ਸਮੇਤ, ਬਰਤਾਨਵੀ ਇਤਹਾਸਕਾਰੀ ਦੀਆਂ ਲੀਹਾਂ ਉਪਰ ਹੀ ਚਲ ਰਹੀ ਹੈ।

ਮਿੱਥ-ਸਿਰਜਨਾ ਨੂੰ ਛੂਹ ਰਹੀਆਂ ਸਾਡੀਆਂ ਸਿਖ ਇਤਹਾਸਕਾਰੀ ਦੀਆਂ ਕੁਝ ਮੂੰਹ-ਚੜ੍ਹੀਆਂ ਸਥਾਪਨਾਵਾਂ ਹਨ :

1) 'ਸਿਖਾਂ ਨੇ ਇਤਿਹਾਸ ਬਣਾਇਆ ਹੈ, ਲਿਖਿਆ ਨਹੀਂ।' ਇਸ ਸੰਬੰਧੀ ਇਹੋ ਕਹਿਣਾ ਬਣਦਾ ਹੈ ਕਿ ਜਿਹੜਾ ਇਤਹਾਸ ਸਿਖਾਂ ਨੇ ਲਿਖਿਆ ਹੈ ਉਸ ਵਿਚ ਮਿਥਹਾਸ ਦੀ ਮਿੱਸ ਅਤੇ ਪੂਰਬ-ਨਿਸ਼ਚਿਤ ਧਾਰਨਾਵਾਂ ਕਾਰਣ ਅਸੰਗ-ਤੀਆਂ ਹਨ।

2) 'ਸਿਖਾਂ ਦਾ ਇਤਹਾਸ ਵਿਰੋਧੀਆਂ ਤੋਂ ਮਿਲਦਾ ਹੈ।' ਇਹ ਅੰਸ਼ਕ ਸੱਚ ਹੈ। ਗੁਰੂ-ਕਾਲ ਵਿਚ ਗੁਰੂਆਂ ਤੇ ਸਿਖਾਂ ਬਾਰੇ ਤੀਜੇ ਗੁਰੂ ਤਕ ਬਹੁਤ ਘਟ ਅਤੇ ਇਸ ਤੋਂ ਮਗਰੋਂ ਜਿਹੜੀ ਜਾਣਕਾਰੀ ਮਿਲਦੀ ਹੈ ਉਹ ਉਤਰੀ ਭਾਰਤ ਅਤੇ ਪੰਜਾਬ ਦੇ ਹਾਲਾਤ ਨਾਲ ਸੰਬੰਧਤ ਇਕ ਤੁਜ਼ਕ, ਵਿਰਲੀ ਟਾਵੀਂ ਤਾਰੀਖ, ਰੋਜ਼ਨਾਮਚੇ ਅਤੇ ਇਸ ਤੋਂ ਵੀ ਘਟ ਕਿਸੇ ਸਫਰਨਾਮੇ ਵਿਚ ਹੈ। ਇਸ ਤੋਂ ਮਗਰੋਂ—ਬੰਦਾ ਬਹਾਦਰ ਤੋਂ ਲੈ ਕੇ ਮਿਸਲ-ਕਾਲ ਤਕ—ਜੋ ਇਤਹਾਸਕ ਜਾਣਕਾਰੀ ਮਿਲਦੀ ਹੈ ਉਸ ਵਿਚ ਸਿਖ ਸਮਾਜ ਪ੍ਰਤੀ ਹਮਦਰਦੀ ਦਾ ਭਾਵ ਨਹੀਂ। ਸਗੋਂ ਪੰਜਾਬ ਵਿਚ ਜਿਹੜਾ ਸਿਖ ਸਮਾਜ ਸੰਗਠਿਤ ਤੇ ਕੇਂਦਰਿਤ ਹੋ ਰਿਹਾ ਸੀ ਉਸ ਦੀ ਪੰਜਾਬੋਂ ਬਾਹਰ ਦੀ ਗੁਰੂ ਘਰ ਦੀ ਜਾਣਕਾਰੀ ਦੀ ਘਾਟ ਅਤੇ ਬੰਦਾ ਬਹਾਦਰ ਦੀ ਮੁਹਿੰਮ ਅਤੇ ਉਸ ਦੇ ਅੰਤ ਪ੍ਰਤੀ ਉਦਾਸੀਨਤਾ ਨੇ ਜਾਣਕਾਰੀ ਵਿਚ ਆਏ ਹਾਲਾਤ ਨੂੰ ਨਿਰਪੱਖ ਇਤਹਾਸਕਾਰ ਵਾਂਗ ਸਮਝਿਆ ਅਤੇ ਅੰਕਤ ਨਹੀਂ ਕੀਤਾ— ਬਹੁਤ ਸਾਰੇ ਖੱਪੇ ਰਹਿਣ ਦਿਤੇ ਹਨ। ਮਿਸਲਾਂ ਦੀ ਚੜ੍ਹਤਲ ਸਮੇਂ ਤੋਂ ਲੈ ਕੇ ਦੇਸ ਦੀ ਆਜ਼ਾਦੀ ਤਕ ਸਿਖ ਇਤਹਾਸ ਦੇ ਪੁਰਾਤੱਤ ਅਤੇ ਮੁਖ ਸੋਮੇਂ ਅੰਗਰੇਜ਼ੀ ਸਾਮਰਾਜ ਦੇ ਹੱਥ ਰਹੇ ਹਨ। ਵੀਹਵੀਂ ਸਦੀ ਦੀ ਸਿਖ ਇਤਹਾਸਕਾਰੀ ਨੇ ਬਰਤਾਨਵੀ ਇਤਿਹਾਸਕਾਰੀ ਦੀ ਸਾਮਰਾਜੀ ਨੀਤੀ ਨੂੰ ਘਟ ਹੀ ਦੇਖੀ ਜਾਣਿਆ ਹੈ।

ਸਿਖ ਇਤਹਾਸਕਾਰ ਦੀ ਕਲਮ ਦੀ ਨੋਕ ਉਪਰ ਵੀ ਇਕ ਕਹਾਵਤ ਚੜ੍ਹ ਗਈ ਹੈ ਕਿ, 'ਇਤਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ।' ਸਿਖ ਇਤਹਾਸ-ਕਾਰੀ ਨੇ ਇਹ ਕਹਾਵਤ ਨਹੀਂ ਘੜੀ। ਪਹਿਲਾਂ ਅਤੇ ਪਿਛੋਂ ਦੀਆਂ ਇਤਹਾਸਕ ਘਟਨਾਵਾਂ ਅਤੇ ਕਾਰਣਾਂ ਵਿਚ ਮੇਲ ਨੂੰ ਸਤਈ ਢੰਗ ਨਾਲ ਦੇਖ ਕੇ ਬਹੁਤ ਸਾਰੇ ਇਤਹਾਸਕਾਰ ਇਸ ਸਿਟੇ ਉਪਰ ਪੁਜੇ ਹਨ। ਪਰ ਕਾਲ ਕਿਉਂਕਿ ਇਤਹਾਸ ਤੋਂ ਬਲਵਾਨ ਹੈ ਜੋ ਨਿਰੰਤਰ ਬਦਲਦਾ ਹੈ, ਇਸ ਲਈ ਅਸੀਂ ਦੇਖਦੇ ਹਾਂ ਕਿ ਇਕ ਅਤੇ ਦੂਜੇ ਕਾਲ ਵਿਚ ਇਤਹਾਸਕ ਘਟਨਾਵਾਂ ਅਤੇ ਹਾਲਾਤ ਦੇ ਇਕੋ ਜਿਹੇ

ਹੋਣ ਤੇ ਵੀ ਸਿੱਟੇ ਇਕੋ ਜਿਹੇ ਨਹੀਂ ਨਿਕਲੇ। ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਨੂੰ ਦਿਤੇ ਬੇ-ਦਾਵੇ, ਬੰਦਾ ਬਹਾਦਰ ਸਮੇਂ ਬੰਦਈ ਤੇ ਤੱਤ ਖਾਲਸੇ ਵਿਚ ਪੈਣ ਵਾਲੀ ਦੁਫੇੜ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਲਾਹੌਰ ਦਰਬਾਰ ਦੀ ਫੁਟ—ਅੰਤਰ-ਦਵੰਦ ਦੇ ਪੱਖ ਤੋਂ ਮੇਲ ਖਾਂਦੀਆ ਘਟਨਾਵਾਂ ਹਨ (ਸਗੋਂ ਅੰਤਰ-ਦਵੰਦ ਦੇ ਪੱਖ ਤੋਂ ਗੁਰੂ-ਗੱਦੀ ਲਈ ਚਲਦੀ—ਪੰਜਵੇਂ ਤੇ ਅਠਵੇਂ-ਨੌਵੇਂ ਗੁਰੂ ਸਮੇਂ—ਦੀ ਹੋੜ ਵੀ ਇਸ ਵਿਚ ਸਾਮਲ ਕੀਤੀ ਜਾ ਸਕਦੀ ਹੈ)। ਪਰ ਅਸੀਂ ਜਾਣਦੇ ਹਾਂ ਕਿ ਇਹ ਵਖ ਵਖ ਸਮੇਂ ਦੇ ਵਖ ਕਾਰਣਾਂ ਤੇ ਹਾਲਾਤ ਦੀ ਉਪਜ ਸਨ। ਇਤਹਾਸ ਇਹ ਵੀ ਦਸਦਾ ਹੈ ਕਿ ਉਪਰੋਕ ਘਟਨਾਵਾਂ ਦੇ ਜਿਹੜੇ ਸਿਟੇ ਨਿਕਲੇ ਉਹ ਹਰ ਵਾਰ ਵਖਰੀ ਭਾਂਤ ਦੇ ਸਨ ਹਰ ਵਾਰ ਉਹਨਾ ਦੇ ਲੱਛਣ ਹੋਰ ਸਨ।

ਇਕ ਹੋਰ ਉਕਤੀ ਸਿਖ-ਇਤਹਾਸਕਾਰੀ ਨੇ ਦਿਤੀ ਹੈ: 'ਇਤਹਾਸ ਕਿਸੇ ਕੌਮ ਦੀ ਜਾਨ ਹੁੰਦਾ ਹੈ'।

ਭੁਲਣਾ ਨਹੀਂ ਚਾਹੀਦਾ ਕਿ ਇਸ ਇਤਹਾਸਕ ਉਕਤੀ ਦਾ ਵੀ ਇਕ ਇਤ-ਹਾਸ ਹੈ। ਅੰਗਰੇਜ਼ੀ ਸਾਮਰਾਜ ਵਿਰੁਧ ਜਦੋਂ ਬਗਾਵਤ ਅਤੇ ਆਜ਼ਾਦੀ ਦਾ ਅਹਿਸਾਸ ਹੋਇਆ ਤਾਂ ਆਜ਼ਾਦੀ ਦੀ ਲਗਨ ਨੇ ਰਾਜਨੀਤੀ ਅਤੇ ਧਰਮ ਦੇ ਖੇਤਰ ਵਿਚ ਹੀ ਨਹੀਂ ਇਤਹਾਸਕਾਰੀ ਨੇ ਵੀ ਆਪਣੇ ਪਿਛ ਵਲ ਮੁੜ ਕੇ ਦੇਖਿਆ। ਦੇਖਿਆ ਕਿ ਹਾਕਮਾਂ ਨੇ ਸਭ ਕੁਝ ਧੁੰਦਲਾ-ਭੁਲਾ ਕੇ ਕੇਵਲ ਕਰੂਪ ਤੇ ਕੁਹਜ ਨੂੰ ਹੀ ਇਤਹਾਸ ਦਾ ਰੂਪ ਦਿਤਾ ਹੋਇਆ ਸੀ। ਇਸੇ ਲਈ ਉਸ ਸਮੇਂ ਭਾਰਤ ਦੇ ਅਤੀਤ ਵਿਚੋਂ ਸੁਨਹਿਰੀ ਕਾਲ ਖੋਜੇ ਤੇ ਸਾਹਮਣੇ ਲਿਆਂਦੇ ਗਏ ਅਤੇ ਕੌਮ ਦੀ ਜਾਨ ਸਮਝੇ ਗਏ। ਕਿਉਂਕਿ ਇਤਹਾਸਕਾਰੀ ਬੀਤੇ ਸਮਾਜਕ ਰਾਜਨੀਤਕ ਹਾਲਾਤ ਤੇ ਘਟਨਾਵਾਂ ਦਾ ਨਿਰਪੱਖ ਵਰਨਣ ਹੁੰਦਾ ਹੈ ਤਾਂ ਅੰਗਰੇਜ਼ਾਂ ਲਈ ਗੁਲਾਮਾਂ ਨੂੰ ਸਾਹ-ਸਤਹੀਨ ਕਰਨ ਵਾਲੀ ਉਦੇਸ਼-ਪੂਰਨ ਲਿਖਤ ਸੀ। ਇਸ ਉਦੇਸ਼-ਪੂਰਕ ਕੂੜੇ ਇਤਹਾਸ ਦੇ ਟਾਕਰੇ ਤੇ ਅਜਿਹੇ ਉਦੇਸ਼-ਪੂਰਣ ਇਤਹਾਸ ਦੀ ਲੋੜ ਸੀ ਸੋ ਬੀਤੇ ਸਮੇਂ ਵਿਚੋਂ ਸਾਝੇ ਤੇ ਸਾਂਝ ਨੂੰ ਸੁਨਹਿਰੀ ਬਣਾ ਕੇ ਪੇਸ਼ ਕਰੇ ਤਾਂ ਜੋ ਗੁਲਾਮਾਂ ਦਾ ਇਕ ਕੌਮ ਦੇ ਰੂਪ ਵਿਚ ਅਹਿਸਾਸ ਬਣੇ—ਰੋਹ ਜਾਗੇ।

ਇਤਹਾਸਕਾਰੀ ਇਕ ਸਾਇੰਸ ਵੀ ਹੈ। ਇਸ ਪੱਖ ਤੋਂ ਸਾਮਰਾਜੀ ਅਤੇ ਕੌਮ ਪ੍ਰਸਤ ਅਤੇ ਦੋਹਾਂ ਭਾਂਤਾਂ ਦੀਆਂ ਇਤਹਾਸਕਾਰੀਆਂ ਦੇ ਸਾਹਮਣੇ ਕ੍ਰਮਵਾਰ ਹਾਕ-

ਮਾਨਾ ਕੌਮ-ਪ੍ਰਸਤੀ ਦੀ ਪ੍ਰੇਰਨਾ ਵਾਲੇ ਉਦੇਸ਼ ਸਨ। ਅਜੋਕੀ ਸਿਖ ਇਤਹਾਸਕਾਰੀ ਦੇ ਸਾਹਮਣੇ ਵੀ 'ਕੌਮ ਪ੍ਰਸਤ' ਉਦੇਸ਼ ਹੋਣਗੇ।

ਉਦੇਸ-ਪੂਰਣ ਸਿਖ ਇਤਹਾਸਕਾਰੀ ਨੇ ਗੁਰਬਾਣੀ, ਸਾਖੀਆਂ, ਮਹਾਂਕਾਵਿਕ ਇਤਹਾਸਕ-ਮਿਥਹਾਸਕ ਰਚਨਾਵਾਂ, (ਜਿਨ੍ਹਾਂ ਨੂੰ 'ਅੰਦਰਲੀਆਂ ਗਵਾਹੀਆਂ' ਕਿਹਾ ਜਾਂਦਾ ਹੈ) ਅਤੇ ਦੋਖੀ ਇਤਹਾਸਕ ਵਸੀਲਿਆਂ ਨਾਲ ਮੇਲ ਕੇ, ਅੰਗਰੇਜ਼ੀ ਇਤ-ਹਾਸਕਾਰਾਂ ਤੋਂ ਲੈ ਕੇ ਘਟਨਾਵਲੀ-ਲਿਖਤਾਂ (Chronicles) ਅਤੇ ਦੂਜੀ ਸੰਸਾਰ ਜੰਗ ਦੇ ਪਤਰ-ਪ੍ਰੇਰਕਾਂ ਤਕ ਤੋਂ ਮਨ-ਭਾਉਂਦੀਆਂ ਟੂਕਾਂ ਲੈ ਕੇ ਇਤਹਾਸ ਲਿਖੇ ਹਨ। ਇਸ ਇਤਹਾਸਕਾਰੀ ਨੇ ਕੁਝ ਲੱਭਤਾਂ ਅਤੇ ਇਤਹਾਸਕ ਮੁਲਾਂਕਣ ਪੇਸ਼ ਕੀਤੇ ਹਨ ਜੋ ਇਤਹਾਸਕ ਅਸੰਗਤੀਆਂ ਦੇ ਹੀ ਲਖਾਇਕ ਨਹੀਂ ਇਕ-ਪਾਸੜ ਹੋਣ ਦੇ ਦੋਸ਼ੀ ਵੀ ਹਨ ਅਤੇ ਨਵੀਆਂ ਇਤਹਾਸਕ ਮਿਥਾਂ ਘੜਨ ਦੇ ਜ਼ਿਮੇਵਾਰ ਵੀ।

ਜਿਵੇਂ, ਸੰਸਾਰ ਵਿਚ ਸਭ ਤੋਂ ਵਧ ਸ਼ਹੀਦ ਅਤੇ ਬੀਰ ਸਿਖ ਧਰਮ ਵਿਚ ਹਨ।

ਜਿਵੇਂ, ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਸਭ ਤੋਂ ਵਧ ਸ਼ਹੀਦੀਆਂ ਸਿਖਾਂ ਨੇ ਕੀਤੀਆਂ।

ਜਿਵੇਂ, ਸਿਖੀ ਦਾ ਮੁਢ ਤੋਂ ਹੀ ਮੁਕਾਬਲਾ ਮੁਗਲਾਂ ਨਾਲ 'ਬਾਬੇ ਕੇ, ਬਾਬਰ ਕੇ' ਦੇ ਰੂਪ ਵਿਚ ਹੋਇਆ ਅਤੇ ਮੁਗਲ ਰਾਜ ਨੂੰ ਕੇਵਲ ਸਿਖਾਂ ਨੇ ਤਬਾਹ ਕੀਤਾ।

ਜਿਵੇਂ, 'ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ'। ਇਤਿਆਦਿਕ।

**ਇਤਹਾਸ ਕੀ ਨਹੀਂ; ਕੀ ਹੈ** :—ਇਤਹਾਸ, ਉਪਲਭਦ ਇਤਹਾਸਕ ਸਾਮਗਰੀ ਦਾ ਮਨ-ਭਾਉਂਦਾ ਸੰਪਾਦਨ ਨਹੀਂ। ਨਾ ਹੀ ਇਹ ਮਿਥਹਾਸ ਨੂੰ ਪ੍ਰਮਾਣੀਕ ਮੰਨਦਾ ਹੈ। ਇਹ ਨਾ ਤਾਂ ਕੇਵਲ ਇਕ ਖਿੱਤੇ ਇਕੋ ਜਨ ਸਮੂਹ ਦੀ ਪਦਾਰਥਕ, ਮਾਨਸਿਕ ਅਵਸਥਾ ਨੂੰ ਦੇਖਦਾ ਹੈ ਅਤੇ ਨਾ ਹੀ ਇਕ ਜਨ ਸਮੂਹ ਅਤੇ ਇਕ ਖੇਤਰ ਨਾਲ ਵਾਪਰੀਆਂ ਰਾਜਨੀਤਕ ਘਟਨਾਵਾ ਨੂੰ ਸਮਕਾਲੀ ਸੰਦਰਭ ਨਾਲੋਂ ਨਿਖੇੜਦਾ ਹੈ। ਇਹ ਕਿਸੇ ਜਨ ਸਮੂਹ ਜਾਂ ਇਸ ਦੇ ਜੀਵਨ ਢੰਗ ਨੂੰ ਵਡਿਆਉਂਦਾ ਜਾਂ ਛੁਟਿ-ਆਉਂਦਾ ਵੀ ਨਹੀਂ।

ਕੁਦਰਤ ਕੇ ਕਾਨੂੰਨ ਅਨੁਸਾਰ ਸਮਾਂ ਅਤੇ ਸਮਾਜਕ ਤੱਤ ਕਿਸੇ ਖਿੱਤੇ ਅਤੇ ਜਨ ਸਮੂਹ ਨਾਲ ਨਾ ਲਿਹਾਜ਼ ਕਰਦੇ ਹਨ ਨਾ ਵੈਰ। ਇਤਹਾਸਕਾਰੀ ਦਾ ਕੰਮ ਵੀ

ਲਗਭਗ ਸਮੇਂ ਅਤੇ ਸਮਾਜ ਦੀ ਤੋਰ ਦੇ ਸਮਾਨਾਂਤਰ ਰਹਿਣਾ ਹੈ।

ਸੱਚ ਦੀ ਖੋਜ ਦੇ ਹਰ ਖੇਤਰ ਵਾਂਗ ਉਦੇਸ਼ ਅਤੇ ਸਿੱਟੇ ਨੂੰ ਪੂਰਬ ਨਿਸ਼ਚਤ ਕਰ ਕੇ ਇਤਹਾਸ ਲਿਖਣਾ ਕਿਵੇਂ ਵੀ ਭੂਤਕਾਲ ਦੇ ਸੱਚ ਤਕ ਨਹੀਂ ਪੁਚਾ ਸਕਦਾ। ਅਜੋਕੀ 'ਸਿਖ ਇਤਹਾਸਕਾਰੀ' ਪੂਰੇ ਦੇ ਪੂਰੇ ਸਿਖ ਅਤੀਤ ਨੂੰ ਗੋਰਵਮਈ ਲਿਖਣ ਦੀ ਇੱਛਾ ਨਾਲ ਔਝੜ ਰਾਹੇ ਪੈ ਤੇ ਪਾ ਰਹੀ ਹੈ।

ਇਤਹਾਸਕਾਰੀ ਦਾ ਵੀ ਇਕ ਇਤਹਾਸ ਹੈ। ਰਾਜੇ ਰਾਣਿਆਂ ਦੇ ਭੱਟ ਨਕੀਬ, ਉਨ੍ਹਾਂ ਦੀ ਤਾਜਪੋਸ਼ੀ, ਹਮਲੇ, ਜਿੱਤ ਅਤੇ ਰਾਜ ਦਰਬਾਰ ਵਿਚ ਆਮਦ ਸਮੇਂ ਬੰਸਾ-ਵਲੀ, ਜਿੱਤਾਂ ਅਤੇ ਜਾਹੋ-ਜਲਾਲ ਦੀ ਜਿਹੜੀ 'ਕਲਿਆਣ' ਜਾਂ ਨਕਾਬਤ ਪੜ੍ਹਦੇ ਸਨ ਉਸੇ ਪ੍ਰਕਾਰ ਦੀਆਂ ਲਿਖਤਾਂ ਵਿਚ ਸਮਾਜਕ ਜਾਂ ਤੁਲਨਾਤਮਕ ਵੇਰਵੇ ਪਾ ਕੇ ਪਹਿਲੇ ਇਤਹਾਸ ਲਿਖੇ ਗਏ ਹੋਣਗੇ। ਅਜਿਹੇ ਇਤਹਾਸਾਂ ਨੇ ਰਾਜੇ ਦੇ, ਧਰਤੀ ਉਪਰ ਦੇਵੀ-ਦੇਵਤੇ ਦੇ ਪੁਤਰ ਜਾਂ ਰੱਬ ਦੇ ਪ੍ਰਛਾਵੇਂ ਹੋਣ ਦਾ ਸੰਕਲਪ ਵੀ ਦਿਤਾ ਅਤੇ ਵਿਸ਼ਸ਼ਟ ਮਨੁਖ (Superman) ਦਾ ਸਿਧਾਂਤ ਵੀ। ਸਫਲ ਤੇ ਸਥਾਪਤ ਹੋ ਜਾਣ ਮਗਰੋਂ ਮਜ਼ੂਬਾਂ-ਧਰਮਾਂ ਅਤੇ ਨਬੀਆਂ-ਅਵਤਾਰਾਂ ਦੇ ਜਦ ਇਤਹਾਸ ਲਿਖੇ ਗਏ ਤਾਂ ਇਹਨਾਂ ਵਿਚ ਰੱਬੀ ਸ਼ਕਤੀ ਅਤੇ ਨੂਰਾਨੀ ਗੁਣਾ ਨੂੰ ਨਿਰਣਾਇਕ ਮਹਤਤਾ ਦਿਤੀ ਗਈ।

ਸਿਖ ਇਤਹਾਸਕਾਰਾਂ ਤੋਂ ਲੈ ਕੇ ਸ਼ੋਭਾ ਗਾਉਣ ਵਾਲੇ ਕਵੀ ਇਹ ਤਾਂ ਜ਼ਰੂਰ ਕਹਿੰਦੇ ਹਨ ਕਿ ਪੰਜਾਬ ਨੂੰ ਗੁਰੂ ਸਾਹਿਬ/ਾਂ ਨੇ ਵਰੋਸਾਇਆ ਪਰ ਘਟ ਹੀ ਕੋਈ ਦਸਦਾ ਹੈ, ਕਿ ਕਿਉਂ ਗੁਰੂ ਸਾਹਿਬ ਪੰਜਾਬ ਵਿਚ ਹੀ ਪ੍ਰਗਟ ਹੋਏ; ਸਿੱਖੀ ਕਿਉਂ ਪੰਜਾਬ ਅਤੇ ਕੇਂਦਰੀ ਪੰਜਾਬ ਵਿਚ ਸਥਾਪਤ ਹੋਈ।

ਭੂਗੋਲਿਕ, ਨਸਲੀ ਪਿਛੋਕੜ, ਸੰਬੰਧਤ ਗੁਆਂਢ ਅਤੇ ਖੇਤਰ ਦੀਆਂ ਆਰਥਕ ਰਾਜਨੀਤਕ ਅਤੇ ਸਮਾਜਕ ਪ੍ਰਸਥਿਤੀਆਂ ਨੂੰ ਅਣਡਿੱਠ ਕਰਕੇ ਇਹਨਾਂ ਦੇ ਪ੍ਰਸਪਰ ਕਰਮ ਨੂੰ ਅਣਗੌਲ ਕੇ ਇਤਹਾਸ ਨੂੰ ਲਿਖਣਾ-ਪੜ੍ਹਨਾ ਭੰਬਲ ਭੂਸਿਆਂ ਵਿਚ ਪੈਣਾ ਹੈ।

ਇਤਹਾਸ ਦੀ ਅਕਾਦਮਿਕ ਪ੍ਰੀਭਾਸ਼ਾ ਵਲ ਨਾ ਜਾ ਕੇ ਇਸ ਪੁਸਤਿਕਾ ਵਿਚ 'ਅੰਦਰਲੀਆਂ ਗਵਾਹੀਆਂ' ਉਪਰ ਵਧੇਰੇ ਆਧਾਰਤ ਕਰਕੇ ਸਿਖ ਇਤਹਾਸ ਦੇ ਪੁਨਰ ਅਧਿਅਨ ਦਾ ਅਤੇ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ।

ਗੁਰਬਾਣੀ ਨੂੰ ਇਤਹਾਸ ਨਹੀਂ ਮੰਨਿਆ ਗਿਆ ਪਰ ਇਸ ਵਿਚੋਂ ਇਤਹਾ-ਸਕ ਸਾਮਗਰੀ ਨੂੰ ਮੁਖ ਰਖਿਆ ਹੈ ਜਿਵੇਂ ਪ੍ਰਥਮ ਗੁਰੂ ਦੀ ਬਾਣੀ ਵਿਚੋਂ ਇਤਹਾਸਕ, ਸਮਾਜਕ ਪ੍ਰਸਥਿਤੀਆਂ, ਪੰਜਵੇਂ ਗੁਰੂ ਦੀ ਰਚਨਾ ਵਿਚੋਂ ਸਮਕਾਲੀ ਰਸਮਾਂ ਰੀਤਾਂ ਦੀ ਆਲੋਚਨਾ ਦੇ ਇਤਹਾਸਕ ਅਰਥ ਖੋਲ੍ਹਣ (De-codify) ਕਰਨ ਦਾ ਯਤਨ ਹੈ ਆਦਿਕ ।

ਗੁਰਬਾਣੀ ਅਤੇ ਗੁਰੂ ਸਾਹਿਬਾਂ ਨੇ ਕਰਾਮਾਤ ਨੂੰ ਕਹਿਰ-ਕੁਫਰ ਕਿਹਾ ਹੈ ਅਤੇ ਵਹਿਮ-ਭਰਮ ਆਦਿਕ ਨੂੰ ਅੰਧਕਾਰ । ਇਸ ਲਈ ਇਨ੍ਹਾਂ ਨੂੰ ਆਪਣੇ ਇਸ ਇਤ-ਹਾਸਕ ਅਧਿਅਨ ਤੋਂ ਪਰ੍ਹੇ ਰਖਿਆ ਹੈ ।

ਇਤਹਾਸਕਾਰੀ ਦੇ ਇਤਹਾਸ ਵਿਚ ਇਕ ਸਮਾਂ ਉਹ ਵੀ ਆਇਆ ਜਦ ਸਮਾਜ ਵਿਚ ਸ੍ਰੇਣੀ-ਵੰਡ ਦੀ ਹੋਂਦ ਨੂੰ ਮਹਿਸੂਸ ਕਰਕੇ, ਇਤਹਾਸਕਾਰਾਂ ਨੇ ਇਤਹਾਸ ਵਿਚ ਲੋਕਾਂ ਦੀ ਆਰਥਕ-ਮਾਨਸਕ ਦਸ਼ਾ ਨੂੰ ਨਵੇਂ ਰਾਜ ਜਾ ਰਾਜ ਪ੍ਰਬੰਧ ਸਮੇ ਤੁਲਨਾਤਮਕ ਅਧਿਅਨ ਵਿਚ ਲਿਆਂਦਾ ਅਤੇ ਹਮਲੇ,ਬਗ਼ਾਵਤ ਜਿਹੀ ਤਬਦੀਲੀ ਸਮੇਂ ਉਭਰਦੀ-ਨਿਘਰਦੀ ਅਮੀਰ-ਵਜ਼ੀਰ ਤੇ ਪੰਜ-ਦਸ ਹਜ਼ਾਰੀ ਸ੍ਰੇਣੀਆਂ ਦੇ ਰੋਲ ਨੂੰ ਇਤਹਾਸ ਵਿਚ ਥਾ ਦਿਤੀ । ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਮਲੇਛਾਂ-ਦਲਿਤਾਂ ਨੂੰ ਪਾਤਸ਼ਾਹੀ ਉਪਰ ਆਉਣ ਦੀ ਸੰਭਾਵਨਾ ਨਜ਼ਰ ਆਉਣ ਲਗ ਪਈ ਸੀ ।

ਲੋਕ ਲਹਿਰਾ ਅਤੇ ਸਮਾਜਵਾਦੀ ਦੌਰ ਵਿਚ ਤਾਂ ਇਹ ਵੀ ਸਥਾਪਤ ਹੋ ਗਿਆ ਹੈ ਕਿ ਲੋਕ ਇਤਹਾਸ ਬਨਾਉਂਦੇ ਹੀ ਨਹੀਂ ਬਦਲਦੇ ਵੀ ਰਹੇ ਹਨ । ਇੰਜ ਲੋਕਾ ਅਤੇ ਸ੍ਰੇਣੀਆਂ ਦੇ ਰੋਲ ਨੂੰ ਮੁਖ ਰਖ ਕੇ ਇਤਹਾਸ ਦਾ ਅਧਿਅਨ ਵਧੇਰੇ ਸਾਰਥਕ ਹੈ।

**ਅਜੋਕੀ ਸਿਖ ਇਤਹਾਸਕਾਰੀ** :— ਜਿਹੜੀ ਸਿਖ ਇਤਹਾਸਕਾਰੀ ਆਜ਼ਾਦੀ ਤੋਂ ਮਗਰੋਂ ਪਿੱਛੇ-ਪਿਛੋਕੜ ਵਲ ਝਾਤ ਮਾਰਦਿਆਂ ਮਾਰਦਿਆਂ ਸ਼ੁਰੂ ਹੋਈ ਸੀ ਉਹ ਪੂਰੇ ਅਤੀਤ ਨੂੰ ਸੁਨਹਿਰਾ ਬਣਾਉਂਦੀ ਅਜ ਖਾੜਕੂ ਤੇ ਜੁਝਾਰੂ ਸੁਰਾ ਛੇੜ ਰਹੀ ਹੈ; ਗੁਰਬਾਣੀ ਨੂੰ ਖਾਸ ਪ੍ਰਯੋਜਨ ਨਾਲ ਵਾਚਣ-ਵਿਆਖਣ, ਇਤਹਾਸ ਦੀ ਅਵਿਗਿਆਨਕ ਅਤੇ ਸੰਕੀਰਣ ਪਹੁੰਚ ਨਾਲ ਪੁਨਰ-ਰਚਨਾ ਕਰਨ ਨੂੰ ਮੂਲਵਾਦ ਜਾਂ ਬੁਨਿਆਦਵਾਦ (Fundamentalism) ਹੀ ਕਿਹਾ ਜਾ ਸਕਦਾ ਹੈ ।

ਸਿਖ ਸਮਾਜ ਦੇ ਅਨੇਕ ਜਾਂ ਪੂਰਣ ਇਤਹਾਸਕਾਰ ਹਨ ਕਨਿੰਘਮ, ਮੈਕਾਲਿਫ, ਗ੍ਰਿਫਨ, ਸੀ. ਐਚ. ਪੇਨ, ਗੈਜ਼ਟੀਅਰ ਲੇਖਕ, ਅੰਗਰੇਜ਼ ਸੈਲਾਨੀ ਜਾਂ ਅਖਤਰਲੋਨੀ

ਜਿਹੇ ਰਾਜਦੂਤਕ-ਸੰਗ-ਜਾਸੂਸ ਲੇਖਕ। ਗੁਰੂ ਕਾਲ ਦੀ ਇਤਹਾਸਕਾਰੀ ਲਈ ਭਾਈ ਸੰਤੋਖ ਸਿੰਘ (ਕਰਤਾ ਗੁਰ ਪ੍ਰਤਾਪ ਸੂਰਜ) ਦਾ ਨਾਂ ਮੁਖ ਰੂਪ ਵਿਚ ਲੀਤਾ ਜਾ ਸਕਦਾ ਹੈ। ਮੁਹਿਸਨ ਫਾਨੀ, ਮੁਹੰਮਦ ਲਤੀਫ, ਮੁਨਸ਼ੀ ਖੁਸ਼ਵਕਤ ਰਾਏ, ਮੁਨਸ਼ੀ ਸੋਹਨ ਲਾਲ ਦੀਆਂ ਲਿਖਤਾਂ ਦਾ ਇਕ ਜਾਂ ਦੂਜੇ ਪੱਖ ਤੋਂ, ਲੁੜੀਂਦੇ ਸੰਦਰਭਾਂ ਵਿਚ ਹਵਾਲਾ ਦਿਤਾ ਜਾਂਦਾ ਹੈ। ਵਧੇਰੇ ਪ੍ਰਮਾਣੀਕ ਰੂਪ ਵਿਚ ਰਤਨ ਸਿੰਘ ਭੰਗੂ (ਕਰਤਾ ਮਹਿਮਾ ਪ੍ਰਕਾਸ਼) ਅਤੇ ਕੇਸਰ ਸਿੰਘ ਛਿੱਬਰ (ਕਰਤਾ ਬੰਸਾਵਲੀ ਨਾਮਾ) ਦੀਆਂ ਟੂਕਾਂ ਵੀ ਸਿਖ ਇਤਹਾਸਕਾਰੀ ਵਲੋਂ ਦਿਤੀਆ ਗਈਆਂ ਹਨ। ਇਹ ਅਤਕਥਨੀ ਨਹੀਂ ਕਿ, ਕਾਲ ਵੰਡ, ਘਟਨਾਵਲੀ-ਕ੍ਰਮ (Chronological Order), ਨਿਰਪੱਖਤਾ (ਸਿਖ ਸਮਾਜ ਦੇ ਅੰਤਰਦਵੰਦਾਂ ਬਾਰੇ) ਅਤੇ ਇਤਹਾਸਕਾਰੀ ਦੀ ਆਮ ਪ੍ਰੀਭਾਸ਼ਾ ਅਨੁਸਾਰ ਗਿਆਨੀ ਗਿਆਨ ਸਿੰਘ ਦੇ ਇਤਹਾਸ (ਤਵਾਰੀਖ ਗੁਰੂ ਖਾਲਸਾ, ਸ਼ਮ-ਸ਼ੀਰ ਖਾਲਸਾ, ਰਾਜ ਖਾਲਸਾ) ਦਾ ਆਪਣਾ ਸਥਾਨ ਹੈ। ਇਹ ਵੀ ਭੁਲਣਾ ਨਹੀਂ ਚਾਹੀਦਾ ਇ ਇਹਨਾਂ ਮੁਢਲੇ ਸਿਖ ਇਤਹਾਸਕਾਰਾਂ ਉਪਰ ਵੀ, ਇਕ ਜਾਂ ਦੂਜੀ ਸੰਪ੍ਰਦਾਇ, ਦਲ, ਮਿਸਲ ਦੇ ਜਥੇਦਾਰ, ਸਿਖ ਨਰੇਸ਼, ਅੰਗਰੇਜ਼ ਅਫਸਰ ਜਾਂ ਇਤ-ਹਾਸ, ਇਲਾਕੇ ਜਾਂ ਜਾਤ-ਗੋਤ ਪ੍ਰਤੀ ਅਨੁਰਾਗ ਜਾਂ ਦਵੇਸ਼ ਹੋਣ ਦੇ ਛੋਟੇ-ਮੋਟੇ ਕਿੰਤੂ ਹੋ ਚੁਕੇ ਹਨ। ਤਾਰਾ ਸ਼ੰਕਰ ਬੈਨਰਜੀ, ਜਾਦੂ ਨਾਥ ਸਰਕਾਰ ਅਤੇ ਸਰ ਗੋਕਲ ਚੰਦ ਨਾਰੰਗ ਦੇ ਨਾਂ ਉਹਨਾਂ ਇਤਹਾਸਕਾਰਾਂ ਵਿਚ ਲੀਤੇ ਜਾ ਸਕਦੇ ਹਨ ਜਿਨ੍ਹਾਂ ਯੂਰਪੀ ਜਾਂ ਅੰਗਰੇਜ਼ੀ ਇਤਹਾਸਕਾਰ ਸ਼ੈਲੀ ਜਾਂ ਨਜਿੱਠਣ ਢੰਗ ਨੂੰ ਅਪਨਾ ਕੇ, ਉਪਰੋਕਤ ਸਭਨਾਂ ਸਿਖ ਤੇ ਅਸਿਖ ਇਤਹਾਸਕਾਰਾਂ ਨੂੰ ਸਾਮੱਗਰੀ ਅਤੇ ਵਸੀਲੇ ਵਜੋਂ ਵਰਤ ਕੇ ਸਿਖ ਸਮਾਜ ਦੇ ਇਕ ਜਾਂ ਦੂਜੇ ਪੱਖ, ਇਕ ਜਾਂ ਦੂਜੀ ਘਟਨਾ ਨੂੰ ਵਧੇਰੇ ਵੇਰਵੇ ਨਾਲ ਲਿਖਿਆ।

ਇਸਲਾਮੀ ਅਲਮ-ਬਰਦਾਰ ਹਮਲਾਵਰਾਂ. ਜੇਤੂਆਂ ਤੇ ਹਾਕਮਾਂ ਨੂੰ ਇਕ ਹੋਰ ਮਹਤਵਪੂਰਣ ਪੱਖ ਤੋਂ ਸਮੁਚੀ ਭਾਰਤੀ ਇਤਹਾਸਕਾਰੀ ਨੇ ਵੀ ਅਣਗੌਲਿਆ ਹੈ ਅਤੇ ਸਿਖ ਇਤਹਾਸਕਾਰੀ ਨੇ ਵੀ। ਉਹ ਪੱਖ ਹੈ ਵਖ ਵਖ ਦੇਸਾਂ-ਪ੍ਰਦੇਸਾਂ, ਕੌਮੀ-ਅਤਾਂ, ਕਬੀਲਿਆਂ ਵਿਚੋਂ ਆਏ ਨਵੇਂ ਈਮਾਨਦਾਰ ਜਾ ਸ਼ੁੱਧ ਹੋਏ ਧਰਮੀਆਂ (Proselytes) ਦਾ, ਧਰਮ ਅਤੇ ਰਾਜਸੱਤਾ ਵਿਚ ਰੋਲ।

ਹਰ ਮਜ਼ੁਬ-ਧਰਮ ਵਿਚ ਸਭ ਤੋਂ ਪਹਿਲੇ ਅਨੁਜਾਈ ਸੇਂਟ, ਇਮਾਮ ਬਣਦੇ

ਹਨ, ਪ੍ਰਥਮ ਭਿਖਸ਼ੂ ਜਾਂ ਹਜ਼ੂਰੀ ਸਿਖ ਜੋ ਮਨ-ਭਾਏ ਮਸੀਹਾ, ਰਸੂਲ, ਅਵਤਾਰ ਤੇ ਗੁਰੂ ਦੇ ਵਿਚਾਰਾਂ ਵਿਚ, ਪ੍ਰਚਲਤ ਧਾਰਮਿਕ ਵਿਚਾਰਾਂ, ਵਿਸ਼ਵਾਸਾਂ ਅਤੇ ਰੂੜ੍ਹੀਆਂ ਦਾ ਸਰਬੋਤਮ ਪ੍ਰਤੀਸਥਾਪਨ ਵੇਖਦੇ ਹਨ।

ਪ੍ਰਚਲਤ ਟਾਕਰੇ ਵਿਚ ਨਵੇਂ ਧਰਮ ਨੂੰ ਆਪਣੇ ਹਿਤ ਵਿਚ ਦੇਖ ਕੇ ਦਲਿੱਤ, ਹੇਠਲੀਆਂ ਅਤੇ ਮੱਧ-ਸ਼੍ਰੇਣੀ ਦੀਆਂ ਪਰਤਾਂ ਜਿਨ੍ਹਾਂ ਨੂੰ ਪਰਜਾ ਜਾਂ ਰਿਆਇਆ ਕਿਹਾ ਗਿਆ ਹੈ, ਅੱਗੜ ਪਿੱਛੜ ਅਨੁਯਾਈ ਬਣਦੀਆਂ ਹਨ, ਕ੍ਰਮਵਾਰ ਕੁਰਬਾਨੀ ਅਤੇ ਮਾਨਸਿਕ-ਆਰਥਕ ਸਹਾਇਤਾ ਦੇਂਦੀਆਂ ਹਨ। ਰਾਜ ਸੱਤਾ ਜਦੋਂ ਕੁਰਬਾਨੀਆਂ ਲੈ ਕੇ ਸਥਾਪਤ ਹੁੰਦੇ ਤੇ ਜਿੱਤਦੇ ਧਰਮ ਨੂੰ ਅਪਨਾ ਲੈਂਦੀ ਹੈ ਤਾਂ ਆਮ ਲੋਕ ਭੇਡ-ਚਾਲ ਵਿਚ ਪੈ ਕੇ ਨਵੇਂ ਆਏ ਧਰਮ ਨੂੰ ਅਪਨਾਉਂਦੇ ਹਨ। ਇਹ ਸ਼੍ਰੇਣੀਆਂ ਅਤੇ ਇਹ ਲੋਕ ਨਵੇਂ ਦੀਨਦਾਰ ਜਾਂ ਨਵ-ਧਰਮੀ (Proselyte) ਕਹੇ ਜਾਂਦੇ ਹਨ।

ਭੇਡ-ਚਾਲ ਨਵ-ਧਰਮੀ ਆਪਣੇ ਪੂਰਵ ਧਾਰਮਿਕ-ਲੋਕਯਾਨੀ ਸੰਸਕਾਰਾਂ ਨਾਲ ਧਰਮ-ਸੰਕਰ (Mixed Faith) ਭਾਂਤ ਦੇ ਕਰਮ-ਕਾਂਡਾਂ, ਵਿਸ਼ਵਾਸਾਂ ਅਤੇ ਤੌਰ-ਤਰੀਕਿਆਂ ਨੂੰ ਵਿਕਸਤ ਕਰਦੇ ਹਨ ਜਦ ਕਿ ਨਵ-ਅਪਨਾਏ ਧਰਮ ਤੋਂ ਉਮਾਹੇ ਵਿਅਕਤੀ ਤੇ ਜਨ-ਸਮੂਹ ਪਹਿਲਾਂ ਦੀ ਮਾਨਸਿਕਤਾ ਨੂੰ ਹਰ ਪੱਖੋਂ ਨਕਾਰ-ਨਖੇਧ ਕੇ ਕੱਟੜਵਾਦੀ ਰਾਹ ਅਪਨਾਉਂਦੇ ਹਨ। ਸ਼ਾਇਦ ਇਸੇ ਰੁਚੀ ਨੂੰ ਇਸ ਅਖਾਣ ਵਿਚ ਦਰਸਾਇਆ ਗਿਆ ਹੈ ਕਿ "ਨਵਾਂ ਬਣਿਆ ਸ਼ੇਖ, ਅੱਲਾ ਅੱਲਾ ਬਹੁਤ ਕਹਿੰਦ ਹੈ।"

ਪਰ ਨਵੇਂ-ਦੀਨਦਾਰ ਦੇਸ, ਕਬੀਲੇ, ਕੌਮੀਅਤ ਵਿਚੋਂ ਆਇਆ ਹਮਲਾਵਰ ਤੇ ਹਾਕਮ ਜਿਵੇਂ ਮਜ਼ਬ ਨੂੰ 'ਅੰਨ੍ਹੇ ਦੀ ਲਾਠੀ' ਬਣਾ ਕੇ ਸ਼ਰਹ-ਮਰਯਾਦਾ ਅਤੇ ਸਮਾਜਕ ਖੇਤਰਾਂ ਵਿਚ ਚਲਾਉਂਦਾ ਹੈ, ਉਸ ਦੇ ਸਮਾਜਕ-ਰਾਜਨੀਤਕ ਰੋਲ ਨੂੰ ਦੇਖਣੋਂ ਸਾਡੀ ਇਤਹਾਸਕਾਰੀ ਬਹੁਤ ਹਦ ਤਕ ਅਸਮਰਥ ਰਹੀ ਹੈ। ਅਸਲ ਵਿਚ ਨਵੀਂ ਦੀਨਦਾਰ (Proselytism) ਵਿਚ ਸਵੈ-ਸਰਬੋਤਮ ਰੋਗ (Meglomania), ਕੱਟੜਵਾਦ (Fanaticism) ਅਤੇ ਮੂਲਵਾਦ (Fundamentalism) ਦੇ ਰੋਗਾਣੂ-ਜੀਵਾਣੂ ਉਪਲਭਦ ਹੁੰਦੇ ਹਨ ਅਤੇ ਇੰਜ ਨਵੀਂ-ਦੀਨਦਾਰੀ ਆਦੀ ਧਰਮ ਦੇ ਧੁਰ-ਅੰਦਰ ਮੁਖ ਵਿਰੋਧਤਾਈ ਪੈਦਾ ਕਰਦੀ ਹੈ।

ਕਾਸ਼ ਕਿ ਦੇਸ ਦੀ ਸੁਤੰਤਰਤਾ ਤੋਂ ਭਾਰਤੀ ਅਤੇ ਸਿਖ ਇਤਹਾਸਕਾਰੀ ਅਤੇ ਸਮਾਜ-ਸ਼ਾਸਤਰੀ ਅਕਾਦਮਿਕਤਾ ਸਾਮਰਾਜੀ ਪ੍ਰਹਿਨਿਆਂ ਨੂੰ ਛਡ ਕੇ ਉਪ੍ਰੋਕਤ ਵਰਗੇ

ਤਾਹਕਿਕ ਅਤੇ ਵਿਗਿਆਨਕ ਵਿਧੀ ਵਿਧਾਨਾਂ ਅਨੁਸਾਰ ਇਤਹਾਸ ਨੂੰ ਮੁੜ ਸਮਝ-ਸਮਝਾ ਸਕਦੀ !

ਇਤਹਾਸਕਾਰੀ ਵਿਚ ਅਤੀਤ ਦੀ ਹਰ ਗੱਲ ਉਪਰ ਗੌਰਵ ਕਿਵੇਂ ਸ਼ਾਵਨ-ਵਾਦ ਵੱਲ ਤਿਲਕਦਾ ਹੈ, ਦੀ ਇਕ ਮਿਸਾਲ ਹੈ :

ਮਹਾਰਾਜਾ ਰਣਜੀਤ ਸਿੰਘ ਦੀਆਂ ਮੁਹਿੰਮਾਂ ਵਿਚ ਹਰੀ ਸਿੰਘ ਨਲੂਏ ਦਾ ਜਿਥੇ ਪਛਮੋਤਰੀ ਸਰਹੱਦ ਵੱਲ ਧਾਵੇ ਦਾ ਵਰਣਨ ਆਉਂਦਾ ਹੈ, ਵੀਹਵੀਂ ਸਦੀ ਦੇ ਸਾਡੇ ਕੁਝ ਇਤਹਾਸ-ਸੰਗ-ਕਥਾ ਲੇਖਕਾਂ ਨੇ ਮਾਣ ਨਾਲ ਉਸ ਡਰਾਵੇ ਦਾ ਜ਼ਿਕਰ ਕੀਤਾ ਹੈ ਜਿਹੜਾ ਡਰਾਵਾ ਪਠਾਣ ਮਾਵਾਂ ਆਪਣੇ ਬੱਚਿਆਂ ਨੂੰ ਚੁਪ ਕਰਾਉਣ ਲਈ 'ਹਰੀਆ ਆ ਗਿਆ' ਕਹਿ ਕੇ ਦਿਆ ਕਰਦੀਆਂ ਸਨ । ਜਿਵੇਂ ਹਮਲੇ ਸਮੇਂ ਪ੍ਰਤੀ-ਰਖਿਆ ਦੀ ਡਟ ਕੇ ਲੜੀ ਗਈ ਲੜਾਈ ਅਡੋਪਲੇ ਹੀ ਮੋੜਵੇਂ ਹਮਲੇ ਵਿਚ ਬਦਲ ਜਾਂਦੀ ਹੈ ਉਸੇ ਤਰ੍ਹਾਂ ਸਾਡੀ ਇਤਹਾਸਕਾਰੀ ਕਲਮ ਵੀ ਰਣਜੀਤ ਸਿੰਘ ਜਾਂ ਉਸ ਦੀ ਫੌਜੀ ਸੁਯੋਗਤਾ ਦਰਸਾਉਂਦੀ ਹੋਈ ਕਿਸੇ ਮੁਸਲਿਮ ਵਿਰੋਧੀ ਤੁਅੱਸਬ ਕਾਰਣ ਅਚੇਤ ਹੀ ਉਸ ਸਮੇਂ ਦੇ ਹਮਲਾਵਰੀ ਜਜ਼ਬੇ ਤੇ ਦਮਨ ਨੂੰ ਦਰਸਾ ਗਈ ਹੈ; ਇਤ-ਹਾਸ, ਪਾਠਕਾਂ ਤੇ ਵਿਦਿਆਰਥੀਆਂ ਨੂੰ ਸਿਖ ਸ਼ਾਵਨਵਾਦ ਵਲ ਮੋੜ ਗਈ ਹੈ ।

ਇਕ ਜਾਂ ਦੂਜੇ ਕਾਲ ਜਾਂ ਪੱਖ ਵਿਚ ਸੀਮਤ ਰਹਿ ਕੇ ਕਿਹੜੇ ਸਿਖ ਇਤ-ਹਾਸਕਾਰ ਸਾਹਮਣੇ ਆਏ ਉਹ ਹਨ ਕਰਮ ਸਿੰਘ ਹਿਸਟੋਰੀਅਨ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ ਜਿਨ੍ਹਾਂ ਪਾਸ ਆਜ਼ਾਦ ਕਲਮ ਵਾਲੀ ਰਚਨਾਤਮਕ ਜਗਿਆਸਾ ਵੀ ਸੀ ਅਤੇ ਕੁਝ ਲੱਭਤਾਂ ਧਾਰਨਾਵਾਂ ਆਦਿਕ ਨਾਲ ਮੋਹ ਹੋਣ ਕਰਕੇ ਬੇ-ਹੰਗਮ ਪੁਣਾ ਵੀ । ਵਧੇਰੇ ਅਕਾਦਮਿਕ ਢੰਗ ਅਪਨਾਇਆ, ਡਾ. ਗੰਡਾ ਸਿੰਘ, ਡਾ. ਫੌਜਾ ਸਿੰਘ ਆਦਿਕ ਇਤਹਾਸਕਾਰਾਂ ਨੇ ।

ਸਾਹਿਤਕਤਾ ਤੇ ਗੁਰਬਾਣੀ ਵਿਦਵਤਾ ਦੀ ਭਾਅ ਮਾਰਦੀਆਂ ਇਤਹਾਸਕ ਕਿਰਤਾਂ ਪ੍ਰੋ: ਤੇਜਾ ਸਿੰਘ, ਪ੍ਰੋ: ਸਾਹਿਬ ਸਿੰਘ, ਡਾ. ਗੋਪਾਲ ਸਿੰਘ ਦਰਦੀ ਨੇ ਵੀ ਰਚੀਆਂ ਹਨ ।

ਆਜ਼ਾਦੀ ਤੋਂ ਮਗਰੋਂ ਸਿਖ ਇਤਹਾਸਕਾਰਾਂ ਨੇ ਆਪੋ ਆਪਣੀਆਂ ਤਿੰਨ ਸ਼ੈਲੀਆਂ ਜਾਂ ਵਿਧੀ-ਵਿਧਾਨਾਂ ਅਨੁਸਾਰ ਸਿਖ ਇਤਹਾਸਾਂ ਨਾਲ ਪੁਸਤਕ ਮੰਡੀ ਨੂੰ ਭਰਪੂਰ ਕੀਤਾ ਹੈ । ਤਿੰਨਾਂ ਹੀ ਵਿਧੀ ਵਿਧਾਨਾਂ ਅਨੁਸਾਰ ਢੇਰ ਸਾਰੀਆਂ ਪੁਸਤਕਾਂ

ਲਿਖੀਆਂ ਗਈਆਂ ਹਨ, ਕਈ ਲੇਖਕ, ਇਤਹਾਸਕਾਰ ਦੇ ਰੂਪ ਵਿਚ ਸਾਹਮਣੇ ਆਏ ਹਨ। ਵਿਅਕਤੀ ਦੇ ਰੂਪ ਵਿਚ ਤਿੰਨ ਮਿਸਾਲਾਂ ਹਨ, ਖੁਸ਼ਵੰਤ ਸਿੰਘ, ਪ੍ਰਿੰ: ਸਤਿਬੀਰ ਸਿੰਘ ਅਤੇ ਡਾ. ਸਾਹਿਬ ਸਿੰਘ ਅਰਸ਼ੀ। ਪਹਿਲਾ ਵਿਧੀ-ਵਿਧਾਨ ਹੈ, ਉਪਲਭਦ ਇਤਹਾਸਕ ਸਾਮੱਗਰੀ ਨੂੰ ਉਚੇਰੇ ਪੱਤਰਕਾਰ ਪੱਧਰ ਤੋਂ ਇੰਜ ਸੰਪਾਦਤ ਕਰਨਾ ਜੋ ਨਿਰਪੱਖ ਤੇ ਵਿਸ਼ਲੇਸ਼ਣਾਤਮਕ ਜਾਪੇ, ਰੋਸ਼ਨ ਦਿਮਾਗ ਪਾਠਕ ਨੂੰ ਅਪੀਲ ਕਰੇ ਅਤੇ ਬੁਰਜੂਆਜ਼ੀ, ਅਖਾਉਤੀ ਸੈਕੂਲਰਿਜ਼ਮ ਜਾ ਸਥਾਪਤੀ ਦੇ ਹੱਕ ਵਿਚ ਭੁਗਤੇ। ਦੂਜੀ ਸ਼ੈਲੀ ਹੈ ਉਪਲਭਦ ਇਤਹਾਸਕ ਘਟਨਾਵਲੀ, ਤੱਥਾਂ ਅਤੇ ਅੰਕੜਿਆਂ ਦੀ ਰੂਪ-ਰੇਖਾ ਉਪਰ ਗੁਰਬਾਣੀ, ਸਿੱਖ-ਅਸਿੱਖ ਇਤਹਾਸਕ ਸਾਮੱਗਰੀ, ਕਰਾਮਾਤਾਂ-ਕੌਤਕਾਂ ਦਾ ਅਲੰਕ੍ਰਿਤ ਭਾਸ਼ਾ ਅਤੇ ਸ਼ਰਧਾਲੂ ਦ੍ਰਿਸ਼ਟੀਕੋਣ ਦਾ ਅਜਿਹਾ ਅਮੇਲ-ਸੁਮੇਲ ਕਰਨਾ ਜਿਸ ਦੇ ਕਈ ਐਡੀਸ਼ਨ ਛਪ ਕੇ— ਸ਼ਰਧਾਲੂ ਬਹੁਤੇ ਅਤੇ ਜਗਿਆਸੂ ਘਟ— ਪਾਠਕਾਂ ਦੇ ਹੱਥਾਂ ਵਿਚ ਪੁਜਣ। ਤੀਜਾ ਵਿਧੀ ਵਿਧਾਨ ਅਕਾਦਮਿਕ ਰੂਪ ਧਾਰਨ ਕਰ ਕੇ, ਇਕ ਜਾਂ ਬਹੁਤੇ ਕਾਲਾ (Periods) ਨੂੰ ਆਪਣੀ ਖੋਜ ਦਾ ਵਿਸ਼ਾ ਬਣਾਉਂਦਾ ਹੈ, ਕਰਾਮਾਤੀ-ਕੌਤਕੀ ਵਿਵਰਨਾਂ ਦੀ ਵਰਤੋਂ ਘਟ ਕਰਦਾ ਹੈ ਅਤੇ ਆਪਣੇ ਜਿਹੀਆਂ ਸ਼ੋਧ-ਖੋਜ ਲਿਖਤਾਂ ਦੀ ਬਹੁਤੀ। ਅਜਿਹੇ ਇਤਹਾਸ ਕੋਰਸਾਂ ਦੀਆਂ ਸਹਾਇਕ ਪੁਸਤਕਾਂ ਵਜੋਂ ਵਿਦਿਆਰਥੀਆ ਦੇ ਹੱਥਾਂ ਜਾਂ ਲਾਇਬਰੇਰੀਆਂ ਦੇ ਸ਼ੈਲਫਾਂ ਵਿਚ ਜਾ ਪਹੁੰਚਦੇ ਹਨ।

ਪਿਛਲੇ ਤਿੰਨਾਂ ਵਿਧੀ ਵਿਧਾਨਾਂ ਦੇ ਇਤਹਾਸਾਂ ਵਿਚ ਮੁਖ ਸੁਰ ਪੂਰੇ ਸਿਖ ਅਤੀਤ ਨੂੰ ਗੁਰਮੁਖ, ਸ਼ਹੀਦ ਤੇ ਜੁਝਾਰ ਦੌਰਾਂ ਵਿਚੋਂ ਲੰਘ ਕੇ ਰਾਜ ਦੇ ਸਮੇਂ ਅੱਤ ਦਾ ਜਮਹੂਰੀ. ਨਿਰਪੱਖ ਅਤੇ ਸੈਕੂਲਰ ਦਿਖਾਉਣਾ ਹੈ ਜਿਸ ਵਿਚ ਮੁਸਲਮਾਨ ਅਤੇ ਹਿੰਦੂ ਦੌਖੀ ਰਹੇ ਹਨ। ਜਿਸ ਵਿਚ, ਸਿਖ ਬਸ ਸਿਖ ਹਨ ਉਹਨਾਂ ਵਿਚ ਕਦੇ ਕੋਈ ਉਚ ਨੀਚ ਜਾਂ ਅਮੀਰ ਗਰੀਬ ਨਹੀਂ ਹੋਏ। ਇਸ ਅਤੀਤ ਵਿਚ ਮੁਸਲਮਾਨ ਮੁਖ ਰੂਪ ਵਿਚ ਮੁਸਲਮਾਨ ਅਤੇ ਹਿੰਦੂ ਨਿਪਟ ਹਿੰਦੂ—ਖਾਸ ਕਰ ਬ੍ਰਾਹਮਣਵਾਦੀ ਹਿੰਦੂ —ਹਨ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਉਪ੍ਰੋਕਤ ਦੋ ਪ੍ਰਕਾਰ ਦੇ ਇਤਹਾਸ ਲੋਕ-ਪ੍ਰਿਯ ਹੁੰਦੇ ਜਾ ਰਹੇ ਹਨ, ਜੋ ਫਿਰਕਾਪ੍ਰਸਤੀ ਦਾ ਦ੍ਰਿਸ਼ਟੀਕੋਣ ਵਿਕਸਤ ਕਰਦੇ ਹਨ—ਬੁਨਿਆਦਵਾਦ ਦੀ ਬੁਨਿਆਦ ਬਣਦੇ ਹਨ।

ਪਿਛਲੇ ਚਾਲੀ ਵਰ੍ਹਿਆਂ ਵਿਚ ਪੰਜਾਬ ਵਿਖੇ ਪੰਥਕ-ਸੰਗ-ਹਿੰਦ ਰਾਸ਼ਟਰਵਾਦੀ ਅਤੇ ਸੈਕੂਲਰ ਸਿਆਸਤਾ ਨੂੰ ਮਨਿਸਟਰੀਆਂ ਚਲਾਉਣ ' ਅਤੇ ਪੰਜਾਬ ਦੀਆਂ ਯੂਨੀ-ਵਰਸਿਟੀਆਂ ਨੂੰ ਕੰਟਰੋਲ ਕਰਨ ਦੇ ਦੋ-ਦੋ ਵਾਰ ਅਵਸਰ ਮਿਲੇ ਹਨ ਪਰ ਪੰਜਾਬੀ ਰੀਡਰਾਂ ਤੋਂ ਲੈ ਕੇ ਕੋਰਸਾਂ ਤਕ ਵਿਚ ਜਿਹੜੀ ਇਤਹਾਸਕ ਸਾਮੱਗਰੀ ਮਿਲਦੀ ਹੈ ਉਹ ਬੱਚਿਆ ਤੇ ਵਿਦਿਆਰਥੀਆਂ ਵਿਚ ਸਿਖਾਂ ਦੇ ਨਵੇਕਲੇਪਣ ਅਤੇ ਨਖੇੜ ਵਾਲੇ ਸੰਸਕਾਰਾਂ ਦਾ ਸੰਚਾਰ ਕਰਦੀ ਹੈ। ਸ਼ਾਇਦ ਭਾਰਤ ਨੂੰ ਹਿੰਦੂ ਰਾਸ਼ਟਰ ਜਾਂ ਸੈਕੂਲਰ ਡੈਮੋਕਰੇਸੀ ਬਨਾਉਣ ਵਾਲਿਆਂ ਨੇ ਸੋਚਿਆ ਹੋਵੇ ਕਿ ਇਸ ਸਿਖ ਮੂਲਵਾਦੀ ਇਤਿ-ਹਾਸ ਦਾ ਭਾਗਾ ਹਿੰਦੀ ਰੀਡਰਾ-ਕੋਰਸਾ ਰਾਹੀਂ ਪੂਰਾ ਹੋ ਜਾਏਗਾ !

ਮਾਰਕਸਵਾਦ ਜਾਂ ਇਤਹਾਸਕ ਪਦਾਰਥਵਾਦ ਸਿਧਾਂਤ ਜਿਡਾ ਵਿਗਿਆਨ ਵੀ ਹੈ। ਇਹ ਸਾਇੰਸ 'ਸੈਕੂਲਰ ਸਮਾਜਵਾਦੀ' ਇਤਹਾਸਕਾਰੀ (ਜਿਸ ਨੇ ਪੰਜਾਬ ਜਾਂ ਸਿਖ ਇਤਹਾਸਕਾਰੀ ਵਿਚ ਕੋਈ ਪ੍ਰਭਾਵਕ ਦੇਣ ਨਹੀਂ ਦਿਤੀ) ਨਾਲੋਂ ਕਿਤੇ ਵਧ ਚੰਗੀ ਤਰ੍ਹਾਂ ਪੰਜਾਬ ਅਤੇ ਸਿਖ ਇਤਹਾਸ ਨਾਲ ਨਜਿੱਠ ਸਕਦੀ ਹੈ। ਇਤਹਾਸਕ ਪਦਾਰਥਵਾਦੀ ਢੰਗ ਤੋਂ ਬਹੁਤ ਘਟ ਯਤਨ ਹੋਏ ਹਨ। ਪਰ ਜਦੋਂ ਕਦੇ (ਪ੍ਰਗਤੀ ਪ੍ਰਕਾਸ਼ਨ ਮਾਸਕੋ ਦੀ ਪੁਸਤਕ 'ਗੁਰੂ ਨਾਨਕ' ਅਤੇ ਸੋਹਨ ਸਿੰਘ ਜੋਸ਼ ਰਚਿਤ : ਅਕਾਲੀ ਮੋਰਚਿਆਂ ਦਾ ਇਤਹਾਸ-ਵਾਂਗ) ਅਜਿਹੇ ਯਤਨ ਹੋਏ ਹਨ ਉਹ ਨਿਰਪੱਖਤਾ ਅਤੇ ਸਾਇੰਸ ਦੋਹਾਂ ਤੇ ਪੂਰੇ ਉਤਰੇ ਹਨ।

# 5. ਸਿਖ ਇਤਿਹਾਸ ਦਾ ਪੁਨਰ-ਅਧਿਅਨ

(ਗੁਰੂ-ਕਾਲ)

**ਸਿਖੀ ਦਾ ਫੈਲਾਉ ਅਤੇ ਸ਼੍ਰੇਣੀਆਂ ਦਾ ਰੋਲ :—** ਲੋਕਾਂ ਦੇ ਮਨ ਲਗਦੇ ਉਪਦੇਸ਼ ਤੇ ਸਿਧਾਂਤ ਗੁਰੂ ਸਾਹਿਬਾਂ ਤੋਂ ਪਹਿਲਾਂ ਵੀ ਦਿਤੇ ਗਏ, ਗੁਰੂ ਕਾਲ ਵਿਚ ਵੀ ਅਤੇ ਪਿਛੋਂ ਵੀ। ਉਪਦੇਸ਼ ਅਤੇ ਸਿਧਾਤ ਉਸ ਹਦ ਤਕ ਹੀ ਪ੍ਰੇਰਤ ਤੇ ਜਥੇ-ਬੰਦ ਕਰਦੇ ਹਨ ਜਿਸ ਹਦ ਤਕ ਉਹ ਜੀਵਣ ਦੇ ਨਿੱਗਰ ਮਸ਼ਲਿਆਂ ਨਾਲ ਨਜਿੱਠਦੇ ਹੋਣ ਅਤੇ ਮੱਧ ਤੋਂ ਲੈ ਕੇ ਹੇਠਲੀਆਂ ਸ਼੍ਰੇਣੀਆਂ ਦੇ ਹਿਤ ਵਿਚ ਬੈਠਦੇ ਹੋਣ। ਚੌਥੇ ਗੁਰੂ ਰਾਮ ਦਾਸ ਤਕ ਹੇਠਲੀਆਂ ਸ਼੍ਰੇਣੀਆ ਵਿਚੋਂ ਪ੍ਰਚੱਲਤ ਧਾਰਮਿਕ ਜਕੜਬੰਦ ਤੋਂ ਤੰਗ ਲੋਕ ਗੁਰੂ-ਸਿਖਿਆ ਅਤੇ ਗੁਰੂ ਘਰ ਵਲ ਆਕਰਸ਼ਤ ਹੋ ਰਹੇ ਸਨ ਅਤੇ ਮੱਧ ਸ਼੍ਰੇਣੀ ਦੇ ਦੁਕਾਨਦਾਰ, ਬਿਉਪਾਰੀ ਤੇ ਸੌਦਾਗਰ-ਵਣਜਾਰੇ ਆਦਿਕ ਗੁਰੂ ਘਰ ਨਾਲ ਜੁੜਦੇ ਜਾ ਰਹੇ ਸਨ ਜੋ ਨਾ ਪੇਸ਼ੇ ਜਾਂ ਜਾਤ ਵਲੋਂ ਪਹਿਲੀ ਪੌੜੀ ਜਾਂ 'ਪੌੜੇ' ਦੇ ਸਨ ਅਤੇ ਨਾ ਇਸਲਾਮ ਕਬੂਲ ਕਰਕੇ ਸਮਾਜਕ ਰੁਤਬਾ ਵਧਾ ਸਕਦੇ ਸਨ। 'ਇਕੋ ਰੱਬ' ਦੀ ਮਾਨਤਾ ਉਹਨਾਂ ਨੂੰ ਹਕੂਮਤ ਅਤੇ ਸਥਾਨਕ ਅਫਸਰਸ਼ਾਹੀ ਅਤੇ ਧਾਰਮਿਕ ਤੰਗਦਿਲੀ ਤੋਂ ਬਚਾਉਂਦੀ ਸੀ ਜਿਥੇ ਉਹਨਾਂ ਨੇ ਆਪਣੇ ਪੇਸ਼ੇ ਕਾਇਮ ਰਖਣੇ ਸਨ। ਗੁਰਬਾਣੀ ਤੇ ਗੁਰੂ ਘਰ ਤੋਂ ਮਿਲੀ ਰਹੁ-ਰੀਤ ਦੀ ਬੰਦ ਖਲਾਸ ਉਹਨਾਂ ਨੂੰ ਭਗਤੀ ਮਤ ਦੇ ਸਮਾਨਾਂਤਰ ਅਨੁਯਾਈ ਬਣਾ ਕੇ ਬਨਾਰਸ ਕਾਂਸ਼ੀ ਤਕ ਯੋਗ ਸਮਾਜਕ ਸਥਾਨ ਦਿਵਾਉਂਦੀ ਸੀ, ਜਿਥੇ ਉਹਨਾਂ ਦੇ ਬਿਉਪਾਰਕ ਸੰਬੰਧ ਸਨ, ਹੁੰਡੀਆਂ ਚਲਦੀਆਂ ਸਨ। ਇਕੋ ਰੱਬ ਜਾਂ ਵਹਿਦਾਨੀਅਤ ਦੇ ਅਨੁਯਾਈ ਬਣ ਕੇ ਉਹ ਤੁਰਕਿਸਤਾਨ-

ਆਇਜ਼ਰਬਾਇਜਾਨ ਤਕ ਕਾਫਰ ਨਹੀਂ ਸਨ ਸਮਝੇ ਜਾਂਦੇ—ਜਿਥੇ ਇਨ੍ਹਾਂ ਦੇ ਸ਼ਾਲ-ਦੁਸ਼ਾਲਿਆਂ, ਗਰਮ ਮਸਾਲਿਆਂ, ਖੁਸ਼ਕ ਮੇਵਿਆਂ ਅਤੇ ਘੋੜਿਆਂ ਆਦਿਕ ਦੇ ਕਾਰਵਾਨ ਆਉਂਦੇ ਜਾਂਦੇ ਸਨ। ਬ੍ਰਾਹਮਣਵਾਦ ਦੇਸੋਂ ਬਾਹਰ ਜਾਣਾ ਦੋਸ਼ ਸਮਝਦਾ ਸੀ।

ਸਦੀਆਂ ਤੋਂ ਚਲੇ ਆ ਰਹੇ ਸ਼ਹੀਦੀ ਅਤੇ ਕੁਰਬਾਨੀ ਦੇ ਅਸਰ ਵਾਂਗ,ਪੰਜਵੇਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਨੇ ਜਿਥੇ ਮੁਗਲ ਸ਼ਹਿਨਸ਼ਾਹੀਅਤ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਦੀ ਸੰਭਾਵਨਾ ਜਗਾਈ ਉਥੇ ਜਬਰ-ਜ਼ੁਲਮ ਵਿਰੁਧ ਗੁਸਾ ਤੇ ਰੋਹ ਵੀ ਲਿਆਂਦਾ। ਇਸ ਲਈ ਛੇਵੇਂ ਗੁਰੂ ਸਮੇਂ ਜਦ ਰਾਜ ਸੱਤਾ ਨਾਲ ਪਹਿਲੀ ਵਾਰ ਲੋਹਾ ਲੈਣ ਦਾ ਸਮਾਂ ਆਇਆ ਤਾਂ ਜਿਥੇ ਕਾਸ਼ਤਕਾਰ ਜਾਤਾਂ-ਜਮਾਤਾਂ ਫੌਜ ਤੇ ਮੋਰਚਿਆਂ ਵਿਚ ਸਾਮਲ ਹੋਈਆਂ ਉਥੇ ਬਿਉਪਾਰੀਆਂ ਵਣਜਾਰਿਆਂ ਨੇ ਮਾਇਆ ਦੇ ਨਾਲ ਘੋੜੇ, ਤਲਵਾਰ, ਤੀਰ-ਤੁਫੰਗ, ਅਤੇ ਬਾਜ਼ ਭੇਟਾ ਕੀਤੇ।

'ਉਤਮ ਖੇਤੀ, ਮੱਧ ਵਪਾਰ' ਦੇ ਗੁਰਵਾਕ ਅਨੁਸਾਰ ਕਾਸ਼ਤਕਾਰ-ਕਾਰੀਗਰ ਜਾਤਾਂ-ਜਮਾਤਾਂ ਗੁਰੂ ਘਰ ਨਾਲ ਜੁੜੀਆਂ ਅਤੇ ਜਥੇਬੰਦ ਹੁੰਦੀਆਂ ਸਿਖ ਸਮਾਜ ਦਾ ਹਰਾਵਲ ਦਸਤਾ ਬਣੀਆਂ ਅਤੇ ਮੱਧ ਸ੍ਰੇਣੀਆਂ ਦੇ ਉਪ੍ਰੋਕਤ ਕਿੱਤਿਆਂ ਵਪਾਰਾਂ ਵਾਲੇ ਗੁਰੂ ਘਰ ਦੀ ਗੋਲਕ, ਸਪਲਾਈ ਦਾ ਕੰਮ, ਸੰਭਾਲਦੇ ਰਹੇ, ਦੇਸਾਂ ਵਿਚ ਲੋਕ-ਰਾਏ ਬਨਾਉਣ ਵਾਲੇ ਅਤੇ ਬਦੇਸਾਂ ਵਿਚ ਆਪ ਸੰਪਰਕ ਬਣੇ ਰਹੇ। ਗੁਰੂ ਘਰ ਅਤੇ ਗੁਰਬਾਣੀ ਵਲ ਸ਼ਰਧਾ ਉਹਨਾਂ ਦੇ ਸ੍ਰੇਣੀ ਹਿਤਾਂ ਦੇ ਅਨੁਕੂਲ ਸੀ।

ਇਹ ਵੀ ਦਿਸਦਾ ਹੈ ਕਿ ਘਟ ਗਿਣਤੀ; ਸ੍ਰੇਣੀ ਸਿਰੜ ਦੀ ਘਾਟ, ਗੁਰੂ ਘਰ ਵਲੋਂ ਮੰਜੀਆਂ, ਮਸੰਦੀਆਂ ਦੀਆਂ ਨਿਯੁਕਤੀਆਂ ਅਤੇ ਰਾਜ ਸੱਤਾ ਨਾਲ ਸੰਘਰਸ਼ ਤੀਬਰ ਤੇ ਲੰਮੇਰਾ ਹੋਣ ਕਾਰਣ ਇਨ੍ਹਾਂ ਮੱਧ-ਸ੍ਰੇਣੀਆਂ ਦਾ ਸਥਾਨ ਤੇ ਰੋਲ ਘਟਦੇ ਗਏ। ਤਾਂ ਵੀ ਮੱਧ ਸ੍ਰੇਣੀ ਦੇ ਤਬਕੇ-ਤੈਹਾਂ ਦੇਸ ਬਦੇਸ ਵਿਚ ਆਪਣੇ ਉਪ੍ਰੋਕਤ ਹਿਤਾਂ ਕਾਰਣ ਗੁਰੂ ਦੇ ਨਾਮ-ਲੇਵਾ ਬਣੇ ਰਹੇ।

ਪੰਜਾਬ ਵਿਚ ਛੋਟੇ ਖੇਤਾਂ ਵਾਲੀਆਂ ਕਾਸ਼ਤਕਾਰ ਜਾਤੀਆਂ ਦਾ ਰਾਜਪੂਤ ਜਾਤੀਆਂ ਨਾਲੋਂ ਇਕ ਫਰਕ ਸੀ। ਅਗਨੀ-ਕੁਲ ਦੀ ਮਿੱਥ ਅਨੁਸਾਰ ਬ੍ਰਾਹਮਣਵਾਦ ਰਾਜਪੂਤਾਂ ਨੂੰ ਖੱਤਰੀਆਂ ਦੇ ਤੁਲ ਦਰਜਾ ਦੇ ਕੇ ਜ਼ਿਮੀਂਦਾਰ-ਜਗੀਰਦਾਰ ਤਾਂ ਬਣਾ ਦੇਂਦਾ ਸੀ ਪਰ ਉਹ ਹਲ-ਵਾਹਕੀ ਨੂੰ ਨਖਿੱਧ ਕੰਮ ਦੱਸ ਕੇ ਕਾਸ਼ਤਕਾਰੀ ਤੇ ਕਿਰਤ

ਨਾਲੋਂ ਨਖੇੜ ਸੁਟਦਾ ਸੀ । ਜਦ ਕਿ ਪੰਜਾਬ ਦੀਆ ਕਾਸ਼ਤਕਾਰ ਜਾਤਾਂ-ਜਮਾਤਾਂ ਨੂੰ ਸਿਖੀ, ਖੇਤੀ-ਵਾਹੀ ਨਾਲ ਉੱਤਮ ਹੋਣ ਦਾ ਗੌਰਵ ਬਖਸ਼ਦੀ ਸੀ । ਸਿਖੀ ਨੂੰ ਫੈਲਾ-ਉਣਾ, ਸਿਖ ਸਮਾਜ ਦੇ ਪਹਿਲੇ ਪੌੜ ਉਪਰ ਆਉਣਾ ਛਟੇ-ਵਡ ਖੇਤ-ਮਾਲਕਾਂ ਦੇ ਹਿੱਸੇ ਅ ਇਆ । ਉਂਜ ਤਾ ਖੇਤੀ-ਵਾਹੀ ਨਾਲ ਸੰਬੰਧਤ ਹੋਰ ਜਾਤਾ-ਜਮਾਤਾਂ ਵੀ ਸਨ ਜਿਵੇਂ, ਤਰਖਾਣ, ਲੁਹਾਰ, ਚਮਾਰ, ਸੇਪੀ, ਬਰਵਾਲੇ, ਚੂਹੜੇ ਆਦਿਕ । ਸਿੱਖੀ ਧਾਰਨ ਕਰਨ ਤੋਂ ਲੈ ਕੇ ਸ਼ਸਤ੍ਰ ਧਾਰ ਕੇ, ਮਿਸਲਾਂ ਦੇ ਸਮੇਂ ਤਕ ਇਹ ਜਾਤਾ-ਜਮਾਤਾ ਲੜੀਆਂ ਵੀ ਤੇ ਜਥੇਦਾਰੀਆਂ ਤਕ ਵੀ ਪਹੁੰਚੀਆ ਪਰ ਭੋਂ ਦੀ ਮਲਕੀਅਤ ਵਾਲੀਆਂ ਜਾਤਾ-ਜਮਾਤਾ ਦੇ ਦਰਜੇ ਤਕ ਇਸ ਲਈ ਨਾ ਪਹੁੰਚ ਸਕੀਆ ਕਿਉਂਕਿ ਇਹਨਾਂ ਕੋਲ ਕਿਰਤ ਤੋਂ ਛੁਟ ਕੋਈ ਮਲਕੀਅਤ ਨਹੀਂ ਸੀ ।

ਕਾਸ਼ਤਕਾਰ ਜਾਤਾ-ਜਮਾਤਾ ਦਾ ਧਰਤੀ ਨਾਲ ਮੋਹ ਧਰਮ ਨਾਲੋਂ ਘਟ ਨਹੀਂ, ਵਧ ਭਾਵੇਂ ਹੋਵੇ ਇਸੇ ਲਈ ਕਈ ਕਾਸਤਕਾਰ ਜਾਤਾ-ਗੋਤ ਸਿਖਾ ਵਿਚ ਵੀ ਹਨ ਅਤੇ ਮੁਸਲਮਾਨਾ ਵਿਚ ਵੀ । ਸਿਖ ਸਮਾਜ ਵਿਚ ਪਹਿਲੇ ਪੌੜੇ ਤੇ ਚੜ੍ਹ ਜਾਣ ਕਰਕੇ ਹੇਠਲੇ ਪੌੜਿਆ ਨਾਲ ਇਹਨਾਂ ਜਾਤਾ-ਜਮਾਤਾ ਦੀ ਰੋਟੀ-ਬੇਟੀ ਦੀ ਸਾਝ ਨਾਂਹ ਦੇ ਬਰਾਬਰ ਹੈ ।

ਹੋਰਨਾਂ ਧਰਮਾਂ-ਮਜ਼੍ਹਬਾ ਦੇ ਇਤਿਹਾਸ ਵਾਂਗ ਸਿਖ ਇਤਿਹਾਸਕਾਰੀ ਦੀ ਮਜ-ਬੂਰੀ ਹੈ ਕਿ ਉਹ ਰੱਬ ਤੇ ਗੁਰੂ ਨੂੰ ਹੀ ਕਾਰਸਾਜ ਸਮਝ ਕੇ, ਸਿਖੀ ਦੇ ਫੈਲਾਉ ਦੇ ਕਾਰਣ ਦੱਸਣ ਸਮੇਂ ਪਦਾਰਥਕ-ਸਮਾਜਕ ਕਾਰਣਾਂ ਨੂੰ ਧਿਆਨ ਹਠ ਨਾ ਲਿਆਵੇ ।

**ਗੁਰਿਆਈ ਦੇ ਅੰਤਰ-ਦਵੰਦ** :—ਦਵੰਦ, ਵਿਅਕਤੀ ਅਤੇ ਸਮਾਜ ਲਈ ਸਾਹ ਜਿੰਨਾ ਜਰੂਰੀ ਹੈ । ਗੁਰਿਆਈ ਦੇ ਵੀ ਅੰਤਰ-ਦਵੰਦ ਹੋਂਦ ਵਿਚ ਆਏ । ਇਹਨਾਂ ਅੰਤਰ-ਦਵੰਦਾਂ ਨੂੰ ਸਮਝੇ ਬਿਨਾਂ ਗੁਰੂ ਕਾਲ ਦੇ ਇਤਿਹਾਸ ਵਿਚੋਂ ਸੂਬਕ ਰਾਜ-ਪ੍ਰਬੰਧ, ਇਸ ਦੀ ਪ੍ਰਸਾਸਨਿਕ-ਮਜ਼੍ਹਬੀ ਅੰਗਾ, ਪਠਾਨ-ਬਨਾਮ-ਮੁਗਲ ਹਿਤਾਂ, ਪ੍ਰਸਾਸਨਿਕ-ਸੰਗ-ਮਜ਼੍ਹਬੀ ਅਦਾਰੇ ਬਨਾਮ, ਸੂਫੀ ਵਤੀਰਿਆਂ, ਗੁਰੂ ਘਰ ਨਾਲ ਜੁੜ-ਦੀਆਂ ਅਤੇ ਮੂਹਰੇ-ਪਿਛੇ ਰਹਿੰਦੀਆਂ ਸ੍ਰੇਣੀਆਂ, ਕਾਰ-ਭੇਟ ਤੇ ਦਸਵੰਧ ਇਕੱਤਰ ਕਰਨ ਵਾਲੀਆਂ ਸੰਸਥਾਵਾਂ, ਗੁਰਿਆਈ ਦੇ ਨਾਲ ਆਉਂਦੀ ਮਾਇਆ ਤੇ ਸਮਾਜਕ ਪ੍ਰਭਾਵ ਉਪਰ ਸੱਚੇ ਸੇਵਕ ਜਾਂ ਪੁਤਰ ਜਾਂ ਵਿਰਾਸਤ ਆਦਿਕ ਵਰਤਾਰਿਆਂ ਨੂੰ ਨਹੀਂ ਸਮਝਿਆ ਜਾ ਸਕਦਾ ।

ਗੁਰੂ ਕਾਲ ਦਾ ਪ੍ਰਮੁਖ ਅੰਤਰਮੁਖੀ ਦਵੰਦ ਗੁਰਿਆਈ ਉਪਰ ਅਧਿਕਾਰ ਦਾ ਹੈ । ਜਿਸ ਦਾ, ਵਸਤਾਂ-ਵਰਤਾਰਿਆਂ ਨੂੰ ਕਤਈ ਜਾਂ ਸ਼ੁਨਯ (Absolute) ਰੂਪ ਵਿਚ ਦੇਖਣ ਵਾਲੀ ਇਤਿਹਾਸਕਾਰੀ ਕਦੇ ਵਿਸ਼ਲੇਸ਼ਣ ਨਹੀਂ ਕਰ ਸਕਦੀ । ਭਲੇ-ਬੁਰੇ, ਹਿੰਦੂ-ਮੁਸਲਿਮ ਦਵੈਸ਼ ਜਾਂ ਆਵਗਿਆ ਕਰਨ ਵਾਲੇ ਵਾਰਸ ਨੂੰ ਕਾਰਣ ਦਸਦੀ ਹੈ ।

ਗੁਰਿਆਈ ਤੋਂ ਰੋਸ ਤੇ ਵਿਰੋਧ ਤਾਂ ਗੁਰੂ ਨਾਨਕ ਸਮੇਂ ਤੋਂ ਆਰੰਭ ਹੋ ਗਿਆ ਸੀ । ਇਹ ਸਬੱਬ ਹੈ ਜਾਂ ਧਰਮ ਅੰਦਰ ਮਾਇਆ ਦੀ ਖੇਡ ਦਾ ਵਰਤਾਰਾ; ਕਿ ਸਿਖਾਂ ਦੇ ਗੁਰੂ-ਘਰ ਦਾ ਅੰਤਰ ਵਿਰੋਧ ਬਹੁਤ ਹਦ ਤਕ ਇਸਲਾਮ ਦੇ ਰਸੂਲ ਦੇ ਅਹਿਲ-ਉਲ-ਬੈਤ (ਟੱਬਰ-ਕਬੀਲੇ ਵਾਲਿਆਂ) ਦੇ ਤਸਾਦਮ (ਟੱਕਰ) ਨਾਲ ਮਿਲਦਾ ਹੈ ।

ਜਿਵੇਂ ਹਜਰਤ ਮੁਹੰਮਦ ਸਾਹਿਬ ਤੋਂ ਮਗਰੋਂ ਖਿਲੀਫਤ ਜਾਂ ਇਮਾਮੀਅਤ ਕੁਟੰਬ ਟੱਪ ਕੇ ਪਹਿਲਾਂ ਉਮੈਦਾ, ਫੇਰ ਅੱਬਾਸੀਆ ਦੇ ਘਰ ਪਹੁੰਚੀ ਅਤੇ ਚੌਥੀ ਇਮਾ-ਮੀਅਤ ਸਮੇਂ ਮੁਹੰਮਦ ਸਾਹਿਬ ਦੇ ਚਚੇਰੇ ਅਤੇ ਦਾਮਾਦ ਹਜ਼ਰਤ ਅਲੀ ਅਤੇ ਉਸਦੇ ਵਿਰੋਧੀਆਂ ਵਿਚਕਾਰ ਇਮਾਮੀਅਤ ਜਾਂ ਖਿਲੀਫਤ ਤੋਂ ਜਿਹੜਾ ਝਗੜਾ ਸ਼ੁਰੂ ਹੋਇਆ ਉਹ ਹਜਰਤ ਅਲੀ ਦੇ ਦੋਹਾਂ ਪੁਤਰਾਂ—ਹਸਨ ਤੇ ਹੁਸੈਨ—ਦੀ ਕਰਬਲਾ ਦੇ ਰਣ-ਤੱਤੇ ਵਿਚ ਸ਼ਹੀਦੀ ਵਿਚ ਖਤਮ ਹੋਇਆ ਅਤੇ ਇਸਲਾਮ ਵਿਚ ਦੋ ਸਮਾਨਾਂਤਰ ਫਿਰਕਿਆਂ, ਸੁੰਨੀ ਅਤੇ ਸੀਆ ਦੀ ਨੀਂਹ ਬੱਝ ਗਈ ।

ਗੁਰੂ ਘਰ ਦੀ ਗੁਰਿਆਈ ਦੀ ਕਲਹ ਨੇ ਹੋਰ ਰੂਪ ਲਿਆ । ਪਹਿਲੀ ਤੋਂ ਚੌਥੀ ਥਾਂ ਤਕ ਗੁਰਿਆਈ, ਪੈਤਰੀ ਵਿਰਾਸਤ ਨੂੰ ਉਲਾਂਘ ਕੇ—'ਖਾਨਦਾਨ ਗੁਲਾਮਾਂ' ਵਾਲੀ ਸਲਤਨਤ ਵਾਂਗ—ਸਭ ਤੋਂ ਸੁਯੋਗ ਸਿਖ-ਸੇਵਕ ਨੂੰ ਮਿਲਦੀ ਰਹੀ (ਗੁਰੂ-ਪੁਤਰਾਂ ਅਤੇ ਗੁਰ-ਗੱਦੀ ਉਪਰ ਨਵੇਂ ਆਏ ਗੁਰੂ ਵਿਚਕਾਰ ਰੋਸ ਫੇਰ ਵੀ ਰਿਹਾ) । ਚੌਥੀ ਤੋਂ ਲੈ ਕੇ ਦਸਵੀਂ ਗੁਰਿਆਈ ਭਾਵੇਂ ਸੋਢੀ-ਬੰਸ ਵਿਚ ਹੀ ਰਹੀ ਪਰ ਗੁਰਿ-ਆਈ ਦੀ ਜੱਦੀ ਵਿਰਾਸਤ ਦੇ ਕਲਹ-ਕਲੇਸ਼ ਨੇ ਦਸਵੀਂ ਪਾਤਸ਼ਾਹੀ ਤਕ ਪਿੱਛਾ ਨਹੀਂ ਛਡਿਆ । ਪੰਜਵੀਂ ਗੁਰਿਆਈ ਤੋਂ ਝਗੜੇ ਕਾਰਣ ਗੁਰੂ ਅਰਜਨ ਦੀ ਸ਼ਹੀਦੀ ਹੋਈ । ਰਾਮ-ਰਾਈਏ ਛੇਕੇ ਗਏ । ਗੁਰ-ਸਿਖੀ, ਸਿਖ ਸਮਾਜ ਦੀ ਮੁਖ ਧਾਰਾ ਬਣੀ ਅਤੇ 'ਗੁਰੂ-ਕੇ' (ਬੇਦੀ, ਬਾਵੇ, ਸੋਢੀ) ਪਛੜਦੇ ਹੋਏ ਉਸੇ ਤਰ੍ਹਾਂ ਛੋਟੀ-ਮੋਟੀ ਸਿਖੀ-ਸੇਵਕੀ ਜੋਗੇ ਰਹਿ ਗਏ ਜਿਵੇਂ ਜਿਥੇ-ਜਿਥੇ ਇਸਲਾਮ ਗਿਆ, ਉਤੇ ਕੁਰੈਸ਼, ਸੱਯਦ

ਆਦਿਕ ਨਿੱਕੇ ਨਿੱਕੇ ਖਿਲਤ-ਖਿਤਾਬ ਲੈ ਕੇ ਵਸਦੇ ਗਏ। ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਗੁਰਿਆਈ ਉਪਰ ਅਧਿਕਾਰ ਤੋਂ ਬਿਨਾ, ਹੋਰ ਕਾਰਣ ਇਸ ਲਈ ਨਿਰਮੂਲ ਜਾਪਦੇ ਹਨ ਕਿ ਗੁਰਿਆਈ ਉਪਰ ਅਧਿਕਾਰ ਦਾ ਝਗੜਾ ਨੌਵੀਂ ਗੁਰਿ-ਆਈ ਤਕ ਚਲਦਾ ਰਿਹਾ।

**ਇਸਲਾਮੀ ਹਮਲਿਆਂ ਦੀ ਮਿੱਥ** :— ਇਕ ਤਾ ਬਰਤਾਨਵੀ ਇਤਹਾਸ ਕੈਥੋਲਿਕ-ਪ੍ਰਾਟੈਸਟੈਂਟ ਕਾਲਾ ਅਤੇ ਗਲਜਿਆਂ ਵਿਚ ਵੰਡਿਆ ਹੋਇਆ ਸੀ। ਦੂਸਰਾ, ਭਾਰਤੀ ਇਤਹਾਸ ਲਿਖਣ ਲਿਖਵਾਉਣ ਲਗਿਆਂ ਭਾਰਤੀ ਇਤਹਾਸ ਨੂੰ ਇਸਲਾਮੀ ਹਮਲਿਆਂ ਅਤੇ ਹਿੰਦੂ ਰਾਜਾਂ ਵਿਚ ਸੁਚੇਤ ਹੋ ਕੇ ਵੰਡਣਾ ਉਹਨਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਪੂਰੀ ਤਰ੍ਹਾਂ ਅਨੁਕੂਲ ਸੀ। ਹਮਲੇ ਤਾਂ ਭਾਰਤ ਉਪਰ, ਪੰਜਾਬ ਉਪਰ ਮੁਢ ਕਦੀਮ ਤੋਂ ਹੋ ਰਹੇ ਸਨ। (ਸਗੋਂ, ਆਰੀਏ ਤਾਂ ਪਹਿਲੇ ਹਮਲਾਵਰ ਸਨ ਜਿਨ੍ਹਾਂ ਨੇ ਆਪਣੇ ਨਾਲੋਂ ਵਧ ਸਭਿਆ ਆਦੀ ਵਸਨੀਕ ਦ੍ਰਵਿੜਾਂ ਦਾ ਇਕ ਤਰ੍ਹਾਂ ਬੀਜ ਨਾਸ ਕੀਤਾ ਸੀ) ਆਰੀਆ ਤੋਂ ਮਗਰੋਂ ਯੂਨਾਨੀ ਸਿਥੀਅਨ, ਬਾਖਤਰੀਅਨ, ਚਿੱਟੇ-ਕਾਲੇ ਹੂਨ ਆਦਿਕ ਕਈ ਜਾਤੀਆਂ ਚੜ੍ਹ ਕੇ ਆਈਆਂ, ਜਿਨ੍ਹਾਂ ਨੇ ਵਖ ਵਖ ਨਸਲੀ ਪਿੱਛੇ, ਧਾਰਮਿਕ ਵਿਸ਼ਵਾਸ, ਜੀਵਣ ਢੰਗ ਅਤੇ ਸਭਿਅਕ ਲੱਛਣ ਸਨ ਪਰ ਉਹਨਾਂ ਸਭ ਨੂੰ ਯਵਨ ਜਾਂ ਮਲੇਛ ਕਿਹਾ ਗਿਆ ਹੈ। ਇੰਜ ਹੀ ਤਾਤਾਰ, ਮੰਗੋਲ, ਤੁਰਕਾਂ, (ਗੁਲਾਮ, ਖਿਲਜੀ, ਗੌਰੀ, ਤੁਗਲਕ, ਸੱਯਦ ਤੇ ਲੋਧੀ ਘਰਾਣੇ), ਮੁਗਲ ਅਤੇ ਅਫਗਾਨ-ਪਠਾਣ (ਸੂਰੀ ਦੁੱਰਾਨੀ, ਅਬਦਾਲੀ) ਆਏ।

ਇਹ ਸਾਰੇ ਹਮਲਾਵਰ ਵੀ ਵਖ ਵਖ ਇਲਾਕਿਆ ਦੀ,ਸਭਿਅਤਾ,ਕੌਮੀ-ਨਸਲੀ ਪਿੱਛੇ, ਭਾਸ਼ਾ, ਜੰਗੀ ਮਾਨਸਿਕਤਾ, ਪ੍ਰਬੰਧਕੀ ਅਦਾਰੇ ਅਤੇ ਇਸਲਾਮੀ ਫਿਰਕੇ ਜਾਂ ਤਸੱਵਰ (ਧਾਰਨਾਂ) ਨਾਲ ਲੈ ਕੇ ਆਉਂਦੇ ਸਨ। ਨਾਹਰਾ ਜ਼ਰੂਰ ਕੁਫਰ ਨੂੰ ਇਸਲਾਮ ਨਾਲ ਸੋਧਣ ਦਾ ਹੁੰਦਾ ਸੀ—ਪਰ ਨਾਲ ਤੋਰੀ ਫੌਜ ਨੂੰ ਮਾਲਿ-ਗਨੀਮ (ਦੁਸ਼ਮਣ ਦੀ ਲੁੱਟੀ ਦੌਲਤ) ਅਤੇ ਗੁਲਾਮ ਲੌਂਡੀਆ (ਕੁੜੀਆ) ਦੀ ਤਕ ਵੀ ਵਡਾ ਆਕਰਸ਼ਣ ਸੀ। ਬਹੁਤੇ ਹਮਲਾਵਰ ਮੂੰਹ ਦੇ ਜਿੰਨੇ ਦੀਨਦਾਰ ਮੁਜਾਹਿਦ (ਧਰਮਬੀਰ) ਹੁੰਦੇ ਸਨ ਅਮਲ ਅਤੇ ਹਰਮ ਵਿਚ ਓਨੇ ਹੀ ਕਾਫਰ। ਬਹੁਤੇ ਹਮਲਾਵਰਾਂ ਨੇ ਸਮਾਨਾਂਤਰ ਅਤੇ ਆਪੋ ਆਪਣੀ ਕਾਜ਼ੀ-ਸ਼ਿਕਦਾਰ, ਮੁਫਤੀ-ਜਮਾਤ ਪ੍ਰਤੀਸਥਾਪਤ ਕੀਤੀ ਪਹਿਲਾ ਦੇ ਸਥਾਪਤ ਮੁਸਲਮਾਨ ਸ਼ਾਹਾਂ ਤੋਂ ਲੈ ਕੇ ਆਮ ਰਿਆਇਆ ਤਕ ਉਪਰ ਉਹ

ਕਹਿਰ ਢਾਏ ਜੋ ਗੈਰ-ਮੁਸਲਿਮ ਲੋਕਾਂ ਉਪਰ। ਧਰਮ ਨਿਰਪੱਖਤਾ ਤੇ ਸਹਿਨ-ਸ਼ੀਲਤਾ ਦਾ ਪੈਗਾਮ ਦੇਣ ਵਾਲੇ ਸੂਫੀਆਂ, ਫਕੀਰਾਂ ਅਤੇ ਅਲਾਹ-ਲੋਕਾਂ ਨੂੰ ਉਸੇ ਤਰ੍ਹਾਂ ਸੂਲੀ ਚਾੜ੍ਹਿਆ, ਤਹਿ-ਤੇਗ ਕੀਤਾ ਗਿਆ ਜਿਵੇਂ ਬ੍ਰਾਹਮਣਾਂ, ਭਿੱਖੂਆਂ ਅਤੇ ਮਗਰੋਂ (ਮੁਗਲ-ਕਾਲ ਵਿਚ) ਸਿਖਾਂ ਨੂੰ। ਪੁਰਾਣੇ ਸਿਖ ਇਤਹਾਸਾਂ ਵਿਚ ਤਾਂ ਇਨ੍ਹਾਂ ਨੂੰ ਤੁਰਕ, ਚੁਗੱਤੇ (ਮੁਗਲਾਂ ਵਿਚੋਂ ਬਾਬਰ ਘਰਾਣਾ ਚੁਗਤਾਈ ਸੀ), ਪਠਾਣ, ਦੁੱਰਾਨੀ ਤੇ ਅਤਮਾਨਜ਼ਈ ਕਿਹਾ ਗਿਆ ਹੈ ਪਰ ਆਧੁਨਿਕ ਤੇ ਅਕਾਦਮਿਕ ਸਿਖ ਇਤਹਾਸਕਾਰ ਸਭ ਨੂੰ ਇਸਲਾਮੀ ਹਮਲਾਵਰ ਹੀ ਦਸਦੇ ਹਨ। ਇਨ੍ਹਾਂ ਵਿਚੋਂ ਮੁਹੰਮਦ ਬਿਨ ਕਾਸਿਮ, ਮਹਿਮੂਦ ਗਜ਼ਨਵੀ, ਨਾਦਰਸ਼ਾਹ ਤੇ ਅਹਿਮਦਸ਼ਾਹ ਅਬ-ਦਾਲੀ ਨੂੰ ਹਮਲਾਵਰ ਕਿਹਾ ਜਾ ਸਕਦਾ ਹੈ ਜਦ ਕਿ ਬਾਕੀ ਤੁਰਕ-ਮੰਗੋਲ ਆਦਿਕ ਤਾਂ ਆਰੀਆਂ ਵਾਂਗ ਜਿੱਤਾਂ ਜਿੱਤ ਕੇ ਏਥੇ ਹੀ ਵਸ ਗਏ ਸਨ।

ਉਪ੍ਰੋਕਤ ਸਭਨਾ ਜੇਤੂਆਂ ਨੂੰ ਮੁਸਲਮਾਨ ਹਮਲਾਵਰ ਦੀ ਸੰਗਿਆ ਦੇਣੀ ਅਵਿਗਿਆਨਕ ਅਤੇ ਤੁਅੱਸਬ ਭਰੀ ਗਲ ਹੈ।

**ਮੁਗਲ-ਕਾਲ ਵਿਚ ਸੈਕੂਲਰਿਜ਼ਮ ਬਨਾਮ ਮਜ਼ਬੀ ਤਅੱਸਬ** .— ਨੱਸੇ ਜਾਂਦੇ ਹੁਮਾਯੂੰ ਦਾ ਤੀਜੇ ਗੁਰੂ ਅਮਰਦਾਸ ਦੀ ਹਜ਼ੂਰੀ ਵਿਚ ਬੜ੍ਹਕਣ ਤੇ ਦਰਕਣ ਦੀ ਰਵਾਇਤ ਤੋਂ ਮੁਗਲ ਦਰਬਾਰ ਦਾ ਸੰਪਰਕ ਗੁਰੂ ਘਰ ਨਾਲ ਹੁੰਦਾ ਦਸਿਆ ਜਾਂਦਾ ਹੈ। ਉਪਰੰਤ, ਪੰਚਮ ਗੁਰੂ ਅਰਜਨ ਦੀ ਸ਼ਹੀਦੀ, ਛੇਵੇਂ ਗੁਰੂ ਹਰਿਗੋਬਿੰਦ ਦੀ ਗਵਾਲੀਅਰ ਦੇ ਕਿਲੇ ਵਿਚ ਲੰਮੀ ਨਜ਼ਰਬੰਦੀ ਤੇ ਰਿਹਾਈ, ਸਤਵੇਂ ਗੁਰੂ ਹਰਿ ਰਾਏ ਸਮੇਂ ਗੁਰੂ ਘਰ ਵਿਚ ਦਖਲ ਅੰਦਾਜ਼ੀ, ਗੁਰੂ ਹਰਿ ਕਿਸ਼ਨ ਦੀ ਮੁਗਲ ਦਰਬਾਰ ਵਿਚ ਪੇਸ਼ੀ ਨੌਵੇਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਰਵੰਸ ਵਾਰਨ ਵਿਚ ਮੁਗਲ ਦਰਬਾਰ ਦੇ ਰੋਲ ਅਤੇ ਔਰੰਗਜ਼ੇਬ ਜਾ ਦਿੱਲੀ ਦਰਬਾਰ ਦੇ ਅੰਤ ਨੂੰ ਦੇਖ ਕੇ ਸਾਡੇ ਇਤਹਾਸਕਾਰ ਕਹਿਣ ਲਗ ਪਏ ਹਨ ਕਿ ਮੁਢ ਤੋਂ ਹੀ ਬਾਬਰ-ਕਿਆਂ ਅਤੇ ਬਾਬੇ-ਕਿਆਂ ਵਿਚ ਜਿਹੜੀ ਖਹਿ ਛਿੜ ਪਈ ਸੀ ਉਸ ਵਿਚ ਬਾਬੇ-ਕੇ ਜਿੱਤ ਗਏ। ਇਸ ਦਾ ਇਕ ਪ੍ਰਭਾਵ ਇਹ ਹੈ ਕਿ ਮੁਸਲਿਮ (ਮੁਗਲ) ਬਾਦਸ਼ਾਹ ਮੁਤਅਸਬ ਸਨ, ਕੇਵਲ ਅਕਬਰ ਹੀ ਧਰਮ-ਨਿਰਪੱਖ ਸੀ।

ਬਾਹਰਮੁਖੀ ਰੂਪ ਵਿਚ ਦੇਖਿਆ ਇਹ ਗਲ ਠੀਕ ਜਾਪਦੀ ਹੈ— ਯਥਾਰਥ ਅਨੁਸਾਰ ਨਹੀਂ। ਸਿਕੰਦਰੀ ਹਮਲੇ ਤੋਂ ਅਜੋਕੇ ਭਾਰਤੀ ਗਣਰਾਜ ਤਕ ਦੇ ਇਤ-

ਹਾਸਕ ਵਿਸ਼ਲੇਸ਼ਣ ਤੋਂ ਸਿੱਧ ਹੁੰਦਾ ਹੈ ਕਿ ਹਾਕਮ ਜਮਾਤਾਂ ਦੀ ਚੜ੍ਹਾਈ, ਸਥਾਪਤੀ ਅਤੇ ਰਸਾਤਲ ਦੇ ਅਨੁਸਾਰ, ਸੈਕੂਲਰਿਜ਼ਮ ਅਤੇ ਮਜ਼ੂਬੀ ਜਨੂੰਨ ਕੇਵਲ ਸਮੇਂ ਦੀ ਮੰਗ ਅਨੁਸਾਰ ਨਾਹਰੇ ਜਾਂ ਪੈਂਤਰੇ ਹੁੰਦੇ ਹਨ। ਬਾਬਰ ਨੇ ਕਾਫ਼ਰਾਂ ਦੇ ਹਿੰਦੁਸਤਾਨ ਵਿਚ 'ਕਾਫ਼ਰਾਂ ਦੇ ਰਾਹ ਤੁਰ ਪਏ' ਲੋਧੀਆਂ ਬਾਰੇ ਈਰਾਨ ਦੇ ਸਹਾਇਕ ਤਾਜਦਾਰ ਅਤੇ ਆਪਣੀਆਂ ਫ਼ੌਜਾਂ ਨੂੰ ਭਾਵੇਂ ਕੁਝ ਵੀ ਕਿਹਾ ਹੋਵੇ, ਲੋਧੀ-ਸਲਤਨਤ ਨੂੰ ਪਹਿਲੀ ਵਾਰ ਬਾਰੂਦੀ ਹਥਿਆਰਾਂ ਨਾਲ ਜਿੱਤ ਲੈਣ ਮਗਰੋਂ ਬਾਬਰ ਲਈ ਜ਼ਰੂਰੀ ਸੀ ਕਿ ਬਾਦਸ਼ਾਹਤ ਨੂੰ ਪੱਕਾ ਕਰਨ ਅਤੇ ਵਧਾਉਣ ਲਈ ਉਹ ਧਾਰਮਿਕ ਸਹਿਨ-ਸ਼ੀਲਤਾ ਦਿਖਾਏ। ਸੁੰਨੀ ਬਾਬਰ ਦੀ ਆਪਣੀ ਫ਼ੌਜ ਪਹਿਲਾਂ ਦੇ ਚੜ੍ਹ ਕੇ ਜਿੱਤਣ ਵਾਲਿਆਂ ਨਾਲੋਂ ਵਧ ਬਹੁ-ਕੌਮੀ ਤੇ ਸੈਕੂਲਰ ਸੀ ਜਿਸ ਦਾ ਸਿਪਾਹ-ਸਾਲਾਰ ਬੈਰਮ ਖਾਂ ਸ਼ੀਆ ਸੀ। ਇੰਜ ਬਾਬਰ ਨੇ ਆਪਣੀ ਬਹੁ-ਕੌਮੀ ਫ਼ੌਜ ਅਤ ਰਾਜਪੂਤੀ ਰਾਜਾਂ ਦੇ ਗਾਂਢਿਆਂ-ਸਾਂਢਿਆਂ ਨਾਲ ਦਿੱਲੀ ਸਲਤਨਤ ਦੀ ਥਾਂ ਜਿਹੜੀ ਬਾਦਸ਼ਾਹਤ ਸਥਾਪਤ ਕੀਤੀ ਸੀ, ਉਸ ਨੂੰ ਹੁਮਾਯੂੰ ਨੇ (ਆਪਣੇ ਕੁਝ ਚਿਰ ਤਖਤੋਂ ਲਹਿਣ ਦੇ ਖੱਪੇ ਦੇ ਬਾਵਜੂਦ) ਕਾਇਮ ਰਖਿਆ। ਅਕਬਰ ਨੇ ਜਿਹੜਾ ਦੀਨ-ਇਲਾਹੀ ਚਲਾਇਆ ਉਹ ਤਾਂ ਉਸ ਦੀਆਂ ਫ਼ੌਜੀ, ਪ੍ਰਸਾਸਕੀ ਅਤੇ ਰਾਜਨੀਤਕ ਤਬਦੀਲੀਆਂ ਦੀ ਗੁਲੀ ਦਾ ਕੇਵਲ ਛਿੱਲੜ ਵਰਗਾ ਰੂਪ ਸੀ। ਇਹ ਤਬਦੀਲੀਆਂ ਸਨ ਜ਼ਮੀਨੀ ਪ੍ਰਬੰਧ ਦੀਆਂ ਜਿਸ ਅਨੁਸਾਰ ਬਾਦਸ਼ਾਹਤ ਅਧੀਨ ਸਾਰੀ ਚੜ੍ਹਾਈ ਨਾਲ ਜਿੱਤੀ ਜ਼ਮੀਨ 'ਰਿਆਸਤ' ਅਰਥਾਤ ਰਾਜ ਦੀ ਮਲਕੀਅਤ ਸੀ ਤੇ ਬਾਕੀ ਜਾਗੀਰ ਅਖਵਾਉਂਦੀ ਸੀ। ਜਾਗੀਰਾਂ ਬਾਦਸ਼ਾਹਤ ਵਲੋਂ ਅਨੁਦਾਨ ਦੇ ਰੂਪ ਵਿਚ ਆਪਣੇ ਫ਼ੌਜਦਾਰਾਂ, ਮੁਸਾਹਿਬਾਂ ਨੂੰ ਵੀ ਦਿਤੀਆਂ ਜਾਂਦੀਆਂ ਸਨ ਅਤੇ ਦੀਨ ਮੰਨ ਲੈਣ ਵਾਲੇ ਰਜਵਾੜਿਆਂ-ਨਵਾਬਾਂ ਨੂੰ ਸਾਲਾਨਾ ਖਿਰਾਜ ਵਜੋਂ ਵੀ। ਜਾਗੀਰਾਂ ਵਾਪਸ ਲੀਤੀਆਂ ਜਾ ਸਕਦੀਆਂ ਸਨ ਪਰ ਇਨ੍ਹਾਂ ਉਪਰ ਨਿੱਜੀ ਤੋਂ ਵਿਰਾਸਤੀ ਤਕ ਪੱਕਾ ਹੁੰਦਾ ਕਬਜ਼ਾ ਜੇ ਬਾਦਸ਼ਾਹੀ ਨੂੰ ਨਾ ਭਾਉਂਦਾ ਤਾਂ ਬਗਾਵਤ ਅਤੇ ਚੜ੍ਹਾਈ ਦਾ ਕਾਰਣ ਵੀ ਬਣਦਾ ਸੀ। ਇੰਜ ਅਕਬਰ ਦੇ ਸਮੇਂ ਬਾਦਸ਼ਾਹਤ ਜ਼ਮੀਨੀ ਪੱਖ ਤੋਂ ਪਹਿਲਾਂ ਵਾਂਗ 'ਇਸਲਾਮੀ ਸਲਤਨਤ' ਨਹੀਂ ਰਹੀ, ਸਗੋਂ ਰਾਜਪੂਤ ਸਾਮੰਤੀ ਘਰਾਣਿਆਂ ਨਾਲ ਰਿਸ਼ਤੇਦਾਰੀਆਂ ਹੋਣ ਅਤੇ ਮਨਸਬਦਾਰੀਆਂ (ਪੰਜ ਹਜ਼ਾਰੀ-ਵੀਹ ਹਜ਼ਾਰੀ)—ਜਾਗੀਰਦਾਰੀਆਂ ਦੇ ਕੇ ਇਨ੍ਹਾਂ ਵਿਚ ਨਾਲ ਆਏ ਫ਼ੌਜਦਾਰਾਂ ਨੂੰ ਰਲਾ ਕੇ ਪੱਕੀ ਕੀਤੀ ਗਈ ਅਤੇ ਬਾਦਸ਼ਾਹਤ ਨੂੰ

ਦੱਖਣੀ ਇਲਾਕੇ ਜਿੱਤਣ ਦੇ ਸ਼ਹਿਨਸ਼ਾਹੀ (ਸਾਮਰਾਜੀ) ਵਿਸਤਾਰ ਲਈ ਤਿਆਰ ਕੀਤਾ ਗਿਆ।

ਬਾਦਸ਼ਾਹਤ ਦਾ ਵਿਸਤਾਰ ਵੀ ਹੁੰਦਾ ਰਿਹਾ ਅਤੇ ਇਲਾਕਿਆਂ ਤੇ ਲੁਟ-ਘਸੁਟ ਦੀ ਵੰਡ, ਮੁੜ-ਵੰਡ ਤੋਂ ਪੈਦਾ ਹੋਏ ਝਗੜੇ—ਅਕਬਰ ਤੋਂ ਲੈ ਕੇ ਔਰੰਗਜ਼ੇਬ ਤਕ—ਸ਼ਹਿਜ਼ਾਦਿਆਂ ਦੀਆਂ ਬਗਾਵਤਾਂ, ਸਰਕੋਬੀਆਂ (ਦਬਾਵਾਂ), ਮਹੱਲਾਂ ਅੰਦਰ ਚਲਦੀਆਂ ਸਾਜ਼ਸ਼ਾਂ ਅਤੇ ਨੇੜਲੇ ਰਿਸ਼ਤੇਦਾਰਾ ਦੀਆਂ ਤਰਫਦਾਰੀਆਂ ਤੋਂ ਲੈ ਕੇ ਕਤਲਾਂ ਤਕ ਦੇ ਰੂਪ ਵਿਚ—ਆਮ ਲੋਕਾਂ ਤੇ ਇਤਹਾਸ-ਪਾਠਕਾਂ ਦੀਆਂ ਨਜ਼ਰਾਂ ਤੋਂ ਓਹਲੇ—ਰਿਝਦੀਆਂ ਪਕਦੀਆਂ ਰਹੀਆਂ।

ਬਾਦਸ਼ਾਹਤ ਅੰਦਰਲੇ ਇਸ ਜੋੜ ਤੇ ਤੋੜ ਵਿਚ ਕਦੇ (ਸੂਬਕ ਪੱਧਰ ਦੀ) ਇਕ ਧਿਰ ਦਾ ਗੁਰੂ ਘਰ ਨਾਲ ਅਪਨੱਤ ਵਾਲਾ ਵਤੀਰਾ ਬਣਦਾ ਰਿਹਾ ਕਦੇ ਦੂਜੀ ਧਿਰ ਦਾ ਦੋਖੀ ਵਤੀਰਾ। ਔਰੰਗਜ਼ੇਬ ਤੋਂ ਮਗਰੋਂ ਬਾਦਸ਼ਾਹਤ ਦੀਆਂ ਜੜ੍ਹਾਂ ਹਿੱਲ ਜਾਣ ਕਾਰਣ ਦਿੱਲੀ ਦਰਬਾਰ ਅਤੇ ਦੋ ਪੰਜਾਬੀ ਸੂਬੇਦਾਰੀਆਂ (ਸਰਹੰਦ ਅਤੇ ਲਾਹੌਰ) ਦੇ ਵਤੀਰੇ ਬੰਦਾ ਬਹਾਦਰ ਤੋਂ ਲੈ ਕੇ ਸਿਖ ਮਿਸਲਾਂ ਦੀ ਸ਼ਕਤੀ ਵਧਣ-ਘਟਣ ਅਨੁਸਾਰ ਬਣਦੇ ਵਿਗੜਦੇ ਰਹੇ। ਇਸ ਵਿਚ ਸਿੱਖੀ-ਵਿਰੋਧ ਦਾ ਰਾਜਨੀਤੀ ਦੀ ਲੋੜ ਅਨੁਸਾਰ ਨਾਹਰਾ ਜ਼ਰੂਰ ਉੱਚਾ ਹੁੰਦਾ ਹੋਵੇਗਾ।

ਜਿਸ ਨੂੰ ਔਰੰਗਜ਼ੇਬ ਦਾ ਮਜ਼ੁਬੀ ਜਨੂੰਨ ਕਿਹਾ ਜਾਂਦਾ ਹੈ ਉਹ ਅਸਲ ਵਿਚ ਮਜ਼ੁਬੀ ਹਥਿਆਰ ਸੀ ਜਾਂ ਤਖਤ ਦਾ ਜਨੂੰਨ ਜਿਸ ਨੂੰ ਵਰਤ ਕੇ ਹੀ ਉਹ ਪਹਿਲਾਂ ਆਪਣੇ ਘਰਾਣੇ ਨੂੰ, ਭਰਾਵਾਂ ਨੂੰ ਰਾਹ ਵਿਚੋਂ ਪਰ੍ਹੇ ਹਟਾ ਸਕਦਾ ਸੀ, ਪਿਤਾ ਸ਼ਾਹ-ਜਹਾਨ ਨੂੰ ਬੇਕਾਰ ਬਣਾ ਕੇ ਨਜ਼ਰਬੰਦ ਕਰ ਸਕਦਾ ਸੀ, ਦਰਖਾਰੀਆਂ-ਰਿਸ਼ਤੇਦਾਰੀਆਂ ਵਿਚੋਂ ਆਪਣੇ ਨਾਲ ਸੁੰਨੀਆਂ ਨੂੰ ਗੰਢ ਕੇ ਸ਼ੀਆਂ ਨੂੰ ਪਿਛੇ ਪਾ ਸਕਦਾ ਸੀ, ਅਨਿਨ, ਰਾਜਪੂਤ, ਮੁਸਲਮਾਨ ਫੌਜਦਾਰਾਂ, ਜਾਗੀਰਦਾਰਾਂ ਦੀ— ਬੀਤੇ ਵਿਚ ਕਦੇ ਨਾ ਵੇਖੀ ਸੁਣੀ—ਗਿਣਤੀ ਵਧਾ ਕੇ ਸਮੁੰਦਰੀ ਬਿਉਪਾਰ ਨਾਲ ਮਾਲਾ ਮਾਲ ਹੋ ਰਹੇ ਦੱਖਣੀ ਰਾਜਾਂ ਉਪਰ ਹਮਲੇ ਕਰ ਤੇ ਜਿੱਤ ਸਕਦਾ ਸੀ। ਔਰੰਗਜ਼ੇਬੀ ਮਜ਼ੁਬੀ ਜਨੂੰਨ ਨੂੰ ਸਮਝ ਲੈਣ ਨਾਲ ਸਾਨੂੰ ਬੀਤੇ ਦੇ ਇਤਹਾਸ ਦੀ ਸਮਝ ਵੀ ਆ ਸਕਦੀ ਹੈ, ਅੱਜ ਦੀਆਂ ਬਦੇਸੀ ਮੂਲਵਾਦੀ ਸ਼ਕਤੀਆਂ ਅਤੇ ਭਾਰਤੀ ਮੂਲਵਾਦੀ ਸਿਧਾਂਤਾਂ ਤੇ ਨੀਤੀਆਂ ਦੀ ਵੀ।

ਔਰੰਗਜ਼ੇਬ ਦੇ ਅੰਦਰੋਂ ਭਰਦੇ, ਬਾਹਰੋਂ ਫੈਲਦੇ ਸਾਮਰਾਜ ਦਾ ਅੰਤ ਜਿਨ੍ਹਾਂ ਇਲਾਕਾਈ ਰਾਜਾਂ ਤੇ ਕੌਮ-ਪ੍ਰਸਤੀਆਂ-ਸੰਗ-ਧਾਰਮਿਕ ਘਟ ਗਿਣਤੀਆਂ ਨੇ ਕੀਤਾ ਪੰਜਾਬ ਅਤੇ ਇਥੋਂ ਦੀ ਧਾਰਮਿਕ-ਸਮਾਜਕ ਸਿਖ ਲਹਿਰ ਨੇ ਵੀ ਇਸ ਵਿਚ ਆਪਣਾ ਹਿੱਸਾ ਪਾਇਆ ।

**ਇਸਲਾਮੀ ਜਹਾਦ ਅਤੇ ਜਜ਼ੀਏ ਦੀ ਮਿੱਥ :**—ਇਸਲਾਮ ਦੇ ਬੁਨਿਆਦੀ ਅਸੂਲਾਂ ਅਨੁਸਾਰ ਜਹਾਦ ਦੇ ਭਾਵਾਰਥ; ਧਾਰਮਿਕ-ਕਾਰਜ ਵਧ ਬਣਦੇ ਹਨ; ਧਰਮ ਯੁਧਘਟ । ਤਿੰਨ ਪ੍ਰਕਾਰ ਦਾ ਜਹਾਦ ਦਸਿਆ ਗਿਆ ਹੈ : 1) ਜਹਾਦ ਬਿਨ ਮਾਲ; ਅਰਥਾਤ **ਆਪਣਾ** ਧਨ ਵਾਰਨਾ-ਦੇਣਾ । 2) ਜਹਾਦ ਬਿਨ ਇਲਮ : ਅਰਥਾਤ ਇਲਮ-ਗਿਆਨ ਫੈਲਾਉਣਾ ਅਤੇ 3) ਜਹਾਦ ਮਾ ਅਨਫ; ਅਰਥਾਤ ਅੰਦਰਲੀ ਬਗਾਵਤ (ਮਜ਼੍ਹਬੀ ?) ਨੂੰ ਸਰ ਕਰਨਾ । ਹੋਰਨਾਂ ਧਰਮਾਂ ਦੇ ਮੂਲ ਸਿਧਾਂਤਾਂ ਵਾਂਗ, ਕਿਸੇ ( ਸਮਾਜ ਜਾਂ ਰਾਜ ) ਉਪਰ ਹਮਲਾ ਜਾਇਜ਼ ਨਹੀਂ [ ਕੁਰਾਨ ਸ਼ਰੀਫ (2 : 190) ] ਅਤੇ "ਮਜ਼੍ਹਬ ਵਿਚ (ਦਾਖਲ ਕਰਨਾ ਜਾਂ ਹੋਣਾ) ਮਜਬੂਰੀ ਨਹੀਂ" [ ਉਹੋ ਪੁਸਤਕ (2 : 256) ] ।

ਪਰ ਮਜ਼੍ਹਬ ਉਹ ਤਾਂ ਹੁੰਦਾ ਨਹੀਂ ਜੋ ਬੁਨਿਆਦੀ ਕਿਤਾਬ ਜਾਂ ਮੂਲ ਗਰੰਥਾਂ ਵਿਚ ਲਿਖਿਆ ਹੁੰਦਾ ਹੈ । ਮਜ਼੍ਹਬ ਦੀ ਠੋਸ ਤੇ ਸਮਾਜਕ ਸ਼ਕਲ ਤਾਂ ਉਹ ਹੈ ਜੋ ਰਾਜ ਅਤੇ ਧਾਰਮਿਕ ਮਰਯਾਦਾ ਰਲ ਕੇ ਡੌਲਦੇ ਹਨ ।

ਇਸੇ ਲਈ ਜਦੋਂ ਲੁਟ ਮਾਰ ਕਰਨ ਲਈ ਗਜ਼ਨਵੀ, ਨਾਦਰਸ਼ਾਹੀ, ਦੁੱਰਾਨੀ (ਅਬਦਾਲੀ) ਹਮਲਾਵਰਾਂ ਨੇ ਖਿਲਜੀਆਂ, ਗੌਰੀਆਂ ਤੋਂ ਲੈ ਕੇ ਮੁਗਲ ਵਿਜੇਤਾਵਾਂ ਤਕ ਨੇ ਚੜ੍ਹਾਈਆਂ ਕੀਤੀਆਂ ਤਾਂ ਚੜ੍ਹਾਈ ਨੂੰ ਜਹਾਦ ਦਾ ਨਾਂ ਦਿਤਾ ਪਰ ਜਹਾਦ ਵਿਚੋਂ ਆਪਣਾ ਧਨ ਵਾਰਨ ਦੀ ਥਾਂ ਦੁਸ਼ਮਣ ਦੇ ਜ਼ਰ, ਜ਼ਮੀਨ ਦੇ ਨਾਲ (ਕਦੇ ਕਦੇ) ਜ਼ਨ = ਤੀਵੀਂ ਲੁੱਟਣ ਨੂੰ ਜਹਾਦ ਦਸਿਆ ਅਤੇ ਇਸਲਾਮ ਦੇ ਇਲਮ-ਗਿਆਨ ਨੂੰ ਨਹੀਂ ਇਸ ਦੇ ਕਲਮੇ ਅਤੇ ਸਤਈ ਤਕਲੀਦ ਨੂੰ ਇਸਲਾਮ ਦੱਸ ਕੇ ਠੋਸਣਾ ਸ਼ੁਰੂ ਕੀਤਾ । ਇੰਜ ਜਿੱਤੇ ਹੋਏ ਉਪਰਲੇ ਤਬਕੇ ਨੂੰ ਨਖੇੜਨ ਦਾ ਕੰਮ ਵੀ ਹੇਠਲੇ ਤਬਕਿਆਂ ਨੂੰ ਇਸਲਾਮ ਕਬੂਲ ਕਰਾ ਕੇ ਲਿਆ ਅਤੇ ਛੋਟੇ ਕੰਮਾਂ ਦੇ ਕਾਮੇ ਬਨਾਉਣ ਦਾ ਵੀ ।

ਜਜ਼ੀਏ ਬਾਰੇ ਵੀ ਇੰਜ ਹੀ ਹੈ । ਕੁਰਾਨ ਸ਼ਰੀਫ ਅਤੇ ਹਦੀਸ ਅਨੁਸਾਰ ਇਸਲਾਮ ਦੀ ਤਕਲੀਦ (ਚਲਣ) ਵਿਚ ਰਹਿਣ ਲਈ ਅਲ ਸਿਯਾਮ (ਉਚਾਰ ਅਤੇ

ਅਰਥ ਵਿਚ 'ਸੰਯਮ' = ਸੰਜਮ ਦਾ ਪ੍ਰਾਜਵਾਚੀ ਸ਼ਬਦ) ਦੀ ਫ਼ਰਮਾਇਸ਼ ਕੀਤੀ ਗਈ ਹੈ। ਅਲ ਸਿਯਮ ਰੋਜ਼ਾ (ਵਰਤ) ਰਖ ਕੇ ਅਤੇ ਜ਼ਕਾਤ (ਦਾਨ-ਪੁੰਨ) ਕਰਕੇ ਨਿਭਾ-ਇਆ ਜਾਂਦਾ ਹੈ। ਜ਼ਕਾਤ ਵੀ; ਹਿੰਦੂ, ਬੋਧ, ਜੈਨ, ਇਸਾਈ ਅਤੇ ਸਿਖ ਮਤਾਂ ਵਾਂਗ ਧਨ ਦੀ ਕਾਣੀ ਵੰਡ ਨੂੰ ਮੁੜ ਵੰਡ ਨਾਲ ਸੂਤਰ ਕਰਨ ਦਾ ਵਿਧਾਨਕ-ਸੰਵਿਧਾਨਕ ਨਹੀਂ ਸਦਾਚਾਰਕ ਤੇ ਵਕਤੀ ਪ੍ਰਾਵਧਾਨ ਹੈ।

ਧਨ ਦੀ ਇਸ ਮੁੜ ਵੰਡ; ਜ਼ਕਾਤ ਦੇ ਤਿੰਨ ਢੰਗ ਦਸੇ ਗਏ ਹਨ। ਈਦ ਉਲ ਫਿਤਰ ਦੇ ਸਮੇਂ ਰੋਜ਼ਾ ਖੋਹਲਣ ਤੋਂ ਪਹਿਲਾ ਲੋੜਵੰਦਾਂ ਨੂੰ ਅੰਨ, ਕੰਦ-ਮੂਲ ਤੇ ਖਜੂਰ ਆਦਿਕ ਵੰਡਣਾ ਅਤੇ ਸਾਲਾਨਾ ਆਮਦਨ, ਖਣਿਜ ਪਦਾਰਥਾ, ਧਰਤੀ ਤੇ ਸਮੁੰਦਰ ਵਿਚੋਂ ਮਿਲੇ ਧਨ-ਮਾਲ ਆਦਿਕ ਵਿਚੋਂ 1/5 ਹਿੱਸਾ ਜ਼ਕਾਤ ਵਜੋਂ ਦੇਣਾ। ਪਹਿਲੀ ਭਾਤ ਦੀ ਜ਼ਕਾਤ ਨੂੰ 'ਜ਼ਕਾਤ ਅਲ ਫਿਤਰਾਹ' ਅਤੇ ਦੂਜੀ ਨੂੰ 'ਜ਼ਕਾਤ ਅਲ ਖ਼ਮਸ' ਕਿਹਾ ਗਿਆ ਹੈ। ਦੋਵੇਂ ਜ਼ਕਾਤਾਂ ਮੁਸਲਮਾਨਾਂ ਲਈ ਹਨ।

ਤੀਜੀ ਕਿਸਮ ਦੀ ਜ਼ਕਾਤ ਜਾ ਜਜੀਆ—ਗੈਰ ਮੁਸਲਿਮ ਰਯੀਅਤ—ਰਿਆ- ਲਈ ਹੈ।

ਮੁਗਲਾ ਤੋਂ ਪਹਿਲਾ ਜਿਨ੍ਹਾ ਖਿਲਜੀ ਗੁਲਾਮ, ਗੌਰੀ, ਤੁਗਲਕ ਅਤੇ ਲੋਧੀ ਆਦਿਕ ਘਰਾਣਿਆ ਨੇ ਆਪਣੀ ਸਲਤਨਤ ਨੂੰ ਇਸਲਾਮੀ ਕਰਾਰ ਦਿਤਾ ਸੀ ਉਸ ਦਾ ਅਰਥ ਸੀ ਕਿ ਰਿਆਇਆ ਤੋਂ ਇਸ ਲਈ ਟੈਕਸ ਲਿਆ ਜਾਵੇ ਕਿ ਉਹ ਮੁਸ-ਲਿਮ ਘਰਾਣੇ ਵਿਚ ਪੈਦਾ ਕਿਉਂ ਨਹੀਂ ਹੋਈ ਜਾ ਉਸ ਨੇ ਇਸਲਾਮ ਕਬੂਲ ਕਿਉਂ ਨਹੀਂ ਕੀਤਾ। ਇੰਜ ਜਿਹੜੇ ਦੇਸ ਇਸਲਾਮੀ ਝੰਡੇ ਵਾਲੇ ਹਮਲਾਵਰਤਾ ਤੋਂ ਹਾਰ ਗਏ ਉਹਨਾਂ ਨੇ ਕੇਵਲ ਇਸਲਾਮ ਦੇ ਜਜੀਏ ਵਾਲੇ ਰੂਪ ਨੂੰ ਦੇਖਿਆ ਪਰ ਅੰਗਰੇਜ਼ੀ ਇਤਹਾਸਕਾਰੀ ਤੇ ਚਲਦੇ ਸਾਡੇ ਭਾਰਤੀ ਇਤਹਾਸਕਾਰਾਂ ਨੇ ਸੁਚੇਤ ਰੂਪ ਵਿਚ ਇਸਲਾਮ ਦਾ ਉਹ ਬਿੰਬ ਉਭਾਰ ਲਿਆ ਜਿਸਦੀ ਨਾ ਇਸਲਾਮ ਵਿਚ ਆਗਿਆ ਸੀ ਨਾ ਮੁਢਲੇ ਜਿੱਤੇ ਦੇਸਾ ਵਿਚ ਹੋਂਦ।

ਮੁਗਲ ਬਾਦਸਾਹਤ ਵਿਚ ਜਜ਼ੀਏ ਦੀ ਲਗਭਗ ਅਣਹੋਂਦ ਰਹੀ। ਔਰੰਗਜੇਬ ਨੇ ਈਮਾਦਨਾਰ ਸ਼ਰਈ ਵਾਂਗ ਨਹੀਂ, ਪਰਪੱਕ ਮੂਲਵਾਦੀ ਵਾਂਗ ਸ਼ਰਹ ਅਤੇ ਤੁਰਕੀ ਸਲਤਨਤ ਦੀ ਰਾਜਨੀਤੀ ਵਿਚੋਂ ਜਜੀਏ ਦੀ ਮੱਦ ਨੂੰ ਵਖ ਵਖ ਥਾਈਂ ਸਜਾ ਅਤੇ ਇਬਰਤ ਦੇਣ ਲਈ ਲਾਇਆ। ਉਸ ਨੇ ਜ਼ਾਹਿਦ ਨਸੀਬੀ (Puritanism)

ਅਰਥਾਤ ਪਵਿਤਰ ਕਰਮਾਂ ਨੂੰ ਲੋਕ ਕਲਾਵਾਂ ਤੋਂ ਲੈ ਕੇ ਹਰ ਖੁਲ੍ਹ ਦਿਲੀ ਨੂੰ ਦਬਾਉਣ ਦਾ ਹਥਿਆਰ ਵੀ ਬਣਾਇਆ।

ਗੁਰੂ ਘਰ, ਸਿਖ ਧਰਮ ਅਤੇ ਸਮਾਜ ਨੂੰ ਪੂਰੇ ਮੁਗਲ ਘਰਾਣੇ ਦੀ ਉਪ੍ਰੋਕਤ ਧਾਰਮਿਕ ਨੀਤੀ ਨਾਲ ਤੱਤਾ ਠੰਢਾ ਵਰਤਣਾ ਪਿਆ।

**ਸਿੱਖੀ : ਭਾਰਤੀ, ਸੂਫੀ ਲਹਿਰਾਂ ਦਾ ਪੰਜਾਬੀ ਸਮਾਨਾਂਤਰ :—** ਗੁਰਬਾਣੀ, ਗੁਰੂ-ਕਾਲ ਅਤੇ ਪਿਛੇਤਰ-ਕਾਲ ਦੇ ਇਤਹਾਸ ਨੂੰ ਵਸਤੂ-ਆਪਣੇ-ਭੀਤਰ (Thing in itself) ਦੇ ਕੋਣ ਤੋਂ ਪੜ੍ਹਨ-ਸਮਝਣ ਨਾਲ, ਧਾਰਨਾਵਾਂ ਅਤੇ ਸੰਬਾਦਕ ਵਿਚਾਰਾਂ ਵਿਚ ਨਿਖੇੜ 'ਹੋਰ ਨਾ ਜਾਨੂੰ' (Insolation & Fanaticism) ਦੀ ਬਿਰਤੀ ਪੈਦਾ ਹੋਈ ਹੈ ਜਿਸ ਤੋਂ ਨਖੇੜ ਕੇ ਭਗਤੀ ਮਤ ਅਤੇ ਸੂਫੀ ਲਹਿਰ ਨੂੰ ਸਮਾਨਾਂਤਰ ਵਰਤਾਰਿਆਂ ਵਜੋਂ ਦੇਖਣ ਨਹੀਂ ਦਿਤਾ।

ਸਿਖ ਮਤ ਅਰਥਾਤ ਗੁਰਬਾਣੀ ਦੀ ਦਾਰਸ਼ਨਿਕਤਾ—ਹਰ ਦਰਸ਼ਨ ਵਾਂਗ – ਆਪਣੇ ਆਪ ਵਿਚ ਮੌਲਿਕ ਹੈ। ਦਾਰਸ਼ਨਿਕਤਾ ਦੇ ਧਰਮ ਰੂਪ ਵਿਚ ਆ ਜਾਣ ਨਾਲ ਸਿਖ ਧਰਮ ਦੀ ਮਰਯਾਦਾ ਰਹਿਤ-ਬਹਿਤ ਆਦਿਕ ਵੀ ਵਖਰੇ ਤੇ ਨ੍ਰਿਵੇਕਲੇ ਹਨ। ਪਰ ਇਸ ਦੇ ਭੂਗੋਲਿਕ ਕਾਰਜ ਖੇਤਰ—ਪੰਜਾਬ—ਨੂੰ ਸਮੁੱਚੇ ਸਾਮੰਤੀ ਸਮਾਜਕ ਵਰਤਾਰੇ ਅਤੇ ਉਸ ਅੰਦਰ ਚਲਦੀਆਂ ਸਮਾਨਾਂਤਰ ਜਾਂ ਗੁਆਂਢੀ ਧਾਰਮਿਕ ਸਮਾਜਕ ਲਹਿਰਾਂ ਦੇ ਪਰਿਪੇਖ ਤੋਂ ਵਖ ਕਰਕੇ ਗੁਰੂ-ਕਾਲ ਦਾ ਅਤੇ ਪਿਛੇਤਰ ਇਤਹਾਸ ਲਿਖਿਆ ਗਿਆ ਹੈ। ਇਹ ਸਿਖ ਇਤਹਾਸਕਾਰੀ ਦੀ ਵਿਡੰਬਣਾ ਹੈ।

ਜਿਵੇਂ ਭਗਤੀ ਮਤ ਨੂੰ ਇਕ ਲਹਿਰ ਵਜੋਂ ਨਾ ਦੇਖ ਕੇ—ਭਗਤਾਂ ਦੇ ਰਚਿਤ ਸਬਦਾਂ ਨੂੰ ਗੁਰਬਾਣੀ ਦੇ ਆਸ਼ੇ ਦੀ ਪੁਸ਼ਟੀ ਵਜੋਂ ਹੀ ਵੇਖਿਆ ਗਿਆ ਹੈ ਉਸੇ ਤਰ੍ਹਾਂ ਸੂਫੀ ਵਿਚਾਰਧਾਰਾ ਦੇ ਲਹਿਰ-ਵੱਤ ਲੱਛਣਾਂ ਨੂੰ ਅਣਡਿਠ ਕੀਤਾ ਗਿਆ ਹੈ ਉਹ ਲੱਛਣ ਜੋ ਇਸਲਾਮ ਦੇ ਨਿਕਾਸ ਤੋਂ ਕੁਝ ਦਹਾਕੇ ਉਪਰੰਤ ਹੀ ਦਮਸ਼ਕ ਦੀ ਖਿਲੀਫਤ ਸਮੇਂ ਉਭਰ ਪਏ ਸਨ ਜੋ ਫਾਰਸੀ (ਈਰਾਨੀ) ਵਿਚਾਰ ਸੰਘਤਾ ਦੇ ਪਰਸਪਰ ਸੰਪਰਕਾਂ ਵਿਚੋਂ ਫਿਲਸਫਈ ਵਿਤਨੇ ਅਤੇ ਸ਼ਰਾਹ ਅਨੁਸਾਰ ਦਹਿਰੀਅਤ (ਨਾਸਤਕਤਾ) ਕਹੇ ਜਾਂਦੇ ਰਹੇ। ਅਲ-ਗਜ਼ਾਲ ਜਹੇ ਵਿਦਵਾਨਾਂ-ਅਮਾਮਾਂ ਨੂੰ ਅਣਡਿਠ ਕਰਕੇ ਰਾਬਿਆ ਜਹੀ ਸੂਫੀ ਵਿਚਾਰਕਾ ਨੂੰ ਛੇਕ ਮਾਰ ਕੇ, 'ਅਨਲ ਹੱਕ' (ਹਮੀਂ ਬ੍ਰਹਮ ਅਸਮੀ)—ਕਿ ਮੈਂ ਸੱਚ ਹਾਂ – ਅਲਾਉਂਦੇ ਸ਼ੰਮਸ ਤਬਰੇਜ਼ੀ ਜਹੇ ਸੂਫੀਆਂ

ਦੀ ਪੁਠੀ ਖੱਲ ਲਾਹ ਕੇ ਪਹਿਲੇ 'ਹਮਲਾਵਰਾਂ ਦੇ ਇਸਲਾਮ' ਦੇ ਨਾਲ ਨਾਲ ਸੂਫੀ ਮਤ; ਪੀਰਾ ਫਕੀਰਾਂ ਦੀਆਂ ਕਈ ਸ਼ਾਖਾਂ—ਖਾਸ ਕਰ ਚਿਸਤੀਆਂ ਤੇ ਸੁਹਰਵਰਦੀ —ਨਾਲ ਭਾਰਤ ਵਿਚ ਪਹੁੰਚ ਗਿਆ ਸੀ। ਸ਼ੇਖ ਫਰੀਦ ਤੇ ਮੀਆਂ ਮੀਰ ਤੋਂ ਲੈ ਕੇ ਪੀਰ ਬੁਦਣ ਸ਼ਾਹ ਤਕ ਜਿਹੜੇ ਵੀ ਪੀਰ ਫਕੀਰ ਕ੍ਰਮਵਾਰ ਗੁਰਬਾਣੀ ਤੋਂ ਲੈ ਕੇ ਸਿਖ ਗੁਰੂਆਂ ਦੇ ਸੰਪਰਕ ਵਿਚ ਆਉਂਦੇ ਹਨ ਉਹ ਇਕ ਜਾਂ ਦੂਜੀ ਸੂਫੀ ਵਿਚਾਰ-ਧਾਰਾ ਦੇ ਹੀ ਸਮਰਥਕ ਸਨ। ਗੁਰੂ ਕਾਲ ਵਿਚ ਇਹਨਾਂ ਸੂਫੀਆਂ ਨੇ ਪੀੜੀਆਂ, ਸਜਾਦੇ, ਖਾਨਕਾਹਾਂ (ਤਕੀਏ) ਵੀ ਕਾਇਮ ਕੀਤੇ ਅਤੇ 'ਔਰੰਗਜ਼ੇਬ ਦੀ ਸ਼ਰਹ' ਤੋਂ ਆਕੀ, ਸਰਮਦ ਜਹੇ ਸੂਫੀ ਦਿੱਲੀ ਦੀ ਜਾਮਿਆ ਮਸਜਿਦ ਦੀਆਂ ਪੌੜੀਆਂ ਕੋਲ ਤਹਿ-ਤੇਗ ਵੀ ਕੀਤੇ ਗਏ।

ਸੱਜਰੇ ਮੁਸਲਿਮ ਬਣੇ (Proselytes) ਹਮਲਾਵਰਾਂ, ਜੇਤੂਆਂ ਤੇ ਸ਼ਹਿਨਸ਼ਾਹਾਂ ਦੇ ਹਿਤ ਵਿਚ ਜਾਂਦੀ ਸ਼ਰਹ ਦੇ ਟਾਕਰੇ ਵਿਚ ਚਲੀਆਂ ਉਪ੍ਰੋਕਤ ਲਹਿਰਾਂ ਤੋਂ ਵਖ ਕਰਕੇ ਗੁਰਬਾਣੀ ਤੇ ਸਿਖ ਇਤਹਾਸ ਨੂੰ ਦੇਖਣਾ ਅਜਿਹੇ ਸੰਕੀਰਣ ਰਾਹ ਪਾਉਂਦਾ ਹੈ ਜਿਹੜਾ ਕੇਵਲ ਅਤਵਾਦੀ ਮੂਲਵਾਦ ਉਪਰ ਜਾ ਕੇ ਖੜਾ ਕਰਦਾ ਹੈ,।

ਇਹ ਸਿਖ ਸਮਾਜ ਦੀ ਵਿਦਵਤਾ ਅਤੇ ਅਕਾਦਮਿਕਤਾ ਦਾ ਦੁਖਾਂਤ ਹੈ ਕਿ ਗੁਰਬਾਣੀ ਦੀ ਅਜੋਕੀ ਵਿਆਖਿਆ ਅਤੇ ਇਤਹਾਸਕਾਰੀ ਮੂਲਵਾਦੀ ਬਿਰਤੀ ਅਨੁਸਾਰ ਕੀਤੀ ਜਾ ਰਹੀ ਹੈ।

**ਸਿਖ ਅਤੇ ਬ੍ਰਾਹਮਣਵਾਦ :** —ਸਿਖ ਸਮਾਜ ਵਿਚ ਬ੍ਰਾਹਮਣਵਾਦ ਦੇ ਰੀਤੀ-ਰਿਵਾਜ, ਜਾਤ-ਪਾਤ ਨਾਲ ਪੂਰੇ ਹਿੰਦੂ ਸਮਾਜ ਨੂੰ ਵਿਸ਼ੇਸ਼ ਅਰਥਾਂ ਵਿਚ, ਵਿਸ਼ੇਸ਼ ਬਿੰਬ ਨਾਲ ਵੇਖਿਆ, ਕਿਹਾ ਤੇ ਪੜ੍ਹਿਆ ਜਾ ਰਿਹਾ ਹੈ। ਜਨਮ ਸਾਖੀ ਵਿਚ ਗੁਰੂ ਨਾਨਕ ਨੂੰ ਪੜ੍ਹਾਉਣ ਅਤੇ ਜੰਞੂ ਪਹਿਨਾਉਣ ਲਈ ਪਾਂਧੇ ਅਤੇ ਬ੍ਰਾਹਮਣ ਦਾ ਆਉਣਾ ਬ੍ਰਾਹਮਣਵਾਦ ਨਾਲ ਸਿਖੀ ਵਲੋਂ ਪਹਿਲਾ ਦਵੰਦ ਰਚਾਉਣ ਦਾ ਪ੍ਰਤੀਕ ਹੈ। ਗੁਰੂ ਨਾਨਕ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ ਤਾਂ (ਆਰੰਭ ਵਿਚ ਦੇਵੀ ਭਗਤ ਭਾਈ ਲਹਿਣਾ) ਗੁਰੂ ਅੰਗਦ ਨੇ ਸੱਚੇ ਗੁਰੂ ਦੀ ਸੇਵਾ ਦਾ ਉਪਦੇਸ ਦਿਤਾ। ਇੰਜ ਜਾਤ ਪਾਤ, ਛੂਤ ਛਾਤ ਦਾ ਖੰਡਣ ਕਰਦਿਆਂ ਸਿਖ ਮਤ ਨੇ ਪੰਚਮ ਗੁਰੂ ਦੀ ਬਾਣੀ ਨਾਲ ਬੋਧਾਂ, ਜੈਨਾਂ ਅਤੇ ਹੋਰ ਮਤ-ਮਤਾਂਤਰਾਂ ਦੀ ਕਰਮ-ਕਾਂਡੀ ਜਕੜਬੰਦੀ ਦੀ ਵੇਰਵੇ ਸਹਿਤ ਆਲੋਚਨਾ ਕੀਤੀ ਜੋ ਪੂਰੇ ਗੁਰੂ ਕਾਲ ਵਿਚ ਜਾਰੀ ਰਹੀ।

ਨਾ ਤਾਂ ਸਾਰੇ ਵੇਦ-ਵੇਦਾਂਤ ਬ੍ਰਾਹਮਣਵਾਦੀ ਸਨ ਅਤੇ ਨਾ ਹੀ ਪੰਜਾਬ ਵਿਚ ਵਸੇ ਜਨ-ਗਣ (ਮਹਾਂਭਾਰਤ ਦੇ ਸਮੇਂ ਤੋਂ) ਪਰਿਪਾਟੀਆਂ ਵਿਚ ਬੱਝਣ ਵਾਲੇ ਸਨ। ਸਗੋਂ, ਕਿਹਾ ਜਾ ਸਕਦਾ ਹੈ ਕਿ ਜਦੋਂ ਵੈਸ਼ਨਵ ਮਤ ਦਾ ਸੰਯੁਕਤ ਪ੍ਰਾਂਤ (ਮਥੁਰਾ ਤੋਂ ਅਵਧ ਤਕ) ਕੇਂਦਰੀਕਰਨ ਹੋ ਰਿਹਾ ਸੀ —ਪੂਰਬੀ ਅਤੇ ਦੱਖਣੀ ਭਾਰਤ ਉਪਰ ਪ੍ਰਭਾਵ ਹੋ ਰਿਹਾ ਸੀ —ਬੋਧਾਂ ਤੇ ਜੈਨੀਆਂ ਨਾਲ ਸੰਪਰਕ ਤੇ ਟੱਕਰ ਹੋ ਰਹੀ ਸੀ, ਉਸ ਸਮੇਂ ਪੰਜਾਬ ਵਿਚ ਕ੍ਰਮਵਾਰ ਦੇਵੀ ਪੂਜਾ, ਸ਼ੈਵ ਮਤ ਅਤੇ ਸਿੱਧ ਮਤ ਦਾ ਜ਼ੋਰ ਸੀ। ਦੱਰਾ ਖੈਬਰ ਵਲੋਂ ਹੋਏ ਹਮਲਿਆਂ ਤੇ ਰਾਜਸੀ ਤਬਦੀਲੀਆਂ ਨਾਲ ਬ੍ਰਾਹਮਣ-ਵਾਦ ਦਾ ਓਪਰਾ ਜਿਹਾ ਅਸਰ ਸੀ। ਇਹ ਅਸਰ ਕਾਸ਼ਤਕਾਰ ਜਾਤਾਂ-ਜਮਾਤਾਂ ਉਪਰ ਹੋਰ ਵੀ ਘਟ ਸੀ ਕਿਉਂਕਿ ਇਹਨਾਂ ਨੂੰ ਧਰਮ ਨਾਲੋਂ ਧਰਤੀ ਵਧੇਰੇ ਪਿਆਰੀ ਸੀ। ਹਾਂ, ਪੰਜਾਬ ਦੀਆਂ ਗੈਰ ਕਾਸ਼ਤਕਾਰ ਜਾਤਾ ਤੇ ਮੱਧ ਸ੍ਰੇਣੀ ਉਪਰ ਬ੍ਰਾਹਮਣਵਾਦੀ ਰਹੁ-ਰੀਤਾਂ ਅਤੇ ਪਰਿਪਾਟੀਆਂ ਦਾ ਅਸਰ ਸੀ। ਜਿੱਥੇ ਹਿੰਦੂ ਸਮਾਜ ਦਾ ਇਹ ਭਾਗ ਵੀ ਬ੍ਰਾਹਮਣਵਾਦ ਦੀ ਜਕੜਬੰਦ ਤੋਂ ਔਖਾ ਸੀ ਓਥੇ ਬ੍ਰਾਹਮਣਵਾਦ ਨੂੰ ਸਿਰਮੌਰ ਜਾਤ ਦਾ ਉਹ ਸਥਾਨ ਪ੍ਰਾਪਤ ਸੀ ਜੋ ਮਥੁਰਾ, ਕਾਸ਼ੀ ਤੇ ਹਰਿਦਵਾਰ ਵਾਲੇ ਇਲਾ-ਕਿਆਂ ਵਿਚ।

ਬ੍ਰਾਹਮਣਵਾਦ ਦੀ ਟੇਕ ਪਰਿਪਾਟੀਆ, ਵਧਦੇ ਤੇ ਗੁੰਝਲਦਾਰ ਹੁੰਦੇ ਕਰਮਕਾਂਡ ਅਤੇ ਜਾਤ-ਪਾਤ ਦੀ ਵਿਵਸਥਾ ਉਪਰ ਸੀ। ਗੁਰਬਾਣੀ ਜਾਂ ਗੁਰਮਤ; ਬ੍ਰਾਹਮਣਵਾਦ ਨਾਲ ਸਿਧਾਂਤਕ ਤੇ ਸਮਾਜਕ ਲੜਾਈ ਵਿਚ ਇਕੱਲਾ ਨਹੀਂ ਸੀ। (ਭਾਰਤੀ ਤੇ ਸੂਫੀ ਲਹਿਰਾਂ ਵੀ ਆਪੋ ਆਪਣੇ ਪੱਖਾ ਤੇ ਖੇਤਰਾਂ ਤੋਂ ਇਸ ਨਾਲ ਸੰਘਰਸ਼ ਕਰ ਰਹੀਆਂ ਸਨ)। ਪਰ ਸਿਖ ਮਤ ਉਪ੍ਰੋਕਤ, ਭੂਗੋਲਿਕ ਸਮਾਜਕ ਕਾਰਨਾਂ ਕਰਕੇ ਬ੍ਰਾਹਮਣਵਾਦ ਨਾਲ ਪ੍ਰਭਾਵਕ ਰੂਪ ਵਿਚ ਲੜ ਕੇ ਬਹੁਤ ਹੱਦ ਤਕ ਕੇਵਲ ਪੁਜਾਰੀ ਵਰਗ ਵਜੋਂ ਹੀ ਇਸ ਨੂੰ ਮੈਦਾਨੋਂ ਕਢ ਸਕਿਆ। ਸ੍ਰੇਣੀ-ਵੰਡ ਦੀ ਲੋੜ ਹਰ ਧਰਮ ਅਤੇ ਹਰ ਪ੍ਰਕਾਰ ਦੀ ਰਾਜ-ਸੱਤਾ ਦੀ ਲੋੜ ਰਹੀ ਹੈ। ਸੋ ਜਿਵੇਂ ਇਸਲਾਮੀ ਸਮਾਜ ਵਿਚ ਸ੍ਰੇਣੀ-ਵੰਡ; ਕੁਰੇਸ਼ੀ, ਸੱਯਦਾਂ, ਕਜ਼ਲਬਾਸ਼ਾਂ, ਸੁਹਰਾਵਰਦੀਆਂ, ਵਹਾਬੀਆਂ ਅਤੇ ਹੇਠਲੀਆ ਜਮਾਤਾਂ ਸੱਕਿਆਂ ਭਰਾਈਆਂ, ਮੁਸੱਲੀਆਂ-ਮਿਰਾਸੀਆਂ ਵਿਚਕਾਰ ਕਾਇਮ ਰਹੀ ਕੁਝ ਇੰਜ ਹੀ ਇਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿਖ ਸਮਾਜ ਵਿਚ ਪ੍ਰਵੇਸ਼ ਪਾ ਗਈ ਜਿਵੇਂ ਅਗਲੇ ਕਿਸੇ ਪਰਕਰਨ ਵਿਚ ਦੇਖਾਂਗੇ, ਜਾਤ-ਪਾਤ ਅਤੇ ਬ੍ਰਾਹਮਣ-

ਵਾਦ ਵੀ ਸਿਖ ਸਮਾਜ ਵਿਚ ਆ ਗਏ । ਏਨਾ ਹੀ ਨਹੀਂ, ਸਿਖ ਸਮਾਜ ਨੇ ਆਪਣਾ ਬ੍ਰਾਹਮਣ ਅਤੇ ਬ੍ਰਾਹਮਣਵਾਦ ਵੀ ਪੈਦਾ ਕਰ ਲਿਆ ਹੈ ।

ਸੋਚੀਏ ! ਕਿਤੇ ਸਿਖਾਂ ਅੰਦਰਲੀ ਸ਼੍ਰੇਣੀ-ਵੰਡ, ਜਾਤ-ਪਾਤ ਅਤੇ ਬ੍ਰਾਹਮਣਵਾਦ ਆਪਣੇ ਆਪ ਨੂੰ ਲੁਕਾਉਣ ਲਈ ਤਾਂ ਹਿੰਦੂ ਬ੍ਰਾਹਮਣਵਾਦ ਦਾ ਰੌਲਾ ਨਹੀਂ ਪਾ ਰਹੇ ?

**ਸਿਖੀ ਦਾ ਕੇਂਦਰੀਕਰਨ** :— ਸ਼ਰੀਰ ਅਤੇ ਵਿਚਾਰ ਦੇ ਸੰਬੰਧ ਵਿਚ ਗੁਰਬਾਣੀ ਦੀ, ਉਚ-ਦਾਰਸ਼ਨਿਕ ਪੱਧਰ ਦੀ ਇਕ ਤੁਕ ਹੈ :

ਜਬ ਅਕਾਰੁ ਇਹ ਕਛੁ ਨ ਦ੍ਰਿਸਟੇਤਾ ॥
ਪਾਪ ਪੁੰਨ ਤਬ ਕਹ ਤੇ ਹੋਤਾ ॥

ਬਾਹਰ-ਮੁਖਤਾ ਦੇ ਅੰਤਰ-ਮੁਖਤਾ ਨਾਲ ਵਿਰੋਧ-ਵਿਕਾਸ ਅਨੁਸਾਰ, ਗੋਇੰਦ-ਵਾਲ ਤਕ ਦੇ ਨਗਰ ਵਸਾਉਣ ਮਗਰੋਂ ਜਦ ਇਹ ਜ਼ਰੂਰੀ ਹੋ ਗਿਆ ਕਿ ਹੁਣ ਤਕ ਵਿਕਸਤ ਹੋਈ ਸਿਖੀ ਦਾ ਹੋਰ ਯੋਗ ਕੇਂਦਰ ਬਣਾਇਆ ਜਾਏ ਤਾਂ ਉਸ ਥਾਂ ਦੀ ਚੋਣ ਕੀਤੀ ਗਈ ਜਿਥੇ ਗੁਰੂ ਰਾਮ ਦਾਸ ਚੱਕ (ਅਜ ਕਲ੍ਹ ਅੰਮ੍ਰਿਤਸਰ) ਵਸਾਇਆ ਗਿਆ ।

ਏਥੋਂ ਦੇ ਛੰਭ—ਦੁਖ ਭੰਜਣੀ ਦੇ ਪੁਰਾਤਨ ਕਾਲ ਤੋਂ ਅੰਮ੍ਰਿਤ-ਕੁੰਡ ਦੀ ਹੋਂਦ ਦਾ ਵਰਣਨ ਉਸ ਮਿਥਹਾਸੀਕਰਨ ਦੀ ਦੇਣ ਹੈ ਜੋ ਹਰ ਧਰਮ ਵਿਚ ਆ ਹੀ ਜਾਂਦਾ ਹੈ ਪਰ ਸਚ ਇਹ ਹੈ ਕਿ ਇਸ ਧਰਤੀ ਦੇ ਇਕ ਟੁਕੜੇ ਦੀ ਚੋਣ ਭੂਗੋਲਿਕ ਆਰਥਕ (ਬਿਉਪਾਰਕ) ਪੱਖ ਤੋਂ ਪੂਰਣ ਭਾਂਤ ਸੁਯੋਗ ਸੀ ।

ਤੁਰਕੀ ਸਲਤਨਤ ਸਮੇਂ ਤੋਂ ਕਾਫਲਿਆਂ-ਕਾਰਾਵਾਨਾਂ ਅਤੇ ਸੂਫੀਆ ਸਮੇਤ ਹਮਲਾਵਰਾਂ ਦਾ ਪੜਾ ਮੁਲਤਾਨ ਤੋਂ ਹਟ ਕੇ ਲਾਹੌਰ ਬਣਦਾ ਜਾ ਰਿਹਾ ਸੀ । ਸ਼ੇਰ ਸਾਹ ਸੂਰੀ ਦੀ ਜਰਨੈਲੀ ਸੜਕ ਪੇਸ਼ਾਵਰ ਤੋਂ ਚਲ ਕੇ ਬੰਗਾਲ ਤਕ ਲਾਹੌਰ ਕੋਲੋਂ ਲੰਘ ਕੇ ਪਹੁੰਚਦੀ ਸੀ । ਇੰਜ ਅਜੋਕੇ ਅੰਮ੍ਰਿਤਸਰ ਦਾ ਸਥਾਨ — ਹਰੀ ਕੇ ਪੱਤਣ ਨਾਲ ਜੁੜਦੇ ਗੋਇੰਦਵਾਲ ਦੇ ਦਰਿਆਈ ਰਾਹ ਨਾਲੋਂ ਵੀ ਚੰਗਾ ਸੀ ਅਤੇ ਲਾਹੌਰ ਤੋਂ ਕਸ਼ਮੀਰ ਸਰਹਿੰਦ-ਦਿੱਲੀ ਦੇ ਚੌਰਾਹੇ ਤੇ ਸਥਿਤ ਸੀ । ਗੁਰੂ ਪੁੱਤਰਾਂ ਮੋਹਨ ਤੇ ਮੋਹਰੀ ਦੇ ਦਵੈਸ਼ ਭਾਵ ਤੋਂ ਛੁਟਕਾਰਾ ਤਾਂ ਝੂੰਗੇ ਵਿਚ ਹੋ ਗਿਆ ।

ਰਵਾਇਤ ਹੈ ਕਿ ਮੁਗਲੀਆ ਕਾਲ ਦੇ ਜ਼ਮੀਨੀ ਪ੍ਰਬੰਧ ਅਨੁਸਾਰ ਸੁਯੁਰਗਲ

ਜਾਗੀਰ - ਜੋ ਰਾਜਕੀ ਮਲਕੀਅਤ ਦਾ 3 ਪ੍ਰਤੀਸ਼ਤ ਹੁੰਦੀ ਸੀ, ਅਤੇ ਜਿਸ ਵਿਚੋਂ ਅਕਬਰ ਸਮੇਂ ਉਲਮਾ, ਮੁਸਲਿਮ ਤੇ ਹੋਰ ਮਤਾਂ ਦੇ ਧਾਰਮਿਕ ਨੇਤਾਵਾਂ ਨੂੰ 'ਮੁਲਕ', 'ਵਕਫ' ਆਦਿਕ ਨਾਵਾਂ ਹੇਠ ਨਿਜੀ ਮਲਕੀਅਤ ਵਜੋਂ ਦਿਤੀ ਜਾ ਸਕਦੀ ਸੀ— ਵਿਚੋਂ ਚੋਖੀ ਜ਼ਮੀਨ ਤੀਜੀ ਗੁਰੂ ਗੱਦੀ ਨੂੰ ਪੇਸ਼ ਕੀਤੀ ਗਈ ਸੀ। ਪਰ ਅੰਮ੍ਰਿਤਸਰ ਵਾਲੀ ਧਰਤੀ ਖਰੀਦ ਕੇ ਗੁਰੂ ਘਰ ਨੇ ਬਾਦਸ਼ਾਹਤ ਤੋਂ ਨਵੇਕਲੇ ਰਹਿਣ ਦਾ ਠੀਕ ਕਦਮ ਚੁਕਿਆ।

ਅੰਮ੍ਰਿਤਸਰ ਨੂੰ ਸਿਫਤੀ ਦਾ ਘਰ ਬਨਾਉਣ ਵਿਚ ਇਸ ਦੀ ਧਰਮ ਨਿਰਪੱਖ ਨੀਂਹ ਰਖਣ ਅਤੇ ਚੋਹੋ ਵਰਨਾਂ ਲਈ ਚਾਰ ਬੂਹ ਰਖਣ ਦਾ ਹੀ ਰੋਲ ਨਹੀਂ ਸਗੋਂ ਕਿੰਨੀਆਂ ਹੀ ਢਾਬਾਂ (ਜੋ ਅੰਨ ਤੇ ਮਾਲ ਮੰਡੀਆਂ ਲਈ ਜ਼ਰੂਰੀ ਸਨ), ਵਖ ਵਖ ਅੰਨ ਦਾਣੇ, ਦਾਲਾ, ਵਸਤਾਂ, ਸਾਜ਼-ਸਾਮਾਨ, ਖਾਦ ਵਸਤਾਂ, ਤਿਆਰ ਜਿਨਸਾਂ ਦੀ ਵਿਕਰੀ ਲਈ ਮੰਡੀਆਂ, ਸਭਨਾਂ ਜ਼ਰੂਰੀ ਪੇਸ਼ਿਆਂ-ਕਿੱਤਿਆਂ ਦੀ ਰਿਹਾਇਸ਼ ਲਈ ਬਾਜ਼ਾਰਾਂ-ਮਹਲਿਆਂ ਨੂੰ ਵਿਉਂਤਣ ਵਸਾਉਣ ਦਾ ਵੀ ਹੱਥ ਸੀ। ਚੌਥੇ, ਪੰਚਮ ਤੇ ਛਟਵੇਂ ਗੁਰੂਆਂ ਦਾ ਬੱਤੀ ਹੱਟਾਂ, ਗੁਰੂ ਬਾਜ਼ਾਰ ਆਦਿਕ ਮੰਡੀਆਂ ਵਿਚ ਜਾਣਾ ਤੇ ਬਿਉਪਾਰੀਆਂ ਦੁਕਾਨਦਾਰਾਂ ਦਾ ਹਾਲ ਚਾਲ ਪੁਛਣਾ ਨਗਰ ਦੇ ਆਰਥਕ ਹਾਲਾਤ ਵਿਚ ਉਹਨਾਂ ਦੀ ਦਿਲਚਸਪੀ ਨੂੰ ਦਿਖਾਉਂਦਾ ਹੈ। ਚੰਗੇਰੀ ਭੂਗੋਲਿਕ ਸਥਿਤੀ ਵਿਚ ਸੁਥਰੇ ਤੇ ਪੁਰਅਮਨ ਬਿਉਪਾਰ ਲਈ ਵਿਉਂਤਬੰਦ ਨਗਰ ਵਸਾਉਣਾ ਦਸਦਾ ਹੈ ਕਿ ਗੁਰੂ ਘਰ ਸਿਖੀ ਦੇ ਦਿਭ-ਗੁਣਾਂ ਉਪਰ ਹੀ ਨਿਰਭਰ ਹੋ ਕੇ ਆਰਥਕ ਪਦਾਰਥਕ ਪੱਖਾਂ ਨੂੰ ਅਣਡਿੱਠ ਨਹੀਂ ਸੀ ਕਰ ਸਕਦਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਅੰਮ੍ਰਿਤਸਰ ਸਿਖੀ ਦੇ ਸਰਬ ਉਚ ਕੇਂਦਰ ਵਜੋਂ ਵਿਕਸਤ ਹੋਣ ਵਿਚ ਆਲੇ ਦੁਆਲੇ ਦੇ ਵਸਨੀਕਾਂ ਦੀਆਂ ਨਸਲੀ ਤੇ ਮਾਨਸਿਕ ਵਿਸ਼ੇਸ਼ਤਾਈਆਂ, ਧਰਤੀ ਦੀ ਮੱਧ-ਸ਼੍ਰੇਣਕ ਵੰਡ, ਇਸ ਦੀ ਉਪਜਾਇਕਤਾ ਦਾ ਨਿਰ-ਣਾਇਕ ਹੱਥ ਹੈ।

**ਗੁਰਬਾਣੀ, ਗੁਰੂ ਘਰ ਅਤੇ ਇਸਤਰੀ :—** ਮਾਤ-ਸੱਤਾ ਦੇ ਪੂਰਵ-ਇਤਹਾਸਕ ਕਾਲ ਤੋਂ ਇਸਤਰੀ ਐਸੀ ਸਮਾਨਤਾ ਤੋਂ ਅਸਮਾਨਤਾ ਵਲ ਆਈ ਕਿ ਗਿਣਤੀ ਵਿਚ ਅੱਧੀ ਤੇ ਗੁਣਾਂ ਵਿਚ ਪੂਰੀ ਮਨੁਖਤਾ ਹੋਣ ਤੇ ਵੀ ਕਦੇ ਯੋਗ ਸਥਾਨ ਨਹੀਂ ਪਾ ਸਕੀ। ਕਿੰਨੇ ਹੀ ਆਰਥਕ ਪਦਾਰਥਕ ਯੁਗ ਬੀਤ ਗਏ ਅਤੇ ਕਿੰਨੇ ਹੀ

ਧਰਮਾਂ ਧਰਮਾਤਮਾਂ ਨੇ ਇਸਤਰੀ ਦੇ ਯੋਗ ਸਥਾਨ ਲਈ ਯਤਨ ਕੀਤੇ ਪਰ ਕੁਝ ਪੱਖਾਂ ਵਿਚ ਸੁਧਾਰ ਤੋਂ ਵਧ ਕੁਝ ਨਹੀਂ ਹੋਇਆ। ਸਗੋਂ ਹਰ ਪੈਗੰਬਰ-ਅਵਤਾਰ-ਗੁਰੂ ਤੋਂ ਮਗਰੋਂ ਧਰਮ ਦੀ ਸਥਾਪਤੀ ਪੱਕੀ ਹੋਣ ਨਾਲ ਧਰਮ ਵਲੋਂ ਕੀਤੇ ਸੁਧਾਰ ਵਾਪਸ ਭਾਵੇਂ ਲੀਤੇ ਗਏ ਹੋਣ, ਵਿਕਸਤ ਬਹੁਤ ਘਟ ਹੋਏ ਹਨ। ਕਿਹਾ ਜਾ ਸਕਦਾ ਹੈ ਕਿ ਸਭ ਧਰਮਾਂ-ਮਜ਼ਬਾਂ ਦਾ ਜਨਮ ਹੀ ਪਿਤਰੀ-ਸੱਤਾ ਕਾਲ ਵਿਚ ਹੋਣ ਕਰਕੇ ਇਸਤਰੀ ਕਿਸੇ ਧਰਮ ਦੀ ਬਾਨੀ ਨਹੀਂ ਬਣ ਸਕੀ। ਰੱਬ ਨੂੰ ਵੀ ਬਹੁਤਾ ਮਰਦ ਰੂਪ ਵਿਚ ਚਿਤਵਿਆ, ਚਿਤਰਿਆ ਅਤੇ ਸੰਬੋਧਤ ਕੀਤਾ ਗਿਆ ਹੈ।

ਇਸਤਰੀ ਦੀ ਸਮਾਨਤਾ ਸ਼੍ਰੇਣੀ ਰਹਿਤ ਸਮਾਜ ਜਿੱਡਾ ਮਹਾਨ ਮੁੱਦਾ ਹੈ।

ਇਸਤਰੀ ਦੀ ਸਮਾਨਤਾ ਬਾਰੇ ਨਾ ਹੀ ਇਸ ਤੋਂ ਚੰਗਾ ਦਰਸਾਇਆ ਜਾ ਸਕਦਾ ਸੀ ਜੋ ਗੁਰਬਾਣੀ ਵਿਚ ਦਰਸਾਇਆਂ ਗਿਆ ਹੈ। ਨਾ ਹੀ ਇਸਤਰੀ ਹਿਤਾਂ ਲਈ ਢਾਈ ਕੁ ਸਦੀਆਂ ਦੇ ਗੁਰੂ ਕਾਲ ਵਿਚ ਇਸ ਤੋਂ ਵਧ ਕੁਝ ਕੀਤਾ ਜਾ ਜਾ ਸਕਦਾ ਸੀ। ਸੰਗਤ ਤੋਂ ਲੈ ਕੇ ਘਰ ਤਕ, ਇਸਤਰੀ ਨੂੰ ਜੋ ਸਮਾਨਤਾ ਗੁਰੂ ਘਰ ਵਿਚੋਂ ਮਿਲੀ ਉਸ ਵਿਚ ਪੰਜਾਬ ਅਤੇ ਨਾਲ ਲਗਦੇ ਉਤਰੀ ਭਾਰਤ ਦੇ ਮੈਦਾਨਾਂ ਦੀ ਇਸਤਰੀ ਦੇ ਮੋਕਲੇ ਹੱਡ ਪੈਰਾਂ ਅਤੇ ਦਲੇਰੀ ਦਾ ਵੀ ਹੱਥ ਹੈ ਜੋ ਪਹਿਲਾਂ ਤੋਂ ਮੌਜੂਦ ਸਨ। ਇਸ ਇਸਤਰੀ ਮਾਨਸਿਕਤਾ ਦਾ ਸਬੂਤ ਹਨ ਪੰਜਾਬੀ ਪਿਆਰ-ਕਹਾਣੀਆਂ ਦੀਆਂ ਹੀਰੋਇਨਾਂ—ਹੀਰ, ਸੋਹਣੀ ਤੇ ਸਹਿਤੀ—ਜੋ ਸੰਸਾਰ ਭਰ ਦੀਆਂ ਹੀਰੋਇਨਾਂ ਤੋਂ ਉਲਟ, ਉਦੋਂ ਪਹਿਲਕਦਮੀ ਕਰਦੀਆਂ ਹਨ ਜਦੋਂ ਹੀਰੋ ਵੀ ਹਿੰਮਤ ਹਾਰਨ ਲਗਦਾ ਹੈ।

ਤਾਂ ਵੀ, ਜੇ ਅਵਗਿਆ ਨਾ ਹੋਵੇ ਤਾਂ ਖਿਮਾ ਯਾਚਨਾ ਸਮੇਤ ਪ੍ਰਸ਼ਨ ਹੈ ਕਿ ਛੇਵੇਂ ਗੁਰੂ ਤੇ ਕੌਲਾਂ ਅਤੇ 'ਕੁਆਰੇ ਡੋਲੇ' ਸਮੇਤ ਗੁਰੂ ਗੋਬਿੰਦ ਸਿੰਘ ਦੇ 'ਮਹਿਲਾਂ' ਦੀ ਗਿਣਤੀ ਦਾ ਉਤਰ ਸਮਾਜ ਨੂੰ ਨਹੀਂ ਤਾਂ ਆਪਣੇ ਆਪ ਨੂੰ ਦੇਣਾ ਪਵੇਗਾ!

**ਗੁਰਿਆਈ ਦਾ ਪ੍ਰਸ਼ਾਸਨਿਕ ਅੰਗ :—** ਧਰਮ, ਧਾਰਮਿਕ ਸੰਸਥਾਵਾਂ ਤੇ ਮਰਯਾਦਾ, ਸਮਾਜਕ ਜਾਂ ਮਾਨਵੀ ਆਧਾਰ ਤੋਂ ਬਿਨਾਂ ਨਹੀਂ ਚਲਦੀਆਂ। ਪਹਿਲੀ ਤੋਂ ਲੈ ਕੇ ਛੇਵੀਂ ਗੁਰੂ-ਗੱਦੀ ਤਕ ਬਾਬਾ ਬੁਢਾ ਦਾ ਜੋ ਵਰਨਣ ਆਉਂਦਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਬਾਬਾ ਬੁਢਾ ਸਮੇਤ ਕੁਝ ਵਿਦਵਾਨ, ਦੂਰ ਅੰਦੇਸ਼ ਤੇ ਨਿਕਟ ਵਰਤੀ ਸਿਖਾਂ ਦਾ ਗੁਰੂ ਘਰ ਦੇ ਪ੍ਰਬੰਧ ਚਲਾਉਣ, ਪਰਿਪਾਟੀ-ਨਿਤਨੇਮ ਵਿਉਂਤਣ

ਅਤੇ ਮਰਯਾਦਾ ਨੂੰ ਚਲਾਉਣ ਵਿਚ ਢੇਰ ਹੱਥ ਰਿਹਾ ਹੈ। ਭਾਈ ਗੁਰਦਾਸ ਤੋਂ ਲੈ ਕੇ ਬਿਧੀ ਚੰਦ ਅਤੇ ਸੁਥਰਾ ਆਦਿਕ ਦੇ ਨਾਂ ਆਉਂਦੇ ਹਨ ਜਿਨ੍ਹਾਂ ਵਿਚ ਬਾਈ ਮੰਜੀ-ਦਾਰ, ਪਰਚਾਰਕ ਅਤੇ ਮਗਰੋਂ ਨਿਕਟਵਰਤੀ ਮਸੰਦ, ਨਿਰਣਾਇਕ ਰੋਲ ਨਿਭਾਉਂਦੇ ਰਹੇ ਹੋਣ ਗੇ।

ਪਹਿਲੀ ਤੋਂ ਚੌਥੀ ਗੁਰੂ ਗੱਦੀ ਦੇਣ ਤਕ ਯੋਗਤਮ-ਸੁਯੋਗਤਮ ਨੂੰ ਮੁਖ ਰਖਿਆ ਗਿਆ ਸਪਸ਼ਟ ਦਿਸਦਾ ਹੈ। ਪਰ ਚੌਥੀ ਤੋਂ ਅੰਤਮ ਗੁਰੂ ਗੱਦੀ ਤਕ ਇਕੋ ਪਰਿਵਾਰ—ਸੋਢ-ਬੰਸ—ਵਿਚ ਯੋਗਤਮ ਨੂੰ ਸੀਮਤ ਹੋਇਆ ਦੇਖਦੇ ਹਾਂ। ਸਾਖੀਆਂ ਵਿਚ ਵਰਨਣ ਹੈ ਕਿ ਤੀਜੇ ਗੁਰੂ ਅਮਰ ਦਾਸ ਦੀ ਸਪੁਤਰੀ ਬੀਬੀ ਭਾਨੀ ਨੇ ਇਸ਼-ਨਾਨ ਕਰ ਰਹੇ ਪਿਤਾ ਦੀ ਟੁੱਟੇ ਪਾਵੇ ਵਾਲੀ ਚੌਂਕੀ ਹੇਠ ਆਪਣੀ ਬਾਹ ਦੇ ਕੇ ਆਪਣੇ ਪਤੀ ਗੁਰੂ ਰਾਮਦਾਸ ਦੇ ਬੰਸ ਵਿਚ ਗੁਰਿਆਈ ਰਹਿਣ ਦਾ ਵਰ ਪ੍ਰਾਪਤ ਕਰ ਲਿਆ ਸੀ। ਕਰਾਮਾਤ ਵਰਗੇ ਵਰਤਾਰੇ; ਵਰ-ਸ੍ਰਾਪ ਵਿਚ ਗੁਰਬਾਣੀ ਅਤੇ ਗੁਰ ਮਰਯਾਦਾ ਦਾ ਕੋਈ ਵਿਸ਼ਵਾਸ ਨਹੀਂ। ਇਸ ਲਈ ਗੁਰੂ-ਗੱਦੀ ਦੀ ਇਸ ਭਾਤ ਦੀ ਨਿਰੰਤਰਤਾ ਬਾਰੇ ਕਿੰਤੂ ਹੋਣੇ ਆਵੱਸ਼ਕ ਹਨ।

ਸੱਤਵੀਂ ਤੋਂ ਨੌਵੀਂ ਗੁਰੂ ਗੱਦੀ ਤਕ ਕੁਝ ਇਤਹਾਸਕ-ਤੱਥਾਤਮਕ ਅਸੰਗ-ਤੀਆਂ ਹਨ ਜਿਨ੍ਹਾਂ ਤੋਂ ਸਿਖ ਵਿਦਵਾਨਾਂ ਅਤੇ ਇਤਹਾਸਕਾਰਾਂ ਨੇ ਆਪ ਕਿੰਤੂ ਤੇ ਸੰਦੇਹ ਪੈਦਾ ਕੀਤੇ ਹਨ। ਮੁੜ ਇਹਨਾਂ ਕਿੰਤੂਆਂ ਦੇ ਉਤਰ ਅਲੌਕਿਕ ਕਾਰਨਾਂ ਅਨੁਸਾਰ ਦਿਤੇ ਹਨ। ਕਿੰਤੂ ਪੈਦਾ ਹੋਏ ਹਨ :

ਬਾਬਾ ਗੁਰਦਿਤਾ, ਬਾਬਾ ਅਟਲ, ਅਤੇ ਤੇਗ ਬਹਾਦਰ ਦੇ ਹੁੰਦਿਆਂ ਹਰਿ ਰਾਏ ਨੂੰ ਗੁਰੂ ਗੱਦੀ ਮਿਲਣ ਦੇ ਆਧਾਰ ਸੰਬੰਧੀ ਕਿੰਤੂ ਤਾਂ ਨਵਿਰਤ ਹੋ ਜਾਂਦੇ ਹਨ ਪਰ ਪਿਛੋਂ ਅਸੰਗਤੀਆਂ ਵਧਦੀਆਂ ਹਨ।

ਜਿਵੇਂ, ਸ਼ਾਹੀ ਸੱਦਾ ਆਉਣ ਤੇ ਸੱਤਵੇਂ ਗੁਰੂ ਹਰਿ ਰਾਏ ਦਾ ਔਰੰਗਜ਼ੇਬ ਨੂੰ ਮਲੇਛ ਦੱਸ ਕੇ ਆਪ ਤਾਂ ਨਾ ਜਾਣਾ ਪਰ ਆਪਣੇ ਪੁਤਰ ਰਾਮ ਰਾਏ ਨੂੰ ਕੁਝ ਮਸੰਦਾਂ ਪਰਚਾਰਕਾਂ ਨਾਲ ਸ਼ਾਹੀ ਪੁੱਛਾਂ-ਤਫਤੀਸ਼ਾਂ ਦੀ ਨਵਿਰਤੀ ਲਈ ਭੇਜਣਾ।

ਨਿਸਚਿਤ ਹੀ ਸਪਤਮ ਗੁਰੂ ਆਪਣੇ ਪੁਤਰ ਦੀ ਸੁਯੋਗਤਾ ਅਤੇ ਸੁਹਿਰਦਤਾ ਬਾਰੇ ਜਾਣਦੇ ਹੋਣਗੇ ਜਿਸ ਬਾਰੇ ਬਾਅਦ ਵਿਚ ਇਨਕਸ਼ਾਫ ਇਹ ਹੋਇਆ ਕਿ ਉਨ੍ਹਾਂ ਨੇ ਗੁਰਬਾਣੀ ਦਾ ਪਾਠ ਤੇ ਅਰਥ ਹੀ ਨਹੀਂ ਸਨ ਬਦਲੇ; ਕਰਾਮਾਤਾਂ ਦੇਖ ਕੇ ਪਤੀ-

ਜਣ ਵਾਲੇ ਸ਼ਾਹੀ ਦਰਬਾਰ ਨੂੰ ਕਰਾਮਾਤਾਂ ਵੀ ਕਰ ਦਿਖਾਈਆਂ ਸਨ।

ਕਰਾਮਾਤਾਂ ਦਿਖਾਉਣ ਵਾਲਾ ਪੁਤਰ ਰਾਮ ਰਾਏ ਤਾਂ ਗੁਰੂ ਘਰ ਤੋਂ ਛੇਕਿਆ ਜਾਂਦਾ ਹੈ ਪਰ ਗੁਰੂ ਹਰਿ ਰਾਏ ਜਿੰਨੇ ਹੀ ਤੇਜੱਸਵੀ ਵੀਰ—ਤੇਗ ਬਹਾਦੁਰ—ਨੂੰ ਛਡ ਕੇ ਗੁਰੂ ਗੱਦੀ ਬਾਲ (ਬਾਲਾ ਪ੍ਰੀਤਮ) ਹਰਿ ਕਿਸ਼ਨ ਨੂੰ ਮਿਲ ਜਾਂਦੀ ਹੈ। ਫੇਰ, ਗੋਲੀਆਂ ਵਿਚ ਰਲੀ ਜੈ ਸਿੰਘ ਦੀ ਰਾਣੀ ਨੂੰ ਪਛਾਨਣ, ਅਫਰਾਹੂ ਗੰਵਾਰ ਨੂੰ ਖੂੰਡੀ ਛੁਹਾ ਕੇ ਪ੍ਰਕਾਂਡ ਪੰਡਤ ਨਾਲ ਸ਼ਾਸਤਾਰਥ ਕਰਾ ਦੇਣ ਅਤੇ ਪਲੇਗ ਤੋਂ ਤ੍ਰਾਹੇ ਦਿੱਲੀ ਵਾਲਿਆਂ ਨੂੰ ਰਾਜ਼ੀ ਕਰਨ ਦੀਆਂ ਕਰਾਮਾਤਾਂ ਗੁਰੂ ਹਰਿ ਕਿਸ਼ਨ ਜੀ ਨਾਲ ਜੋੜੀਆਂ ਗਈਆਂ ਹਨ।

ਇਕ-ਪੁਰਖੀ ਸੰਸਥਾ ਸਥਾਪਤੀ ਰਾਜ ਦੀ ਹੋਵੇ, ਧਰਮ ਦੀ ਜਾਂ ਵਿਦਿਆ ਦੀ; ਉਸ ਦਾ ਨਿਤ ਨੇਮ ਚਲਾਉਣ ਲਈ ਇਕ ਪ੍ਰਸ਼ਾਸਨਿਕ ਅੰਗ ਇਕ ਪਰਖੀ ਹੋਈ ਨਿਕਟਵਰਤੀ ਢਾਣੀ (Caucus) ਤੋਂ ਬਿਨਾਂ ਗੁਜ਼ਾਰਾ ਨਹੀਂ। ਇਹ ਸਮਾਜਕ ਵਰਤਾਰਾ ਹੈ ਜੋ ਗੁਰੂ-ਗੱਦੀ ਨਾਲ ਸੰਬੰਧਤ ਰਿਹਾ। ਜੇ ਗੁਰੂ ਗੱਦੀ ਦੀ ਚੋਣ ਅਤੇ ਨਿਰੰਤਰਤਾ ਦੇ ਹਰ ਪ੍ਰਸ਼ਨ ਜਾਂ ਕਿੰਤੂ ਦਾ ਸਮਾਧਾਨ ਕੇਵਲ ਅਲੌਕਿਕਤਾ ਵਿਚੋਂ ਨਾ ਲੱਭੇ ਤਾਂ ਸਾਨੂੰ ਬਾਬਾ ਬੁਢਾ-ਭਾਈ ਗੁਰਦਾਸ ਤੋਂ ਚਲ ਕੇ ਬਾਈ ਮੰਜੀਆਂ, ਅਨੇਕਾਂ ਪਰਚਾਰਕਾਂ ਅਤੇ ਮਸੰਦਾਂ ਵਿਚੋਂ ਨਿਕਟ-ਵਰਤੀ ਢਾਣੀ ਨੂੰ ਲੱਭਣਾ ਅਤੇ ਇਸ ਦੇ ਸਮੂਹਿਕ ਜਾਂ ਗੁਟਬੰਦਕ ਰੋਲ ਨੂੰ ਗੁਰੂ ਗੱਦੀ ਦੀ ਚੋਣ ਤੇ ਨਿਰੰਤਰਤਾ ਦੇ ਸੰਦਰਭ ਵਿਚ ਵੇਖਣਾ ਪਵੇਗਾ।

ਇਸ ਲਈ ਵੀ ਵੇਖਣਾ ਪਵੇਗਾ ਕਿ ਗੁਰੂ ਗੋਬਿੰਦ ਸਿੰਘ ਨੇ ਮਸੰਦ-ਪ੍ਰਥਾ-ਸੰਸਥਾ ਨੂੰ ਹਿਸਕ ਢੰਗ ਨਾਲ ਮਿਟਾ ਦਿਤਾ ਸੀ।

# 6. ਬੰਦਾ ਸਿੰਘ ਬਹਾਦਰ : ਸ਼੍ਰੇਣੀ-ਹਿਤ ਆਪਣੇ ਪੰਥ ਉਪਰ

ਮਾਧੋ ਦਾਸ ਬੈਰਾਗੀ ਦਾ ਗੁਰੂ ਗੋਬਿੰਦ ਸਿੰਘ ਪਾਸੋਂ ਸਿੰਘ ਸਜ ਕੇ ਬੰਦਾ ਸਿੰਘ ਬਣੇ ਸੂਰਮੇ ਦਾ ਇਤਹਾਸ ਅਤੇ ਕਾਰਨਾਮੇ ਜਿੰਨੇ-ਰੋਮਾਂਚਕਾਰੀ ਹਨ ਉਸ ਦਾ ਰਸਾਤਲ ਉਨਾ ਹੀ ਰਹਿਸਮਈ ਅਤੇ ਅੰਤ ਦੁਖਦਾਈ ਹੈ। ਉਹ ਆਪ ਅਤੇ ਉਸਦਾ ਸਮਾਂ ਗੁਰੂ-ਕਾਲ ਅਤੇ ਗੁਰੀਲਾ ਜਾਂ ਮਿਸਲ-ਕਾਲ ਵਿਚ ਕੜੀ ਸੀ ਜਿਸ ਵਿਚੋਂ ਬੜੀ ਅਮੀਰ ਇਤਹਾਸਕ ਸਾਮਗਰੀ ਮਿਲ ਸਕਦੀ ਸੀ।

ਸਿੱਖਾਂ ਦੇ ਲਿਖੇ ਇਤਹਾਸਾਂ ਵਿਚ ਉਸ ਦੇ ਬੈਰਾਗੀ ਬਣਨ, ਰਿੱਧੀਆਂ ਸਿੱਧੀਆਂ ਦੇ ਮਾਲਕ ਵਜੋਂ ਪ੍ਰਸਿੱਧੀ, ਗੁਰੂ ਗੋਬਿੰਦ ਸਿੰਘ ਨੂੰ ਆਪਣੇ ਕਰਾਮਾਤੀ ਜੌਹਰ ਦਿਖਾਉਣ ਅਤੇ ਮੁੜ ਸਿੰਘ ਸੱਜ ਕੇ ਸਰਹਿੰਦ ਦੀ ਇੱਟ ਨਾਲ ਇੱਟ ਜਾ ਖੜਕਾਉਣ ਦੇ ਹਾਲ, ਸਿਖ ਇਤਹਾਸ-ਸੰਗ-ਕਥਾਕਾਰਾਂ ਨੇ ਇਕ ਤੋਂ ਇਕ ਵਧ ਚੜ੍ਹ ਕੇ ਬਿਆਨ ਕੀਤੇ ਹਨ। ਪਰ ਸਰਹਿੰਦ ਤੋਂ ਅਗੇ ਵਧਦਿਆਂ ਹੀ—ਦੁੱਧ ਤੇ ਬੁੱਧ ਫਿਟਦਿਆਂ ਦੇਰ ਨਹੀਂ ਲਗਦੀ—ਦੇ ਅਖਾਨ ਵਰਗਾ ਕੋਈ ਭਾਣਾ ਬੰਦਾ ਸਿੰਘ ਨਾਲ ਵਰਤਿਆ ਜਾਪਦਾ ਹੈ। ਸਰਹਿੰਦ ਤਕ ਜਦ ਕਿ ਮਾਲਵੇ ਅਤੇ ਦੁਆਬੇ-ਮਾਝੇ ਦੇ ਸਿੰਘ ਅਜੇ ਪੂਰੀ ਤਰ੍ਹਾਂ ਜੁੜੇ ਅਤੇ ਬੰਦੇ ਦੀ ਫੌਜ ਨਾਲ ਮਿਲੇ ਨਹੀਂ ਸਨ, ਬੰਦਾ ਸਰਹਿੰਦ ਜਹੇ ਕਿਲੇ ਤੇ ਸੂਬੇ ਨੂੰ ਸਰ ਕਰ ਲੈਂਦਾ ਹੈ ਪਰ ਅੰਮ੍ਰਿਤਸਰ ਤਕ ਪਹੁੰਚਦਿਆ ਉਹ ਨਿਰਬਲ ਅਤੇ ਪਤਿਤ ਸਥਿਤੀ ਫਿਰ ਸਮੁਰੇ ਦਲ ਖਾਲਸਾ ਵਿਚ ਤੱਤ ਖਾਲਸਾ ਤੇ ਬੰਦਈ ਖਾਲਸਾ ਦੀ ਦੁਫੇੜ ਦਾ ਕਾਰਣ ਬਣਦਾ ਹੈ ਅਤੇ ਤਪ ਤੇਜ ਗੁਆ ਕੇ ਮਾਝੇ ਦੇ ਨਰ

ਇਲਾਕੇ ਗੁਰਦਾਸ ਨੰਗਲ (ਅਜ ਕਲ੍ਹ ਗੁਰਦਾਸਪੁਰ) ਦੀ ਕੱਚੀ ਗੜ੍ਹੀ ਵਿਚ ਭੁੱਖਾ-ਭਾਣਾ ਫੜਿਆ ਜਾਂਦਾ ਹੈ। ਜੰਗਲੀ ਜਨੌਰ ਵਾਂਗ ਪਿੰਜਰੇ ਵਿਚ ਬੰਦ ਕਰਕੇ ਉਸ ਨੂੰ ਦਿਲੀ ਪੁਚਾਇਆ ਜਾਂਦਾ ਹੈ। ਉਸ ਦੇ ਮਿਤਰ ਪਿਆਰੇ ਤੇ ਇਕੋ ਪੁਤਰ ਇਕ ਇਕ ਕਰ ਕੇ ਉਸ ਦੇ ਸਾਹਮਣੇ ਅਕਹਿ ਤਸੀਹੇ ਦੇ ਕੇ ਕਤਲ ਕੀਤੇ ਜਾਂਦੇ ਹਨ। ਉਹ ਈਨ ਨਹੀਂ ਮੰਨਦਾ ਅਤੇ ਅਖੀਰ ਖੁਲ੍ਹੇ ਆਮ ਮਾਰਿਆ ਜਾਂਦਾ ਹੈ। ਕੋਈ ਹਾਅ ਦਾ ਨਾਹਰਾ ਨਹੀਂ ਮਾਰਦਾ।

ਕਿਹਾ ਜਾਂਦਾ ਹੈ ਕਿ ਉਸ ਨੇ ਮਾਤਾ ਸੁੰਦਰੀ ਦੇ ਦੋ ਹੁਕਮਨਾਮਿਆਂ ਦੀ ਅਵੱਗਿਆ ਕੀਤੀ ਸੀ ਜਿਨ੍ਹਾਂ ਵਿਚ ਉਸ ਦੇ ਅਸਿੱਖ ਤੇ ਪਤਿਤ ਕਾਰੇ ਦੱਸ ਕੇ ਸਿੱਖੀ ਤੋਂ ਛੇਕ ਦਿਤਾ ਗਿਆ ਸੀ।

ਅਜੋਕੇ ਇਤਿਹਾਸਕਾਰਾ ਨੇ ਬੰਦੇ ਦੇ ਸਮੇਂ ਨੂੰ ਇਤਿਹਾਸਕ ਖੱਪਾ ਦੇਖ ਕੇ ਇਸ ਨੂੰ ਸਮਝਣ ਅਤੇ ਉਕਤੀਆ ਨਾਲ ਭਰਨ ਦੇ ਯਤਨ ਕੀਤੇ ਹਨ। ਪਰ ਅਸਲ ਕਾਰਣ ਅਤੇ ਇਸਦੇ ਵੇਰਵੇ ਵਿਚ ਸਾਇਦ ਇਸ ਲਈ ਜਾਣ ਤੋਂ ਗੁਰੇਜ਼ ਕੀਤਾ ਗਿਆ ਹੈ ਕਿ ਬੰਦੇ ਦੇ ਕਾਰਨਾਮੇ ਅਤੇ ਹਸਰ ਸਿੱਖ ਸਮਾਜ ਦੇ ਅਜਿਹੇ ਨਾਜ਼ਕ ਮੋੜ ਤੋਂ ਪੜਦਾ ਚੁਕਦੇ ਹਨ ਜੋ 'ਸਿਖ ਹਿਤਾਂ' ਦੇ ਅਨੁਕੂਲ ਨਹੀਂ।

ਉਸ ਸਮੇਂ ਦਾ ਇਤਹਾਸ ਖਾਸ ਕਰ ਗਿਆਨੀ ਗਿਆਨ ਸਿੰਘ ਦੇ ਇਤਹਾਸ ਦਾ ਸੰਖੇਪ ਅਤੇ ਇਤਹਾਸ ਦਾ ਵਿਸ਼ਲੇਸ਼ਣ ਪੇਸ਼ ਹੈ:

ਜਦੋਂ ਮਾਧੋ ਦਾਸ ਬੈਰਾਗੀ ਬੰਦਾ ਸਿੰਘ ਸਜ ਗਿਆ ਤਾਂ ਔਰੰਗਜ਼ੇਬ ਮਰ ਚੁਕਾ ਸੀ। ਝੱਟ ਮਗਰੋਂ ਗੁਰੂ ਗੋਬਿੰਦ ਸਿੰਘ ਵੀ ਚਲਾਣਾ ਕਰ ਚੁਕੇ ਸਨ। ਮੱਧ ਭਾਰਤ ਤੋਂ ਦੱਖਣੀ ਭਾਰਤ ਤਕ ਦੇ ਸੁਲਤਾਨ, ਸੂਬੇਦਾਰ ਰਾਜੇ ਅਤੇ ਮਰਾਠੇ ਆਕੀ ਤੇ ਸੁਤੰਤਰ ਹੋ ਰਹੇ ਸਨ। ਦਿਲੀ ਦਰਬਾਰ ਸੂਬਕ ਸਮਸਿਆਵਾਂ ਅਤੇ ਘਰੋਗੀ ਕਲਹ-ਕਲੇਸ ਨਾਲ ਖੋਖਲਾ ਹੋ ਰਿਹਾ ਸੀ। ਸਰਹਿੰਦ ਅਤੇ ਲਾਹੌਰ ਦੇ ਸੂਬੇ ਨਾਂ-ਮਾਤਰ ਸਨ ਅਤੇ ਆਪਣੇ ਆਪ ਵਿਚ ਰੱਜੇ ਹੋਏ ਸਨ। ਪੰਜਾਬ ਤੋਂ ਬਾਹਰ ਕੁਝ ਸਿਖ ਸੰਗਤਾਂ ਬਿਹਾਰ (ਪਟਨੇ), ਦੱਖਣ (ਨਾਂਦੇੜ) ਆਦਿਕ ਵਿਚ ਖਿੰਡੀਆਂ ਹੋਈਆਂ ਸਨ ਇਕ ਸੰਗਤ ਦਿਲੀ ਵਿਚ ਮਾਤਾ ਸੁੰਦਰੀ ਦੇ ਨਾਲ ਟਿਕੀ ਹੋਈ ਸੀ। ਪੰਜਾਬ ਗੁਰੂ ਤੇਗ ਬਹਾਦਰ ਦੇ ਸਮੇਂ ਤੋਂ ਗੁਰੂ ਦੀ ਹਾਜ਼ਰੀ ਤੋਂ ਵਿਰਵਾ ਸੀ ਅਤੇ ਹੁਣ ਗੁਰੂ ਗੋਬਿੰਦ ਸਿੰਘ ਤੋਂ ਬਾਦ ਪੰਜਾਬ ਦੀਆਂ ਸਿਖ ਸੰਗਤਾਂ ਦੇ ਸਿਰ ਤੇ ਕੋਈ ਗੁਰੂ

ਨਹੀਂ ਸੀ।

ਦੱਖਣ ਤੋਂ ਚਲ ਕੇ ਬੰਦੇ ਨੇ ਦਿਲੀ ਵਲ ਨਹੀਂ ਵੇਖਿਆ। ਉਹ ਸਿੱਧਾ ਸਰਹਿੰਦ ਵਲ ਧਾਇਆ। ਸਪਸ਼ਟ ਹੈ ਕਿ ਉਸ ਦੇ ਸਾਹਮਣੇ ਸਰਹਿੰਦ ਦੀ ਇੱਟ ਨਾਲ ਇੱਟ ਵਜਾਉਣ ਦਾ ਉਦੇਸ਼ ਸੀ। ਸੋ ਉਸ ਨੇ ਆਪਣੀ ਚੜ੍ਹਾਈ ਦੇ ਹਰ ਪੜਾਅ ਤੇ ਫ਼ੌਜ ਹੀ ਨਹੀਂ ਵਧਾਈ ਸਗੋਂ ਮਾਲਵੇ ਅਤੇ ਪਰਲੇ ਇਲਾਕਿਆਂ ਤੋਂ ਧਾੜਵੀਆ ਨੂੰ ਚੜ੍ਹ ਪੈਣ ਦਾ ਸੱਦਾ ਦਿਤਾ। ਸਰਹਿੰਦ ਨੂੰ ਤਬਾਹ ਕਰਨਾ ਜਿੱਥੇ ਬੰਦੇ ਦਾ ਉਦੇਸ਼ ਸੀ ਉਥੇ ਸਰਹਿੰਦ ਦਾ ਸੂਬਾ ਦਿਲ਼ੀ ਦਰਬਾਰ ਦਾ ਵੱਡਾ ਥੰਮ੍ਹ ਵੀ ਸੀ।

ਅਤੇ ਦਿਲੀ ਦਰਬਾਰ ਦੇ ਵਜ਼ੀਫੇ ਤੇ ਗੁਜ਼ਾਰਾ ਕਰ ਰਹੀ ਮਾਤਾ ਸੁੰਦਰੀ ਸੀ ਜਿਸ ਦੀ ਗੁਰੂ ਗੋਬਿੰਦ ਸਿੰਘ ਦੇ ਘਰੋਂ ਹੋਣ ਕਰਕੇ ਦਿੱਲੀ ਦੀ ਸਿਖ-ਸੰਗਤ ਵਿਚ ਖਾਸ ਮਾਨਤਾ ਸੀ। ਕਿਉਂਕਿ ਮਾਤਾ ਸੁੰਦਰੀ ਕੋਲ ਹੀ ਭਾਈ ਮਨੀ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਦੇ ਕੁਝ ਹੋਰ ਹਜ਼ੂਰੀ ਸਿੰਘ ਟਿਕੇ ਹੋਏ ਸਨ। ਦਿਲੀ ਦਰਬਾਰ ਨੂੰ ਬੰਦਾ ਸਿੰਘ ਦੀ ਚੜ੍ਹਾਈ ਤੇ ਬਹੁਤ ਫ਼ਿਕਰ ਹੋਇਆ ਜੋ ਚੜ੍ਹੇ ਸੂਰਜ ਰਾਹ ਵਿਚ ਆਉਂਦੇ ਸ਼ਹਿਰ ਕਸਬੇ ਜਿੱਤਦਾ ਤੇ ਉਜਾੜਦਾ ਸਰਹਿੰਦ ਵਲ ਵਧੀ ਜਾ ਰਿਹਾ ਸੀ।

ਗਿਆਨੀ ਗਿਆਨ ਸਿੰਘ ਅਨੁਸਾਰ (ਤਾਰੀਖ ਗੁਰੂ ਖਾਲਸਾ ਭਾਗ ਦੂਜਾ ਪੰਨਾ 121-23) ਬੰਦੇ ਨੂੰ ਪੰਜਾਬ ਵਿਚ ਅਗੇ ਵਧਣੋਂ ਰੋਕਣ ਲਈ ਦਿਲੀ ਦਰਬਾਰ ਦੇ ਮੁਸਾਹਿਬਾਂ ਦੀ ਇਕ ਮਜਲਿਸ ਹੋਈ। ਇਸ ਮਜਲਿਸ ਦੇ ਯਤਨਾ ਸਦਕਾ ਮੁਨਸੀ ਸਾਹਿਬ ਚੰਦ, ਭਾਈ ਮਨੀ ਸਿੰਘ ਭਾਈ ਹਰਦਿੱਤ ਸਿੰਘ ਆਦਿਕ ਸਿਖਾ ਨੂੰ ਵਿਚ ਪਾ ਕੇ ਮਾਤਾ ਸੁੰਦਰੀ ਨੂੰ ਪ੍ਰੇਰਿਆ ਗਿਆ ਕਿ ਉਹ ਬੰਦਾ ਸਿੰਘ ਨੂੰ ਚੜ੍ਹਾਈ ਰੋਕਣ ਦਾ ਹੁਕਮਨਾਮਾ ਜਾਰੀ ਕਰੇ। ਮਾਤਾ ਸੁੰਦਰੀ ਵਲੋ ਚੜ੍ਹਾਈ ਨੂੰ ਰੋਕਣ ਦਾ ਹੁਕਮਨਾਮਾ ਜਾਰੀ ਕੀਤਾ ਗਿਆ। ਲਿਖਿਆ ਹੈ ਕਿ ਬੰਦਾ ਸਿੰਘ ਨੇ ਬੜੇ ਕਰੜੇ ਸਬਦਾ ਵਿਚ ਇਸ ਹੁਕਮਨਾਮੇ ਉਪਰ ਰੋਸ ਪ੍ਰਗਟ ਕੀਤਾ। ਉਸ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਮੁਗਲ ਦਰਬਾਰ ਦੇ ਜਾਗੀਰਾਂ ਵਜ਼ੀਫੇ ਸਿਖਾਂ ਲਈ ਜਹਿਰ ਹਨ। ਹੁਕਮਨਾਮੇ ਨੂੰ ਠੁਕਰਾ ਕੇ ਬਾਬਾ ਬੰਦਾ ਸਿੰਘ ਬਹਾਦਰੀ ਨਾਲ ਅਗੇ ਵਧਦਾ ਰਿਹਾ। ਮਾਤਾ ਸੁੰਦਰੀ ਵਲੋਂ ਦੂਜਾ ਹੁਕਮਨਾਮਾ ਭੇਜਿਆ ਗਿਆ ਜਿਸ ਵਿਚ ਪਹਿਲੇ ਹੁਕਮਨਾਮੇ ਦੀ ਉਲੰਘਣਾ ਦਾ ਦੋਸ਼ ਲਾਉਂਦਿਆ ਹੋਇਆਂ ਲਿਖਿਆ ਗਿਆ ਸੀ ਕਿ 'ਸਾਡੀ ਸਿੱਖੀ (ਵਾਪਸ) ਲਿਖ ਦੇਹ'। ਨਾਲ ਹੀ ਤਾੜਨਾ ਵੀ ਕੀਤੀ ਗਈ ਕਿ 'ਮੈਂ ਆਪਣਾ

ਹੁਕਮਨਾਮਾ ਆਪਣੇ ਸਿਖਾਂ ਨੂੰ ਮਨਾ ਲਵਾਂਗੀ ।' ਬੰਦੇ ਨੇ ਦੂਜੇ ਹੁਕਮਨਾਮੇ ਦੀ ਵੀ ਪ੍ਰਵਾਹ ਨਾ ਕਰਦਿਆਂ ਹੋਇਆ ਤਾਬੜ-ਤੋੜ ਹਮਲਾ ਕਰਕੇ ਸਰਹਿੰਦ ਮਾਰ ਲਿਆ । ਸਰਹਿੰਦ ਦੇ ਸੂਬੇ ਅਤੇ ਉਸ ਦੀ ਸਹਾਇਤਾ ਲਈ ਆਈਆਂ ਫੌਜਾਂ ਨੂੰ ਕਰਾਰੀ ਹਾਰ ਦੇ ਕੇ ਸਰਹਿੰਦ ਦੀ ਸੱਚ ਮੁੱਚ ਇੱਟ ਨਾਲ ਇੱਟ ਵਜਾ ਦਿਤੀ । ਗੁਰੂ ਸਾਹਿਬ ਦੇ ਸਪੁੱਤਰਾਂ ਦੀ ਸਹੀਦੀ ਵਿਚ ਜਿਸ ਕਿਸੇ ਨੇ ਵੀ ਹਾਕਮਾਂ ਨੂੰ ਸਹਿਜ-ਮੱਤ ਦਿਤੀ ਸੀ ਉਨ੍ਹਾਂ ਨੂੰ ਛਡ ਅਤੇ ਸਨਮਾਣ ਕੇ ਦੂਰ-ਨੇੜੇ ਦੇ ਦੋਸੀਆ ਨਾਲ ਇੰਜ ਸਿੱਝਿਆ ਜਿਵੇਂ ਅਜ ਤਕ ਮੁਗਲ ਹਾਕਮਾਂ ਨਾਲ ਕਿਸੇ ਸਿੱਝਿਆ ਨਹੀਂ ਸੀ ।

ਮਾਤਾ ਸੁੰਦਰੀ ਨੇ ਹੁਣ ਤੀਜਾ ਹੁਕਮਨਾਮਾ ਸਿੱਧਾ ਸਿੱਖ ਸੰਗਤਾਂ ਨੂੰ ਭੇਜ ਦਿਤਾ । ਤੀਜੇ ਹੁਕਮਨਾਮੇ ਵਿਚ ਬਾਬਾ ਬੰਦਾ ਸਿੰਘ ਉਪਰ ਪਹਿਲੇ ਦੋ ਹੁਕਮਨਾਮਿਆ ਦੀ ਉਲੰਘਣਾ ਦਾ ਦੋਸ ਲਾਇਆ ਗਿਆ । ਇਸਤੋਂ ਬਿਨਾ ਉਸ ਉਪਰ ਕੁਰਹਿਤਾਂ ਦੇ ਉਹ ਦੂਸ਼ਨ ਵੀ ਲਾਏ ਗਏ ਜਿਹੜੇ ਪਹਿਲੇ ਦੋ ਹੁਕਮਨਾਮਿਆ ਵਿਚ ਦਰਜ ਨਹੀਂ ਸਨ ਜਿਵੇਂ ਬੰਦਾ ਸਿੰਘ ਦਾ ਜਿਗਾ-ਕਲਗੀ ਲਾ ਕੇ ਚੌਰ ਕਰਾਉਣਾ, ਆਪਣੀ ਫਤਿਹ ('ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਕੀ ਫਤਿਹ' ਦੀ ਥਾ 'ਦਰਸਨ ਫਤਿਹ') ਬੁਲਵਾਉਣਾ, ਆਪਣੀ ਚਰਨ-ਪਾਹੁਲ ਦੇਣਾ ਅਤੇ ਲੰਗੋਟੇ ਦਾ ਜਤੀ ਨਾ ਰਹਿਣਾ ।

ਸਮਕਾਲੀ ਮਿਸਲਦਾਰਾਂ ਜਥੇਦਾਰਾਂ ਵਿਚ ਜਿਗਾ ਕਲਗੀ ਲਾਉਣ ਦੇ ਜਾਂ ਚਰਣ ਪਾਹੁਲ ਦੇਣ ਦੇ ਵੇਰਵੇ ਉਪਲਭਦ ਨਹੀਂ ਹਨ । ਪਰ ਪਿਛਲੇ ਦੌਰ ਵਿਚ ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਏ ਦੇ ਵਿਸੇਸ ਸਥਾਨ ਤੇ ਬੈਠਣ ਅਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ ਕੁਝ ਗੁਰੂ ਕਿਆ (ਬੇਦੀ-ਬਾਵਿਆ) ਵਲੋਂ ਗੁਰਬਾਣੀ ਦੀ ਕੋਈ ਤੁਕ ਵਜੋਂ 'ਨਾਮ ਦੇਣ' ਦੇ ਪ੍ਰਮਾਣ ਮਿਲਦੇ ਹਨ । 'ਲੰਗੋਟ ਦੇ ਜਤੀ' ਨਾ ਰਹਿਣ ਦੀ ਉਜ ਤਾ ਹੀ ਠੀਕ ਲਗਦੀ ਹੈ ਜੇ ਬੰਦਾ ਸਿੰਘ ਨੇ ਚੰਬੇ ਦੇ ਰਾਜੇ ਦੀ ਧੀ ਤੋਂ ਬਿਨਾ ਵੀ ਕੋਈ ਇਸਤਰੀ ਗ੍ਰਹਿਣ ਕੀਤੀ ਹੋਵੇ। ਇਹ ਦੋਸ਼ ਨਿਰਮੂਲ ਹੈ ।

ਪਰ ਸਿਖ ਇਤਹਾਸ ਵਿਚ ਆਉਂਦਾ ਹੈ ਕਿ ਇਸ ਤੀਜੇ ਹੁਕਮਨਾਮੇ ਦਾ ਪ੍ਰਭਾਵ ਬੰਦਾ ਸਿੰਘ ਦੀ ਸਖਸੀਅਤ ਅਤੇ ਸਿਖ ਏਕਤਾ ਲਈ ਮਾੜਾ ਪਿਆ । ਬੰਦਾ ਸਿੰਘ ਦੇ ਵਿਰੋਧੀ "ਪਹਿਲਾਂ ਹੀ ਉਸ ਨਾਲ ਵਿੱਟਰੇ ਹੋਏ ਸਨ ਹੁਣ ਤਾਂ (ਉਨ੍ਹਾਂ ਨੂੰ-ਮਾਤਾ ਦੇ ਹੁਕਮ ਦਾ ਬਹਾਨਾ ਮਿਲ ਗਿਆ ।" (ਤਵਾਰੀਖ ਗੁਰੂ ਖਾਲਸਾ ਕ੍ਰਿਤ

ਗਿਆਨੀ ਗਿਆਨ ਸਿੰਘ, ਭਾਗ ਦੂਜਾ, ਪੰਨਾ 126-27)। ਇਹ ਵੀ ਲਿਖਿਆ ਮਿਲਦਾ ਹੈ ਕਿ ਭਾਈ ਰੂਪੋਕੇ, ਫੂਲਕੇ ਸਰਦਾਰ, ਬਾਘ ਸਿੰਘ ਕਣਾਲ, ਹਰਾ ਸਿੰਘ ਅਤੇ ਹੋਰ ਬੈਰਾੜ ਚੌਧਰੀ ਬਾਬਾ ਬੰਦਾ ਸਿੰਘ ਦੀ ਵਿਰੋਧਤਾ ਵਿਚ ਨਿੱਤਰ ਪਏ। ਇਸ ਗਲ ਦਾ ਵੀ ਅਨੁਮਾਣ ਹੁੰਦਾ ਹੈ ਕਿ ਇਨ੍ਹਾਂ ਨੂੰ ਦਿਲੀ ਦਰਬਾਰ ਦੀ ਸ਼ਹਿ ਸੀ।

ਇਸ ਤੋਂ ਮਗਰੋਂ ਜਦ ਅੰਮ੍ਰਿਤਸਰ ਵਿਚ ਬਿਬੇਕ ਸਰ ਵਿਖੇ ਦਲ ਖਾਲਸਾ ਜੁੜਿਆ ਤਾ ਬੰਦਈ ਖਾਲਸੇ ਅਤੇ ਤੱਤ ਖਾਲਸੇ ਦੇ ਰੂਪ ਵਿਚ ਵੰਡੀਆਂ ਪੈਕੇ ਸਿੱਖਾਂ ਦੇ ਆਪਸੀ ਭੇੜ ਵਰਗੀ ਹਾਲਤ ਹੋ ਗਈ ਤਾ ਉਪ੍ਰੋਕਤ ਸਰਦਾਰਾਂ ਚੌਧਰੀਆਂ ਨਾਲ ਮੱਧ ਪੰਜਾਬ ਦੇ ਉਭਰਦੇ ਅਤੇ ਲਾਹੌਰ ਦੇ ਸੂਬੇਦਾਰ ਤੋਂ ਜਾਗੀਰਦਾਰੀ ਦੀ ਆਸ ਅਤੇ ਸੈਣਤ ਪਾਉਣ ਵਾਲੇ ਸਰਦਾਰ ਵੀ ਮਿਲ ਗਏ। ਬੰਦਾ ਸਿੰਘ ਸਿਖੀ ਵਿਚੋਂ ਛੇਕਿਆ ਗਿਆ ਅਤੇ ਅਖੀਰ ਸਿਖ ਸਮਾਜ ਦੀ ਮੁਖ ਧਾਰਾ ਤੋਂ ਨਿੱਖੜ ਕੇ ਮਾਰਿਆ ਗਿਆ। ਇਸ ਦੇ ਵੀ ਪ੍ਰਮਾਣ ਮਿਲਦੇ ਹਨ ਕਿ ਸਿਖਾਂ ਦੇ ਵੈਰੀ ਫਰਖਸੀਅਰ ਵਲੋਂ (ਬੰਦੇ ਨੂੰ ਕੋਈ ਸਹਾਇਤਾ ਨਾ ਦੇਣ ਦੀ ਸ਼ਰਤ ਉਪਰ)ਤੱਤ ਖਾਲਸਾ ਨੂੰ ਸ਼ਾਲ-ਦੁਸ਼ਾਲੇ ਸ਼ਸਤਰ ਅਤੇ ਖਰਚੇ ਲਈ 51 ਹਜ਼ਾਰ ਰੁਪਏ ਦਿਤੇ ਗਏ। ਬਾਬਾ ਕਾਹਨ੍ਹ ਸਿੰਘ, ਮੀਰੀ ਸਿੰਘ, ਭੱਲੇ ਸਾਹਿਬਜ਼ਾਦਿਆਂ ਨੂੰ ਜਾਗੀਰਾਂ ਅਤੇ ਫਤਿਹ ਸਿੰਘ (ਭਾਈ ਭਗਤੂ ਕਾ, ਆਦਿਕ ਨੂੰ ਸਰਦਾਰੀ ਦੇ ਖਿਤਾਬ ਮਿਲੇ।

ਕਿਹਾ ਨਹੀਂ ਜਾ ਸਕਦਾ ਹੈ ਕਿ ਜੇ ਬੰਦਈ ਤੇ ਤੱਤ ਖਾਲਸਾ ਦਲਾਂ ਵਿਚ ਫੁਟ ਨਾ ਪੈਂਦੀ ਤਾਂ ਪੰਜਾਬ ਦਾ ਇਤਹਾਸ ਕਿਹੋ ਜਿਹਾ ਹੁੰਦਾ। ਪਰ ਇਸ ਸਾਰੀ ਫੁੱਟ-ਦੁਫੇੜ ਦੇ ਕਾਰਨਾ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ।

ਸਪਸ਼ਟ ਹੈ ਕਿ ਮਾਲਵਾ ਪੱਟੀ ਦੇ ਨਾਲ ਲਗਤੇ ਇਲਾਕਿਆਂ ਵਿਚ ਫੂਲਕੀਆਂ ਆਦਿਕ ਸਿਖ ਸਕਤੀਆ ਦਾ ਕੇਂਦਰੀਕਰਨ ਹੋ ਰਿਹਾ ਸੀ ਅਤੇ ਦਿਲੀ ਦੇ ਮੁਗਲ ਦਰਬਾਰ ਨੂੰ ਕਮਜ਼ੋਰ ਕਰਨ ਵਾਲੀ ਸਰਹਿੰਦ ਸੂਬੇ ਤੇ ਸ਼ਹਿਰ ਦੀ ਤਬਾਹੀ ਵੀ ਮਾਝੇ-ਦੁਆਬੇ ਦੇ ਸਿਖ ਕੇਂਦਰ ਨੂੰ ਮਾੜੀ ਨਹੀਂ ਸੀ ਲਗਦੀ। ਦੋਵੇਂ ਸ਼ਕਤੀ ਕੇਂਦਰ ਮਗਰੋਂ ਹੋਣ ਵਾਲੇ ਨਾਦਰਸ਼ਾਹੀ-ਦੁੱਰਾਨੀ ਹਮਲਿਆਂ ਤੋਂ ਅਨਜਾਣ ਆਪੋ ਆਪਣੀਆਂ ਮੱਲਾਂ ਮਾਰਨ ਤੇ ਰਾਜ ਸਥਾਪਤ ਕਰਨ ਦੇ ਸੁਪਨੇ ਲੈ ਰਹੇ ਸਨ। ਬਾਹਰੋਂ ਆ ਕੇ ਸਿਰਮੌਰ ਬਣ ਰਹੇ ਬੰਦਾ ਸਿੰਘ ਦਾ ਵਧੇਰੇ ਪ੍ਰਭਾਵ ਇਨ੍ਹਾਂ ਦੇ ਹਿਤ ਵਿਚ ਨਹੀਂ ਸੀ।

ਇਹ ਇਕ ਪ੍ਰਕਾਰ ਦੇ ਨਿੱਜੀ ਸਾਮੰਤੀ ਜਾਂ ਸ੍ਰੇਣੀ ਹਿਤ ਸਨ ਜਿਹੜੇ ਵਿਕਸਤ ਹੋ ਰਹੇ ਸਿਖ ਸ਼ਕਤੀ ਕੇਂਦਰਾਂ ਨੂੰ ਨਹੀਂ ਭਾਉਂਦੇ ਸਨ।

ਜਿਵੇਂ ਕਿ ਸਿਖ ਇਤਹਾਸਕਾਰੀ ਦੀਆਂ ਅੰਦਰਲੀਆਂ ਗਵਾਹੀਆਂ ਅਤੇ ਇਤਹਾਸ ਦੇ ਤੁੱਲਨਾਤਮਕ ਅਧਿਅਨ ਤੋਂ ਪਤਾ ਲਦਗਾ ਹੈ ਉਸ ਸਮੇਂ ਪੰਜਾਬ ਵਿਚ ਥਾਂ ਪਰ ਥਾ ਸਿਖ ਜੱਥੇ ਉਭਰ ਰਹੇ ਸਨ। ਨਿੱਕੇ-ਨਿੱਕੇ ਜੋੜ-ਤੋੜਾ ਅਤੇ ਜੱਥਿਆ ਦੇ ਖਲੇਰੇ ਦੇ ਬਾਵਜੂਦ ਦੋ ਨਹੀਂ ਤਾਂ ਢਾਈ ਸਿਖ ਸ਼ਕਤੀ ਕੇਂਦਰ ਬਣ ਰਹੇ ਸਨ। ਸਭ ਤੋਂ ਵੱਡਾ ਤੇ ਨਿੱਗਰ ਜਮਾਵ, ਸਿਖ ਜੱਥਿਆਂ ਦਾ ਕੇਂਦਰੀ ਤੇ ਪਛਮੋਤਰੀ ਪੰਜਾਬ ਵਿਚ ਸੀ। ਦੂਜਾ ਸ਼ਕਤੀ ਕੇਂਦਰ ਫੂਲਕਿਆਂ ਦਾ ਅਤੇ ਅਰਧ ਵਿਕਸਤ ਸਤਲੁਜ ਤੋਂ ਲੈ ਕੇ ਮਾਲਵਾ ਪੱਟੀ ਤੇ ਦੁਆਬੇ ਵਲ ਦੇ ਇਲਾਕਿਆਂ ਦਾ ਕਿਹਾ ਜਾ ਸਕਦਾ ਹੈ। ਅੰਦਰਲੀਆ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਬੰਦਾ ਸਿੰਘ ਨੇ ਸਰਹਿੰਦ ਮਾਰਨ ਤੋਂ ਪਹਿਲਾਂ, ਸ਼ਕਤੀ ਨੂੰ ਵਧਾਉਣ ਤੋਂ ਪਹਿਲਾਂ, ਨਾ ਕੇਵਲ ਸਭਨਾਂ ਜੱਥਿਆਂ ਨੂੰ ਹੀ ਇਸ ਧਰਮ ਯੁੱਧ ਦੀ ਅਪੀਲ ਕੀਤੀ (ਜੋ ਗੁਰੂ ਗੋਬਿੰਦ ਸਿੰਘ ਦੇ ਸਾਹਿਬਜਾਦਿਆਂ ਦੀ ਸ਼ਹੀਦੀ ਦੇ ਬਦਲੇ ਲੈਣ ਲਈ ਸੀ), ਸਗੋਂ ਧਾੜਵੀਆਂ ਨੂੰ ਵੀ ਖੁਲ੍ਹਾ ਸੱਦਾ ਦਿਤਾ। ਪ੍ਰਮਾਣ ਮਿਲਦੇ ਹਨ ਕਿ ਬੀਕਾਨੇਰ ਵਾਲੇ ਪਾਸੇ ਉਤੇ ਖਾਸ ਕਰ ਇਸ ਸੱਦੇ ਨੇ ਚੰਗਾ ਪ੍ਰਭਾਵ ਪਾਇਆ। ਉਸ ਸਮੇਂ ਤਕ ਬੰਦਾ ਸਿੰਘ ਮਾਤਾ ਸੁੰਦਰੀ ਦੇ ਦੋ ਹੁਕਮਨਾਮਿਆਂ ਦੀ ਅਦੂਲੀ-ਉਲੰਘਣਾ ਕਰ ਚੁਕਾ ਸੀ। ਤਾਂ ਵੀ ਚਮਕੌਰ, ਅਨੰਦ-ਪੁਰ ਅਤੇ ਆਲੇ ਦੁਆਲੇ ਤੋਂ ਜੱਥੇ ਪੁਜੇ ਸਨ ਅਤੇ ਕੇਂਦਰੀ ਜਾਂ ਪਛਮੋਤਰੀ ਪੰਜਾਬ ਉਪਰ ਮਾਤਾ ਸੁੰਦਰੀ ਹੁਕਮਨਾਮਿਆਂ ਨਾਲੋਂ ਸਰਹਿੰਦ ਦੀ ਫਤਿਹ ਦਾ ਚੰਗੇਰਾ ਪ੍ਰਭਾਵ ਪਿਆ। ਜਾਪਦਾ ਹੈ ਕਿ ਸਿਖ ਸ਼ਕਤੀ ਕੇਂਦਰਾਂ ਦੀ ਟੇਕ ਮਾਤਾ ਸੁੰਦਰੀ ਦੀ ਮਾਨਤਾ ਨਾਲੋਂ ਵਧ ਉਸ ਧਰਤੀ ਉਪਰ ਸੀ ਜਿਥੇ ਉਹ ਪੈਦਾ ਹੋਏ ਸਨ ਅਤੇ ਸੁਤੰ-ਤਰ ਹੋ ਕੇ ਰਹਿਣਾ ਚਾਹੁੰਦੇ ਸਨ।

ਇਹੀ ਕਾਰਣ ਹੈ ਕਿ ਬੰਦਾ ਸਿੰਘ ਦਾ ਸਰਹਿੰਦ ਮਾਰ ਲੈਣ ਤੋਂ ਮਗਰੋਂ, ਬਾਹਰੋਂ ਆ ਕੇ ਪੰਥ ਅਤੇ ਸਿਖ ਸ਼ਕਤੀਆਂ ਦਾ ਸਿਰਮੌਰ ਬਣਨਾ ਇਨ੍ਹਾਂ ਨੂੰ ਨਹੀਂ ਭਾਇਆ ਸੀ ਅਤੇ ਉਸ ਨੂੰ ਛੇਕਣ ਲਈ ਮਾਤਾ ਸੁੰਦਰੀ ਦਾ ਤੀਜਾ ਹੁਕਮਨਾਮਾ ਸਭ ਤੋਂ ਚੰਗਾ ਔਚਿਤਯ ਸੀ।

ਬੰਦਈ ਅਤੇ ਤੱਤ ਖਾਲਸਾ ਦਲਾਂ ਦੀ ਦੁਫੇੜ ਅਤੇ ਨਿਖੇੜ ਦਾ ਫੌਰੀ ਨਤੀਜਾ

ਭਾਂ ਉਸਦੀ ਮੰਦੀ ਹਾਰ ਅਤੇ ਅਨਗੌਲੀ ਸ਼ਹੀਦੀ ਦਾ ਨਿਕਲਿਆ ਅਤੇ ਇਸ ਤੋਂ ਮਗਰੋਂ ਨਾਦਰੀ ਤੇ ਦੁੱਰਾਨੀ ਹਮਲਿਆਂ ਸਮੇਂ ਲਾਹੌਰ ਦੇ ਉਨ੍ਹਾਂ ਸੂਬੇਦਾਰ ਅਤੇ ਫੌਜਦਾਰਾਂ ਨੇ ਘਲੂਘਾਰੇ ਕਰਕੇ ਸਿਖ ਸ਼ਕਤੀ ਦਾ ਘਾਣ ਕੀਤਾ ਜਿਨ੍ਹਾਂ ਨੇ ਕਦੇ ਤੱਤ ਖਾਲਸੇ ਦੇ ਕੁਝ ਸਰਦਾਰਾਂ ਨੂੰ ਸ਼ਾਲ ਦੁਸ਼ਾਲੇ, ਮਾਇਆ ਤੇ ਸਰਦਾਰੀਆਂ ਦਿਤੀਆਂ ਸਨ ।

ਇਹ ਸਿਖ ਮਿਸਲਾਂ ਅਤੇ ਫੂਲਕੀਆਂ ਦੇ ਵਿਕਸਤ ਹੁੰਦੇ ਸ਼ਕਤੀ ਕੇਂਦਰਾਂ ਦੇ ਬੰਦਾ ਸਿੰਘ ਦੀ ਚੜ੍ਹਤਲ ਪ੍ਰਤੀ ਸ਼੍ਰੇਣੀ ਗਤ ਅੰਦੇਸ਼ੇ ਹੀ ਹੋ ਸਕਦੇ ਹਨ ਕਿ ਸਿਖ ਸ਼ਕਤੀਆਂ ਇਕ ਥਾਂ ਕੇਂਦਰਿਤ ਨਹੀਂ ਹੋ ਸਕੀਆਂ । ਅਤੇ ਇਹ ਵੀ ਸਿਖ ਇਤਹਾਸ-ਕਾਰੀ ਦੇ ਕਿਸੇ ਜ਼ਾਤੀ-ਜਮਾਤੀ ਹਿਤ ਕਾਰਣ ਹੀ ਹੋਵੇਗਾ ਕਿ ਇਸ ਉਭਾਰ ਦਾ ਨਾ ਪੂਰਾ ਵਰਣਨ ਤੇ ਨਾ ਹੱਕੀ ਮੁਲਾਂਕਣ ਕੀਤਾ ਗਿਆ ।

# 7. ਘਲੂਘਾਰਾ, ਮਿਸਲ ਕਾਂਡ : ਗੁਰੀਲਾ ਤੋਂ ਫੌਜੀ ਸ਼ਕਤੀ ਤਕ

ਬੰਦਾ ਸਿੰਘ ਦੇ ਸਿਖ ਮੁਖ ਧਾਰਾ ਤੋਂ ਨਿਖੇੜ ਦੇ ਸਮੇਂ ਤੋਂ ਲੈ ਕੇ ਮਿਸਲਾਂ ਦੀ ਚੜ੍ਹਤਲ ਤਕ ਦਾ ਸਮਾਂ ਜਿੰਨਾ ਅਦਭੁਤ ਅਤੇ ਵਰਿਆਮ ਹੈ ਇਤਹਾਸਕ ਪੱਖ ਤੋਂ ਇਹ ਓਨਾ ਹੀ ਅਸਪਸ਼ਟ ਅਤੇ ਖੱਪਿਆਂ ਵਾਲਾ ਵੀ ਹੈ।

ਇਸ ਦਾ ਇਕ ਕਾਰਣ ਇਹ ਵੀ ਹੈ ਕਿ ਪੰਜਾਬ ਦੀ ਲਾਹੌਰ ਸੂਬੇ ਵਲੋਂ ਇਤਹਾਸਕਾਰੀ ਕੀ ਹੋਣੀ ਸੀ ਜਦ ਕਿ ਦਿਲੀ ਦਾ "ਸ਼ਹਿਨਸ਼ਾਹਿ ਆਲਮ, ਦਿਲੀ ਤਾ ਪਾਲਮ" ਰਹਿ ਗਿਆ ਸੀ। ਫੇਰ, ਜਿਹੜੀਆਂ ਰਾਜਸੀ ਧਿਰ ਵਲੋਂ ਲਿਖੀਆਂ ਗਵਾਹੀਆਂ ਮਿਲਦੀਆਂ ਵੀ ਹਨ ਉਹ ਦੋਖੀ ਛਤਰ ਛਾਇਆ ਹੇਠ ਮਿਲਦੀਆਂ ਹਨ। ਇਸ ਤੋਂ ਬਿਨਾਂ ਆਏ ਦਿਨ ਦੇ ਹਮਲਿਆਂ, ਸੂਬੇਦਾਰੀ ਵਲੋਂ ਦਮਨ ਚੱਕਰਾਂ ਸਮੇਂ ਸਿਖ ਇਤਹਾਸਕਾਰੀ ਕੀ ਹੋਣੀ ਸੀ।

ਅਜਿਹੇ ਦੌਰ ਵਿਚ ਇਤਹਾਸਕ ਘਟਨਾਵਾਂ ਅਤੇ ਯਾਦਾਂ ਜੋ ਕਈ ਵਾਰ ਸੁਣੀਆਂ ਹੁੰਦੀਆਂ ਹਨ—ਨੂੰ ਧਾਰਮਿਕ ਮੁਹਾਵਰੇ ਅਤੇ ਵਿਸ਼ਵਾਸ ਵਰਤਾਰੇ ਰਾਹੀਂ ਹੀ ਸੂਤਰਬਧ (codify) ਕੀਤਾ ਜਾ ਸਕਦਾ ਸੀ। ਇਹ ਵੀ ਸੱਚ ਹੈ ਕਿ ਮਨੁਖ ਉਪਰ ਮਨੁਖ ਜਾਂ ਹੋਰ ਸਪਸ਼ਟ ਰੂਪ ਵਿਚ ਸ਼੍ਰੇਣੀਆਂ ਉਪਰ ਸ਼੍ਰੇਣੀ ਦੀ ਲੁਟ ਘਸੁੱਟ ਦਾ ਇਕ ਰੂਪ ਧਾਰਮਿਕ ਵੀ ਹੁੰਦਾ ਹੈ ਅਤੇ ਸਾਮੰਤੀ ਸਮਾਜ ਵਿਚ ਇਹ ਰੂਪ ਸਪਸ਼ਟ ਵੀ ਸੀ ਅਤੇ ਕਾਰਗਰ ਵੀ। ਸ਼ਾਇਦ ਇਸੇ ਕਰਕੇ ਇਸ ਸਮੇਂ ਦੇ ਆਰਥਕ ਸਮਾਜਕ ਸੰਘਰਸ਼ ਕਈ ਵਾਰ ਧਾਰਮਿਕ ਰੂਪ ਧਾਰ ਲੈਂਦੇ ਸਨ।

ਇਸ ਸਮੇਂ ਦੇ ਕੁਝ ਲੱਛਣ ਤਾਂ ਸਪਸ਼ਟ ਹਨ ਜੋ ਧਾਰਮਿਕ ਮੁਹਾਵਰੇ ਅਤੇ ਸ਼ੈਲੀ ਵਿਚ ਗਲੱਫੇ ਇਤਿਹਾਸਕ ਤੱਥਾਂ ਨੂੰ ਪੁਨਰ ਸਪਸ਼ਟ (De-codify) ਕਰਨ ਵਿਚ ਸਹਾਇਕ ਹੋ ਸਕਦੇ ਹਨ।

ਗੁਰੂ ਕਾਲ ਤੋਂ ਮਹਾਰਾਜਾ ਰਣਜੀਤ ਸਿੰਘ ਤਕ ਦਾ ਸਮਾਂ ਸਮੁੱਚੇ ਰੂਪ ਵਿਚ ਸਾਮੰਤੀ ਯੁਗ ਦਾ ਸਮਾਂ ਹੀ ਕਿਹਾ ਜਾਏਗਾ। ਇੰਜ ਹੀ ਇਸ ਦੌਰ ਵਿਚ ਵਾਪਰੇ ਹਮਲੇ, ਸੰਘਰਸ਼, ਰਾਜਸੀ ਆਰਥਕ ਧਾਰਮਿਕ ਲਹਿਰਾਂ, ਪ੍ਰਬੰਧ ਦਾ ਪ੍ਰਤੀਸਥਾਪਨ ਹੀ ਕਰ ਸਕਦੇ ਸਨ। ਮਨੁਖ ਦੀ ਆਰਥਕ ਤੋਂ ਮਾਨਸਿਕ ਤਕ ਦੀ ਦਸ਼ਾ ਨੂੰ ਸੁਧਾਰ ਸਕੇ। ਯੁਗ ਨੂੰ ਬਦਲ ਨਹੀਂ ਸਕੇ।

ਪਰ ਸਮਾ ਕਦੇ ਵੀ ਸਥਿਰ ਨਹੀਂ ਹੁੰਦਾ। ਇਸੇ ਲਈ ਇਸ ਯੁਗ ਵਿਚ ਪ੍ਰਸਥਿਤੀਆਂ ਅਤੇ ਲਹਿਰਾਂ ਦੇ ਪੜਾਅ ਦੇ ਰੂਪ ਬਦਲਦੇ ਰਹੇ ਹਨ। ਜਿਵੇਂ ਬੰਦਾ ਬਹਾਦਰ ਦੇ ਸਮੇਂ ਤੋਂ ਅਸੀਂ ਭਾਰਤ ਵਿਚ ਮੁਗਲ ਸਾਮਰਾਜ ਦੇ ਟੁੱਟਣ ਅਤੇ ਇਲਾਕਾਈ ਹਿਤਾਂ ਜਾਂ ਧਾਰਮਿਕ ਰੂਪ ਵਾਲੇ ਆਕੀ ਉਭਾਰ ਦੇਖਦੇ ਹਾਂ। ਉਂਜ ਏਸ਼ੀਆ ਵਿਚ ਇਸੇ ਦੌਰ ਵਿਚ ਜਿਹੜੇ ਜਨ ਉਭਾਰ ਆਏ ਉਹ ਦਸਦੇ ਹਨ ਕਿ ਦੌਰ ਦੇ ਅੰਦਰ ਜ਼ਮੀਨ ਦੀਆਂ ਜਾਗੀਰੂ ਵੰਡਾਂ ਵਿਚ ਤਬਦੀਲੀਆਂ ਕਾਰਣ ਮੁੜ ਵੰਡਾਂ ਦੇ ਨਾਲ ਨਾਲ ਮੱਧ ਸ਼੍ਰੇਣੀ ਦੀ ਕਿਸਾਨੀ ਵੀ ਜਥੇਬੰਦ ਹੋ ਕੇ ਪਹਿਲਕਦਮੀ ਆਪਣੇ ਹਥ ਵਿਚ ਲੈ ਰਹੀ ਸੀ।

ਨਾਦਰਸ਼ਾਹ ਦੇ ਹਮਲਿਆਂ, ਲਾਹੌਰ, ਦੁਆਬਾ, ਸਰਹਿੰਦ ਆਦਿਕ ਸੂਬੇਦਾਰੀਆਂ ਦੇ ਗੋਡੇ ਟੇਕਣ ਨਾਲ ਅਤੇ ਹਰ ਹਮਲੇ ਸਮੇਂ ਅਤੇ ਇਸ ਤੋਂ ਮਗਰੋਂ ਪੰਜਾਬ ਦੀ ਪੂਰੀ ਕਿਸਾਨੀ ਨੂੰ ਦਬਾਉਣ ਅਤੇ ਪਾੜਨ ਲਈ ਸਿੱਖਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਕੀਤੇ ਕਤਲਾਮਾਂ ਤੇ ਘਲੂਘਾਰਿਆਂ ਨੂੰ ਜਾਣਦੇ ਪਛਾਣਦੇ ਸਮੇਂ ਉਸ ਦੌਰ ਦੇ ਆਰਥਕ ਸਮਾਜਕ ਹਾਲਾਤ ਦਾ ਅਣਡਿੱਠ ਹੋ ਜਾਣਾ ਕੁਦਰਤੀ ਹੈ।

ਤਾਂ ਵੀ ਕੁਝ ਤੱਥ ਸਪਸ਼ਟ ਹੁੰਦੇ ਹਨ। ਜਿਵੇਂ ਹਰ ਨਾਦਰਸ਼ਾਹੀ ਅਤੇ ਦੁੱਰਾਨੀ ਹਮਲੇ ਸਮੇਂ ਪੰਜਾਬ ਦੀ ਸੂਬੇਦਾਰੀ ਫੌਜਦਾਰੀ ਪਾਸੋਂ ਖਿਰਾਜ ਖਰਚਾ ਆਦਿਕ ਵਸੂਲ ਕੀਤਾ ਜਾਂਦਾ ਸੀ। ਸੂਬੇਦਾਰੀ ਇਸ ਹਰਜਾਨੇ ਦੀ ਵਸੂਲੀ ਦੂਣੇ ਦਮਨ ਨਾਲ ਕਰਦੀ ਸੀ। ਇਸ ਲੁੱਟ ਘਸੁੱਟ ਤੇ ਦਮਨ ਦਾ ਅਸਰ ਮੱਧ ਸ਼੍ਰੇਣੀ ਦੀ ਕਿਸਾਨੀ ਉਪਰ ਪੈਂਦਾ ਸੀ। (ਚਿਰਾਂ ਤੋਂ ਹੁੰਦੇ ਆ ਰਹੇ ਹਮਲਿਆਂ ਅਤੇ ਜ਼ਮੀਨੀ ਮਾਲਕੀ

ਵਿਚ ਤਬਦੀਲੀਆਂ ਕਾਰਣ ਪੰਜਾਬ ਖਾਸ ਕਰ ਮਾਝੇ-ਦੁਆਬੇ ਵਿਚ ਮੱਧ ਸ਼੍ਰੇਣੀ ਰੌਖੀ ਕਿਸਾਨੀ ਸੀ ।) ਅਸਰ ਤਾਂ ਹੋਰ ਹੇਠਲੇ ਮੁਜਾਰੇ ਤੇ ਬਰਵਾਲੇ-ਕਾਮੇ ਉਪਰ ਵੀ ਪੈਣਾ ਸੀ ਪਰ ਇਸ ਨੂੰ ਲੜਨ ਦੇ ਯੋਗ ਧਨੀ-ਸੰਗ-ਮਧ ਸ਼੍ਰੇਣੀ ਕਿਸਾਨੀ ਹੀ ਸੀ ।

**ਜੁਝਾਰ ਸਮਾਂ** : ਇੰਜ, ਹਰ ਦੁੱਰਾਨੀ ਹਮਲੇ ਸਮੇਂ ਪਹਾੜਾ ਨੂੰ ਚੜ੍ਹਕੇ ਜਾਂ ਮਾਲਵੇ ਵਲ ਟਲਕੇ,ਹਮਲੇ ਮਗਰੋਂ ਹਮਲਾਵਰ ਦੇ ਪਿੱਛਲ-ਦਸਤੇ ਕੋਲੋਂ ਤੇ ਮਾਲ-ਬਰਦਾਰ ਦਸਤਿਆਂ ਤੋਂ ਲੁੱਟ ਦਾ ਮਾਲ ਖੋਹ ਕੇ, ਪੰਜਵੇਂ ਹਮਲੇ ਸਮੇਂ—(ਕਾਹਨੂੰਵਾਨ ਦੇ ਛੰਭ ਤੋਂ ਮਾਲਵੇ ਤਕ) ਘਿਰ ਕੇ ਪਿਛੇ ਹਟਦਿਆਂ ਵਡਾ ਘਲੂਘਾਰਾ ਝੱਲ ਕੇ—ਜਿਸ ਵਿਚ ਸਿਖ ਜਥਿਆਂ ਅਤੇ ਵਹੀਰ ਦਾ ਸਭ ਤੋਂ ਵਧ ਨੁਕਸਾਨ ਹੋਇਆ—ਬਾਕੀ ਦੇ ਦੁੱਰਾਨੀ ਹਮਲੇ ਤਾਂ ਕੇਵਲ ਧੜ ਪਿੱਟਣ ਵਾਲੀ ਗਲ ਰਹਿ ਗਏ ਸਨ ।

ਵਡੇ ਘਲੂਘਾਰੇ ਵਿਚ ਤੇਰਾਂ ਤੋਂ ਲੈ ਕੇ ਵੀਹ ਹਜ਼ਾਰ ਜਾਨਾ ਜਾਣ ਦਾ ਅਨੁ-ਮਾਨ ਹੈ । ਇਸ ਤੋਂ ਬਿਨਾਂ ਲਾਹੌਰ ਦੀ ਸੂਬੇਦਾਰੀ ਨੇ ਰੱਣ ਤੱਤੇ ਵਿਚ ਅਤੇ ਸ਼ਹਿਰੀ ਵੱਸੋਂ ਵਿਚੋਂ ਬੁਢੇ, ਇਸਤਰੀ ਅਤੇ ਬੱਚੇ ਦੀ ਤਮੀਜ਼ ਕੀਤੇ ਬਿਨਾਂ ਕਿੰਨੀਆਂ ਜਾਨਾਂ ਲੀਤੀਆਂ ਹੋਣਗੀਆਂ ਇਸ ਦਾ ਅਨੁਮਾਨ ਹੀ ਕੀਤਾ ਜਾ ਸਕਦਾ ਹੈ । ਪਰ ਸਭਨਾ ਹਮਲਿਆਂ ਅਤੇ ਦਮਨ ਚੱਕਰਾਂ ਨੇ ਬਾਕੀ ਦੀ ਗੈਰ ਸਿਖ ਵੱਸੋਂ ਨੂੰ ਸੁੱਕਾ ਛਡ ਦਿਤਾ ਹੋਵੇ ਇਸ ਦਾ ਵੀ ਕਿਆਸ ਨਹੀਂ ਕੀਤਾ ਜਾ ਸਕਦਾ । ਅਤੇ ਇਸ ਸਮੁਚੀ ਪੰਜਾਬੀ ਵੱਸੋਂ ਵਿਚ ਸਿਖ ਵੱਸੋਂ ਨੂੰ ਢੋਈ ਅਤੇ ਹਮਦਰਦੀ ਵੀ ਮਿਲਦੀ ਹੋਵੇਗੀ ਜਿਨ੍ਹਾਂ ਦੀ ਪੁਰ ਅਮਨ ਸ਼ਹਿਰੀ ਆਬਾਦੀ ਉਪਰ ਅਕਹਿ ਜ਼ੁਲਮ ਹੋਣ ਸਨ ।

ਇਸ ਦੌਰ ਵਿਚ ਕੁਝ ਗਲਾ ਨੋਟ ਕਰਨ ਵਾਲੀਆ ਹਨ । ਸਾਰਿਆ ਹਮਲਿਆ ਤੇ ਦਮਨ ਚੱਕਰਾਂ ਨੂੰ ਕੇਂਦਰੀ ਪੰਜਾਬ—ਸਗੋਂ ਅਟੱਕ ਤੋ ਸਤਲੁਜ ਤਕ ਦੇ ਰਾਜਸੀ ਮਾਰਗ ਵਾਲੇ ਇਲਾਕਿਆਂ—ਨੇ ਝੱਲਿਆ । ਏਸੇ ਲਈ ਇਥੋਂ ਦਾ ਸਕਤੀ ਕੇਂਦਰ ਸਿਖ ਸਮਾਜ ਦੀ ਮੁਖ ਧਾਰਾ ਦਾ ਕੇਂਦਰ ਬਣ ਸਕਿਆ । ਫੂਲਕਿਆਂ ਤੇ ਨਾਲ ਲਗਦੇ ਇਲਾਕੇ ਸਹਾਇਕ ਅਤੇ ਪਨਾਹ ਦੇਣ ਵਾਲੇ ਤਾਂ ਬਣੇ ਪਰ ਵਖਰਾ ਸ਼ਕਤੀ ਕੇਂਦਰ ਵਿਕਸਤ ਕਰਨ ਲਈ ਫੂਲਕਿਆ ਨੇ ਮਾਰੀਆਂ ਮੱਲਾਂ ਨੂੰ ਕਾਇਮ ਰਖਣ ਲਈ ਇਕ ਤੋਂ ਵੱਧ ਵਾਰ ਹਰਜਾਨੇ ਤੇ ਖਿਰਾਜ ਦੀਆਂ ਰਕਮਾਂ ਵੀ ਭਰੀਆਂ ਅਤੇ ਇਕ ਵਾਰ ਸਿਖੀ ਸਰੂਪ ਨੂੰ ਕਾਇਮ ਰਖਣ ਲਈ ਅਹਿਮਦ ਸ਼ਾਹ ਨੂੰ ਨਜ਼ਰਾਨਾ ਵੀ ਭੇਟ ਕੀਤਾ । ਗੁਰਪ੍ਰਤਾਪ ਸੂਰਜ ਵਿਚ ਆਈ ਰਵਾਇਤ ਅਨੁਸਾਰ, ਸਪਤਮ ਗੁਰੂ ਹਰਿ ਰਾਏ ਪਾਸ

ਭੁੱਖਾ ਵਿਚ ਵਜਾਉਂਦੇ ਆਏ ਚੌਧਰੀ ਕਾਲੇ ਦੇ ਭਤੀਜਿਆਂ ਫੂਲ ਤੇ ਰਾਮਾ ਦੀ ਔਲਾਦ —ਬਾਬਾ ਆਲਾ ਸਿੰਘ ਤਕ—ਹੁਣ ਏਨੀ ਕੁ ਵਰੋਸਾਈ ਜਾ ਚੁਕੀ ਸੀ ਕਿ ਉਹ ਨਾਲ ਲਗਦੇ ਮੁਸਲਮਾਨ ਭੱਟੀ ਰਾਜਪੂਤਾਂ ਤੋਂ ਹੋਰ ਮਿਲਖ ਖੋਹ ਕੇ ਘਲੂਘਾਰੇ ਦੀ ਮਾਰੀ ਸਿੱਖ ਵਹੀਰ ਨੂੰ ਆਸਰਾ ਵੀ ਦੇ ਦੇਵੇ ਅਤੇ ਆਸਰਾ ਦੇਣ ਕਾਰਨ ਚਾਰ ਲੱਖ ਰੁਪਿਆ ਉਪ੍ਰੋਕਤ ਹਰਜ਼ਾਨਾ ਭਰ ਕੇ ਅਹਿਮਦ ਸ਼ਾਹ ਅਬਦਾਲੀ ਪਾਸੋਂ ਰਾਜੇ ਦਾ ਖਿਤਾਬ ਤੇ ਖਿਲਤ ਖਰੀਦੇ।

ਕੇਂਦਰੀ ਪੰਜਾਬ—ਜਾਂ ਅੱਟਕ ਤੋਂ ਸਤਲੁਜ ਤਕ ਦੀ ਜਰਨੈਲੀ ਸੜਕ ਵਾਲੀ ਕਾਰੀਡਰ ਪੱਟੀ—ਵਾਲੇ ਸ਼ਕਤੀ ਕੇਂਦਰ ਨੂੰ; ਬੰਦਾ ਸਿੰਘ ਨੂੰ ਨਿਖੇੜਣ ਦਾ ਰਣਨੀਤਕ ਨਤੀਜਾ ਭੁਗਤਣਾ ਪਿਆ। ਵਡੇ ਤੋਂ ਮਗਰੋਂ ਛੋਟਾ ਘਲੂਘਾਰਾ—ਜੋ ਲਾਹੌਰ ਤੇ ਦੁਆਬੇ ਦੇ ਫੌਜਦਾਰਾ ਦੀ ਮਿਲਵੀਂ ਚੜ੍ਹਾਈ ਦਾ ਨਤੀਜਾ ਸੀ ਝੱਲ ਕੇ ਇਸ ਸ਼ਕਤੀ ਕੇਂਦਰ ਨੇ ਪ੍ਰਤੀ-ਰਖਿਆ ਅਤੇ ਹੋਂਦ ਦੀ ਲੜਾਈ ਨੂੰ ਗੁਰੀਲਾ ਰਣ ਨੀਤੀ ਨਾਲ ਵਧਾ ਕੇ ਮੋੜਵੇਂ ਹਮਲੇ ਦੇ ਰੂਪ ਵਿਚ ਲੈ ਆਂਦਾ।

ਇਹੋ ਸਮਾਂ ਸੀ ਜਦ ਦਿਲੀ ਦਰਬਾਰ ਨਾਂ ਮਾਤਰ ਰਹਿ ਗਿਆ ਅਤੇ ਲਾਹੌਰ ਦਾ ਸੂਬਾ ਅਤੇ ਖਜ਼ਾਨਾ ਦਿਲੀ ਦਰਬਾਰ ਲਈ ਮਹਤਵਪੂਰਣ ਹੋ ਗਏ। ਇਸੇ ਲਈ ਸਬੇਦਾਰੀ ਨੂੰ ਆਪਣੇ ਅਧੀਨ ਰਖਣ ਲਈ ਸ਼ਾਹੀ ਰਿਸ਼ਤੇਦਾਰੀਆਂ ਦੀ ਹੋੜ ਮੁਗ- ਲਾਣੀ ਬੇਗਮ ਦੇ ਸਮੇਂ ਸਿਖਰ ਤੇ ਪੁਜ ਗਈ। ਦੁਆਬੇ ਦੇ ਫੌਜਦਾਰ ਨਾਲ ਖਹਿ ਅਤੇ ਲਖਪਤ ਰਾਏ ਵਰਗੇ ਦਨਮਕਾਰੀ ਦੀਵਾਨ ਦੀ ਅਸਫਲਤਾ ਕਾਰਣ ਲਾਹੌਰ ਦਰਬਾਰ ਦਿਨੋਂ ਦਿਨ ਮਜਬੂਰ ਹੋਣ ਲੱਗਾ ਕਿ ਉਹ ਕੌੜਾ ਮੱਲ (ਜਿਸ ਨੂੰ ਸਿਖ ਇਤਹਾਸ ਵਿਚ ਮਿੱਠਾ ਮੱਲ ਕਿਹਾ ਗਿਆ ਹੈ) ਜਹੇ ਧਰਮ ਨਿਰਪੱਖ ਦੀਵਾਨ ਨੂੰ ਆਪਣੀ ਅੰਦਰਲੀ ਖਹਿ ਨੂੰ ਸੂਤਰ ਕਰਨ ਲਈ ਵੀ ਵਰਤੇ ਅਤੇ ਜਾਗੀਰਾਂ ਖਿਤਾਬਾਂ ਆਦਿਕ ਨਾਲ ਸਨਮਾਨਤ ਕਰੇ।

**ਮਿਸਲਾਂ : ਤਪ ਤੋਂ ਰਾਜ ਵਲ** :—ਭਾਈ ਮਨੀ ਸਿੰਘ, ਜਿਸ ਨੂੰ ਗੁਰੂ ਗੋਬਿੰਦ ਸਿੰਘ ਤੋਂ ਪਾਹੁਲ (ਅੰਮ੍ਰਿਤ) ਲੈਣ ਦਾ ਮਾਨ ਪ੍ਰਾਪਤ ਸੀ, ਮਾਤਾ ਸੁੰਦਰੀ ਦੀ ਆਗਿਆ ਅਨੁਸਾਰ ਧੂਪੀਆ, ਨਿਸ਼ਾਨਚੀ ਆਦਿਕ ਗਿਣਤੀ ਦੇ ਸਿਖ ਲੈ ਕੇ ਅੰਮ੍ਰਿਤਸਰ ਪੁਜਾ। ਉਸ ਦੀ; ਗੁਰਬਾਣੀ ਨੂੰ ਸਿਖਾਂ ਦੀ ਸੰਗਤ ਅਤੇ ਰਸਨਾਂ ਨਾਲ ਜੋੜਨ ਲਈ ਦਿਤੀ ਦੇਣ ਨੂੰ ਅਨਡਿੱਠ ਨਹੀਂ ਕੀਤਾ ਜਾ ਸਕਦਾ; ਨਾ ਹੀ ਵੈਸਾਖੀ

ਮਨਾ ਕੇ ਸਿਖ ਸੰਗਤਾਂ ਅਤੇ ਜੱਥਿਆਂ ਨੂੰ ਜੇਤਨ ਦੇ ਯਤਨ ਨੂੰ। ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਲੈ ਕੇ ਅੰਮ੍ਰਿਤਸਰ ਦੇ ਹਰਿਮੰਦਰ ਨੂੰ ਢਾਹ ਢੇਰੀ ਕਰਨ, ਸਰੋਵਰ ਪੂਰਣ ਅਤੇ ਉਸੇ ਪੂਜ-ਸਥਾਨ ਦੀ ਬੇਹੁਰਮਤੀ ਕਰਨ ਹੇਠ ਰਾਜ ਸੱਤਾ ਦੀ ਆਦਿ ਜੁਗਾਦੀ ਨੀਅਤ ਕੰਮ ਕਰ ਰਹੀ ਸੀ ਜਿਸ ਅਨੁਸਾਰ ਧਰਮ ਦੇ ਝੰਡੇ ਹੇਠ ਇਕਤਰ ਹੋ ਰਹੇ ਲੋਕਾਂ ਦਾ ਮਨੋਬਲ ਤੋੜਨ ਲਈ ਅੰਤਮ ਤੇ ਨੀਚਤਮ ਹਮਲਾ ਕੀਤਾ ਜਾਂਦਾ ਹੈ।

ਉਤਰ ਵਿਚ ਸਿੱਖ ਜੱਥਿਆਂ ਨੇ ਹਰਿਮੰਦਰ ਅਤੇ ਅਕਾਲ ਬੁੰਗੇ ਦੀ ਮੁੜ-ਉਸਾਰੀ ਅਤੇ ਉਥੇ ਵੈਸਾਖੀ ਅਤੇ ਗੁਰਮਤਾ ਕਰਨ ਦੇ ਯਤਨਾਂ ਨਾਲ ਰੋਸ ਪ੍ਰਗਟ ਕਰਨ ਤੋਂ ਲੈ ਕੇ ਪ੍ਰਤੀ ਰਖਿਆ ਤੇ ਸ਼ਕਤੀ ਕੇਂਦਰੀਕਰਨ ਦਾ ਸਾਧਨ ਬਣਾਇਆ।

ਬੰਦਾ ਸਿੰਘ ਤੋਂ ਮਗਰੋਂ ਦਲ ਖਾਲਸਾ ਅਬਦਾਲੀ ਦੇ ਹਮਲਿਆਂ, ਲਾਹੌਰ ਦੀ ਸੂਬੇਦਾਰੀ ਅਤੇ ਦੁਆਬੇ ਆਦਿਕ ਫੌਜਦਾਰੀਆਂ ਨਾਲ ਭਿੜਦਾ ਹੋਇਆ ਸ਼ਕਤੀ ਬਣ ਅਤੇ ਵਧ ਰਿਹਾ ਸੀ। ਪਹਿਲੀਆ ਮੱਲਾਂ ਤੇ ਧਾੜੇ ਮਾਰਨ ਨਾਲ ਦਲ ਖਾਲਸਾ ਦੀ ਪੈਂਠ ਵੀ ਬਣੀ ਅਤੇ ਅਬਦਾਲੀ ਕੋਲੋਂ ਅਬਲਾ ਇਸਤਰੀਆਂ ਨੂੰ ਛੁਡਾ ਕੇ ਵਾਪਸ ਮਾਪਿਆਂ ਤੇ ਸਮਾਜ ਵਿਚ ਬਹਾਲੀ ਕਰਨ ਨਾਲ ਆਦਰ ਵੀ ਵਧਿਆ। ਪਹਿਲੀਆਂ ਜਾਗੀਰਾਂ ਲਗਣ ਤੋਂ ਮਗਰੋਂ ਅੰਮ੍ਰਿਤਸ਼ਰ ਹੋਏ ਦਲ ਖਾਲਸਾ ਦੇ ਇਕੱਠ ਸਮੇਂ "ਲੰਗਰ ਤੇ ਦਾਣਾ ਵਰਤਾਉਣ ਦੇ ਸਮੇਂ ਬੋਲਾ ਰੋਲਾ ਹੋਣ ਲੱਗਾ ਤਾਂ ਮੁਖੀਏ ਸਿੰਘਾਂ ਨੇ ਸਾਰੇ ਪੰਥ ਦਾ ਇਕ ਜਗਾ ਨਿਬਾਹ ਨਾ ਹੁੰਦਾ ਦੇਖ ਕਰ ਨਾਮੀ 2 ਜਵਾਨ 2 ਸਿੰਘਾਂ ਨੂੰ ਇਕ 2 ਨਗਾਰਾ ਇਕ 2 ਨਿਸ਼ਾਨ, ਦੇਗ, ਲੋਹ, ਕੜਾਹਾ, ਵਗੈਰੇ ਲੰਗਰ ਦਾ ਸਾਮਾਨ ਅਤ ਤੰਬੂ ਕਨਾਤਾ ਖਜ਼ਾਨਾ ਜਥਾ ਜੋਗ ਦੇ ਕਰ ਬਬੇਕ ਸਰ ਪਰ ਉਤਾਰਾ ਦਿਤਾ। ਏਸ ਦਾ ਨਾ ਤਰੁਨਾ ਦਲ ਮਸ਼ਹੂਰ ਕੀਤਾ ਗਿਆ।" (ਤਵਾਰੀਖ ਸਮਸ਼ੇਰ ਖਾਲਸਾ ਨੰਬਰ 2 ; ਪੰਨੇ 38-39)।

ਅਬਦਾਲੀ ਹਮਲਿਆ ਦੇ ਬੰਦ ਹੋਣ, ਦਿੱਲੀ ਦਰਬਾਰ ਦੇ ਕਮਜ਼ੋਰ ਹੋਣ. ਪੰਜਾਬ ਦੀਆਂ ਸੂਬੇਦਾਰੀਆਂ ਦੇ ਨਾਕਾਰਾ ਹੋਣ ਅਤੇ ਅੰਦਰਲੀ ਵਿਰੋਧਤਾਈ ਵਿਚ ਗੁਸੇ ਜਾਣ ਸਿਖ ਜਥਿਆਂ ਦੀ ਚੰਗੇਰੀ ਰਣਨੀਤੀ ਅਤੇ ਲੋਕਾ ਵਿਚ ਚੰਗੇਰੀ ਸਾਖ, ਪੂਰੇ ਪੰਜਾਬੀ ਇਲਾਕੇ ਵਿਚ ਅਰਾਜਿਕਤਾ ਅਤੇ ਆਰਥਕ ਅਸਥਿਰਤਾ ਇਹ ਸਭ ਕਾਰਣ ਸਨ ਜਿਨ੍ਹਾਂ ਨੇ ਥੋੜਾ ਸਮੇਂ ਧਰਮ ਯੁੱਧ ਲਈ ਉਗਮੇ ਜੱਥਿਆਂ ਨੂੰ ਮੱਲਾਂ ਮਾਰਨ ਅਤੇ ਇਲਾਕੇ ਜਿੱਤਣ ਵਾਲੀਆਂ ਮਿਸਲਾਂ ਦਾ ਰੂਪ ਦਿਤਾ। ਇਸੇ ਸਮੇਂ

ਮਿਸਲਾਂ ਦੇ ਮੋਢੀਆਂ, ਹਰੀ ਸਿੰਘ ਨਕਈ, ਗੁਲਾਬ ਸਿੰਘ ਡਲੇਵਾਲ ਅਤੇ ਨਵਾਬ ਕਪੂਰ ਸਿੰਘ ਆਦਿਕ ਨੇ ਅੰਮ੍ਰਿਤ ਛਕਿਆ ਅਤੇ ਆਪੋ ਆਪਣੀ ਮਿਸਲ ਦੀ ਨੀਂਹ ਰਖੀ। ਇਸੇ ਸਮੇਂ ਬਾਬਾ ਆਲਾ ਸਿੰਘ ਨੇ ਵੀ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕਿਆ; ਆਪਣੇ ਸ਼ਕਤੀ ਕੇਂਦਰ ਫੂਲਕੀਆਂ ਰਾਜ ਦੀ ਨੀਂਹ ਰਖੀ ਅਤੇ ਅੰਮ੍ਰਿਤ ਛਕਾਉਣ ਵਾਲੇ ਨਵਾਬ ਕਪੂਰ ਸਿੰਘ ਦੀ ਹਮਦਰਦੀ ਵੀ ਜਿੱਤੀ ਰਖੀ। ਘਲੂਘਾਰਿਆਂ ਸਮੇਂ ਧਰਮ ਯੁਧ ਵਿਚ ਲੜਨ ਲਈ ਜੋ ਕਿਸੇ ਦੇ ਹਥ ਆਉਂਦਾ ਲੈ ਕੇ ਆਪਣੀ ਅਤੇ ਧਰਮ ਦੀ ਹੋਂਦ ਲਈ ਮੈਦਾਨ ਵਿਚ ਕੁੱਦ ਪੈਂਦਾ। ਹੋਰ ਸਮਾਂ ਬੀਤਣ ਦੇ ਨਾਲ ਚੰਗੇ ਘੜ ਸਵਾਰ ਅਤੇ ਸ਼ਾਸਤ੍ਰਧਾਰੀ ਦੀ ਕਦਰ ਵਧ ਗਈ। ਹੁਣ ਸਾਂਝੇ ਲੰਗਰ ਤੋਂ ਬਿਨਾਂ ਮਿਸਲ ਦੇ ਡਸਿਪਲਨ ਅਤੇ ਇਵਜ਼ਾਨੇ ਦੇ ਵੀ ਕੱਚੇ ਤੋਂ ਪੱਕੇ ਹੁੰਦੇ ਜਾਂਦੇ ਨਿਯਮ ਬਣਨ ਲਗੇ। ਮਿਸਲਾਂ ਵਧ ਕੇ ਬਾਰਾਂ (ਸ਼ਾਇਦ ਇਸ ਤੋਂ ਵੀ ਵਧ) ਹੋ ਗਈਆਂ। ਕੋਈ ਵੀ ਇਕ ਮਿਸਲ ਨੂੰ ਛਡ ਕੇ ਦੂਜੀ ਵਿਚ ਜਾ ਸਕਦਾ ਸੀ। ਮਿਸਲ ਦੀ ਜੱਥੇਦਾਰੀ, ਸਾਥੀ, ਨਾਇਬ, ਮੁਸਾਹਿਬ, ਨੌਕਰ ਨੂੰ ਵੀ ਮਿਲਦੀ ਰਹੀ ਅਤੇ ਹੌਲੀ ਹੌਲੀ ਇਹ ਭਰਾ, ਪੁਤਰ ਅਤੇ ਇਸਤਰੀ ਨੂੰ ਮਿਲਣ ਲਗੀ। ਸਤਲੁਜੋਂ ਪਾਰ ਪਹਿਲੇ ਦਿਨਾਂ ਵਿਚ ਇਕਾ ਦੁੱਕਾ ਮਿਸਲਦਾਰਾਂ ਦੇ ਨਾਵਾਂ ਨਾਲ ਸ਼ਬਦ ਰੰਘਰੇਟਾ ਆਉਣਾ ਦਸਦਾ ਹੈ ਕਿ ਮਿਸਲਾਂ ਦੀ ਜਥੇਦਾਰੀ ਅਤੇ ਸਰਦਾਰੀ ਪੰਚਾਇਤਾਂ ਅਤੇ ਯੋਗਤਾ ਉਪਰ ਟਿਕੀ ਹੋਈ ਸੀ। ਪਰ ਮਗਰੋਂ ਇਹੋ ਜੱਥੇਦਾਰੀ, ਵਿਰਾਸਤ ਦੇ ਨਿਯਮ ਤੇ ਚੱਲ ਪੈਣ ਕਾਰਣ ਸਰਦਾਰੀ ਅਖਵਾਉਣ ਲਗੀ।

ਸੰਨ (ਈਸਵੀ) 1765 ਤੋਂ 1799 ਤਕ ਦਾ ਸਮਾਂ ਦਸਦਾ ਹੈ ਕਿ ਮਿਸਲਾਂ ਠੀਕ ਹੀ ਧਰਮ ਆਧਾਰਤ ਸਾਮੰਤੀ ਮਹਾਂ ਸੰਘ (Theocratic Feudal Confedration) ਦੇ ਲੱਛਣ ਧਾਰਨ ਕਰ ਰਹੀਆਂ ਸਨ।

ਇਸ ਸਮੇਂ ਸਾਂਝੇ ਵੈਰੀ ਜਾਂ ਹਮਲਾਵਰ ਦਾ ਟਾਕਰਾ ਤਾਂ ਹੁੰਦਾ ਰਿਹਾ ਪਰ ਨਾਲ ਹੀ ਗੁਆਂਢੀ ਰਿਆਸਤਾਂ ਦੀ ਆਪਸੀ ਖਹਿ ਵਿਚ ਮਿਸਲਾਂ ਇਕ ਜਾਂ ਦੂਜੀ ਧਿਰ ਦੀ ਸਹਾਇਤਾ ਕਰਨ ਲਗ ਪਈਆਂ। ਜਿਵੇਂ ਪਹਾੜੀ ਰਾਜੇ ਰਣਜੀਤ ਦੇਵ ਦੀ ਵਿਰਾਸਤੀ ਲੜਾਈ ਵਿਚ ਉਸਦੇ ਛੋਟੇ ਪੁਤਰ ਦਲੇਲ ਸਿੰਘ ਦੀ ਸਹਾਇਤਾ ਵਿਚ ਆਏ ਭੰਗੀ ਸਰਦਾਰਾਂ ਦੀ ਵੱਡੇ ਪੁਤਰ ਬ੍ਰਿਜਰਾਜ ਦੀ ਹਮਾਇਤ ਵਿਚ ਉਤਰੇ ਸ੍ਰ: ਚੜ੍ਹਤ ਸਿੰਘ ਨਾਲ ਆਪਸ ਵਿਚ ਹੀ ਟੱਕਰ ਹੋ ਗਈ ('ਮਹਾਰਾਜਾ ਰਣਜੀਤ ਸਿੰਘ'

ਬਾ: ਪ੍ਰੇਮ ਸਿੰਘ ਹੋਤੀ ਪੰਨਾ,23 ਹਿਸਟਰੀ ਆਫ ਦੀ ਸਿਖਸ, ਕਨਿੰਘਮ ਪੰਨਾ **123.** **Origin of the Sikh's Power : Princip Page 31)** ।

ਜੈ ਸਿੰਘ ਘਨਈਆ ਨੇ ਜੱਸਾ ਸਿੰਘ ਰਾਮਗੜ੍ਹੀਏ ਦਾ ਕੁਝ ਇਲਾਕਾ ਖੋਹ ਲਿਆ ਤਾਂ ਮਹਾਂ ਸਿੰਘ, ਜੱਸਾ ਸਿੰਘ ਦੀ ਮਦਦ ਉਪਰ ਅ ਇਆ । ਜੈ ਸਿੰਘ ਦਾ ਪੁਤਰ ਗੁਰਬਖਸ਼ ਸਿੰਘ ਇਸ ਲੜਾਈ ਵਿਚ ਮਾਰਿਆ ਗਿਆ ਤਾਂ ਉਸ ਦੀ ਬੇਵਾ ਸਦਾ ਕੌਰ ਨੇ ਚੜ੍ਹਦੀ ਹੋਣੀ ਮਿਸਲ ਦੇ ਮਹਾਂ ਸਿੰਘ ਦੇ ਪੁਤਰ ਰਣਜੀਤ ਸਿੰਘ (ਮਹਾਰਾਜਾ) ਨਾਲ ਆਪਣੀ ਧੀ ਮਹਿਤਾਬ ਕੌਰ ਵਿਆਹ ਦਿਤੀ।

ਓਧਰ, ਪੱਤੀ ਆਲਾ ਬਾ: ਆਲਾ ਸਿੰਘ ਦੇ ਸਮੇਂ ਤੇ ਉਸਦੇ ਵੰਸ਼ਜ ਰਾਜਾ ਅਮਰ ਸਿੰਘ ਦਾ ਪਟਿਆਲਾ ਰਾਜ ਬਣ ਚੁਕਾ ਸੀ। ਰਾਜਾ ਅਮਰ ਸਿੰਘ ਦੀ ਘੜਾਮ ਦੇ ਸਥਾਨ ਤੇ ਕਰੋੜੀਆ ਮਿਸਲ ਨਾਲ ਘਮਸਾਨ ਦੀ ਲੜਾਈ ਹੋਈ । ਇੰਜ ਹੀ ਸ਼ੁਕਰ ਚੱਕੀਆ, ਭੰਗੀ, ਆਹਲੂ ਵਾਲੀਆ, ਰਾਮਗੜ੍ਹੀਆ ਦੇ ਅੰਤਰ-ਵਿਰੋਧ ਅਤੇ ਪਰਸਪਰ ਟੱਕਰਾਂ ਏਨੀਆਂ ਵਧ ਗਈਆਂ ਸਨ ਕਿ ਉਨ੍ਹਾਂ ਦੇ ਵੇਰਵਿਆ ਤੇ ਕਾਰਣਾਂ ਦਾ ਪਤਾ ਨਹੀਂ ਲਗਦਾ । ਅਜਿਹੀ ਹਾਲਤ ਵਿਚ ਕਈ ਵਾਰ ਤਾਂ ਅਰਾਜਿਕਤਾ ਏਨੀ ਵਧ ਜਾਦੀ ਸੀ ਕਿ 'ਨਾਦਰਸ਼ਾਹੀ' ਵਾਂਗ 'ਸਿੱਖਾਸ਼ਾਹੀ' ਵੀ ਅਰਾਜਿਕਤਾ ਦਾ ਪ੍ਰਯਾਏਵਾਚੀ ਸ਼ਬਦ ਬਣਦਾ ਜਾ ਰਿਹਾ ਸੀ ।

ਸਿਖ ਮਿਸਲਾਂ ਦੀ ਹੋਂਦ ਅਤੇ ਜੱਥੇਬੰਦੀ ਦੇ ਕਾਰਣ ਰਾਜ ਸੱਤਾ ਦੀ ਉਹ ਲੁੱਟ ਘਸੁੱਟ ਅਤੇ ਦਮਨ ਦਾਬਾ ਸਨ ਜਿਨ੍ਹਾਂ ਦਾ ਰੂਪ ਧਾਰਮਿਕ ਸੀ । ਇਸੇ ਲਈ 'ਧਰਮ ਪਿਆਰ ਦਾ ਕੱਚਾ ਧਾਗਾ' ਹੀ ਇਨ੍ਹਾਂ ਵਿਕੇਂਦ੍ਰਿਤ ਜੱਥਿਆਂ ਨੂੰ ਬੰਨ੍ਹ ਕੇ ਰਖਦਾ ਰਿਹਾ । ਪਰ ਸਮਾਂ ਪਾ ਕੇ ਧਰਮ ਨਾਲੋਂ ਧਰਤੀ ਉਪਰ ਕਬਜ਼ੇ ਦੀ ਖਿੱਚ ਏਨੀ ਵਧੀ ਕਿ ਮਿਸਲਾਂ ਦਾ ਧਰਮ ਆਧਾਰ ਸਾਮੰਤੀ ਮਹਾਂਸੰਘ-ਬੀਤੇ ਰਾਜਪੂਤੀ ਸਮਾਜ ਵਾਂਗ-ਕੇਵਲ ਸਾਮੰਤੀ ਸਰਦਾਰੀਆਂ ਦਾ ਜਮਘਟ ਬਣਦਾ ਜਾ ਰਿਹਾ ਸੀ ਅਤੇ ਕਿਸੇ ਸਾਮੰਤ ਸ਼ਾਹ ਦਾ ਰਾਹ ਪਧਰਾ ਰਿਹਾ ਸੀ ।

# 8. ਮਹਾਰਾਜਾ ਰਣਜੀਤ ਸਿੰਘ : ਤੇਗ਼ ਤੋਂ ਦੇਗ਼ ਵਲ

ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੀ ਮਹਾਰਾਜਗੀ ਬਾਰੇ ਬਹੁਤ ਸਾਰੀਆਂ ਤੱਥ, ਕਹਾਣੀਆਂ ਅਤੇ ਕਹਾਵਤਾਂ ਪ੍ਰਸਿਧ ਹਨ। ਉਸ ਦੀ ਇਕੋ ਅੱਖ ਨੂੰ ਪ੍ਰਤੀਕ ਬਣਾ ਕੇ ਉਸ ਦੀ ਧਰਮ ਨਿਰਪੱਖਤਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੀ ਰਈਅਤ ਨੂੰ ਇਕ ਅੱਖ ਨਾਲ ਦੇਖਦਾ ਸੀ। 'ਮੋਤੀਆਂ ਵਾਲਾ' ਤਾਂ ਅਖਵਾਉਂਦਾ ਹੀ ਸੀ ਪਰ ਏਡਾ ਪਰਜਾ-ਪਾਲਕ ਸੀ ਕਿ ਕਾਲ ਪੈਣ ਤੇ ਜਦ ਸ਼ਾਹੀ ਭੰਡਾਰੇ ਗਰੀਬਾਂ ਲਈ ਖੋਹਲ ਦਿਤੇ ਜਾਂਦੇ ਤਾਂ ਕਾਣੀ-ਵੰਡ ਨੂੰ ਰੋਕ ਕਰਨ ਲਈ ਆਪ ਮੌਕੇ ਉਪਰ ਜਾਂਦਾ ਅਤੇ ਕਿਸੇ ਗਰੀਬ ਬੁਢੜੀ ਦੀ ਭਾਰੀ ਪੰਡ ਨੂੰ ਆਪ ਚੁਕ ਕੇ ਤੁਰ ਪੈਂਦਾ। ਆਦਮ ਸ਼ਨਾਸ ਅਜਿਹਾ ਕਿ ਆਮ ਸਿਪਾਹੀਆ ਵਿਚੋਂ ਅਕਾਲੀ ਫੂਲਾ ਸਿੰਘ ਜਹੇ ਜੰਗਜੂ ਅਤੇ ਵੈਨਤੂਰਾ ਐਲਾਰਡ ਜਹੇ ਜਰਨੈਲ ਦੇਖ ਲੈਂਦਾ ਅਤੇ ਯਗਤਾ ਅਨੁਸਾਰ ਉਨ੍ਹਾਂ ਨੂੰ ਪਦਵੀ ਪ੍ਰਦਾਨ ਕਰਦਾ। ਜਰਨੈਲ ਅਜਿਹਾ ਕਿ ਹੜ੍ਹ ਆਏ ਅਟਕ ਵਿਚ ਆਪਣੀ ਫੌਜ ਵਿਚ ਸਭ ਤੋਂ ਪਹਿਲਾ ਠਿਲ੍ਹ ਪੈਂਦਾ। ਸਿਪਾਹ ਸਾਲਾਰ ਅਜਿਹਾ ਕਿ ਉਸ ਨੇ ਪਛਮੋਤਰੀ ਭਾਰਤ ਦੇ ਦੱਰਿਆਂ ਤੋਂ ਹੁੰਦੇ ਆ ਰਹੇ ਹਮਲਿਆਂ ਦਾ ਮੂੰਹ ਮੋੜ ਕੇ ਇਤਹਾਸ ਨੂੰ ਪਹਿਲੀ ਵਾਰ ਪੁੱਠਾ ਗੇੜਾ ਦੇ ਦਿਤਾ। ਨੀਤੀਵਾਨ ਏਨਾ ਕਿ ਦੱਖਣੀ ਤੇ ਪੂਰਬੀ ਭਾਰਤ ਤੋਂ ਚੜ੍ਹੇ ਆ ਰਹੇ ਬਰਤਾਨਵੀ ਸਾਮਰਾਜੀਏ ਉਸ ਤੋਂ ਖ਼ਮ ਖਾਂਦੇ ਸਨ। ਫੇਰ, ਏਨਾ ਕੁਝ ਹੋ ਕੇ ਅਜਿਹਾ ਨਿਰਮਾਣ ਕਿ ਆਪਣੇ ਚਰਿਤਰ ਅਤੇ ਧਰਮ ਦੀ ਊਣਤਾਈ ਕਾਰਣ ਦਰਖ਼ਤ ਨਾਲ ਬੱਝ ਕੇ ਕੋਰੜੇ ਖਾਣ ਲਈ

ਤ੍ਰਿਆਰ ਸੀ। ਅਜਿਹੇ ਬਿਕਰਮਾ ਦੱਤ ਦੂਜੇ ਅਤੇ ਨੌਸ਼ੀਰਵਾਂ ਆਦਲ ਸਾਨੀ ਉਪਰ ਕਿਹੜੇ ਦੇਸ ਤੇ ਲੋਕਾਂ ਦਾ ਇਤਹਾਸ ਮਾਣ ਨਹੀਂ ਕਰੇਗਾ।

ਬੀਤਿਆ ਵਿਗਸ ਗਿਆ—ਸਮਾ ਹੋਵੇ ਸਮਾਜ ਜਾਂ ਮਨੁਖ—ਪਿਆਰਾ ਲਗਣ ਲਗ ਪੈਂਦਾ ਹੈ; ਇਹ ਵਰਤਮਾਨ ਤੋਂ ਉਦਾਸੀਨ ਮਾਨਵੀ ਬਿਰਤੀ ਹੈ।

ਫੇਰ, ਜਿਵੇਂ ਕਿ ਇਸ ਕਿਤਾਬਚੀ ਦੇ ਆਰੰਭ ਵਿਚ ਚਰਚਾ ਕੀਤੀ ਹੈ, ਅਜੇ ਤਕ ਦੀ ਇਤਹਾਸਕਾਰੀ ਇਸ ਸੰਕਲਪ ਉਪਰ ਆਧਾਰਤ ਹੈ ਕਿ ਇਤਹਾਸ ਨੂੰ ਬਨਾਉਣ ਤੇ ਸੋਧਣ ਵਾਲੇ ਅਦੁੱਤੀ ਜਰਨੈਲ-ਜੇਤੂ; ਮਹਾਂ ਪੁਰਸ ਆਦਿਕ ਵਿਅਕਤੀ ਵਿਸ਼ੇਸ਼ ਹੁੰਦੇ ਹਨ। ਸਮਾਂ ਪਾ ਕੇ, ਉਨ੍ਹਾਂ ਦੀ ਸਖਸੀਅਤ ਅਤੇ ਕਾਰਜਾਂ ਨਾਲ ਸਾਹਿਤ ਅਤੇ ਕਲਾ ਦੇ ਜੋਰ ਨੂਰਾਨੀ ਹਾਲੇ ਜਾ ਦਿਭ-ਚੱਕਰ ਆ ਜੁੜਦੇ ਹਨ। ਅਜਿਹੇ ਮਨੁਖ ਆਦਰਸ ਪੁਰਖ ਬਣ ਜਾਂਦੇ ਹਨ।

ਗੁਲਾਮੀ ਸਮੇਂ ਬ੍ਰਤਾਨਵੀ ਹਾਕਮਾ ਨੇ— ਭਾਰਤ ਨਾਲ ਵਾਹ ਪਏ ਸਭਨਾ ਹਾਕਮਾਂ ਤੋਂ ਵਧ—ਜਿਥੇ ਪੁਰਾਤਨ ਭਾਰਤੀ ਸਮਾਜ ਦੇ ਹਾ-ਪੱਖਾ ਨੂੰ ਜਾਂ ਤਾਂ ਧੁੰਦਲਾ-ਛੁਟਿਆ ਦਿਤਾ ਜਾ ਚੁੱਪ ਵੱਟ ਛਡੀ—ਓਥੇ ਸਿਖ ਇਤਹਾਸ ਦੇ ਮਹਾਰਾਜਾ ਰਣਜੀਤ ਸਿੰਘ ਦੇ ਇਤਹਾਸ ਨੂੰ ਅਨ-ਗੌਲਣ ਦਾ ਯਤਨ ਕੀਤਾ।

ਸੁਤੰਤਰਤਾ ਸੰਗਰਾਮ ਦੇ ਸਮੇਂ ਸਮੁਚੇ ਭਾਰਤ ਤੋਂ ਲੈ ਕੇ ਹਰ ਇਲਾਕੇ, ਧਰਮ ਅਤੇ ਸੰਪ੍ਰਦਾਇ ਦੇ ਇਤਹਾਸ ਨੂੰ ਨਵੇਂ ਸਿਰਿਓਂ ਫਰੋਲਣਾ ਅਤੇ ਸਮਝਣਾ ਇਤ-ਹਾਸਕ ਸਮਾਜਕ ਚੇਤੰਨਤਾ ਦੇ ਅਨਕੂਲ ਸੀ।

ਪੰਜਾਬ ਦੇ ਨੇੜਲੇ ਇਤਹਾਸ (ਜਿਸ ਵਿਚ ਬ੍ਰਤਾਨਵੀ ਸਾਮਰਾਜ ਨਾਲ ਭਾਰਤ ਵਿਚ ਅੰਤਮ ਗੌਰਵ-ਪੂਰਣ ਟੱਕਰ ਹੋਈ ਸੀ) ਦਾ ਪੁਨਰ ਅਧਿਅਨ ਆਮ ਜਨਤਾ ਲਈ ਪ੍ਰੇਰਨਾ ਅਤੇ ਸੁਤੰਤਰਤਾ ਸੰਗ੍ਰਾਮੀਆ ਲਈ ਵਿਸਲੇਸਣ ਦਾ ਵਸੀਲਾ ਬਣਦਾ ਸੀ।

ਦੇਸ ਦੀ ਵੰਡ ਅਤੇ ਆਜਾਦੀ ਤੋਂ ਬਾਅਦ, ਬਣਦਾ ਤਾਂ ਇਹ ਸੀ ਕਿ ਸਿਖ ਮਹਾਰਾਜਗੀ ਸਮੇਂ ਦੇ ਸਾਮੰਤੀ ਇਤਹਾਸ ਦਾ ਇਸ ਪੂੰਜੀਵਾਦੀ-ਸੁਤੰਤਰਤਾ ਦੇ ਦੌਰ ਵਿਚ ਵਿਧੀ ਪੂਰਵਕ ਅਧਿਅਨ ਅਤੇ ਵਿਸਲੇਸ਼ਣ ਕੀਤਾ ਜਾਏ ਪਰ ਸੁਤੰਤਰਤਾ ਵਿਚੋਂ ਆਪਣਾ ਹਿੱਸਾ ਵੰਡਾਉਣ ਦੀਆਂ ਮਸਲਿਹਤਾਂ, ਸਿਖ ਇਤਹਾਸਕਾਰੀ ਸਾਹਮਣੇ ਸਨ। ਇਸ ਲਈ ਮਹਾਰਾਜਾ ਰਣਜੀਤ ਸਿੰਘ ਸਮੇਂ ਦੇ ਇਤਹਾਸ ਨੂੰ ਵਖ ਵਖ

ਦ੍ਰਿਸ਼ਟੀਕੋਣਾਂ ਤੋਂ ਪੂਰਬ ਨਿਸ਼ਚਿਤ ਕਰਕੇ ਲਿਖਿਆ ਗਿਆ ਹੈ। ਇਹ ਦ੍ਰਿਸ਼ਟੀਕੋਣ ਕ੍ਰਮਵਾਰ ਨਿਮਨ ਲਿਖਤ ਹੋ ਸਕਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਪੰਜਾਬੀ ਜੰਗੀ ਪ੍ਰਤਿਭਾ ਅਤੇ ਰਣਨੀਤਕ ਉਤਮਤਾ ਅਤੇ ਪਰਜਾ ਨਾਲ ਉਸ ਦਾ ਪਿਆਰ।

ਸਿਖ ਰਾਜੇ ਹੱਥ ਆਇਆ ਪਹਿਲੀ ਵਾਰ ਰਾਜ ਕਿੰਨਾ ਧਰਮ ਨਿਰਪੱਖ ਸੀ। (ਆਪਣੇ ਧਰਮ ਵਿਚ ਪੱਕੇ ਅਤੇ ਰਾਜ ਗੱਦੀ ਉਪਰ ਪੱਕੇ ਸੈਕੂਲਰ ਬਣ ਕੇ ਦਿਖਾਉਣਾ ਅਜ ਹਰ ਧਰਮ-ਆਧਾਰ ਅਤੇ ਅਖਾਉਤੀ ਸੈਕੂਲਰ ਪਾਰਟੀ ਦੀ ਲੋੜ ਬਣ ਗਿਆ ਹੈ) ਅਤੇ ਆਪਣੇ ਧਰਮ ਦਾ ਕਿੰਨਾ ਵਫ਼ਾਦਾਰ ਸੀ, ਇਤਿਆਦਿਕ।

ਸਪਸ਼ਟ ਹੈ ਕਿ ਸਿਖ ਇਤਹਾਸ ਦੇ 'ਇਸ ਮਹਾਰਾਜਗੀ ਵਾਲੇ ਕਾਂਡ ਨੂੰ ਲਿਸ-ਕਾਉਣ-ਚਮਕਾਉਣ ਲਈ ਸਾਡੀ ਇਤਹਾਸਕਾਰੀ ਨੇ ਕਈ ਉਹ ਘਟਨਾਵਾਂ, ਤੱਥ ਅਤੇ ਸੱਚ ਕਲਮੋਂ ਓਹਲ ਰਖੇ ਹਨ ਜਿਹੜੇ ਤਤਕਾਲੀ ਇਤਹਾਸ ਵਿਚ ਹੀ ਉਪ-ਲਭਦ ਨਹੀਂ ਸਗੋਂ ਅੰਦਰੋਂ 'ਅੰਦਰਲੀਆਂ ਗਵਾਹੀਆਂ' ਵਿਚ ਵੀ ਮਿਲਦੇ ਹਨ।

**ਲਾਹੌਰ ਵਲ ਮੂੰਹ** :—ਸ੍ਰ: ਚੜ੍ਹਤ ਸਿੰਘ ਅਤੇ ਉਸ ਦੇ ਪਤਰ ਸ੍ਰ ਮਹਾਂ ਸਿੰਘ ਗੁਜਰਾਂ ਵਾਲੇ ਤੋਂ ਉਪਰ ਵਲ ਮੱਲਾਂ ਮਾਰਦੇ ਅਤੇ ਗੁਆਂਢੀ ਮਿਸਲਾਂ-ਸਰਦਾਰਾਂ ਨਾਲ ਖਹਿੰਦੇ ਰਹੇ। ਪਰ ਰਣਜੀਤ ਸਿੰਘ ਨੇ ਲਾਹੌਰ ਉਪਰ ਅੱਖ ਰਖੀ। ਪ੍ਰਸਿੱਧ ਹੈ ਕਿ ਆਪਣੀ ਸਰਦਾਰੀ ਦੀ ਚੜ੍ਹਤਲ ਸਮੇਂ ਲਾਹੌਰ ਦੇ ਕਿਲੇ ਦੀ ਫ਼ਸੀਲ ਕੋਲ ਆ ਕੇ ਆਪਣੇ ਪਿਓ-ਦਾਦੇ ਦਾ ਨਾਂ ਦੱਸ ਕੇ ਕਿਲੇਦਾਰ ਨੂੰ ਬਾਹਰ ਨਿਕਲ ਕੇ ਲੜਨ ਲਈ ਵੰਗਾਰ ਜਾਂਦਾ ਸੀ। ਲਾਹੌਰ ਉਪਰ ਕਬਜ਼ੇ ਦੀ ਮਹਤਤਾ ਨੂੰ ਸਮਝ ਕੇ ਆਲੇ-ਦੁਆਲੇ ਇਲਾਕੇ ਉਪਰ ਅਧਿਕਾਰ ਕਰਨ ਲਈ ਉਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਤਖਤ ਨਸ਼ੀਨ; ਸ਼ਾਹ ਜ਼ਮਾਨ ਦੀਆਂ ਦਰਿਆ ਰਾਵੀ ਵਿਚ ਡੁੱਬ ਗਈਆਂ ਤੋਪਾਂ ਵਾਪਸ ਭੇਜ ਦਿਤੀਆਂ ਸਨ ਅਤੇ ਉਸ ਪਾਸੋਂ ਆਪਣੀ ਪ੍ਰਤੀਨਿਧਤਾ ਜਾਂ ਸੂਬੇਦਾਰੀ ਵਰਗੀ ਕੋਈ ਸਨਦ ਵੀ ਲੈ ਲਈ ਸੀ। ਬਾਬਾ ਆਲਾ ਸਿੰਘ ਨੇ ਵਧੇਰੇ ਦਾਬੂ ਹਾਲਤਾ ਵਿਚ, ਹੋਰ ਮਾੜੀਆਂ ਸ਼ਰਤਾਂ ਉਪਰ ਅਹਿਮਦ ਸ਼ਾਹ ਅਬਦਾਲੀ ਕੋਲੋਂ ਏਸੇ ਤਰ੍ਹਾਂ ਰਾਜਗੀ ਦੇ ਖਿੱਲਤ-ਖਿਤਾਬ ਲੀਤੇ ਸਨ ਅਤੇ ਆਪਣਾ ਸ਼ਕਤੀ ਕੇਂਦਰ ਵਿਕਸਤ ਕੀਤਾ ਸੀ।

ਰਣਜੀਤ ਸਿੰਘ ਦੇ ਇਲਾਕੇ ਦਾ ਵਿਸਤਾਰ ਤਾਂ ਉਸ ਸਮੇਂ ਆਰੰਭ ਹੋ ਗਿਆ ਜਦ

ਜੈਸਿੰਘ ਘਨਈਆ ਦੀ ਬੇਵਾ ਸਦਾ ਕੌਰ ਨੇ ਆਪਣੀ ਧੀ ਮਹਿਤਾਬ ਕੌਰ ਸ੍ਰ: ਰਣਜੀਤ ਸਿੰਘ ਨੂੰ ਵਿਆਹ ਦਿਤੀ। ਸਿਖ ਇਤਹਾਸਕਾਰੀ ਵਿਚੋਂ ਇਹ ਵੀ ਪਤਾ ਲਗਦਾ ਹੈ ਕਿ ਜਦੋਂ ਸ੍ਰ: ਵਜ਼ੀਰ ਸਿੰਘ ਨੇ ਭਗਵਾਨ ਸਿੰਘ ਨਕਈ ਦਾ ਕੁਝ ਇਲਾਕਾ ਦਬਾ-ਇਆ ਤਾਂ ਨਕਈ ਸਰਦਾਰ ਨੇ ਆਪਣਾ ਪੱਖ ਤਕੜਾ ਰਖਣ ਲਈ ਆਪਣੀ ਭੈਣ ਦਾ ਨਾਤਾ ਰਣਜੀਤ ਸਿੰਘ ਨਾਲ ਕੀਤਾ।

ਸਰਦਾਰ ਤੋਂ ਮਹਾਰਾਜਾ ਬਣਨ ਤਕ ਰਣਜੀਤ ਸਿੰਘ ਨੇ ਕਿੰਨੇ ਸਰਦਾਰ ਪੱਗ-ਵੱਟ ਭਰਾ ਬਣਾਏ ਅਤੇ ਉਨ੍ਹਾਂ ਦੇ ਵਾਰਸਾ ਦੇ ਇਲਾਕਿਆਂ ਦਾ ਕੀ ਬਣਿਆ—ਇਹ ਅਧਿਅਨ ਕਰਨਾ ਦਿਲਚਸਪੀ ਦਾ ਕਾਰਣ ਹੋ ਸਕਦਾ ਹੈ ਪਰ ਉਸ ਦੇ ਜ਼ੋਰੀਂ ਇਲਾਕਾ ਤੇ ਧਨ ਖੋਹਣ ਦੀਆਂ ਕੁਝ ਮਿਸਾਲਾਂ ਲੁਕਾਇਆਂ ਨਹੀਂ ਲੁਕਦੀਆਂ ਜਿਵੇਂ:

1) ਜੋਧ ਸਿੰਘ ਰਾਮ ਗੜ੍ਹੀਏ (ਜਿਸ ਨੂੰ ਸ੍ਰ: ਰਣਜੀਤ ਸਿੰਘ ਬਾਬਾ ਜੀ ਕਹਿ ਕੇ ਬੁਲਾਉਂਦਾ ਸੀ) ਦੀ ਮੌਤ ਮਗਰੋਂ ਵਿਰਾਸਤ ਜਾਂ ਵੰਡ ਵੰਡੀਏ ਤੋਂ ਉਸ ਦੇ ਤਿੰਨ ਪੁਤਰਾਂ ਵਿਚਕਾਰ ਝਗੜਾ ਹੋਇਆ ਤਾਂ ਸ੍ਰ: ਰਣਜੀਤ ਸਿੰਘ ਨੇ ਨਾਦੌਨ ਦੇ ਸਥਾਨ ਤੇ ਤਿੰਨਾਂ ਨੂੰ ਫੈਸਲੇ ਲਈ ਸੱਦਿਆ ਅਤੇ ਜਦੋਂ ਉਨ੍ਹਾਂ ਵਲੋਂ ਰਤਾ ਕੁ ਬਦਸਲੂਕੀ ਹੋਈ ਤਾਂ ਤਿੰਨਾਂ ਨੂੰ ਕੈਦ ਕਰਕੇ ਉਹਨਾਂ ਦੇ ਇਲਾਕੇ ਉਪਰ ਕਬਜ਼ਾ ਕਰ ਲਿਆ।

2) ਮਿਸਲ ਘਨਈਆ ਦੇ ਝੰਡਾ, ਕਲਾਨੌਰ, ਦੀਨਾ ਨਗਰ ਆਦਿਕ ਦੇ ਇਲਾਕੇ ਦੱਬ ਲਏ।

3) ਡੱਲੇਵਾਲੀ ਮਿਸਲ ਦੇ ਸਰਦਾਰ ਗੁਰਦਿਆਲ ਸਿੰਘ ਦੇ ਤਿੰਨਾਂ ਪੁਤਰਾਂ ਵਿਚ ਜ਼ਮੀਨ-ਜਾਇਦਾਦ ਵੰਡਣ ਆਏ ਸ੍ਰ: ਰਣਜੀਤ ਸਿੰਘ ਨੇ ਪੰਜ ਲਖ ਰੁਪਏ ਸਾਲਾਨਾ ਆਮਦਨ ਵਾਲਾ ਇਲਾਕਾ ਆਪਣੇ ਪਾਸ ਰਖਿਆ ਅਤੇ ਬਾਕੀ ਤਿੰਨਾਂ ਵਿਚ ਵੰਡ ਦਿਤਾ।

4) ਸੰਮਤ 1864 ਵਿਚ ਸ੍ਰ: ਭਾਗ ਸਿੰਘ ਦੀ ਮੌਤ ਉਪਰ ਮਾਤਮਪੁਰਸ਼ੀ ਕਰਨ ਆਏ ਰਣਜੀਤ ਸਿੰਘ ਨੂੰ ਸ੍ਰ: ਭਾਗ ਸਿੰਘ ਦੀ ਬੇਵਾ ਨੇ—ਉਸ ਦੇ ਤੇਵਰ ਦੇਖ ਕੇ—ਛੇ ਲਖ ਰੁਪਿਆ ਭੇਟ ਕੀਤਾ। ਸ੍ਰ: ਰਣਜੀਤ ਸਿੰਘ ਨੇ ਜਦੋਂ ਕਿਲਾ ਦੇਖਣ ਲਈ ਅੰਦਰ ਜਾਣਾ ਚਾਹਿਆ ਤਾਂ ਉਸ ਨੇ ਰੋਕਿਆ। ਲਿਖਿਆ ਹੈ ਮਹਾਰਾਜੇ ਦੀ ਫੌਜ ਨੇ ਕਿਲੇ ਉਪਰ ਤੋਪਾਂ ਨਾਲ ਗੋਲਾਬਾਰੀ ਕਰਕੇ ਈਨ ਮਨਵਾਈ।

5) ਕਰੋੜੀਏ ਵਾਲੀ ਮਿਸਲ ਦੇ ਸ੍ਰ: ਬਘੇਲ ਸਿੰਘ ਦੀ ਬੇਵਾ ਰਤਨ ਕੌਰ ਦਾ ਇਕ ਲਖ ਰੁਪਏ ਆਮਦਨੀ ਵਾਲਾ ਇਲਾਕਾ ਖੋਹ ਕੇ ਜੋਧ ਸਿੰਘ ਕਲਸੀਆ ਵਾਲੇ ਦੇ ਨਾਂ ਕਰ ਦਿਤਾ।

6) ਸ਼ਹੀਦਾਂ ਵਾਲੀ ਮਿਸਲ ਦੇ ਸ੍ਰ: ਅਨੂਪ ਸਿੰਘ ਦੀ ਜਾਗੀਰ ਆਪਣੇ ਰਾਜ ਨਾਲ ਜੋੜੀ। [ਉਪ੍ਰੋਕਤ ਸਭ ਤੱਥ ਗਿਆਨੀ ਗਿਆਨ ਸਿਘ ਲਿਖਤ 'ਤਵਾਰੀਖ ਰਾਜ ਖਾਲਸਾ' ਜਿਲਦ 3, ਭਾਗ 1 (ਪੰਨਾ 27 ਤੋਂ 81 ਤਕ) ਵਿਚੋਂ ਲੀਤੇ ਗਏ ਹਨ]।

ਮਿਸਲਾਂ ਦੇ ਵਧੇਰੇ ਕਰ ਇਲਾਕੇ ਆਪਣੇ ਨਾਲ ਜੋੜ ਕੇ ਸ੍ਰ: ਰਣਜੀਤ ਸਿੰਘ ਪਹਿਲਾਂ ਦੇ ਲਾਹੌਰ ਸੂਬੇਦਾਰ ਨਾਲੋਂ ਕੁਝ ਵਡੇ ਹੀ ਇਲਾਕੇ ਦਾ ਮਾਲਕ ਬਣਿਆ ਅਤੇ ਇਸ ਇਲਾਕੇ ਨੂੰ ਪੜੁੱਲ ਬਣਾ ਕੇ ਆਪਣਾ ਰਾਜ-ਭਾਗ ਪੇਸ਼ਾਵਰ, ਮੁਲਤਾਨ ਅਤੇ ਕਸ਼ਮੀਰ ਤਕ ਵਧਾਇਆ।

'ਅੰਦਰਲੀਆਂ ਗਵਾਹੀਆਂ, ਤੋਂ ਪਤਾ ਲਗਦਾ ਹੈ ਕਿ ਅੰਮ੍ਰਿਤਸਰ ਦੀ ਵਪਾਰਕ ਅਤੇ ਧਾਰਮਿਕ ਮਹਤਤਾ ਦੇ ਕਾਰਣ ਜਦੋਂ ਸ੍ਰ ਰਣਜੀਤ ਸਿੰਘ ਨੇ ਇਸ ਗੁਰੂ ਕੀ ਨਗਰੀ ਨੂੰ ਭੰਗੀ-ਮਿਸਲ ਤੋਂ ਛੁਡਾਉਣ ਲਈ ਹਮਲਾ ਕੀਤਾ ਤਾਂ ਇਕਾ-ਦੁੱਕਾ ਤੋਪ-ਗੋਲਾ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਕਰਮਾ ਵਿਚ ਵੀ ਡਿੱਗਾ ਸੀ।

ਸਤਲੁਜ ਦਰਿਆ, ਪੇਸ਼ਾਵਰ, ਮੁਲਤਾਨ ਅਤੇ ਕਸਮੀਰ ਤਕ ਸਰਹੱਦਾਂ ਵਧਾ ਲੈਣ ਨੂੰ ਤਾਂ 'ਸਿਖ ਰਾਜ' ਜਾਂ 'ਪੰਜਾਬੀ ਰਾਜ' ਦਾ ਵਿਸਥਾਰ ਸਮਝ ਕੇ ਕੋਈ ਖੁਸ਼ੀ ਮਨਾ ਸਕਦਾ ਹੈ। ਪਰ ਉਪ੍ਰੋਕਤ ਤੱਥਾ ਦੀ ਰੋਸ਼ਨੀ ਵਿਚ ਸਿਖ ਮਿਸਲਾਂ ਦੀ ਜ਼ਮੀਨ ਖੋਹ-ਖੱਸ ਲੈਣ ਦੀ ਪਹਿਲਾਂ ਦੇ ਸਿਖ-ਇਤਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ। ਮਿਸਲਾਂ ਅਤੇ ਇਹਨਾਂ ਦੇ ਇਲਾਕਿਆਂ ਦੇ ਏਕੀਕਰਨ ਦਾ ਇਕੋ ਇਕ ਕਾਰਣ ਬਾਦਸਾਹੀ ਹਵਸ ਹੈ ਜਿਸ ਨੇ ਮਿਸਲਾ ਦੀ ਭਾਤ ਦੀ ਜਮਹੂਰੀਅਤ ਖਤਮ ਕਰ ਦਿਤੀ। ਇਸ ਹਵਸ ਅਗੇ ਧਰਮ ਦੀ ਸਾਂਝ ਵੀ ਨਾ ਰੁਕ ਸਕੀ।

**ਮਹਾਰਾਜਗੀ ਅਤੇ ਧਰਮ** :—ਇੰਜ ਵੀ ਲਿਖਿਆ ਮਿਲਦਾ ਹੈ ਕਿ ਸ੍ਰ: ਰਣਜੀਤ ਸਿੰਘ ਦੇ ਰਾਜ ਗੱਦੀ ਤੇ ਬੈਠਣ ਅਤੇ ਰਾਜ-ਤਿਲਕ ਦੇ ਪ੍ਰਸ਼ਨ ਉਪਰ ਸਿਖ ਸਮਾਜ ਵਿਚ ਵਿਰੋਧਤਾ ਹੋਈ। ਇਸ ਵਿਰੋਧ ਦਾ ਮੁਖੀਆ ਨਿਡਰ ਤੇ ਬੇਬਾਕ ਅਕਾਲੀ ਜਥੇਦਾਰ ਫੂਲਾ ਸਿੰਘ ਸੀ। ਗੁਰੂ ਸਾਹਿਬਾਂ ਤੋਂ ਬਿਨਾਂ ਅਜੇ ਤਕ ਕੋਈ ਵੀ

ਜਿਗਾ-ਕਲਗੀ ਲਾ ਕੇ ਨਹੀਂ ਸੀ ਬੈਠਾ। ਬੰਦਾ ਸਿੰਘ ਉਪਰ ਦੋਸ਼ਾਂ ਵਿਚੋਂ ਇਕ ਇਹ ਵੀ ਸੀ ਕਿ ਉਹ ਜਿਗਾ-ਕਲਗੀ ਲਾ ਕੇ ਬਹਿੰਦਾ ਸੀ। ਇਸ ਗਲ ਦਾ ਵੀ ਪਤਾ ਲਗਦਾ ਹੈ ਕਿ ਰਾਜ-ਤਿਲਕ ਦੀ ਸਿਖੀ ਵਿਚ ਪਰੰਪਰਾ ਨਾ ਹੋਣ ਕਾਰਣ ਬਨਾਰਸ ਦੇ ਬ੍ਰਾਹਮਣਾਂ ਨੂੰ ਰਾਜ-ਤਿਲਕ ਦੀ ਰਸਮ ਲਈ ਬੁਲਾਇਆ ਗਿਆ। ਸ਼ਾਇਦ ਇਹੋ ਕਾਰਣ ਹੈ ਕਿ ਬਨਾਰਸ ਦੇ ਹਿੰਦੂ ਮੰਦਰਾ ਉਪਰ ਮਹਾਰਾਜੇ ਵਲੋਂ ਰੱਜਵਾਂ ਸੋਨਾ ਚੜ੍ਹਾਇਆ ਗਿਆ। 'ਅੰਦਰਲੀਆ ਗਵਾਹੀਆਂ' ਅਨੁਸਾਰ ਹਿੰਦੂ ਮੰਦਰਾਂ ਨੂੰ ਸੋਨਾ ਲਗਭਗ ਇਕ ਵਰ੍ਹਾ ਪਹਿਲਾਂ ਚੜ੍ਹਾਇਆ ਗਿਆ ਅਤੇ ਹਰਿਮੰਦਰ ਸਾਹਿਬ ਉਪਰ, ਇਕ ਵਰ੍ਹਾ ਪਿਛੋਂ। ਇਹ ਗਲ ਤਾਂ ਪਹਿਲਾ ਦਸੀ ਜਾ ਚੁਕੀ ਹੈ ਕਿ ਭੰਗੀਆਂ ਦੀ ਮਿਸਲ ਕੋਲੋਂ ਅੰਮ੍ਰਿਤਸਰ ਛੁਡਾਉਣ ਸਮੇਂ ਤੋਪ-ਗੋਲੇ, ਦਰਬਾਰ ਸਾਹਿਬ ਦੀ ਹਦ-ਅੰਦਰ ਜਾ ਡਿਗੇ ਸਨ, ਪਰ ਇਸ ਗਲ ਉਪਰ ਵੀ ਚੁਪ ਹੀ ਵੱਟੀ ਗਈ ਹੈ ਕਿ ਭਾਈ ਬੀਰ ਸਿੰਘ ਨੌਰੰਗਾਵਾਦੀਏ ਜਹੇ ਧਰਮਾਤਮਾ ਤੇ ਰਾਜਨੀਤੀ ਤੋਂ ਅਟੰਕ ਸਿਖ ਨੂੰ ਕਿਉਂ ਮਾਰ ਕੇ ਨੌਰੰਗਾਵਾਦ ਦੀ ਗੜ੍ਹੀ ਢਾਹ ਢੇਰੀ ਕੀਤੀ ਗਈ।

ਇਹ ਵੀ ਬੜੇ ਮਾਨ ਨਾਲ ਲਿਖਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਿਹੜਾ ਸਿੱਕਾ ਚਲਾਇਆ ਉਸ ਉਪਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਕਿਰਪਾ ਦੇ ਸਬਦ ਉਕਰੇ ਹੋਏ ਸਨ। ਇਹ ਅੱਧਾ-ਅਧੂਰਾ ਸੱਚ ਹੈ। ਪੂਰਾ ਸੱਚ ਇਹ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਤਿੰਨ (ਜਾ ਸਾਇਦ ਚਾਰ) ਸਿੱਕੇ ਜਾਰੀ ਕੀਤੇ ਜਿਨ੍ਹਾਂ ਵਿਚੋਂ—ਵਿਆਹੁਤਾ ਰਾਣੀਆ ਦੀ ਥਾਂ—ਇਕ ਰਖੇਲ ਵੇਸਵਾ ਮੋਰਾ ਦੇ ਨਾਂ ਉਪਰ ਸੀ। ਇਸੇ ਮੋਰਾਂ ਦੇ ਨਾਲ ਮਹਾਰਾਜੇ ਦੇ ਲਾਹੌਰ ਦੇ ਬਾਜਾਰਾਂ ਵਿਚ ਹਾਥੀ ਦੀ ਸਵਾਰੀ ਦੇ ਕਿੱਸੇ ਵੀ ਪ੍ਰਸਿੱਧ ਹਨ।

ਰਾਜ ਤਿਲਕ ਦੀ ਵਿਰੋਧਤਾ ਕਰਨ ਵਾਲੇ ਅਤੇ ਅਜਿਹੀਆ ਅਸਿੱਖ ਹਰਕਤਾਂ-ਕੁਰਹਿਤਾ ਨੂੰ ਰੋਕਣ ਵਾਲੇ ਅਕਾਲੀ ਫੂਲਾ ਸਿੰਘ ਕੋਲੋਂ ਇਕ ਵਾਰ 'ਤਨਖਾਹ' (ਸਜ਼ਾ) ਲੁਆ ਕੇ ਰਸਮੀ ਕੋਰੜੇ ਤਾ ਖਾ ਲਏ ਪਰ ਮਗਰੋਂ ਦੇ ਹਾਲਾਤ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਇਸ ਤਨਖਾਹ ਤੋਂ ਬਾਦ ਅਕਾਲੀ ਫੂਲਾ ਸਿੰਘ ਮੁਲਤਾਨ, ਕਸਮੀਰ ਅਤੇ ਜਮਰੌਦ ਦੇ ਕਿਲਿਆਂ ਨੂੰ ਸਭ ਤੋਂ ਅਗੇ ਵਧ ਕੇ ਸਰ ਕਰਨ ਲਈ ਤੁਰਿਆ ਰਿਹਾ। ਹਾਂ, ਸਾਹਿਬ ਸਿੰਘ ਬੇਦੀ ਜਹੇ ਸੰਤ-ਸਰੂਪ ਵਿਅਕਤੀਆਂ ਦੀ ਮਾਨਤਾ ਵਧੀ।

ਮੰਦਰਾਂ-ਮਸੀਤਾਂ ਦੇ ਨਾਲ-ਨਾਲ ਅੰਮ੍ਰਿਤਸਰ ਸਰੋਵਰ ਤਕ ਹੰਸਲੀ ਨਦੀ ਖੁਦਾਉਣ, ਗੁਰਦੁਆਰਿਆਂ ਦੇ ਨਾਂ ਜ਼ਮੀਨਾਂ ਲਾਉਣ ਬਾਰੇ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਤੁਹਫ਼ੇ-ਨਜ਼ਰਾਨੇ ਵਜੋਂ ਆਈ ਕੀਮਤੀ ਫੁਲਦਾਰੀ-ਚਾਂਦਨੀ ਨੂੰ ਹਰਿਮੰਦਰ, ਅੰਮ੍ਰਿਤਸਰ ਨੂੰ ਭੇਟ ਕਰਨ ਦਾ ਵਰਨਣ ਤਾਂ ਇਤਿਹਾਸ-ਕਹਾਣੀਆਂ ਵਿਚ ਬਹੁਤ ਆਇਆ ਹੈ ਪਰ ਅਜੇ ਤਕ ਵੇਰਵੇ ਸਮੇਤ ਇਹ ਖੋਜ ਨਹੀਂ ਕੀਤੀ ਗਈ ਕਿ ਗੁਰ-ਦੁਆਰਾ ਪ੍ਰਬੰਧ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਹੁਕਮ-ਹਾਸਲ ਕਿੰਨਾ ਕੁ ਵਧ ਗਿਆ ਸੀ।

ਪਰ ਇਕ ਗਲ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਧਰਮ ਦੇ ਆਧਾਰ ਉਪਰ ਨਹੀਂ ਸੀ ਚਲਦਾ, ਰਾਜ ਭਾਵੇਂ ਧਰਮ—ਵਿਸ਼ੇਸ਼ ਕਰ ਸਿਖ ਧਰਮ—ਨੂੰ ਪ੍ਰਭਾਵਤ ਕਰਨ ਲਗ ਪਿਆ ਹੋਵੇ।

**ਰਾਜ : ਸਿਖ ਕਿ ਸੈਕੂਲਰ :—** ਜਦੋਂ ਸਿੱਖੀ ਉਪਰ ਮਾਨ ਕਰਨ ਦਾ ਖਿਆਲ ਹੋਵੇ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 'ਸਿਖ ਰਾਜ' ਨਾਵਿਆਂ ਜਾਂਦਾ ਹੈ ਅਤੇ ਸਿੱਖੀ ਤੋਂ ਬਾਹਰ ਦੇ ਘੇਰੇ ਵਿਚ ਇਸ ਨੂੰ ਸੈਕੂਲਰ ਜਾਂ ਪੰਜਾਬੀ ਰਾਜ ਕਿਹਾ ਜਾਂਦਾ ਹੈ।

ਇਸ ਗਲ ਦੇ ਪ੍ਰਮਾਣ ਮਿਲਦੇ ਹਨ ਕਿ ਜਿਸ ਅਨੁਪਾਤ ਵਿਚ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸਿਖ ਬਣੇ ਓਸ ਅਨੁਪਾਤ ਵਿਚ ਪਹਿਲਾਂ ਕਦੇ ਨਹੀਂ ਸੀ ਬਣੇ। ਇਹ ਵੀ ਠੀਕ ਹੈ ਕਿ ਮਹਾਰਾਜਾ ਆਪਣੇ ਵਜ਼ੀਰਾਂ ਤੇ ਦਰਬਾਰੀਆਂ ਨੂੰ ਸਿਖ ਰੂਪ ਵਿਚ ਤਾ ਨਹੀਂ ਪਰ ਲੰਮੀ ਤੇ ਦਰਸ਼ਨੀ ਦਾੜ੍ਹੀ ਵਿਚ ਦੇਖ ਕੇ ਬਹੁਤ ਖੁਸ਼ ਹੁੰਦਾ ਸੀ। ਫੌਜਾਂ 'ਚ ਤਾਂ ਸਗੋਂ ਮਹਾਰਾਜਾ ਸ਼ੇਰ ਸਿੰਘ ਸਮੇਂ ਦਾੜ੍ਹੀ ਬੰਨ੍ਹਣ ਦਾ ਹੁਕਮ ਸੀ। ਵੱਸੋਂ ਵਿਚ ਸਿੰਘ ਏਨੇ ਸਜੇ ਹੀ ਨਹੀਂ ਸਨ ਕਿ ਰਾਜ ਨੂੰ ਧਰਮ-ਆਧਾਰਤ ਬਣਾਇਆ ਜਾ ਸਕਦਾ। ਇਸ ਤੋਂ ਉਲਟ, ਜਿਸ ਹਦ ਤਕ ਸਿਰਕੱਢ ਸਿਖ ਸਰ-ਦਾਰਾਂ ਦੀ ਥਾਂ ਆਪ ਚੁਣੇ ਵਜ਼ੀਰ ਅਤੇ ਦਰਬਾਰੀ ਵਧੇ, ਜਿਸ ਹੱਦ ਤਕ ਵਾਲੰਟੀਅਰ ਮਲਿਸ਼ੀਆ ਜਾਂ ਅਕਾਲੀ ਸਿੰਘਾਂ ਦੀਆਂ ਲਾਡਲੀਆਂ ਫੌਜਾਂ ਨਾਲੋਂ ਤਨਖਾਹਦਾਰ ਅਤੇ ਯੂਰਪੀ ਭਾਂਤ ਦੀਆਂ ਵਰਦੀਧਾਰੀ ਫੌਜਾਂ ਵਧੀਆਂ ਉਸ ਹਦ ਤਕ ਇਹ ਸਿਖ ਰਾਜੇ ਅਧੀਨ ਸੈਕੂਲਰ ਰਾਜ ਦਿਸਦਾ ਸੀ। ਸਾਮੰਤੀ ਯੁਗ ਤੋਂ ਲੈ ਕੇ ਅਜ ਤਕ ਕਿਸੇ ਵੀ ਸ਼ਹਿਨਸ਼ਾਹ ਜਾਂ ਸ਼ਹਿਨਸ਼ਾਹੀਅਤ ਦੀ ਲੋੜ ਰਹੀ ਹੈ ਕਿ ਸਥਾਪਤੀ ਤੋਂ ਪਹਿਲਾਂ ਉਹ

ਕਿੰਨਾ ਵੀ ਜਹਾਦੀ ਰੂਪ ਧਾਰਨ ਕਰੇ ਪਰ ਸਥਾਪਤ ਹੁੰਦਿਆਂ ਹੀ ਸੈਕੂਲਰ ਮਖੌਟਾ ਆਪਣੇ ਮੂੰਹ ਉਪਰ ਚੜ੍ਹਾ ਲਵੇ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖੀ ਦੇ ਗੁਣਾਂ ਨਾਲੋਂ ਵਧ ਧਿਆਨ ਇਸ ਦੇ ਸਰੂਪ ਵਲ—ਸਗੋਂ ਸਮਾਜਕ ਦਰਜੇ ਵਲ ਵਧ ਗਿਆ।

**ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ੀ ਸਾਮਰਾਜ :—** ਮਹਾਰਾਜਾ ਰਣਜੀਤ ਸਿੰਘ ਦੀਆਂ ਨਿਜੀ ਸਿਫਤਾਂ ਕੁਝ ਯਥਾਰਥ, ਕੁਝ ਅੱਤਕਥਨੀ ਵਿਚ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਅੰਗਰੇਜ਼ ਜਰਨੈਲ ਅੰਦਰੋਂ ਕੰਬਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਉਸ ਨੂੰ ਜੀਵਨ ਦੇ ਕੁਝ ਹੋਰ ਸਾਲ ਮਿਲ ਜਾਂਦੇ ਤਾਂ —ਜਿਵੇਂ ਉਹ ਨੈਪੋਲੀਅਨ ਬੋਨਾਪਾਰਟ ਅਤੇ ਰੂਸੀ ਜ਼ਾਰ ਦੇ ਪੈਂਤੜਿਆਂ ਵਲ ਵੀ ਦੇਖ ਰਿਹਾ ਸੀ—ਉਹ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਕਢ ਕੇ ਬਾਹਰ ਮਾਰਦਾ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਰਾਜਾ ਧਿਆਨ ਸਿੰਘ ਜਹੇ ਖੁਸ਼ਾਮਦੀ ਤੇ ਸਵਾਰਥੀ ਵਜ਼ੀਰ ਨਾ ਹੁੰਦੇ ਤਾਂ ਲਾਹੌਰ ਦਰਬਾਰ ਦਾ ਇਹ ਹਾਲ ਨਾ ਹੁੰਦਾ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਾਰਸ ਅਤੇ ਹੋਰ ਸਹਿਜ਼ਾਦਿਆਂ ਨੂੰ ਠੀਕ ਸੈਨਕ ਅਤੇ ਰਾਜਨੀਤਕ ਸਿਖਿਆ ਦਿਤੀ ਹੁੰਦੀ ਤਾਂ ਇਸ ਸਿਖ ਜਾਂ ਪੰਜਾਬੀ ਰਾਜ ਵਲ ਕੋਈ ਮੈਲੀ ਨਜ਼ਰ ਨਾਲ ਨਾ ਤੱਕ ਸਕਦਾ। ਉਪ੍ਰੋਕਤ ਸਭਨਾਂ ਕਾਰਣਾ ਵਿਚ ਘਟ-ਵਧ ਵਜਨ ਹੈ। ਪਰ ਇਕ ਮੁਖ ਕਾਰਣ ਯੁਗ ਪ੍ਰੀਵਰਤਨ ਦਾ ਹੈ ਜਿਸ ਨੂੰ ਅਨਡਿੱਠ ਕਰਕੇ ਸਾਡੇ ਅਖਾਉਤੀ ਅਤੇ ਪ੍ਰਸਿੱਧ ਦੋਵੇਂ ਭਾਂਤ ਦੇ ਇਤਹਾਸਕਾਰ ਵਿਅਕਤੀ ਨੂੰ ਯੁਗ ਮੋੜਨ ਜੋਗਾ ਸਮਝਣ ਦੀ ਗਲਤੀ ਕਰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਅਤੇ ਰਾਜ-ਪ੍ਰਬੰਧ ਵਿਚ ਉਪ੍ਰੋਕਤ ਵਿਚੋਂ ਕੋਈ ਉਕਾਈ ਵੀ ਨਾ ਹੁੰਦੀ ਤਾਂ ਵੀ ਇਸ ਸਾਮੰਤੀ ਰਾਜ ਨੇ ਸਾਮਰਾਜ ਤੋਂ ਹਾਰਨਾ ਹੀ ਸੀ।

ਅੱਜ ਦੇ ਦੌਰ ਵਿਚ ਧਰਮ ਉਪਰ ਖੜ੍ਹੇ ਰਾਜ ਜਾਂ ਰਾਜ-ਸੱਤਾ ਦੇ ਤਾਂਘੀ ਨੂੰ ਸਾਇਦ ਇਹ ਗਲ ਬਹੁਤੀ ਚੰਗੀ ਨਾ ਲਗੇ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿਖ ਰਾਜ ਨਹੀਂ, ਸਾਮੰਤਸ਼ਾਹੀ ਰਾਜ ਸੀ।

ਇਹ ਸਾਮੰਤਵਾਦੀ ਰਾਜ ਪ੍ਰਬੰਧ ਸੀ ਜੋ ਪੰਜਾਬ ਦੇ ਲੋਕਾਂ ਲਈ ਦੋ ਕਾਰਣਾਂ ਕਰਕੇ ਪ੍ਰਵਾਨ ਸੀ। ਪਹਿਲਾ ਕਾਰਣ ਤਾਂ ਇਹ ਸੀ ਕਿ ਪੰਜਾਬ ਵਿਚ ਨਾਦਰਸ਼ਾਹ ਦੇ

ਹਮਲਿਆਂ ਤੋਂ ਮਹਾਰਾਜਗੀ ਸਥਾਪਤ ਹੋਣ ਤਕ—ਪੂਰੀ ਇਕ ਸਦੀ—ਅਰਾਜਿਕਤਾ ਰਹੀ। ਇਹ ਅਰਾਜਿਕਤਾ ਆਮ ਲੋਕਾਂ ਤੋਂ ਲੈ ਕੇ ਉਪਰਲੀਆਂ ਸ਼੍ਰੇਣੀਆ ਵਿਸ਼ੇਸ਼ ਕਰ ਸੌਦਾਗਰਾਂ, ਅੰਤਰ-ਰਾਜੀ ਸੇਠਾਂ, ਉਨ੍ਹਾਂ ਦੇ ਪੰਜਾਬੀ ਗੁਮਾਸ਼ਤਿਆਂ ਅਤੇ ਵਪਾਰੀਆਂ-ਆੜ੍ਹਤੀਆ ਆਦਿਕ ਲਈ ਵੀ ਹਾਨੀਕਾਰਕ ਸੀ ਅਤੇ ਇਹੀ ਸ਼੍ਰੇਣੀਆਂ ਸਾਮੰਤੀ ਸਮਾਜ ਵਿਚ ਜਨਤਕ ਰਾਏ ਬਨਾਉਣ ਵਾਲੀਆਂ ਸਨ। ਦੂਜਾ ਕਾਰਣ ਹੈ ਕਿ ਢੇਰ ਚਿਰ ਪਿਛੋਂ ਪੰਜਾਬ—ਜੋ ਭਾਸ਼ਾਈ ਤੇ ਸਭਿਆਚਾਰਕ ਪੱਖ ਤੋਂ ਵਖਰੀ ਇਲਾਕਾਈ ਇਕਾਈ ਵਜੋਂ ਵਿਕਸਤ ਹੋ ਰਿਹਾ ਸੀ— ਨੂੰ ਆਪਣਾ ਹੁਕਮਰਾਨ ਮਿਲਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸੈਕੂਲਰ ਪੰਜਾਬੀ ਰਾਜ ਕਿਹਾ ਜਾ ਸਕਦਾ ਹੈ ਕਿਉਂਕਿ ਸਥਾਪਤ ਹੋ ਜਾਣ ਮਗਰੋਂ—ਹਰ ਮੁਸਲਿਮ ਸ਼ਾਹ ਤੇ ਹਿੰਦੂ ਰਾਜੇ ਵਾਂਗ—ਸਾਰੀ ਪਰਜਾ ਉਪਰ ਨਿੱਠ ਕੇ ਰਾਜ ਕਰਨ ਲਈ ਸੈਕੂਲਰ ਬਣਨਾ ਮਹਾਰਾਜਾ ਰਣਜੀਤ ਸਿੰਘ ਦੀ ਲੋੜ ਸੀ।

ਉਸ ਸਮੇਂ, ਕਿਸੇ ਧਰਮ-ਮਜ਼੍ਹਬ ਦੇ ਲੋਕਾਂ ਉਪਰ ਉਨ੍ਹਾਂ ਦੇ ਧਰਮ-ਅਕੀਦੇ ਕਾਰਣ ਟੈਕਸ ਨਾ ਲਾਉਣਾ ਹੀ ਸੈਕੂਲਰਿਜ਼ਮ ਦੀ ਪਹਿਲੀ ਸ਼ਰਤ ਸੀ। ਵਜ਼ੀਰਾਂ ਦਰਬਾਰੀਆਂ ਦੀ ਚੋਣ ਹਿੰਦੂ ਮੁਸਲਿਮ ਮਤਵੰਤਿਆਂ ਵਿਚੋਂ ਕਰਕੇ ਮਹਾਰਾਜੇ ਨੇ ਸੈਕੂਲਰ ਹੋਣ ਦਾ ਪੂਰਾ ਸਬੂਤ ਦਿਤਾ ਸੀ। ਉਸ ਦਾ ਸਿਖ ਰੂਪ ਵਿਚ ਜਨਮ ਲੈਣਾ ਅਤੇ ਸਿਖੀ ਦੇ ਬਾਹਰਮੁਖੀ ਰੂਪਾਂ-ਲੱਛਣਾਂ ਉਪਰ ਜ਼ੋਰ ਦੇਣਾ ਸਿਖ ਇਤਹਾਸਕਾਰਾਂ ਲਈ ਭਾਵੇਂ ਤਸੱਲੀ ਦਾ ਕਾਰਣ ਹੋਵੇ ਪਰ, ਪਰ ਕੁਲ ਹਿੰਦੁਸਤਾਨ ਨੂੰ ਜਿੱਤ ਕੇ ਚੜ੍ਹੀ ਆਉਂਦੀ ਬ੍ਰਤਾਨਵੀ 'ਕੰਪਨੀ ਬਹਾਦਰ' ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗਲ ਕਰਨ ਲਈ ਧਰਮ ਨਿਰਪੱਖਤਾ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਜਬੂਰੀ ਵੀ ਸੀ। ਉਹ ਤਾਂ ਫੂਲਕੀਆਂ ਰਾਜਾਂ, ਸਿੰਧ ਅਤੇ ਅਫਗਾਨਿਸਤਾਨ ਉਪਰ ਆਪਣੀ ਸਾਰਵ-ਭੋਮਿਕਤਾ (Sovereignity) ਦੀ ਮਾਨਤਾ ਪ੍ਰਾਪਤ ਕਰਨ ਲਈ ਅੰਗਰੇਜ਼ਾਂ ਨਾਲ ਨੈਪੋਲੀਅਨ ਵਿਰੋਧੀ ਮੋਰਚੇ ਵਿਚ ਸ਼ਾਮਲ ਹੋਣ ਲਈ ਤਿਆਰ ਸੀ।

**ਤਪੋਂ ਰਾਜ, ਰਾਜੋਂ ਨਰਕ** :— 'ਵਿਅਕਤੀ ਸਮਾਜ ਜਾਂ ਇਤਹਾਸ ਬਣਾਉਂਦੇ ਹਨ' ਜਿਵੇਂ ਰੂੜ੍ਹੀਵਾਦੀ ਇਤਹਾਸਕਾਰੀ ਦਾ ਇਕ ਅਕਾਣ ਹੈ ਉਸੇ ਤਰ੍ਹਾਂ ਇਕ ਲੋਕ-ਕਹਾਵਤ ਹੈ "ਤਪੋਂ ਰਾਜ ਅਤੇ ਰਾਜੋਂ ਨਰਕ"। ਇਹ ਅਖਾਣ ਵਿਅਕਤੀ

ਜਾਂ ਘਰਾਣੇ ਦ ਜ਼ਫਰ ਜਾਲਣ ਮਗਰੋਂ ਰਾਜ ਪ੍ਰਾਪਤੀ ਅਤੇ ਇਸ ਉਪਰੰਤ ਨਿਸਚਿਤ ਰਸਾਤਲ ਦੀ ਇਤਹਾਸਕ ਪਰਕਿਰਿਆ ਨੂੰ ਸਪਸ਼ਟ ਕਰਦਾ ਹੈ। ਭੂਤ ਕਾਲ ਵਿਚ ਜਿਵੇਂ ਇਕ ਰਾਜ ਘਰਾਣਾ ਇਕ-ਦੋ ਸਦੀਆਂ ਮਗਰੋਂ ਇਤਹਾਸ ਸਾਗਰ ਵਿਚ ਗਰਕ ਹੋਇਆ ਉਹ ਇਤਹਾਸਕ ਘਟਨਾ ਚੱਕਰ ਮਹਾਰਾਜਾ ਰਣਜੀਤ ਸਿੰਘ ਹੀ ਨਹੀਂ ਪੂਰੇ ਘਰਾਣੇ ਨੂੰ ਸਮੋ ਕੇ ਕੁਝ ਵਰ੍ਹਿਆਂ ਵਿਚ ਪੂਰਾ ਹੋ ਗਿਆ।

ਕੀ ਕਾਰਣ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਹੀ ਦਸਾਂ ਵਰ੍ਹਿਆਂ ਵਿਚ ਚਾਰ ਪੰਜ ਸ਼ਹਿਜ਼ਾਦੇ ਤਖਤ ਨਸ਼ੀਨ ਹੋਏ; (ਜੇ ਮਹਾਰਾਜਾ ਖੜਕ ਸਿੰਘ ਨੂੰ ਜ਼ਹਿਰ ਦੇਣ ਦੀ ਗਲ ਠੀਕ ਹੈ ਤਾਂ) ਤਿੰਨ ਮਾਰ ਦਿਤੇ ਗਏ, ਦੋ ਰਾਣੀਆਂ ਚੰਦ ਕੌਰ, ਸਾਹਿਬ ਕੌਰ ਅਤੇ ਤਿੰਨ ਕੰਵਰ ਵੀ ਮਾਰੇ ਗਏ ?

ਹਰ ਰਾਣੀ, ਰਾਣੀ ਦੇ ਭਰਾ-ਭਾਈਆਂ, ਸਹਿਜ਼ਾਦਿਆਂ-ਸ਼ਹਿਜ਼ਾਦੀਆਂ ਦੇ ਨਾਂ ਜਾਗੀਰਾਂ ਲਗੀਆਂ ਹੋਈਆਂ ਸਨ। ਸਾਮੰਤੀ ਅੱਯਾਸ਼ੀ ਦੇ ਪੂਰੇ ਦੌਰ ਅਨੁਸਾਰ ਮਹਾ-ਰਾਜਾ ਰਣਜੀਤ ਸਿੰਘ ਜਦ ਬੁਢਾ ਹੋਣ ਤੇ ਆਇਆ ਤਾਂ ਇਕ ਦਮ ਬੁਢਾ ਹੋ ਗਿਆ। ਬਿਮਾਰ ਵੀ ਰਿਹਾ। ਸਪਸ਼ਟ ਹੈ ਕਿ ਉਸ ਦੇ ਜਿਉਂਦਿਆਂ ਹੀ ਵਖ-ਵਖ ਸ਼ਹਿਜ਼ਾ-ਦਿਆਂ ਦੀਆਂ ਲਾਬੀਆਂ ਤੇ ਗੁਟ ਬਣ ਗਏ ਸਨ; ਰਿਸ਼ਤੇਦਾਰਾਂ ਤੇ ਵਜ਼ੀਰਾਂ ਨੂੰ ਰਲਾ ਕੇ ਫੁਸਫੁਸ ਤੋਂ ਲੈ ਕੇ ਛੋਟੇ ਵਡੇ ਰੁਸੇਵੇਂ-ਮਨੇਵੇਂ ਸਾਜ਼ਸ਼ਾਂ ਦਾ ਰਾਹ ਪਧਰਾ ਰਹੇ ਸਨ।

ਸਾਜ਼ਸ਼ਾ ਦੇ ਨਾਲ ਹੀ ਕਤਲਾਂ ਦਾ ਦੌਰ ਸ਼ੁਰੂ ਹੋਇਆ ਤਾਂ ਉਪਰੋ ਥੱਲੀ ਖੜਕ ਸਿੰਘ, ਕੰਵਰ ਨੌ-ਨਿਹਾਲ ਸਿੰਘ, ਸ਼ੇਰ ਸਿੰਘ ਮਾਰੇ ਗਏ। ਰਾਜ ਗੱਦੀ ਦੀ ਹਰ ਤਬਦੀਲੀ ਨਾਲ ਸਹਿਜ਼ਾਦੇ ਦੇ ਪੱਖ ਦੇ ਸਰਦਾਰ ਜਾਂ ਸੱਤਾ-ਦੌੜ ਵਿਚੋਂ ਜਾਂਦੇ ਸਨ ਜਾਂ ਸੰਸਾਰ ਵਿਚੋਂ। ਪੂਰੇ ਮੁਗਲ ਕਾਲ ਵਿਚ, ਮੁਢ ਕਦੀਮ ਤੋਂ ਇਂਜ ਹੀ ਹੁੰਦਾ ਆ ਰਿਹਾ ਸੀ।

ਹਰ ਰਾਜ ਤਬਦੀਲੀ ਨਾਲ ਇਕ ਪੱਖ ਦੂਜੇ ਨੂੰ ਐਗਰੇਜ਼ਾ ਨਾਲ ਮਿਲ ਜਾਣ ਦਾ ਸ਼ੱਕ ਵੀ ਕਰਦਾ, ਦੂਸ਼ਨ ਵੀ ਲਾਉਂਦਾ ਸੀ। ਕੋਈ ਨਹੀਂ ਸੀ ਜਾਣਦਾ ਕਿ ਕਿਹੜਾ ਦੂਸ਼ਨ ਲਾਉਣ ਵਾਲਾ ਆਪ ਅੰਗਰੇਜ਼ੀ ਫੌਜਾਂ ਨੂੰ ਸੱਦ ਰਿਹਾ ਸੀ।

ਹਰ ਰਾਜ ਗੱਦੀ ਦੇ ਪਲਟੇ ਨਾਲ ਫੌਜੀ ਅਫਸਰਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਲੋਭ-ਲਾਲਚ ਦਿਤਾ ਜਾਂਦਾ, ਸੋਨੇ ਦੇ ਕੈਂਠੇ ਵੰਡੇ ਜਾਂਦੇ। ਫੌਜਦਾਰਾਂ ਅਧੀਨ ਫੌਜੀਆਂ ਦੇ ਪੰਚਾਇਤੀ ਗੁੱਟ ਬਣਦੇ ਜਾ ਰਹੇ ਸਨ। ਆਮ ਫੌਜੀਆਂ ਦਾ

ਆਪਣੇ ਸਰਦਾਰਾਂ ਤੋਂ ਮਹ-ਭੰਗ ਹੋ ਰਿਹਾ ਸੀ, ਅਮੀਰਾ ਵਜੀਰਾਂ ਪ੍ਰਤੀ ਸੰਦੇਹ ਅਤੇ ਅੰਗਰੇਜਾ ਪ੍ਰਤੀ ਨਫਰਤ ਅਤੇ ਹਮਲੇ ਦਾ ਡਰ ਵਧ ਰਿਹਾ ਸੀ।

ਸਬੂਤ ਨਹੀਂ, ਜਾਪਦਾ ਹੈ, ਆਮ ਫੌਜੀਆ ਦੇ ਭੂਤਰ ਜਾਣ ਅਤੇ ਵਡੇ-ਵਡੇ ਜਰਨੈਲਾ, ਅਮੀਰਾ ਵਜੀਰਾ ਨੇ ਡਰ ਕੇ ਭੂਤਰੀ ਹੋਈ ਫੌਜ ਨੂੰ ਅੰਗਰੇਜੀ ਸਾਮਰਾਜ ਕੋਲੋਂ ਮਰਵਾ ਦੇਣ ਦੀ ਕੁਝ ਬਾਕਾਇਦਾ ਕੁਝ ਚੁਪ ਸਲਾਹ ਕਰ ਲਈ ਸੀ।

ਨਾਦਰਸਾਹ ਅਸਲ ਸਾਮੰਤ-ਸਾਹ ਸੀ। ਉਸ ਨੇ ਦਿੱਲੀ ਨੂੰ ਜਿੱਤ ਕੇ ਕੁਝ ਸੱਚ, ਕੁਝ ਸੰਦੇਹ ਵਿਚ ਰਖਣ ਲਈ ਮਹੰਮਦ ਸਾਹ ਨੂੰ ਕਿਹਾ ਸੀ, "ਤੇਰੇ ਤਿੰਨ ਸਰਦਾਰਾ ਨੂੰ ਛਡ ਕੇ ਸਾਰ ਦਰਬਾਰੀ ਮੈਨੂੰ ਸਦਦੇ ਰਹੇ ਹਨ—ਸਭ ਗਦਾਰ ਹਨ।" ਅੰਗਰਜੀ ਗਵਰਨਰ ਜਨਰਲ ਵੀ, ਸਾਮਰਾਜ ਦਾ ਇਕ ਅਧਿਕਾਰੀ ਸੀ ਅਤੇ ਉਹ ਨਾਦਰਸਾਹ ਵਾਂਗ ਗੈਰ ਡਿਪਲੋਮੈਟ ਨਹੀਂ ਸੀ ਹੋ ਸਕਦਾ। ਪਰ ਉਹ ਜਰੂਰ ਜਾਣਦਾ ਹਵੇਗਾ ਕਿ ਕਿਨੇ ਸਰਦਾਰਾ ਨੂੰ ਇਕ ਦੂਜੇ ਉਪਰ ਦੂਸਨ ਲਾਏ ਹੋਣਗੇ ਅਤੇ ਆਪ ਅੰਗਰੇਜਾ ਨੂੰ ਸੂਹ ਤੇ ਸਤਾ ਦਿਤਾ ਹੋਵੇਗਾ।

ਮਹਾਰਾਜਾ ਰਣਜੀਤ ਸਿੰਘ ਪਹਿਲਾ ਸਿਖ ਨਰੇਸ ਕਿਹਾ ਜਾ ਸਕਦਾ ਹੈ, ਜਿਸ ਨੇ ਪਛਮੋਤਰੀ ਹਮਲੇ ਝੱਲਣ ਦੀ ਥਾਂ ਉਨ੍ਹਾ ਦਾ ਮੂੰਹ ਮੋੜਿਆ ਅਤੇ ਜਿਸ ਦੀ ਇੱਛਾ ਪੇਸਾਵਰ, ਮੁਲਤਾਨ ਅਤ ਸਤਲੁਜ ਤੋਂ ਅਗੋ ਵਧਣ ਦੀ ਸੀ। ਉਸ ਦੇ ਰਾਜ ਦਾ ਸਿਖ ਧਰਮ ਨਾਲ ਰਿਸਤਾ ਉਹੋ ਸੀ ਜ ਕਿਸੇ ਵੀ ਰਾਜੇ ਜਾ ਮਹਾਰਾਜਾਧਿਰਾਜ ਬਨਣ ਵਾਲੇ ਸਾਮੰਤ ਦਾ ਆਪਣੇ ਜਨਮ ਦੇ ਧਰਮ ਨਾਲ ਹੋ ਸਕਦਾ ਹੈ। ਅਕਾਲੀ ਫੂਲਾ ਸਿੰਘ ਤੋਂ ਮਗਰੋਂ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦਿਲਚਸਪੀ ਉਥੋਂ ਦੇ ਗ੍ਰੰਥੀਆਂ, ਅਕਾਲ ਤਖਤ ਦੇ ਜਥੇਦਾਰਾ ਤੇ ਹੋਰ ਸੇਵਾਦਾਰਾ ਦੀ ਚੋਣ, ਨਿਯੁਕਤੀ ਵਿਚ ਮਹਾਰਾਜੇ ਦੀ ਦਿਲਚਸਪੀ ਜਾ ਰੋਲ ਬਾਰੇ ਖੋਜ ਸਾਨੂੰ ਕਾਫੀ ਰੋਸਨੀ ਦੇ ਸਕਦੀ ਹੈ।

# 9. ਇਕ ਸਰਕਾਰ ਬਾਝੋਂ : ਸਰਦਾਰਾਂ ਦੀ ਔਕਾਤ

ਸਾਹ ਮੁਹੰਮਦ ਨੂੰ ਅਸੀਂ ਕਿੱਸਾ-ਗੋ ਦੀ ਥਾਂ ਇਤਹਾਸ-ਗੋ ਕਹਿ ਸਕਦੇ ਹਾਂ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲਗ ਪਗ ਇਕ ਦਹਾਕੇ ਬਾਦ ਪਹਿਲੀ 'ਸਿਖ-ਅੰਗਰੇਜ ਜੰਗ' ਵਿਚ ਲਾਹੌਰ ਦਰਬਾਰ ਦੀ ਢੰਢਾਲ ਹਾਰ ਦੇਖ ਕੇ ਸ਼ਾਹ ਮੁਹੰਮਦ ਨੇ ਲਿਖਿਆ :

ਸਾਹ ਮੁਹੰਮਦਾ ਇਕ ਸਰਕਾਰ ਬਾਝੋਂ,<br>
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਜਿਵੇਂ ਕਿ ਪਿਛਲੇ ਕਾਂਡ ਦੇ ਅੰਤ ਵਿਚ ਦਸਿਆ ਹੈ, ਸਾਮਰਾਜ ਅਤੇ ਸਾਮੰਤਵਾਦੀ ਰਾਜ ਨੇ ਹਾਰਨਾ ਹੀ ਸੀ।

ਪਰ ਇਸ ਹਾਰ ਦੇ ਫੌਰੀ ਕਾਰਣ ਵੀ ਸਾਡੀ ਇਤਹਾਸਕਾਰੀ ਤੋਂ ਲੁਕੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਨਾਲ ਹੀ ਵਿਰਾਸਤੀ ਝਗੜੇ, ਸਰਦਾਰਾਂ—ਦਰਬਾਰੀਆਂ ਦੀ ਗੁੱਟਬੰਦੀ,ਮਹੱਲਾਂ ਦੀਆਂ ਸਾਜ਼ਸ਼ਾਂ ਅਤੇ ਇਕ ਪਿਛੋਂ ਦੂਜੇ ਕੰਵਰਾਂ—ਸ਼ਹਿਜ਼ਾਦਿਆ ਦੇ ਕਤਲ ਆਰੰਭ ਹੋ ਗਏ। ਸ਼ਾਹ ਮੁਹੰਮਦ ਨੇ ਕਿਹਾ ਹੈ :

ਜਿਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ,<br>
ਖੜਕੇ ਨਿੱਤ ਤਲਵਾਰ ਦਰਬਾਰ ਮੀਆਂ।

ਜੋ ਅੰਤ, ਛੇ ਸੱਤ ਪੀੜ੍ਹੀਆ ਵਿਚ ਮੁਗਲ ਰਾਜ ਦਾ ਹੋਇਆ ਸੀ—ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਉਹੋ ਅੰਤ ਇਕ ਦਹਾਕੇ ਵਿਚ ਹੋ ਗਿਆ। ਇੰਜ ਇਤਹਾਸ ਦੀ ਤੋਰ ਨੂੰ ਸਮਝਣ ਲਈ ਲਾਹੌਰ ਦਰਬਾਰ ਦਾ ਅੰਤ ਬਹੁਤ ਸਿਖਿਆ-

ਦਾਇਕ ਹੈ।

ਇਹਨਾਂ ਤਾਬੜ ਤੋੜ ਕਤਲਾਂ ਅਤੇ ਦਰਬਾਰੀ ਤਬਦੀਲੀਆਂ ਦੇ ਕਾਰਣ ਫੌਜੀ ਪੰਚ ਬਣ ਗਏ ਜਿਨ੍ਹਾਂ ਨੂੰ ਆਪਣੇ ਵਲ ਕਰਨ ਲਈ ਹਰ ਸਰਕਾਰ ਅਤੇ ਗੁੱਟ-ਬੰਦੀ ਨੂੰ ਲੋੜ ਰਹਿੰਦੀ ਸੀ। ਇਹਨਾਂ ਫੌਜੀ ਪੰਚਾਂ ਦੀ ਵਫ਼ਾਦਾਰੀ ਅਤੇ ਖਰੀਦਦਾਰੀ ਕਾਰਣ ਪੰਚਾਂ ਤੋਂ ਹੇਠਲੀਆਂ ਕਤਾਰਾਂ ਵੀ ਸਾਜ਼ਸ਼ਾਂ ਤੇ ਦਲਬੰਦੀਆਂ ਵਲ ਖਿਚੀਣ ਲਗੀਆਂ। ਰਾਜਗੱਦੀ ਦੀ ਲੜਾਈ ਵਿਚ ਸ਼ਹਿਜ਼ਾਦੇ ਤੇ ਕੰਵਰ, ਸਮੇਤ ਆਪਣੀਆਂ ਰਾਜ ਮਾਤਾਵਾਂ ਤੇ ਰਿਸ਼ਤੇਦਾਰੀਆਂ ਦੇ ਗੁੱਟਬੰਦੀ ਵਿਚ ਵੰਡੇ ਗਏ, ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਕੇ ਸਾਜ਼ਸ਼ਾਂ ਕਰਨ ਲਗੇ ਅਤੇ ਦੂਜੀ ਧਿਰ ਨੂੰ ਹਰਾਉਣ ਲਈ ਇਕ ਦੂਜੇ ਉਪਰ ਅੰਗਰੇਜ਼ ਨਾਲ ਮਿਲਣ ਦਾ ਦੂਸ਼ਨ ਲਾਉਣ ਲਗੇ। ਹਰ ਨਵੀਂ ਗੁੱਟਬੰਦੀ ਤੇ ਮਾਰ ਧਾੜ ਵਿਚ ਫੌਜੀ ਪੰਚ ਦਿਤਾਂ ਦੀ ਪੁੱਛ ਤੇ ਕੀਮਤ ਵਧਣ ਲਗੀ। ਜਿਸ ਨਾਲ ਫੌਜੀ ਤੇ ਉਹਨਾ ਦੇ ਪੰਚ ਏਨੇ ਬੂਤਰ ਗਏ ਕਿ ਇਕ ਪੜਾਅ ਤੇ ਸਾਰੀ ਸਰਦਾਰ ਸ਼੍ਰੇਣੀ ਇਹਨਾ ਦੇ ਬਾਗੀ ਲੱਛਣ ਦੇਖ ਕੇ ਕੰਬ ਗਈ। ਅਜਿਹੀ ਹਾਲਤ ਵਿਚ ਹਰ ਦੇਸ ਜਾਂ ਰਾਜਕੀ ਜੁੰਡਲੀ ਸਾਹਮਣੇ ਜੰਗ ਦੀ ਭੱਠੀ ਤਾਅ ਕੇ ਬੂਤਰੇ ਹੋਏ ਫੌਜੀਆ ਨੂੰ ਇਸ ਵਿਚ ਡਾਹੁਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿੰਦਾ। ਇਹੋ ਕੁਝ ਪਹਿਲੀ ਸਿਖ ਅੰਗਰੇਜ਼ ਜੰਗ ਛਿੜਨ ਦਾ ਇਕ ਕਾਰਣ ਬਣਿਆ।

ਸਾਮੰਤਵਾਦ ਦੀ ਜਿਹੜੀ ਪ੍ਰਕਿਰਿਆ ਮਹਾਰਾਜਾ ਰਣਜੀਤ ਸਿੰਘ ਦੀ ਕੇਂਦਰੀ-ਕ੍ਰਿਤ ਚੜ੍ਹਤਲ ਤੋਂ ਸ਼ੁਰੂ ਹੋ ਕੇ ਇਕ-ਪੁਰਖੀ ਸਾਮੰਤਵਾਦ ਤਕ ਪੁਜੀ ਸੀ ਉਹ ਉਸੇ ਦੀ ਮੌਤ ਮਗਰੋਂ ਦਸਾਂ ਵਰ੍ਹਿਆਂ ਦੀਆ ਤਿੰਨ ਵਜ਼ੀਰੀਆਂ—ਕ੍ਰਮਵਾਰ ਹੀਰਾ ਸਿੰਘ, ਜਵਾਹਰ ਸਿੰਘ ਅਤੇ ਲਾਲ ਸਿੰਘ—ਦੌਰਾਨ ਜਿਥੇ ਪੁਜੀ, ਨੋਟ ਕਰਨ ਵਾਲੀ ਹੈ। ਕਿਹਾ ਜਾ ਸਕਦਾ ਹੈ ਕਿ ਜੋ ਲਾਹੌਰ ਦਰਬਾਰ ਦੀ ਸਾਮੰਤਸ਼ਾਹੀ ਨੇ ਮਹਾਰਾਜਾ ਰਣ-ਜੀਤ ਸਿੰਘ ਦੇ ਪੰਜੀ ਵਰ੍ਹਿਆਂ ਵਿਚ ਬਾਬਰ ਤੋਂ ਲੈ ਕੇ ਔਰੰਗਜ਼ੇਬ ਦੇ ਸਮੇਂ ਜਿੰਨਾ ਸਫਰ ਕੀਤਾ ਸੀ ਤਾਂ ਉਸ ਤੋਂ ਬਾਦ ਦਸਾਂ ਵਰ੍ਹਿਆਂ ਵਿਚ ਸਰਦਾਰਸ਼ਾਹੀ ਨੇ ਵੀ ਲਾਹੌਰ ਦਰਬਾਰ ਦਾ ਉਹੋ ਹਸ਼ਰ ਕਰ ਦਿਖਾਇਆ ਜੋ ਔਰੰਗਜ਼ੇਬ ਤੋਂ ਲੈ ਕੇ ਬਹਾਦਰ ਸ਼ਾਹ ਜ਼ਫਰ ਦੇ ਸਮੇ ਤਕ ਦਿੱਲੀ ਦਰਬਾਰ ਦਾ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ,ਨਿਹੰਗ ਸਿੰਘ ਅਤੇ ਹੋਰ ਵਾਲੰਟੀਅਰ

ਫੌਜਾਂ (ਜਿਨ੍ਹਾਂ ਨੂੰ ਉਸਦੇ ਦੀਵਾਨੀ ਆਮਦਨ ਖਰਚ ਦੇ ਦੀਵਾਨ ਗੰਗਾ ਰਾਮ ਅਤੇ ਫੌਜੀ ਆਮਦਨ ਖਰਚ ਦੇ ਦੀਵਾਨ ਭਵਾਨੀ ਦਾਸ ਨੇ ਗੈਰ-ਆਈਨੀ ਅਰਥਾਤ ਅਸੰ-ਵਿਧਾਨਿਕ ਕਿਹਾ ਹੈ) ਅਤੇ ਬਾਕਾਇਦਾ ਫੌਜਾਂ ਨੂੰ; ਆਪ ਨਿਯੁਕਤ ਕੀਤੇ ਅਮੀਰਾਂ-ਵਜ਼ੀਰਾਂ ਅਤੇ ਸੁਤੰਤਰ ਮਿਸਲਦਾਰਾਂ ਨੂੰ; ਅਗੋਂ ਅਮੀਰਾਂ ਵਜ਼ੀਰਾਂ ਵਿਚਕਾਰ ਹਿੰਦੂ, ਸਿਖ, ਮੁਸਲਮਾਨ ਵਜ਼ੀਰਾਂ ਦੀਆਂ ਲਾਬੀਆਂ ਨੂੰ, ਕਸ਼ਮੀਰ ਆਦਿਕ ਦੁਰਾਡੇ ਇਲਾ-ਕਿਆਂ ਦੇ ਨਿਜ਼ਾਮਾ ਅਤੇ ਉਥੋਂ ਦੇ ਆਪ ਨਿਯੁਕਤ ਫੌਜਦਾਰਾ ਨੂੰ ਇਕ ਦੂਜੇ ਦਾ ਤੋੜ ਬਣਾ ਕੇ ਸਾਮੰਤਵਾਦ ਨੂੰ ਇਕ ਪੁਰਖੀ ਰੂਪ ਦਿਤਾ ਸੀ। ਇੰਜ ਕਰਦਿਆਂ ਉਹ ਅਮੀਰਸ਼ਾਹੀ ਨਿਕਟਵਰਤੀ ਜੁੰਡਲੀ (Caucus) ਵਿਚ ਸੁੰਗੜਦਾ ਗਿਆ ਸੀ।

ਉਸ ਦੇ ਅੱਖਾਂ ਮੀਟਦਿਆਂ ਹੀ ਇਹ ਅਮੀਰਸ਼ਾਹ ਜੁੰਡਲੀ ਅੱਗੋਂ ਗੁੱਟਾਂ, ਗੁੱਟ ਵਿਅਕਤੀਆਂ ਵਿਚ ਪਾਟਣ ਅਤੇ ਹੱਥ ਰੰਗਣ ਲਗ ਪਏ। ਹੁਣ ਹਰ ਗੁੱਟ ਜਾਂ ਵਿਅਕਤੀ ਆਪਣੀ ਮਰਜ਼ੀ ਦਾ—ਮੁਹਰਾ ਬਣਾ ਕੇ—ਰਾਜਗੱਦੀ ਦਾ ਵਾਰਸ ਬਿਠਾ-ਉਣਾ ਚਾਹੁੰਦਾ ਸੀ। ਇੰਜ ਸਾਮੰਤਵਾਦ ਇਕ ਪੁਰਖੀਅਤ ਤੋਂ ਡਿੱਗ ਕੇ ਇਕ ਮੁਹਰੇ ਜਹੀ ਸੰਸਥਾ ਬਣ ਗਈ, ਜਿਸ ਦੇ ਨਾਂ ਹੇਠ ਵਖ ਵਖ ਸਰਦਾਰ ਆਪਣੀ ਚਲਾ ਰਹੇ ਸਨ। ਲਾਹੌਰ ਦਰਬਾਰ ਦੀ ਸਤਲੁਜ ਦੀ ਹਾਰ ਮਗਰੋਂ ਅੰਗਰੇਜ਼ੀ ਰੈਜ਼ੀਡੈਂਸੀ ਨੇ ਵੀ ਬਾਲ-ਮਹਾਰਾਜਾ ਦਲੀਪ ਸਿੰਘ ਦੀ ਰਾਜਗੱਦੀ ਦੇ ਨਾ ਹੇਠ ਵਖ ਵਖ ਸਰ-ਦਾਰੀਆਂ, ਦੀਵਾਨੀਆਂ ਅਤੇ ਨਿਜ਼ਾਮਤਾ ਨੂੰ ਖਤਮ ਕਰਕੇ ਸਿੱਧਾ ਅੰਗਰੇਜ਼ੀ ਰਾਜ ਦਾ ਹਿੱਸਾ ਬਣਾਉਣਾ ਸੀ ਭੁੱਲਣਾ ਨਹੀਂ ਚਾਹੀਦਾ ਕਿ ਸਾਮੰਤਵਾਦ ਵਿਚ ਆਮ ਸਿਪਾਹੀ ਅਮੀਰਸਾਹੀ ਤੋਂ ਤੰਗ ਆਏ ਹੋਣ ਜਾ ਬਦੇਸੀ ਰਾਜ ਵਿਰੁਧ ਮੈਦਾਨ ਵਿਚ ਉਤਰ ਆਉਣ; ਝੰਡਾ ਉਹ ਆਪਣੇ ਰਾਜੇ ਬਾਦਸ਼ਾਹ ਦਾ ਹੀ ਚੁੱਕ ਕੇ ਅਗੇ ਵਧਦੇ ਸਨ ਅੰਗਰੇਜ਼ਾਂ ਨਾਲ ਸਤਲੁਜ ਦੀ ਲੜਾਈ ਵਿਚ ਰਾਜਗੱਦੀ ਨੂੰ ਅਮੀਰਸਾਹੀ ਮੁਹਰਾ ਅਤੇ ਆਮ ਫੌਜੀ ਆਪਣੇ ਦੇਸ਼ ਪਰਸਤ ਦਾ ਪ੍ਰਤੀਕ ਬਣਾ ਕੇ ਲੜ ਰਹੇ ਸਨ।

ਸਤਲੁਜ ਕੰਢੇ ਬ੍ਰਤਾਨਵੀ ਸਾਮਰਾਜ ਦੀ ਇਕ ਬਸਤੀ—ਭਾਰਤ—ਦੇ ਇਕ ਜਰਨੈਲ ਗਫ਼ ਦਾ ਪਹਿਲਾ ਟਾਕਰਾ 18-19 ਫਰਵਰੀ, 1845 ਤੇ ਦੂਜਾ 21-22 ਫਰਵਰੀ ਫਿਰੋਜ਼ਸ਼ਾਹ ਵਿਖੇ ਹੋਇਆ ਅਤੇ ਇਕ-ਪੁਰਖੀ-ਰਾਜ ਦੀ ਥਾਂ ਲੈ ਚੁਕੀ, ਸਾਮੰਤੀ ਅਮੀਰਸਾਹੀ ਨੇ ਆਪਣੀ ਸ਼੍ਰੇਣੀ-ਅੰਕਾਰ ਦਿਖਾ ਕੇ ਤਾਬੜ ਤੋੜ ਹਾਰ ਖਾਧੀ। ਭੁਤਰੇ ਹੋਏ ਸਨ ਜਾਂ ਭੁੱਲੇ ਹੋਏ-ਲੜੇ ਫੌਜੀ ਹੀ—ਅਕਸਰ ਲਾਸ਼ਾਂ ਦੇ ਅੰਬਾਰ

ਵੀ ਇਹਨਾਂ ਦੇ ਹੀ ਲਗੇ। ਅਮੀਰ-ਸ਼ਾਹੀ ਤੇ ਸਰਦਾਰ ਵੀ ਇਹੋ ਚਾਹੁੰਦੇ ਸਨ ਸ਼ਾਇਦ !

ਜਿੱਤ ਮਗਰੋਂ ਬਰਤਾਨਵੀ ਸਾਮਰਾਜ ਸਾਹਮਣੇ ਕੁਝ ਸੰਭਾਵਨਾਵਾਂ ਸਨ : ਪਹਿਲੀ ਪੰਜਾਬ ਨੂੰ ਹੋਰਨਾਂ ਜਿੱਤਿਆਂ ਇਲਾਕਿਆਂ ਵਾਂਗ ਸਿਖ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਜਾਵੇ। ਦੂਜੀ, ਅਫਗਾਨਿਸਤਾਨ ਵਾਲੇ ਪਾਸਿਓਂ ਬਚਾਓ ਰਖਣ ਲਈ ਪੰਜ਼ਾਬ ਨੂੰ ਬਚਾਅ-ਰਾਜ ਵਜੋਂ ਸੀਮਤ ਆਜ਼ਾਦੀ ਦੇ ਦਿਤੀ ਜਾਏ।

ਅਮੀਰਸ਼ਾਹੀ ਦੇ ਨੰਗੇ ਤੌਰ ਤੇ ਨਿੱਜੀ ਹਿਤਾਂ ਨੂੰ ਦੇਖ ਕੇ ਪੰਜਾਬ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ। ਜਾਲੰਧਰ ਦੁਆਬ ਦਾ ਇਲਾਕਾ ਅੰਗਰੇਜ਼ੀ ਰਾਜ ਵਿਚ ਮਿਲਾ ਕੇ ਸਰਹਦ, ਸਤਲੁਜ ਤੋਂ ਹਟਾ ਕੇ ਬਿਆਸ ਤਕ ਵਧਾ ਲਿਆਂਦੀ। ਹਾਰ ਦਾ ਇਕ ਕਰੋੜ ਰੁਪਿਆ ਹਰਜਾਨਾ ਲਾਹੌਰ ਦਰਬਾਰ ਕੋਲ ਨਾ ਦੇਖ ਕੇ,ਗੁਲਾਬ ਸਿੰਘ ਨੇ ਹਰਜਾਨਾ ਭਰ ਕੇ ਜੰਮੂ ਸਮੇਤ ਕਸ਼ਮੀਰ ਦਾ ਇਲਾਕਾ ਆਪਣੇ ਅਧੀਨ ਕਰਵਾ ਲਿਆ ਬਾਕੀ ਇਲਾਕੇ ਦੀ ਸਰਕਾਰ ਨੂੰ ਚਲਾਉਣ ਲਈ ਅੰਗਰੇਜ਼ੀ ਰੇਜ਼ਡੈਂਟ ਅਧੀਨ ਲਾਹੌਰ ਦਰਬਾਰ ਨੇ ਕਹਿਣ ਨੂੰ ਅਜ਼ਾਦ ਰਹਿਣਾ ਸੀ। ਸਭ ਕੰਮ ਕਾਰ ਲੜਾਈ-ਸੁਲਾਹ,ਸੰਧੀ ਆਦਿਕ ਵੀ ਲਾਹੌਰ ਦਰਬਾਰ ਦੇ ਨਾਂ ਤੇ ਰੈਜੀਡੈਂਟ ਨੇ ਹੀ ਕਰਨਾ ਸੀ। ਹਾਰੇ ਲੋਕਾਂ 'ਤੇ ਹਕੂਮਤ ਕਰਨ ਦਾ ਸਭ ਤੋਂ ਸਸਤਾ,ਸੌਖਾ ਅਤੇ ਸਯੋਗ ਢੰਗ ਇਕੋ ਹੈ ਕਿ ਰਾਜ-ਸੱਤਾ ਆਪਣੇ ਹੱਥ ਰਖ ਕੇ ਹਾਰੇ ਹੋਏ ਨੂੰ ਰਾਜ ਦੀ ਗੱਦੀ, ਪ੍ਰਬੰਧ ਤੇ ਪ੍ਰਸ਼ਾਸਨ ਚਲਾਉਣ ਦਿਤਾ ਜਾਏ। ਪੰਜਾਬ ਉਪਰ ਸਿੱਧੇ ਕਬਜ਼ੇ ਤੋਂ ਪਹਿਲਾਂ ਇਹੋ ਸਯੋਗ ਸਾਮਰਾਜੀ ਢੰਗ ਅਪਨਾਇਆ ਗਿਆ ਅਤੇ ਅਗਸਤ 1847 ਵਿਚ ਬਾਲਕ ਦਲੀਪ ਸਿੰਘ ਨੂੰ ਗੱਦੀ ਉਪਰ ਬਿਠਾਇਆ।

**ਸਰਦਾਰੀਆਂ ਨਹੀਂ, ਚਾਕਰੀਆਂ** :— ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦੇਣ ਅਤੇ ਜਾਲੰਧਰ ਦੁਆਬ ਦਾ ਇਲਾਕਾ ਸਿੱਧਾ ਆਪਣੇ ਕਬਜ਼ੇ ਹੇਠ ਕਰਨ ਨਾਲ ਲਾਹੌਰ ਦਰਬਾਰ ਨੂੰ ਫੌਜਾਂ ਦੀ ਪਹਿਲੇ ਜਿੰਨੀ ਲੋੜ ਨਹੀਂ ਸੀ ਰਹੀ। ਸੋ ਫੌਜ ਤੋੜ ਕੇ ਘਰਾਂ ਨੂੰ ਭੇਜ ਦਿਤੀ ਗਈ। ਰੈਜੀਡੈਂਟ ਅਧੀਨ ਪੰਜਾਬ ਵਿਚ ਜਿਹੜੀ ਫੌਜ ਬਚੀ ਉਹ ਆਪੋ ਆਪਣੇ ਦੀਵਾਨਾਂ, ਜਰਨੈਲਾਂ ਜਾਂ ਫੌਜਦਾਰਾਂ ਦੇ ਅਧੀਨ ਸੀ ਜਿਹੜੇ ਕੇਵਲ ਦੇਖਣ ਵਿਚ ਹੀ ਆਪਣੇ ਲਾਹੌਰ ਦਰਬਾਰ ਦੇ ਅਧੀਨ ਸਨ ਕਿਉਂਕਿ ਲਾਹੌਰ ਦਰਬਾਰ ਰੈਜੀਡੈਂਟ ਦੇ ਅਧੀਨ ਸੀ।

ਇੰਜ, ਸਰਦਾਰ ਅੰਗਰੇਜ਼ੀ ਨੀਤੀਆਂ, ਨੀਯਤ ਅਤੇ ਕਈ ਵਾਰ ਅੰਗਰੇਜ਼ ਅਫਸਰਾਂ ਦੇ ਵਤੀਰੇ ਵਿਚ ਤਬਦੀਲੀਆਂ ਆਉਣ ਅਨੁਸਾਰ ਦਿਨੋਂ ਦਿਨ ਤੰਗ ਹੁੰਦੇ ਜਾ ਰਹੇ ਸਨ। ਰੈਜ਼ੀਡੈਂਟ ਦੀ ਕੌਂਸਲ ਵਿਚ ਤੇਜਾ ਸਿੰਘ, ਸ਼ੇਰ ਸਿੰਘ, ਦੀਵਾਨ ਦੀਨਾ ਨਾਥ, ਫਕੀਰ-ਉਦ-ਦੀਨ, ਅਤਰ ਸਿੰਘ ਤੇ ਭਾ: ਨਿਧਾਨ ਸਿੰਘ ਜਹੇ ਵਿਸ਼ਵਾਸ-ਪਾਤਰ ਸਰਦਾਰ ਰਖੇ ਗਏ ਅਤੇ ਇਕ ਲੰਮੀ ਬਲੈਕ ਲਿਸਟ ਉਨ੍ਹਾਂ ਸਿਖ ਸਰਦਾਰਾਂ ਅਤੇ ਹਿੰਦੂ ਮੁਸਲਿਮ ਅਫਸਰਾਂ ਦੀ ਬਣਾਈ ਗਈ ਜਿਨ੍ਹਾਂ ਪਾਸੋਂ ਆਕੀ ਹੋਣ ਦਾ ਅੰਦੇਸ਼ਾ ਸੀ।

**ਚਾਕਰੀ ਤੇ ਨਾਬਰੀ : ਪਹਿਲੀ ਬਗਾਵਤ** : ਡਾ: ਗੰਡਾ ਸਿੰਘ ਦੀ ਇਹ ਸਥਾਪਨਾ ਬਹੁਤ ਹੱਦ ਤਕ ਠੀਕ ਹੈ ਕਿ, "ਭਾਵੇਂ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਰਸਮੀ ਤੌਰ ਤੇ ਲਾਰਡ ਡਲਹੌਜ਼ੀ ਨੇ ਰਲਾਇਆ ਪਰ ਅਸਲ ਵਿਚ ਸਰ ਹੈਨਰੀ ਹਾਰਡਿੰਗ ਅੰਗਰੇਜਾਂ ਦੇ ਪੈਰ ਪੂਰੀ ਤਰ੍ਹਾਂ ਪੰਜਾਬ ਵਿਚ ਜਮਾ ਗਿਆ ਸੀ।" ਡਾ: ਗੰਡਾ ਸਿੰਘ, ਉਸ ਤੋਂ ਪਹਿਲਾਂ ਅਤੇ ਉਪਰੰਤ ਦੇ ਇਤਿਹਾਸਕਾਰਾਂ ਅਗੇ ਆਪਣੇ ਧੁੰਦਲਾਏ ਇਤਹਾਸਕ ਵਿਰਸੇ ਨੂੰ ਦਮਕਾਉਣ ਦਾ ਟੀਚਾ ਹੋਣ ਕਾਰਣ ਅਤੇ ਬਹੁਤਾ ਉਸ ਸਮੇਂ ਦੇ ਇਤਹਾਸਕ ਵਰਤਾਰਿਆ ਵਲ ਧਿਆਨ ਨਾ ਹੋਣ ਕਾਰਣ ਕੁਝ ਨਿਰਣੇ ਅਜਿਹੇ ਦਿਤੇ ਗਏ ਹਨ ਜੋ ਤਰਕ ਪੂਰਣ ਨਹੀਂ ਹਨ—ਜਿਨ੍ਹਾਂ ਵਿਚ ਅਸੰਗਤੀਆਂ ਹਨ। ਜਿਵੇਂ ਮੁਲਤਾਨ ਵਿਚ ਦੀਵਾਨ ਮੂਲ ਰਾਜ ਵਾਲੇ ਮਾਮਲੇ ਦਾ, ਹਜਾਰੇ ਦੇ ਸੂ: ਚਤਰ ਸਿੰਘ ਦੇ ਤੰਗ ਆ ਕੇ ਆਕੀ ਅਤੇ ਸਰ ਹੋਣ ਨੂੰ "ਸਿਖਾਂ ਦੀ ਦੂਸਰੀ ਜੰਗ" ਦਾ ਨਾਂ ਦਿਤਾ ਗਿਆ ਹੈ। ਨਿਰਣਾਇਕ ਲੜਾਈ ਤੋਂ ਮਗਰੋਂ ਇਕ ਧਿਰ ਜਿੱਤਦੀ ਅਤੇ ਦੂਜੀ ਹਾਰਦੀ ਹੈ। ਇਸ ਤੋਂ ਮਗਰੋਂ ਜੇ ਹਾਰਿਆ ਹੋਇਆ ਸਿਰ ਚੁੱਕੇ ਤਾਂ ਇਸ ਨੂੰ ਬਗਾਵਤ ਕਿਹਾ ਜਾਂਦਾ ਹੈ ਸੁਤੰਤਰਤਾ ਸੰਗਰਾਮ ਦੇ ਪੱਖ ਤੋਂ 'ਬਗਾਵਤ' ਸ਼ਬਦ ਸਤਿਕਾਰ ਦਾ ਲਖਾਇਕ ਹੈ। ਸਾਇਦ ਅੰਗਰੇਜ਼ ਇਤਹਾਸਕਾਰਾ ਨੇ ਆਪਣੀ ਫੌਜੀ ਬਰਤਰੀ ਦੱਸਣ ਲਈ ਅਤੇ ਸਿਖ ਇਤਹਾਸਕਾਰੀ ਨੇ ਸਿਖਾਂ ਦੇ ਜੰਗਜੂ ਸਿਟਣ ਨੂੰ ਰੀਕਾਰਡ ਕਰਨ ਲਈ "ਸਿਖਾਂ ਦੀ ਦੂਜੀ ਜੰਗ" ਮੰਨਣਾ ਜ਼ਰੂਰੀ ਸਮਝਿਆ ਹੋਵੇ। ਇਸ ਨੂੰ ਡਾ: ਗੰਡਾ ਸਿੰਘ ਦਾ ਬਗਾਵਤ ਲਿਖਣਾ ਵਧੇਰੇ ਤਰਕ ਸੰਗਤ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਰਾਏ ਮੂਲ ਸਿੰਘ ਜਹੇ ਕਈ ਚੁਗਲਖੋਰ ਅੰਗ-

ਰੋਜ਼ ਰੈਜ਼ੀਡੈਂਟ ਤੇ ਅਫਸਰਾਂ ਨੂੰ ਚੁਕਦੇ ਸਨ ਅਤੇ ਐਬਟ ਵਰਗੇ ਅਫਸਰਾਂ ਨੇ ਚਤਰ ਸਿੰਘ ਜਹੇ ਬੀਬੇ ਅਫਸਰਾਂ ਨੂੰ ਤੰਗ ਕਰ ਕੇ ਹਥਿਆਰ ਚੁੱਕਣ ਤੇ ਮਜਬੂਰ ਕੀਤਾ। ਇਹ ਫੌਰੀ ਕਾਰਣ ਹਨ -ਤੱਥਾਂ ਤੇ ਆਧਾਰਿਤ ਹਨ ਪਰ ਇਤਹਾਸਕ ਕਾਰਣ ਨਹੀਂ।

ਸੱਚ ਇਹ ਹੈ ਕਿ ਮੂਲ ਰਾਜ ਨੂੰ ਰੈਜੀਡੈਂਟ ਸਮੇਂ ਮੁਲਤਾਨ ਦਾ ਦੀਵਾਨ ਉਸੇ ਤਰ੍ਹਾਂ ਥਾਪਿਆ ਗਿਆ ਸੀ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਸ਼ਮੀਰ ਦਾ ਦੀਵਾਨ ਕਿਰਪਾ ਰਾਮ ਨੂੰ। ਜਿਵੇਂ ਕਿਰਪਾ ਰਾਮ ਪਾਸੋਂ ਨਿਯਤ ਕੀਤੀ ਰਕਮ ਨਾ ਤਾਰਨ ਤੇ ਫੌਜ ਭੇਜ ਕੇ ਕਿਰਪਾ ਰਾਮ ਨੂੰ ਬੰਦੀ ਬਣਾਇਆ ਤੇ ਬਕਾਇਆ ਵਸੂਲ ਕੀਤਾ ਗਿਆ ਸੀ, ਕੁਝ ਇੰਜ ਹੀ ਦੀਵਾਨ ਮੂਲ ਰਾਜ ਤੋਂ ਵਸੂਲੀ ਲਈ—ਦੇਸੀ ਰਜਵਾੜਿਆਂ ਨੂੰ ਘਾਊ-ਘੱਪ ਕਰਨ ਵਾਲੇ ਗਵਰਨਰ ਜਨਰਲ ਲਾਰਡ ਹਾਰਡਿੰਗ ਦੇ ਪੰਜਾਬ ਦੇ ਰੈਜ਼ੀਡੈਂਟ ਲਾਰੰਸ ਨੇ—ਵਜ਼ੀਰ ਲਾਲ ਸਿੰਘ ਦੇ ਭਰਾ ਭਗਵਾਨ ਸਿੰਘ ਨੂੰ ਫੌਜ ਦੇਕੇ ਵਸੂਲੀ ਲਈ ਭੇਜਿਆ। ਮੂਲਰਾਜ ਨੇ ਵਫਾਦਾਰ ਅਧਿਕਾਰੀ ਵਾਂਗ ਤਿਆਗ-ਪੱਤਰ ਵੀ ਦੇ ਦਿੱਤਾ। ਤਿਆਗ-ਪਤਰ ਨੂੰ ਮਨਜ਼ੂਰ ਤਾਂ ਨਾ ਕੀਤਾ ਪਰ ਮਾਲੀਏ ਦੀ ਰਕਮ ਵਧਾ ਕੇ ਉਸ ਨੂੰ ਪੱਕਾ ਕੀਤਾ ਪਰ ਸਾਲ ਕੁ ਬਾਦ ਲਾਰਡ ਡਲਹੌਜ਼ੀ ਦੇ ਨਾਲ ਹੀ ਨਵੇਂ ਰੈਜ਼ੀਡੈਂਟ ਫਰੈਡਰਿਕ ਕਰੀ ਨੇ ਹੁਣ ਉਸ ਦਾ ਤਿਆਗ ਪਤਰ ਪ੍ਰਵਾਨ ਕਰਕੇ ਕਾਹਨ ਸਿੰਘ ਤੇ ਨਾਲ ਦੋ ਅੰਗਰੇਜ਼ ਅਫਸਰਾਂ ਨੂੰ ਮੂਲ ਰਾਜ ਪਾਸੋਂ ਚਾਰਜ ਲੈਣ ਭੇਜ ਦਿਤਾ। ਮੂਲ ਰਾਜ ਫੇਰ ਵੀ ਵਫਾਦਾਰ ਨੌਕਰ ਵਾਂਗ ਚਾਰਜ ਦੇ ਰਿਹਾ ਸੀ ਕਿ ਅੰਗਰੇਜ਼ ਅਫਸਰ ਨਾਲ ਮੁਲਤਾਨ ਦੇ ਕਿਸੇ ਸਿਪਾਹੀ ਦੇ ਝਗੜੇ ਕਾਰਣ ਗਲ ਵਧ ਗਈ। ਇਹ ਫੌਜੀਆਂ ਦਾ ਰੋਸ ਤੇ ਰੋਹ ਸੀ ਜਿਸ ਨੇ ਅਨ-ਮਨੇ ਦੀਵਾਨ ਮੂਲ ਰਾਜ ਨੂੰ ਆਕੀ ਹੋਣ ਤੇ ਮਜਬੂਰ ਕਰ ਦਿਤਾ। ਸਗੋਂ ਲਾਹੌਰੋਂ ਆਈ ਫੌਜ ਵੀ ਮੁਲਤਾਨ ਦੇ ਬਾਗੀ ਫੌਜੀਆਂ ਨਾਲ ਹੋ ਗਈ। ਵਖ-ਵਖ ਤਰ੍ਹਾਂ ਦੀ ਵਾਧ ਘਾਟ ਨਾਲ ਇਸ ਬਗਾਵਤ ਦੇ ਹਾਲ ਅਤੇ ਨਤੀਜੇ ਲਿਖੇ ਗਏ ਹਨ।

ਕੁਝ ਇੰਜ ਹੀ ਹਜ਼ਾਰੇ ਦਾ ਹਾਕਮ ਜਾਂ ਨਾਜ਼ਮ ਬਣਾਕੇ ਭੇਜੇ ਸ੍ਰ: ਚਤਰ ਸਿੰਘ ਨਾਲ ਹੋਇਆ। ਸਗੋਂ ਚਤਰ ਸਿੰਘ ਨੂੰ ਅੰਤ ਦੀ ਹੱਦ ਤਕ ਪਰੇਸ਼ਾਨ ਕਰਨ ਵਾਲਾ ਅੰਗਰੇਜ਼ ਅਫਸਰ ਐਬਟ ਦਸਿਆ ਜਾਂਦਾ ਹੈ। ਇਹ ਬਗਾਵਤ ਮੁਲਤਾਨ ਨਾਲੋਂ ਵਧ ਸ਼ਿੱਦਤ ਨਾਲ ਉਭਰੀ ਤੇ ਦਬਾਈ ਗਈ। ਵੇਰਵੇ ਦੀ ਵਾਧ ਘਾਟ ਇਸ ਬਗਾਵਤ ਦੇ ਉਭਰਨ ਤੇ ਦਬਾਈ ਜਾਣ ਵਿਚ ਵੀ ਮਿਲਦੀ ਹੈ ਪਰ ਇਸ ਵਿਚ ਸੰਦੇਹ ਨਹੀਂ

ਕਿ ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਸਰਦਾਰੀ ਨਾਲੋਂ ਵਧ ਵਧੀ ਹੋਈ ਚਾਕਰੀ ਸੀ ਜਿਸ ਨੇ ਨਿੱਜੀ ਕਾਰਣਾਂ ਕਰਕੇ—ਫੌਜਾਂ ਦੀ ਹੇਠਲੀ ਕਤਾਰਬੰਦੀ ਦੇ ਲਾਮਬੰਦ ਹੋ ਜਾਣ ਕਰਕੇ ਵਿਸ਼ਾਲ ਤੇ ਵਿਕ੍ਰਾਲ ਰੂਪ ਧਾਰ ਲਿਆ।

ਇੰਜ ਸਰਦਾਰ ਸ਼੍ਰੇਣੀ ਦੇ ਪ੍ਰਤਣ ਰਸਾਤਲ ਕਾਰਣ ਪੰਜਾਬ ਜਨਵਰੀ 1849 ਵਿਚ ਸਿੱਧਾ ਹੀ ਬਰਤਾਨਵੀ ਸਾਮਰਾਜ ਦੇ ਅਧੀਨ ਹੋ ਗਿਆ। ਇਸ ਵਿਚ ਸੰਦੇਹ ਨਹੀਂ ਇਹ ਸਰਦਾਰੀਆਂ-ਸੰਗ-ਫੌਜੀਆਂ ਦੀ ਜਾਨ-ਹੂਲਵਾਂ ਅਤੇ ਅੰਤਮ ਸੰਘਰਸ਼ ਸੀ ਜਿਸ ਨਾਲ ਪੰਜਾਬੀਅਤ ਦਾ ਅਹਿਸਾਸ ਵਧਿਆ। ਪੰਜਾਬ ਉਪਰ ਅੰਗਰੇਜ਼ੀ ਕਬਜ਼ੇ ਤੋਂ ਬਾਦ ਅੰਗਰੇਜ਼ੀ ਸਰਕਾਰ ਦੇ ਰੀਕਾਰਡਾਂ ਦੇ ਆਧਾਰ ਤੇ ਸਿਖ ਇਤਹਾਸ-ਕਾਰ ਸਮਸ਼ੇਰ ਸਿੰਘ ਅਸ਼ੋਕ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਲੈ ਕੇ ਰੈਜ਼ੀਡੈਂਸੀ ਦੇ ਸਮੇਂ ਤਕ ਦਾ ਲਾਹੌਰ ਦਰਬਾਰ ਦੇ ਦੀਵਾਨੀ ਅਤੇ ਫੌਜਦਾਰੀ ਖਰ-ਚਿਆਂ ਦੇ ਚਿੱਠੇ ਪ੍ਰਕਾਸ਼ਤ ਕੀਤੇ (ਜੀਵਣ-ਪ੍ਰੀਤੀ ਜੁਲਾਈ 1952 : ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਲਿਖਤ ਲੇਖ "ਲਾਹੌਰ ਦਰਬਾਰ ਦਾ ਆਮਦਨ ਤੇ ਖਰਚ" ਨਾਲ ਨੱਥੀ ਚਾਰਟ।) ਪਤਾ ਨਹੀਂ ਰੀਕਾਰਡ ਵਿਚ ਆਮਦਨ ਦਾ ਹਿਸਾਬ ਕਿਤਾਬ ਉਪਲਭਦ ਸੀ ਜਾਂ ਨਹੀਂ ਪਰ ਖਰਚਿਆਂ ਵਿਚੋਂ ਕੁਝ ਮੱਦਾਂ ਉਸ ਸਮੇਂ ਦੇ ਰਾਜ ਪ੍ਰਬੰਧ, ਧਾਰ-ਮਿਕ ਨੀਤੀ, ਅਤੇ ਰਣ-ਨੀਤਕ ਤਰਜੀਹਾਂ ਵਲ ਸੰਕੇਤ ਕਰਦੀਆਂ ਹਨ।

| ਮੱਦ | ਸਮਾਂ : ਮਹਾਰਾਜਾ ਰਣਜੀਤ ਸਿੰਘ | ਰਾਜਾ ਲਾਲ ਸਿੰਘ ਦੀ ਵਜ਼ਾਰਤ | ਰੈਜ਼ੀਡੈਂਸੀ ਸਮੇਂ |
|---|---|---|---|
| ਪੈਦਲ ਫੌਜ— | | | |
| ਬਟਾਲੀਅਨ | 35 | 63 | 25 |
| ਤੋਪ ਖਾਨੇ | 14 | 36 | 18 |
| ਗੈਰ-ਆਈਨੀ ਘੋੜ-ਚੜ੍ਹੇ | 1209 | 1613 | 669 |
| ਤਨਖਾਹਦਾਰ ਘੋੜ-ਚੜ੍ਹੇ | 9584 | 19626 | 6119 |
| ਕਿਲਿਆਂ ਇਲਾਕਿਆਂ ਦੇ ਕਾਰਦਾਰ | 2802 | 14700 | 5485 |

| | | | |
|---|---|---|---|
| ਬਦੇਸੀ ਅਫਸਰ | 15 | 2 | 21 ਸਭ ਅੰਗਰੇਜ਼ |
| ਊਠ ਜਾਨਵਰ | 4012 | 6095 ਤੋਂ 3802 | ? |
| ਪੈਨਸ਼ਨ ਪ੍ਰਾਪਤ ਵਿਧਵਾਵਾਂ | ... | ... | 2100 |
| ਧਰਮਾਰਥ ਖਰਚ ਅਤੇ | ਰੁ: 126905 | ਰੁ: 3,02583 | ? |
| ਨਫਰੀ (ਵਿਅਕਤੀ) | 2532 | 6135 | ? |
| ਦਵਾਖਾਨੇ ਖਰਚਾ | ਰੁ: 1200 | ਰੁ: 1200 | ਰੁ: 1100 |
| ਫੌਜੀ ਤੁਹਫੇ-ਸੁਗਾਤਾਂ | ਰੁ: ਇਕ ਲਖ | ਰੁ: 41 ਲਖ | ? |
| ਨਿਜੀ ਖਰਚ | | | |
| (ਰਾਜ ਗੱਦੀ) | ਰੁ: 4 ਲੱਖ | ਰੁ: 6 ਲੱਖ | ਰੁ: ਇਕ ਲੱਖ |
| ਖਰਚਾ ਗੁਲਾਬਧਾਨਾ | ਰੁ. 9992 | ਰੁ: 12,000 | ਰੁ: 5000 |
| ਗਊਸ਼ਾਲਾ : ਗਊਆਂ | 1250 | 2545 | 2623 |
| ਕੁੱਤੇ ਗਿਣਤੀ | 294 | 32 | ... |
| ਖ਼ਰਚਾ | ਰੁ: 9000 | ਰੁ: 8000 | ... |

**ਦੂਜਾ ਸਾਮੰਤੀ-ਕੇਂਦਰ ਫੂਲਕੀਆਂ ਰਿਆਸਤਾਂ** :—ਦੂਜਾ ਸ਼ਕਤੀ ਕੇਂਦਰ ਕੇਂਦਰੀ ਪੰਜਾਬ ਦੇ ਕੇਂਦਰ ਦੇ ਸਮਾਂਨਾਂਤਰ ਬੰਦਾ ਸਿੰਘ ਦੇ ਸਮੇਂ ਤੋਂ ਨਿਕਸ ਅਤੇ ਵਿਕਸ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਇਸ ਨੇ ਵਖਰਾ ਰੁਖ ਅਖਤਿਆਰ ਕੀਤਾ। ਉਂਜ ਤਾ ਮੁਢ ਤੋਂ ਹੀ ਜ਼ਮੀਨੀ ਵੰਡ ਤੋਂ ਫੂਲ-ਕਿਆ ਤੇ ਰਾਮਾ-ਕਿਆਂ ਦੀ ਘਹਿ ਘਸਰ ਆਰੰਭ ਹੋ ਗਈ ਸੀ ਪਰ ਬਾਬਾ ਆਲਾ ਸਿੰਘ ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਛਕ ਕੇ. ਉਸਨੂੰ ਸਦਾ ਪੱਕਾ ਸਾਥੀ ਬਣਾ ਕੇ, ਬੰਦਾ ਸਿੰਘ ਦੀ ਮਾਰੀ-ਸਾੜੀ ਸਰਹਿੰਦ ਆਪਣੇ ਨਾਂ ਛੁੜਾ ਕੇ ਕੈਥਲ-ਕਲਸੀਆ ਦੀਆਂ ਮਿਸਲਾਂ-ਸਰਦਾਰਾਂ ਨਾਲ ਜੋੜ-ਤੋੜ ਕਰਕੇ ਨਾਭੇ, ਜੀਂਦ,ਭਦੌੜ ਆਦਿਕ ਸ਼ਰੀਕ ਰਾਜਿਆਂ ਸਰਦਾਰਾਂ ਵਿਚੋਂ ਉਸੇ ਤਰ੍ਹਾਂ ਸਿਰਮੌਰ ਬਣਿਆ ਜਿਵੇਂ ਮਹਾਰਾਜਾ ਰਣਜੀਤ ਸਿੰਘ ਕੇਂਦਰੀ ਪੰਜਾਬ ਵਿਚ ਬਣ ਰਿਹਾ ਸੀ। ਉਸ ਨੇ ਤਾਂ ਅਹਿਮਦ ਸ਼ਾਹ ਅਬਦਾਲੀ ਕੋਲੋਂ ਆਪਣੀ ਮਹਾਰਾਜਗੀ ਦੀ ਖਿਲਤ ਹੀ ਨਹੀਂ ਸੀ ਖਰੀਦੀ ਸਗੋਂ ਉਠਦੇ ਸਿਖ ਉਭਾਰ

ਨੂੰ ਨਾਲ ਰਖਣ ਲਈ ਆਪਣਾ ਸਿਖ ਸਰੂਪ ਰਖਣ ਦਾ ਹਰਜਾਨਾ ਵੀ ਇਕ ਲਖ ਰੁਪਿਆ ਤਾਰਿਆ ਸੀ। ਹੋਰ ਮਗਰੋਂ ਹੋਰ ਉਚੇਰੇ ਪੱਧਰ ਤੇ ਪਹੁੰਚ ਕੇ ਉਸ ਦੇ ਖੇਤਰ, ਅਧਿਕਾਰ, ਮਹਾਰਾਜਾ ਰਣਜੀਤ ਸਿੰਘ ਦੇ ਜੇਤੂ ਹਿਤਾਂ ਨਾਲ ਟਕਰਾਉਣ ਲਗ ਪਏ ਸਨ।

ਮਿਸਲਾਂ ਦੀ ਚੜ੍ਹਤ ਸਮੇਂ ਤਾਂ ਅੰਬਾਲੇ ਤੋਂ ਲੈ ਕੇ ਕੈਥਲ-ਕਲਸੀਆ ਅਤੇ ਕਰਨਾਲ ਤਕ ਛੋਟੀਆਂ-ਛੋਟੀਆਂ ਸਰਦਾਰੀਆ ਕਾਇਮ ਹੋ ਰਹੀਆਂ ਸਨ ਜੋ ਅੰਗ-ਰੇਜ਼ਾ ਦੇ ਪੰਜਾਬ ਉਪਰ ਕਬਜ਼ੇ ਸਮੇਂ ਆਪਸ ਦੀ ਖਹਿ, ਮਰਾਠਾ ਤੇ ਹੋਰ ਸਥਾਨਕ ਟਕਰਾਂ ਵਿਚ ਜਾਂ ਤਾਂ ਖੁੱਸ-ਖੁਰ ਗਈਆ ਸਨ ਜਾ ਪਟਿਆਲਾ ਰਾਜ ਨੇ ਕੁਤਰ ਲਈਆਂ ਸਨ ਅਤੇ ਅੰਤ ਵਿਚ ਨਾਂ-ਗਿਣਾਉਣੀਆਂ ਨਿੱਕ-ਜਾਗੀਰਦਾਰੀਆਂ ਬਣ ਕੇ ਰਹਿ ਗਈਆਂ ਸਨ। ਪਟਿਆਲਾ ਅਤੇ ਲਾਹੌਰ ਦਰਬਾਰ ਦੇ ਡਰ ਤੋਂ ਇਹ ਸਰਦਾ-ਰੀਆਂ ਅੰਗਰੇਜੀ ਛਤਰ ਛਾਇਆ ਵਲ ਤੁਰੀਆ ਸਨ।

ਬਾਬਾ ਆਲਾ ਸਿੰਘ ਤੋਂ ਮਗਰੋਂ ਰਾਜਾ ਅਮਰ ਸਿੰਘ ਦੀ ਨੀਤੀ ਜੀਂਦ, ਨਾਭਾ, ਕਪੂਰਥਲਾ, ਫਰੀਦਕੋਟ, ਮੰਡੀ, ਕੈਥਲ ਆਦਿਕ ਨਾਲ ਆਪ ਖਹਿਣ-ਜਿੱਤਣ ਤੇ ਦਿੱਲੀ ਦਰਬਾਰ ਆਦਿਕ ਤੋਂ ਬਚਾਉਣ ਦੀ ਰਹੀ ਰਾਜਾ ਅਮਰ ਸਿੰਘ ਤੋਂ ਬਾਦ ਰਾਜ-ਘਰਾਣੇ ਦੇ ਅੰਦਰਲੇ ਕਲਹ-ਕਲੇਸ ਅਤੇ ਨਾਨੂ ਮੱਲ ਜਹੇ ਦੀਵਾਨਾਂ ਸਰਦਾਰਾਂ ਦੀ ਸਹਿ ਪਾ ਕੇ ਦਿਲੀ ਤੋਂ ਅਗੇ ਵਧ ਰਹੀਆਂ ਮਰਾਠਾ ਸਰਦਾਰੀਆਂ 18ਵੀਂ ਸਦੀ ਦੇ ਅੰਤ ਤਕ ਪਟਿਆਲਾ ਰਾਜ ਤੇ ਹੋਰ ਸਿਖ ਸਰਦਾਰੀਆਂ ਦੇ ਇਲਾਕਿਆ ਨਾਲ ਆ ਛੂਹੀਆਂ ਸਨ।

ਮਿਸਲਾਂ ਸਮੇਂ ਦੀ ਮਹਾ ਸੰਘੀ ਭਾਂਤ ਦੀ ਸਾਂਝ ਤਾਂ ਬਾਬਾ ਆਲਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਸਮੇਂ, ਉਦਾਸੀਨਤਾ ਵਿਚ ਬਦਲ ਗਈ ਸੀ, ਲਾਹੌਰ ਦਰਬਾਰ ਦੀ ਹਾਰ ਨਾਲ ਇਹ ਨਿਖੇੜ ਦੀ ਸੀਮਾ ਤਕ ਪਹੁੰਚ ਗਈ ਅਤੇ ਸਿਖੀ ਦੀ ਸਾਂਝ ਦਾ ਤਲਿਸਮ (ਜਾਦੂ) ਟੁੱਟਣ ਕਾਰਣ ਹੁਣ ਫੂਲਕੀਆਂ ਤੇ ਹੋਰ ਰਿਆਸਤਾਂ ਅੰਗਰੇਜ਼ੀ ਰੈਜੀਡੈਂਟਾਂ, ਆਦਿਕ ਤੇ ਨਿਰਭਰ ਹੋ ਗਈਆਂ।

ਇਕ ਪਾਸੇ ਮੁਲਤਾਨ ਤੇ ਹਜ਼ਾਰੇ ਦੀਆਂ ਬਗਾਵਤਾਂ ਕਾਰਣ ਲਾਹੌਰ ਦਰਬਾਰ ਦੀ ਹੋਂਦ ਹੀ ਖਤਮ ਹੋ ਗਈ ਦੂਜੇ ਪਾਸੇ ਫੂਲਕੀਆਂ ਤੇ ਗੁਆਂਢੀ ਰਿਆ-ਸਤਾਂ ਦਿਨੋਂ ਦਿਨ ਤਾਬੇਦਾਰ ਤਾਂ ਹੁੰਦੀਆਂ ਗਈਆਂ ਪਰ ਉਨ੍ਹਾਂ ਦੀ ਹੋਂਦ ਕਾਇਮ

ਕਹੀ ।

1849 ਦੀ ਬਗਾਵਤ ਤੋਂ ਅੱਠ ਵਰ੍ਹੇ ਮਗਰੋਂ ਲਾਹੌਰ ਦਰਬਾਰ ਦੇ ਬਚੇ ਫੌਜੀ ਭਾਂ 1857 ਦੇ ਗ਼ਦਰ ਵਿਰੁਧ ਮਜ਼ਬੂਤੀ ਵਿਚ ਲੜਾਏ ਗਏ ਸਨ ਪਰ ਪਟਿਆਲਾ ਤੇ ਕੁਝ ਹੋਰ ਰਿਆਸਤਾਂ ਨੇ ਤਾਂ ਆਪ ਆਪਣੇ ਫੌਜੀ ਦਸਤੇ ਭਾਰਤੀ ਸੁਤੰਤਰਤਾ ਸੰਗਰਾਮ ਵਿਰੁਧ ਭੇਜੇ ਸਨ।

**ਸਾਮੰਤਵਾਦ ਦੇ ਹਾਂ ਪੱਖ** :—ਰਾਜਨੀਤੀ ਸਾਸਤਰ 'ਚ ਯੂਰਪੀ, ਖਾਸ ਕਰ ਅੰਗਰੇਜ਼ੀ ਇਤਹਾਸ-ਵਿਸ਼ਲੇਸ਼ਕ ਦ੍ਰਿਸ਼ਟੀ ਤੋਂ ਇਕ ਸ਼ਬਦBenevolent Despot ਆਉਂਦਾ ਹੈ ਜਿਸ ਦੇ ਅਰਥ ਸ਼ੁਭ ਇੱਛਕ ਹਾਕਮ ਜਾਂ ਕਲਿਆਣਕਾਰੀ ਪ੍ਰਸ਼ਾਸਕ ਦੇ ਹਨ। ਇਕ ਹੋਰ ਸ਼ਬਦ Tyrant ਹੈ ਜਿਸ ਦੇ ਅਰਥ ਨਿਰਦਈ ਨਰੇਸ਼ ਵੀ ਹੋ ਸਕਦੇ ਹਨ।

ਉਂਜ ਤਾਂ ਇਕ ਰਾਜੇ ਦੇ ਇਕੋ ਸਮੇਂ ਸ਼ੁਭ ਇੱਛਕ ਅਤੇ ਨਿਰਦਈ ਗੁਣ ਔਗੁਣ ਵੀ ਇਤਹਾਸ ਵਿਚ ਬਿਆਨੇ ਗਏ ਹਨ, ਜੋ ਹਾਕਮ ਦੇ ਜਿਉਂਦੇ-ਜੀ। ਵਿਅਕਤੀ ਜਾਂ ਸ਼੍ਰੇਣੀ ਪ੍ਰਤੀ ਉਸ ਦੇ ਵਤੀਰੇ ਦੇ ਲਖਾਇਕ ਹੁੰਦੇ ਹਨ। ਸਮਰਾਟ ਅਸ਼ੋਕ ਵਿਚ ਨਿਰਦਈ ਲੱਛਣ ਕਲਿੰਗ ਯੁਧ ਤਕ ਦਿਸਦੇ ਅਤੇ ਕਲਿਆਣ ਕਾਰੀ ਗੁਣ ਰਾਜ ਦੀ ਨਿਸਚਿੰਤ ਸਥਾਪਤੀ ਤੋਂ ਬਾਦ। ਮਹਾਰਾਜਾ ਰਣਜੀਤ ਸਿੰਘ ਵਿਚ ਇਹ ਦੋਵੇਂ ਲੱਛਣ ਇਕੋ ਸਮੇਂ ਵੀ ਦਿਸਦੇ ਹਨ ਅਤੇ ਅੱਗੜ ਪਿਛੜ ਵੀ। ਪਰ ਕਿਸੇ ਵੀ ਰਾਜ ਘਰਾਣੇ ਦੇ ਪੂਰੇ ਇਤਹਾਸ, ਉਸ ਦੇ ਵਿਕਾਸ ਤੇ ਵਿਨਾਸ਼ ਨੂੰ ਸਾਹਮਣੇ ਰਖਣ ਨਾਲ ਪਤਾ ਲਗਦਾ ਹੈ ਕਿ ਰਾਜ ਸ਼੍ਰੇਣੀ ਨਿਰਦਈ ਤੇ ਦਇਆਵਾਨ ਲੱਛਣ ਆਪਣੀ ਸਥਿਤੀ ਅਤੇ ਲੋੜ ਅਨੁਸਾਰ ਅਪਨਾਉਂਦੀ ਅਤੇ ਤਿਆਗਦੀ ਹੈ।

ਤਾਂ ਵੀ ਸਾਮੰਤਵਾਦੀ ਰਾਜ ਪ੍ਰਬੰਧ ਦੇ ਕੁਝ ਹਾਂ ਪੱਖ ਹੁੰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਕਾਲ ਪੈਣ ਤੇ ਰਾਜਕੀ ਖਾਦ ਭੰਡਾਰ ਕੋਲ ਦਾ ਖਲੋਣਾ, ਸੁਕਾਲ ਸਮੇਂ ਚੁਪ ਚੁਪੀਤੇ ਜਾ ਕੇ ਕਿਸੇ ਕਿਸਾਨ ਜਾਂ ਕਾਰੀਗਰ ਦੀ ਖਬਰ ਸੁਰਤ ਜਾ ਪੁੱਛਣੀ, ਧਰਮ ਸਥਾਨ ਤੇ ਦੀਨ ਭਾਵ ਵਿਚ ਹਾਜ਼ਰ ਹੋਣਾ (ਜਿਵੇਂ ਅਕਾਲ ਤਖਤ ਜਾ ਕੇ ਆਪਣੇ ਉਪਰ ਸਜ਼ਾ ਲੈਣ ਲਈ) ਅਤੇ ਦਰਬਾਰ ਵਿਚ ਕਿਸੇ ਮਸਖਰੇ ਮਰਾਸੀ ਤੋਂ ਜਾਣ ਬੁਝ ਕੇ ਠਿੱਠ ਹੋਣਾ ; ਬਾ-ਅਖਤਿਆਰ ਹਾਕਮਾਂ, ਚਕਰ

ਵਰਤੀ ਰਾਜਿਆ ਤੋਂ ਲੈ ਕੇ ਅਵਤਾਰ ਰਾਜਿਆਂ ਤਕ ਦਾ ਅਜਿਹਾ ਵਤੀਰਾ ਹੈ ਜਿਸ ਵਿਚ ਜਨਸਾਧਾਰਨ ਦੇ ਦਿਲਾਂ ਤਕ ਸਿੱਧੀ ਅਪੀਲ ਹੁੰਦੀ ਹੈ ਅਤੇ ਰਾਜੇ ਮਹਾਰਾਜੇ ਦੀ ਵਿਰੋਧਤਾ ਜਾਂ ਸਾਜ਼ਸ਼ ਦਾ ਮੂੰਹ ਬੰਦ ਕਰੀ ਰਖਦੀ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਕਦਰਦਾਨ ਨਾ ਮਿਲਣ ਕਾਰਣ ਨਿਰਾਸ਼ ਹੋ ਕੇ ਮੁੜੇ ਜਾ ਰਹੇ ਖੁਸ਼ ਨਵੀਸ ਪਾਸੋਂ ਮੂੰਹੋਂ ਮੰਗਿਆ ਮੁੱਲ ਦੇ ਕੇ ਕੁਰਾਨ ਸ਼ਰੀਫ ਦੀ ਜ਼ਿਲਦ ਪ੍ਰਾਪਤ ਕਰਕੇ ਆਦਰ ਨਾਲ ਕਿਸੇ ਆਪਣੇ ਅਮੀਰ ਵਜ਼ੀਰ ਨੂੰ ਭੇਟ ਕਰਨ ਨਾਲ ਮੁਸਲਿਮ ਰਿਆਇਆ ਉਪਰ ਕਿੰਨਾ ਚੰਗਾ ਪ੍ਰਭਾਵ ਪਿਆ ਹੋਵੇਗਾ— ਮਹਾਰਾਜੇ ਦਾ ਕਿੰਨਾ ਚੰਗਾ ਧਰਮ ਨਿਰਪੱਖ ਬਿੰਬ ਉਭਰਿਆ ਹੋਵੇਗਾ ਇਸ ਦਾ ਅਨੁਮਾਨ ਕੀਤਾ ਜਾ ਸਕਦਾ ਹੈ। ਇਹੋ ਕੁਝ ਹਿਦੂ ਦੇਵੀ ਦੇਵ-ਤਿਆਂ ਦੇ ਮੰਦਰਾਂ ਪ੍ਰਤੀ ਸਤਿਕਾਰ ਦਰਸਾਉਣ ਬਾਰੇ ਵੀ ਸੋਚਿਆ ਜਾ ਸਕਦਾ ਹੈ ਅਤੇ ਗੁਰਦੁਆਰਿਆਂ ਮੰਦਰਾਂ ਮਸੀਤਾਂ ਦੇ ਨਾਂ ਜ਼ਮੀਨਾਂ ਜਾਇਦਾਦਾਂ ਆਦਿਕ ਦੇ ਪਟੇ ਜਾਰੀ ਕਰਨ ਬਾਰੇ ਵੀ। ਹਰ ਜਿੱਤ ਤੋਂ ਪਹਿਲਾਂ ਤੇ ਵਾਰਸ ਦੇ ਜਨਮ ਜਾਂ ਰੋਗ ਦੀ ਗੰਭੀਰਤਾ ਸਮੇਂ ਦਾਨ ਪੁੰਨ ਵਾਲੀ ਸਦੀਆਂ ਦੀ ਪਰੰਪਰਾ ਹੈ ਜੋ ਸਾਮੰਤਵਾਦੀ ਯੁਗ ਦੀਆਂ ਦੰਦ ਕਥਾਵਾਂ ਤੇ ਸਾਹਿਤ ਰਾਹੀਂ ਯਾਦ ਕੀਤੀ ਜਾਂਦੀ ਹੈ। ਦਾਨ ਪੁੰਨ ਦੇ ਪ੍ਰੇਰਨਾ ਸ੍ਰੋਤਾਂ ਨੂੰ ਕੌਣ ਦੇਖਦਾ ਹੈ। ਸਿਫਤ ਸਲਾਹ ਤਾਂ ਦਾਨ ਪੁੰਨ ਦੀ ਹੈ।

ਜਿਥੋਂ ਤਕ ਗੁਰਬਾਣੀ ਦੀ ਦਾਰਸ਼ਨਿਕਤਾ ਦਾ ਸੰਬੰਧ ਹੈ ਇਹ ਨਿਸਚਿਤ ਹੀ ਤਤਕਾਲੀ ਸਮਾਜਕ-ਰਹਸਵਾਦੀ ਵਿਚਾਧਾਰਵਾਂ ਦਾ ਮੌਲਿਕ ਸੰਸ਼ਲੇਸ਼ਣ ਹੈ—ਇਕ ਅੰਤਰਮੁਖੀ ਵਰਤਾਰਾ ਹੈ। ਪਰ ਗੁਰੂ ਗਰੰਥ ਸਾਹਿਬ ਦੇ ਪਾਠ, ਰੱਖ ਰਖਾਵ ਤੋਂ ਲੈ ਕੇ ਗੁਰਮਰਯਾਦਾ ਅਤੇ ਰਹਿਤ-ਬਹਿਤ ਦਾ ਬਾਹਰਮੁਖੀ ਵਰਤਾਰਾ ਸੀ ਜਿਸ ਨੇ ਗੁਰ ਮਤ ਨੂੰ ਇਕ ਸਮੁਦਾਇ ਇਕ ਸਮਾਜ ਦਾ ਰੂਪ ਦਿਤਾ।

ਮਿਸਲਾਂ ਦੇ ਸਖੇਂ ਸਿਖ ਸ਼ਕਤੀ, ਜਦੋਂ ਮਹਾਰਾਜਗੀ ਦੇ ਰੂਪ ਵਿਚ ਪ੍ਰਗਟ ਹੋਈ ਤਾਂ ਇਸ ਦਾ ਵਾਹ ਗੁਰੂ ਗਰੰਥ ਅਤੇ ਗੁਰਮਤ ਦੇ ਕੇਵਲ ਬਾਹਰਮੁਖੀ ਵਰਤਾਰੇ ਨਾਲ ਹੀ ਪੈ ਸਕਦਾ ਸੀ। ਜਿਥੇ ਇਹ ਧਰਮ ਦੀ ਹੋਣੀ ਹੈ ਕਿ ਇਹ ਆਪਣੇ ਅੰਤਰ ਮੁਖੀ ਗਿਆਨ ਖੰਡ ਨੂੰ ਬਾਹਰਮੁਖੀ ਵਰਤਾਰੇ ਕਰਮ ਕਾਂਡ ਬਿਨਾਂ ਮੂਰਤੀਮਾਨ ਨਹੀਂ ਕਰ ਸਕਦਾ, ਉਥੇ ਸਿਖ ਮਹਾਂ ਰਾਠ ਰਣਜੀਤ ਸਿੰਘ ਦੀ ਮਜਬੂਰੀ ਸੀ ਕਿ ਉਹ ਸਿਖੀ ਦੇ ਬਾਹਰਲੇ ਰੂਪ ਸਰੂਪ ਨੂੰ ਗੌਰਵਮਈ ਬਣਾਵੇ। ਸੱਤਾ ਅਤੇ ਧਨ ਕੋਲ ਧਰਮ

ਦੀ ਗਿਰੀ ਨਹੀਂ ਛਿੱਲੜ ਖਾਣ ਦੀ ਹੀ ਸਮਰਥਾ ਹੁੰਦੀ ਹੈ ।

ਇਸ ਗਲ ਦਾ ਕੋਈ ਸਬੂਤ ਜਾਂ ਗਵਾਹੀ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਪਾਹੁਲ ਜਾਂ ਅੰਮ੍ਰਿਤ ਛਕਿਆ ਸੀ, ਹਾਲਾਂਕਿ ਭਜਨੀਕ ਗੁਰਸਿਖ ਹੀ ਨਹੀਂ ਇਕ ਇਤਹਾਸਕਾਰ ਵੀ ਇਹੋ ਲਿਖੇਗਾ ਕਿ ਉਸਨੇ ਕਿਸੇ ਵੀ ਪ੍ਰਪੱਕ ਗੁਰਮੁਖ ਸਿਖ ਤੋਂ ਵਧ ਸਿਖੀ ਦੀ ਸੇਵਾ ਕੀਤੀ । ਇਹ ਉਹ ਸਾਮੰਤੀ ਦ੍ਰਿਸ਼ਟੀਕੋਣ ਹੈ ਜੋ ਉਦਾਰ ਚਿਤ ਵੀ ਹੈ ਤੇ ਸ਼ਾਹੀ ਸ਼ਾਨ ਤੋਂ ਚੁੰਧਆਇਆ ਹੋਇਆ ਵੀ । ਇਨ੍ਹਾਂ ਅਰਥਾਂ ਵਿਚ ਮਹਾਰਾਜੇ ਨੇ ਸਿਖੀ ਦੀ ਬਹੁਤ ਸੇਵਾ ਕੀਤੀ ।

ਮਹਾਰਾਜੇ ਦੇ ਦੌਰ ਵਿਚ ਸਿਖ ਸਮਾਜ ਅਤੇ ਸਿਖ ਸਰੂਪ, (ਕੇਸਾਂ ਸਹਿਤ) ਨਾਦਰਸ਼ਾਹੀ ਅਤੇ ਸੂਬੇਦਾਰੀ ਦੌਰ ਵਾਂਗ ਤ੍ਰਿਸਕਿਤ ਦੀ ਥਾਂ ਘਟੋ ਘਟ ਪੰਜਾਬੀ ਸਮਾਜ ਵਿਚ ਪ੍ਰਵਾਨਿਆ ਅਤੇ ਸਤਿਕਾਰਿਆ ਗਿਆ । 'ਭਾਈਂ' ਦੀ ਥਾ 'ਸਰਦਾਰ' ਸਤਿਕਾਰਤ ਸ਼ਬਦ ਗਿਣਿਆ ਗਿਆ । ਅਨਕਟੀ,, ਪੂਰੀ ਦਾੜ੍ਹੀ ਰਖਣੀ ਆਵਾਸੀ ਸਰਕਾਰੀ ਅਫਸਰਾ ਲਈ ਖੁਸ਼ਨੂਦੀ ਪ੍ਰਾਪਤੀ ਅਤੇ ਦਰਸ਼ਨੀ ਦਾੜ੍ਹੀ ਦਰਬਾਰ ਤੇ ਇਕ ਹਦ ਤਕ ਪਤਵੰਤੀ ਸ਼੍ਰੇਣੀ ਦੇ ਸੁਹਜ ਸੁਆਦ ਦਾ ਹਿਸਾ ਬਣੀ । ਮਹਾਰਾਜ਼ਾ ਸ਼ੇਰ ਸਿੰਘ ਦੇ ਸਮੇਂ ਤਕ ਤਾਂ ਇਕਸਾਰਤਾ ਦੀ ਖਾਤਰ ਪਿਆਦਾ ਤੇ ਘੋੜ ਸਵਾਰ ਫੌਜੀ ਦਾਹੜੀ ਨੂੰ ਬੰਨ੍ਹਣ ਲਗ ਪਏ ਸਨ ।

ਪੰਜਾਬ ਤੇ ਰਾਜਪੂਤਾਨੇ ਤੋਂ ਲੈ ਕੇ ਇਰਾਕ ਦੇ ਕੁਰਦਸਤਾਨੀ ਇਲਾਕੇ ਤਕ ਕਈ ਕੌਮੀਅਤਾਂ ਪੱਗ ਬੰਨਦੀਆਂ ਸਨ ਪਰ ਇਸ ਦੌਰ ਵਿਚ ਜਾਪਦਾ ਹੈ ਕਿ ਨਾ ਕੇਵਲ ਪੱਗ ਨੂੰ ਸਵਾਰ ਪੱਚ ਕੇ ਬੰਨ੍ਹਣ ਦਾ ਪ੍ਰਚਲਣ ਹੋਇਆ ਸਗੋਂ ਇਕ ਤੋਂ ਵਧ ਢੰਗਾਂ ਦੇ ਵਲਾਂ, ਪੇਚਾਂ ਨਾਲ ਪੱਗ ਬੰਨ੍ਹੀ ਸਜਾਈ ਜਾਣ ਲਗੀ ।

ਭੁੱਲਣਾ ਨਹੀਂ ਚਾਹੀਦਾ ਕਿ ਸਿਖੀ ਵਿਚ ਰਾਜ ਤਿਲਕ ਦੀ ਮਿਸਾਲ ਅਤੇ ਪ੍ਰਾਵਧਾਨ ਨਾ ਹੋਣ ਕਾਰਣ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤਿਲਕ ਉਸ ਹਿੰਦੂ ਧਾਰਮਿਕ ਕੇਂਦਰ ਬਨਾਰਸ ਦੇ ਬ੍ਰਾਹਮਣਾ ਨੇ ਕੀਤਾ ਸੀ ਜਿਸ ਸ਼ਹਿਰ ਦੇ ਬ੍ਰਾਹਮਣਾਂ ਨੇ ਦਿਲੀ ਦੇ ਮੁਗਲ ਦਰਬਾਰ ਤੋਂ ਡਰਦਿਆਂ ਸ਼ਿਵਾ ਜੀ ਨੂੰ ਰਾਜ ਤਿਲਕ ਲਗਾ ਕੇ ਛਤਰਪਤੀ ਬਨਾਉਣ ਤੋਂ ਨਾਂਹ ਕਰ ਦਿਤੀ ਸੀ । ਇਸੇ ਲਈ ਸ਼ਿਵਾ ਜੀ ਨੇ ਕੋਂਕਣ ਦੇ ਬ੍ਰਾਹਮਣਾਂ ਤੋਂ ਰਾਜ ਤਿਲਕ ਕਰਵਾਇਆ ਸੀ ।

ਢੇਰ ਚਿਰ ਤਕ, ਮੁਹਿੰਮ ਤੇ ਚੜ੍ਹਿਆ ਮਹਾਰਾਜਾ ਰਣਜੀਤ ਸਿੰਘ ਮੈਦਾਨ

ਵਿਚ ਛੋਲਦਾਰੀ ਹੇਠ ਜਾਂ ਇਸ ਤੋਂ ਬਿਨਾਂ ਹੀ ਜ਼ਮੀਨ ਉਪਰ ਗਾਲੀਚਾ ਜਾਂ ਹੋਰ ਵਿਛੌਣੇ ਉਪਰ ਬੈਠ ਕੇ ਲਘੂ ਦਰਬਾਰ ਜਾਂ ਕਾਊਂਸਲ ਲਾਉਂਦਾ ਸੀ ਜੋ ਮੁਹਿਮਾਂ ਤੇ ਚੜ੍ਹਾਈ ਸਮੇਂ ਦਾ ਈਰਾਨੀ, ਤੁਰਕੀ ਤੇ ਮੁਗਲਾਣੀ ਦਸਤੂਰ ਸੀ।

ਗਊ-ਕਸ਼ੀ ਜਾਂ ਤਮਾਕੂ-ਨੋਸ਼ੀ ਦੀ ਧਾਰਮਿਕ ਬੇ-ਅਦਬੀ ਅਤੇ ਦਬੇਲ ਨੂੰ ਰਿੜਾਉਣ ਵਾਲੀਆਂ ਮਿਸਾਲਾਂ ਦੇ ਕਾਰਣ ਦਰਬਾਰ ਤੇ ਹੋਰ ਸਤਿਕਾਰ ਯੋਗ ਸਥਾਨਾਂ ਤੇ ਅਵਸਰਾਂ ਤੇ ਮਨਾਹੀ ਕੀਤੀ ਗਈ। ਪਤਾ ਲਗਦਾ ਹੈ ਕਿ ਦਰਬਾਰ ਦੇ ਯੂਰਪੀ ਅਫਸਰ ਲੁਕ ਕੇ ਇਹ ਕੰਮ ਕਰਦੇ ਸਨ।

ਹਾਸ਼ਮ ਨੂੰ ਪੰਜਾਬੀ ਕਵਿਤਾ ਲਈ ਇਨਾਮ ਦੇਣ ਤੋਂ ਬਿਨਾ ਲੋਕਾਂ ਦੀ ਭਾਸ਼ਾ ਨੂੰ ਸਰਕਾਰੀ ਦਰਬਾਰੀ ਕੰਮਾਂ ਵਿਚ ਸਹੂਲਤ ਦੀ ਭਾਸ਼ਾ ਨਹੀਂ ਸਮਝਿਆ ਗਿਆ ਸਗੋਂ ਵਿਦਵਤਾ ਅਤੇ ਅੰਤਰ ਦੇਸੀ ਸੰਬੰਧਾਂ ਸੰਪਰਕਾਂ ਵਿਚ ਪ੍ਰਚੱਲਤ ਫਾਰਸੀ ਨੂੰ ਹੀ ਇਸ ਪੰਜਾਬੀ ਰਾਜ ਕਾਜ ਲਈ ਵਰਤਿਆ ਗਿਆ। ਸਗੋਂ ਰਾਜ ਗੱਦੀ ਤੋਂ ਪਹਿਲਾਂ ਰਣਜੀਤ ਸਿੰਘ ਦਾ ਲਾਹੌਰ ਦੇ ਕਿਲੇਦਾਰਾਂ ਨੂੰ ਫਾਰਸੀ ਭਾਸ਼ਾ ਵਿਚ ਲਲਕਾਰਣਾ ਪ੍ਰਸਿੱਧ ਹੈ।

ਧਰਮ ਅਤੇ ਭਾਸ਼ਾ ਦੇ ਵਿਰੋਧ-ਵਿਕਾਸ ਪੱਖ ਤੋਂ ਵੀ ਰਣਜੀਤ ਸਿੰਘ ਕਾਲ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਨੂੰ ਸਮਝਣਾ ਬਣਦਾ ਹੈ। ਮੂਲ ਧਾਰਮਿਕ ਕਿਤਾਬ ਉਸ ਭਾਸ਼ਾ ਵਿਚ ਪ੍ਰਗਟ ਹੁੰਦੀ ਹੈ ਜਿਸ ਭਾਸਾ ਵਿਚ ਰਸੂਲ ਜਾਂ ਗੁਰੂ ਦਾ ਆਪਣਾ ਜਨਮ ਹੁੰਦਾ ਹੈ ਜਾਂ ਮੂਲ ਸਿਧਾਤਾ-ਕਥਾਵਾਂ ਦਾ ਪ੍ਰਤੀਪਾਦਨ ਹੁੰਦਾ ਹੈ। ਧਰਮ ਦੇ ਦੇਸ ਬਦੇਸਾਂ ਵਿਚ ਫੈਲਾਉ ਦੇ ਨਾਲ ਇਹ ਭਾਸ਼ਾ ਵੀ ਬੁਨਿਆਦੀ ਕਿਤਾਬ ਦੇ ਨਾਲ ਨਾਲ ਨਿਰਜਾਤ ਹੁੰਦੀ ਹੈ। ਧਰਮ, ਸਦਾਚਾਰ ਵਾਂਗ ਭਾਸ਼ਾ ਨਾਲ ਸਿੱਧਾ ਸੰਬੰਧਤ ਨਾ ਹੋਣ ਤੇ ਵੀ ਇਕ ਪਾਸੇ ਭਾਸ਼ਾਈ ਨਿਪੁੰਨਤਾ ਤੇ ਫੈਲਾਉ ਲਿਆਉਂਦਾ ਹੈ ਉਥੇ ਧਰਮ ਦੇ ਅਨ-ਭਾਸ਼ਾਈ ਅਨੁਯਾਈਆਂ ਦੇ ਸਿਖਿਆ ਸੰਚਾਰ ਵਿਚ ਰੁਕਾਵਟ ਬਣਦਾ ਹੈ।

ਇੰਜ ਕਿਹਾ ਜਾ ਸਕਦਾ ਹੈ ਕਿ ਜਿਥੇ ਦਰਬਾਰੀ, ਅੰਤਰ ਰਾਜਕੀ ਕਾਰਜਾਂ ਵਿਚ ਫਾਰਸੀ ਛਾਈ ਰਹੀ ਉਥੇ ਪੰਜਾਬੀ ਸਭਿਆਚਾਰ ਦਾ ਵਿਕਾਸ ਇਸ ਸਮੇਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਤੇ ਵਿਕਾਸ ਨੂੰ ਅਨਗੌਲ ਕੇ ਹੋਇਆ।

ਕਸ਼ਮੀਰੀ ਸ਼ਾਲਾਂ ਅਤੇ ਕੁਦਰਤੀ ਸੁੰਦਰਤਾ ਦੇ ਅਹਿਸਾਸ ਦਾ ਆਵੇਸ਼

ਹੋਇਆ । ਸੁਗੰਧੀਆਂ, ਕੀਮਤੀ ਕਪੜਿਆਂ ਮਲਮਲ-ਅਤਲਸ ਦੀ ਉਪਜ ਤੇ ਵਰਤੋਂ ਵਿਚ ਵਾਧਾ ਹੋਇਆ । ਬਾਗਾਂ, ਫੁਲਕਾਰੀਆਂ ਰਾਹੀਂ ਕਸ਼ੀਦਾਕਾਰੀ(ਬਾਗ-ਫੁਲਕਾਰੀ) ਵਿਚ ਵਿਸ਼ੇਸ ਪੰਜਾਬੀ ਤ੍ਰੌਪੇ ਦਾ ਵਿਕਾਸ ਹੋਇਆ । ਚਿਤ੍ਰ ਕਲਾ ਦੀ ਕਾਂਗੜਾ ਕਲਮ (ਸਕੂਲ ਜਾਂ ਸ਼ੈਲੀ) ਰਾਹੀਂ ਮਹਾਰਾਜੇ, ਪ੍ਰਮੁਖ ਦਰਬਾਰੀਆਂ ਅਤੇ ਧਾਰਮਿਕ ਵਿਅਕਤੀਆਂ ਦੇ ਲਘੂ ਚਿਤ੍ਰ ਅਤੇ ਸੰਪੂਰਣ ਚਿਤਰ ਚਿਤਰੇ ਗਏ । ਉਚੀ ਟੋਪੀ ਵਾਲੇ ਚੋਰ ਝੁਲਾਉਂਦੇ ਬਾਲੇ ਅਤੇ ਮੁਗਲ ਅਮਾਮੇ ਵਰਗੀ ਪੱਗ ਵਾਲੇ ਸਾਰੰਗੀ ਵਜਾਉਂਦੇ ਮਰਦਾਨੇ ਦੇ ਵਿਚਕਾਰ.ਦਰਖਤ ਹੇਠ ਸੇਹਲੀ ਅਤੇ ਕਾਂਗੜੀ ਟੋਪੀ ਸਜ਼ਾ ਕੇ ਬੈਠੇ ਗੁਰੂ ਨਾਨਕ ਦੀ ਮੂਰਤ ਕਾਂਗੜਾ ਕਲਮ ਨੇ ਹੀ ਪ੍ਰਤੀਬਿੰਬਤ ਕੀਤੀ ਸੀ ।

ਬੰਦਾ ਬਹਾਦਰ ਸਮੇਂ ਰੁਹਤਾਸ ਤੇ ਗੁਰਦਾਸ ਨੰਗਲ ਦੀਆਂ ਕੱਚੀਆਂ ਪੱਕੀਆਂ ਗੜ੍ਹੀਆਂ ਸਮੇਂ ਜਿਸ ਪੰਜਾਬੀ ਇਮਾਰਤਸਾਜ਼ੀ ਦੀ ਨੀਂਹ ਪੈ ਗਈ ਸੀ, ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਅਟਾਰੀਆਂ, ਹਵੇਲੀਆਂ ਬਾਰਾਂਦਰੀ ਅਤੇ ਕੁਝ ਕੁ ਗੁਰਦੁਆਰਿਆਂ ਤੇ ਮੰਮਟ ਮਾੜੀਆਂ ਰਾਹੀਂ ਭਵਨ ਨਿਰਮਾਣ ਵਿਚ ਪੰਜਾਬੀ ਦਿੱਠ ਤੇ ਸੈਲੀ ਵਜੋਂ ਵਿਕਸਤ ਹੋ ਗਈ ਸੀ ।

ਅੱਜ ਦੀ ਇਤਹਾਸਕਾਰੀ ਤਾਂ ਹਰ ਰਾਜ ਕਾਲ ਦੇ ਬੌਧਿਕ ਪੱਧਰ ਉਪਰ ਕਲਮ ਚੁੱਕਣ ਲਗ ਪਈ ਹੈ ਪਰ ਬੌਧਿਕਤਾ ਅਤੇ ਰਾਜ ਸਥਾਪਤੀ ਦਾ ਵਰਨਣ ਇਤਹਾਸ ਵਿਚ ਨਾਲ ਨਾਲ ਆਉਂਦਾ ਹੈ । ਰਣਜੀਤ ਸਿੰਘ ਦੀ ਰਾਜ ਸਥਾਪਤੀ ਤੋਂ ਪਹਿਲਾਂ ਉਸ ਦੀ ਦਿਲਾਵਰੀ, ਮਨੁਖ ਦੀ ਪਛਾਣ, ਸਮੇਂ ਤੇ ਪ੍ਰਸਥਿਤੀਆਂ ਵਲ ਧਿਆਨ ਬਾਰੇ ਆਮ ਲਿਖਿਆ ਮਿਲਦਾ ਹੈ ਅਤੇ ਦਰਬਾਰ ਵਿਚ ਕਿਸੇ ਬਦੇਸੀ ਸੈਲਾਨੀ, ਰਾਜਦੂਤ ਜਾਂ ਕਿਸੇ ਦੇਸੀ ਸੰਤ ਪੀਰ ਫਕੀਰ ਨਾਲ ਗਲ ਬਾਤ ਘਟ ਹੀ ਸਾਹਮਣੇ ਆਉਂਦੀ ਹੈ । ਹਾਸ਼ਮ ਦੇ ਕੁਝ ਕਾਵਿ-ਬੰਦਾਂ ਨੂੰ ਕਈ ਵਾਰ ਸੁਣ ਕੇ ਮਸਤੀ ਵਿਚ ਆਉਣ ਦਾ ਵਰਨਣ ਵੀ ਆਉਂਦਾ ਹੈ । ਫਰਾਂਸੀਸੀ ਸੈਲਾਨੀ ਜੈਕਵੇਮੋਂ ਨੇ 1831 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਹਮਵਤਨੀ ਜਰਨੈਲ ਵੈਂਤੂਰਾ(Ventura) ਨੂੰ ਦੁਭਾਸ਼ੀਆ (ਅਤੇ ਸੂਚੇਤਕ ਵੀ) ਬਣਾ ਕੇ ਮੁਲਾਕਾਤ ਕੀਤੀ ਤਾਂ ਯੂਰਪੀ ਦੇਸਾ, ਉਥੋਂ ਦੀਆਂ ਸਰਕਾਰਾਂ, ਰਾਜਨੀਤੀਆਂ, ਯਾਤਰਾ ਦੇ ਹਾਲਾਤ ਬਾਰੇ ਆਪਣੀ ਜਾਣਕਾਰੀ ਦੇ ਪ੍ਰਸ਼ਨਾਂ ਉਪਰੰਤ ਇਕੋ ਪ੍ਰਸ਼ਨ ਪ੍ਰੀਖਿਆ ਵਜੋਂ ਜਾਂ ਸਵੈ ਪ੍ਰਦਰਸ਼ਨ ਵਜੋਂ ਜਾਂ ਸ਼ਾਇਦ ਗਲ ਬਾਤ ਦਾ ਰੁਖ ਮੋੜਨ ਲਈ ਰੱਬ ਬਾਰੇ ਕਰ ਦਿਤਾ, "ਕੀ ਰੱਬ ਹੈ ?"

ਵੈਨਤੂਰਾ ਦੇ ਇਸ਼ਾਰੇ ਉਪਰ ਜੈਕਵੇਮੋਂ ਨੇ ਉਤਰ ਦਿਤਾ "ਨਿਰਸੰਦੇਹ। ਰੱਬ ਤੋਂ ਬਿਨਾਂ ਨਰਕ-ਸਵਰਗ, ਧਰਤੀ ਨੂੰ ਅਤੇ ਸਾਨੂੰ ਹੋਰ ਕੌਣ ਬਣਾ ਸਕਦੈ ?"

ਅਤੇ ਮਹਾਰਾਜਾ ਨੇ ਮੋੜਵਾਂ ਪ੍ਰਸ਼ਨ ਕੀਤਾ, "ਪਰ ਰੱਬ ਨੂੰ ਕਿਸ ਨੇ ਬਣਾਇਆ ?" (**The Punjab A Hundeed Years Ago : Page 40-41, Published by Languages Deptt, Punjab in 1970**) । ਸਾਮੰਤੀ ਰਾਜ ਦਰਬਾਰਾਂ ਵਿਚ ਜਿਹੜੀਆਂ ਵਿਚਾਰ ਚਰਚਾਵਾਂ ਦਰਬਾਰ ਦੇ ਬੌਧਿਕ ਪੱਧਰ ਨੂੰ ਦਰਸਾਉਣ ਲਈ ਹੁੰਦੀਆਂ ਸਨ ਉਨ੍ਹਾਂ ਵਿਚੋਂ ਸ਼ਾਹਾਂ ਬਾਦਸ਼ਾਹਾਂ ਦੇ ਮੂੰਹ ਅਜਿਹੇ ਪ੍ਰਸ਼ਨ ਚੜ੍ਹ ਜਾਂਦੇ ਸਨ।

ਪੰਜਾਬ ਵਿਚ ਲੰਮੀ ਅਰਾਜਿਕਤਾ ਉਪਰੰਤ ਸੁਖ ਚੈਣ ਮਿਲਨ ਕਰਕੇ ਆਮ ਲੋਕ ਨੂੰ ਰਣਜੀਤ ਸਿੰਘ ਅਤੇ ਰਾਜ ਆਪਣਾ ਲਗਦਾ ਸੀ । ਵਿਆਹ ਸ਼ਾਦੀਆਂ ਦੀਆ ਰਸਮਾਂ ਰੀਤਾਂ ਹਿੰਦੂ, ਮੁਸਲਮਾਨ, ਸਿਖਾਂ ਵਿਚ ਸਾਂਝੀਆਂ ਸਨ। ਦਾਜ-ਦੇਣ ਅਲਾਉਣੀਆਂ, ਸਿਠਣੀਆਂ ਅਤੇ ਇਸਤਰੀ ਦੇ ਪਹਿਰਾਵਿਆਂ ਵਿਚ ਨੇੜਤਾ ਆਈ। ਝੱਗਾ, ਕੁੜਤਾ, ਘੁਟੰਨੀ (ਪਜਾਮਾ) ਮਰਦਾਂ ਦੇ ਲਿਬਾਸ ਅਤੇ ਪੱਗ ਬੰਨ੍ਹਣ ਵਿਚ ਸਮਾਨਤਾ ਵਧੀ। ਇਸ ਦਾ ਕਾਰਣ ਸ਼ਾਇਦ ਤਿੰਨਾਂ ਹੀ ਧਰਮਾਂ ਦੇ ਅਨੁਯਾਈਆਂ ਵਿਚ ਚਿਰਾਂ ਤੋਂ ਚਲੀ ਆ ਰਹੀ ਨਸਲੀ ਤੇ ਜਾਤ ਬਿਰਾਦਰੀ ਦੀ ਸਾਂਝ ਸੀ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੇ ਅਤੇ ਉਸ ਤੋਂ ਪਹਿਲਾਂ ਦੇ ਧਰਮ ਪ੍ਰੀਵਰਤਨਾਂ ਨਾਲ ਟੁੱਟੀ ਨਹੀਂ ਸੀ। ਅੱਜ ਵੀ ਕਈ ਪੇਂਡੂ ਤੇ ਕਿਸਾਣੀ ਜਾਤ-ਬਿਰਾਦਰੀਆਂ ਸਿਖਾਂ-ਮੁਸਲਮਾਨਾਂ ਵਿਚ ਸਾਂਝੀਆਂ ਹਨ ਅਤੇ ਕਈ ਜਾਤਾਂ-ਗੋਤਾਂ ਸ਼ਹਿਰੀ ਹਿੰਦੂਆਂ ਸਿਖਾਂ ਵਿਚ। ਕੁਝ ਪਿਤਰੀ-ਸਾਂਝ ਤਾਂ ਪੰਜਾਬੀ (ਭਾਰਤ-ਪਾਕੀ) ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਵਿਚ ਵੀ ਮਿਲਦੀ ਹੈ। ਜਾਪਦਾ ਹੈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਧਰਮ-ਪ੍ਰੀਵਰਤਣ ਤੇ ਸਾਂਝਾਂ ਕੁਝ ਹੋਰ ਵਧੀਆਂ ਸਨ।

ਇਸ ਸਮੇਂ ਦਾ ਮੁਖ ਹਾਂ-ਪੱਖ ਹੈ ਵਿਸ਼ਾਲਤਰ ਪੰਜਾਬ ਦੇ ਲੋਕਾਂ ਵਿਚ ਪੰਜਾਬੀਅਤ ਦਾ ਅਹਿਸਾਸ ਜੋ ਇਕ ਸੁਜੁੜਤ ਸਭਿਆਚਾਰ(**Composit Culture**) ਦੀ ਨੀਂਹ ਬਣਦਾ ਹੈ।

# 10. ਸਾਮਰਾਜੀ ਲਖ ਲੁੱਟ : ਨਾਮਧਾਰੀ ਲਹਿਰ

ਸੰਨ 1847 ਵਿਚ ਬਰਤਾਨਵੀ ਸਾਮਰਾਜ ਨੇ ਪੰਜਾਬ ਨੂੰ ਆਪਣੀ ਭਾਰਤੀ ਬਸਤੀ ਦਾ ਹਿੱਸਾ ਬਣਾ ਲਿਆ ਸੀ । ਉਪਰੰਤ; ਬਰਤਾਨਵੀ ਸਾਮਰਾਜ ਨੇ ਲਾਰਡ ਹਾਰਡਿੰਗ ਤੋਂ ਲੈ ਕੇ ਲਾਰਡ ਮਾਊਂਟਬੈਟਨ ਤਕ ਪੂਰੀ ਇਕ ਸਦੀ— ਭਾਰਤ ਸਮੇਤ ਪੰਜਾਬ ਨੂੰ ਰੱਜ ਕੇ ਲੁੱਟਿਆ ਤੇ ਲੁੱਟ-ਖਸੁੱਟ ਨੂੰ ਕਾਇਮ ਰਖਣ ਲਈ ਜੋ ਲੋਕ ਵਿਰੋਧੀ ਕਰਤੂਤ ਹੋ ਸਕਦੀ ਸੀ, ਕੀਤੀ । ਪਰ ਇਹ ਪੂਰੀ ਇਕ ਸਦੀ ਸਾਡੇ ਇਤਹਾਸ ਵਿਚ ਅਜਿਹਾ ਖੱਪਾ ਹੈ ਜਿਸ ਨੂੰ ਬਰਤਾਨਵੀ ਹਾਕਮਾਂ ਨੇ ਤਾਂ ਰਹਿਣ ਹੀ ਦੇਣਾ ਸੀ,ਕੌਮ-ਪ੍ਰਸਤ ਤੋਂ ਲੈ ਕੇ ਉਸ ਸਿਖ ਇਤਹਾਸਕਾਰੀ ਨੇ ਵੀ ਇਸ ਵਲ ਕਦੇ ਅੱਖ ਪੁੱਟ ਕੇ ਜਾਂ ਉਂਗਲ ਕਰਕੇ ਨਹੀਂ ਵੇਖਿਆ ਜਿਹੜੀ ਸਿਖਾਂ ਦੇ ਜੁਝਾਰ ਤੋਂ ਵਧ ਮਹਾਰਾਜਗੀ-ਕਾਲ ਦੇ ਗੁਣ ਗਾਉਂਦੀ ਨਹੀਂ ਥੱਕਦੀ ।

ਇਹ ਸਾਡੀ ਇਤਹਾਸਕਾਰੀ ਦਾ ਕੋਤਾਹ-ਅੰਦੇਸ਼ੀ ਨਾਲੋਂ ਵਧ ਸ੍ਰੇਣੀ ਹਿਤਾਂ ਨਾਲ ਬੱਝਾ ਦੁਖਾਂਤ ਹੈ ।

ਮੁਲਤਾਨ ਅਤੇ ਹਜ਼ਾਰੇ (ਚੇਲਿਆਂ ਵਾਲੇ) ਦੀਆਂ ਬਗਾਵਤਾਂ ਨੂੰ ਦਬਾਉਣ ਮਗਰੋਂ ਰਿਆਇਆ ਤੋਂ ਨਿਖੜਦੀਆ ਅਤੇ ਅੰਦਰਲੇ ਕਲਹ-ਕਲੇਸ਼ ਵਿਚ ਫਸੀਆਂ ਫੂਲਕੀਆ ਰਿਆਸਤਾਂ ਉਪਰ ਰੈਜ਼ੀਡੈਂਸੀ ਅਤੇ ਅੰਬਾਲੇ ਦੀ ਕਮਿਸ਼ਨਰੀ ਦਾ ਦਬਾਅ ਅਤੇ ਪ੍ਰਭਾਵ ਵਧ ਗਿਆ । ਇਕ ਪਾਸੇ ਇਹ ਰਿਆਸਤਾਂ ਹੇਠਲੇ ਪੱਧਰ ਦੀਆਂ ਜ਼ੁਲਮ ਤੇ ਅੱਯਾਸ਼ੀ ਦੇ ਟਿਕਾਣੇ ਬਣੀਆਂ ਤੇ ਸਿਖ ਰਿਆਸਤਾਂ ਅਖਵਾਉਂਦੀਆਂ ਰਹੀਆਂ

ਦੂਜੇ ਪਾਸੇ ਜਿੱਤੇ ਹੋਏ ਪੰਜਾਬ ਦੇ ਟਾਕਰੇ ਤੇ ਆਰਥਕ-ਜ਼ਮੀਨੀ ਪੱਖ ਤੋਂ ਅਵਿਕਸਤ ਰਹਿੰਦੀਆਂ ਗਈਆਂ ।

ਪਰ ਪੰਜਾਬ ਨੂੰ ਕਬਜ਼ੇ ਵਿਚ ਲੈਂਦਿਆਂ ਹੀ ਪੰਜਾਬ ਦੀ ਬਰਤਾਨਵੀ ਅਫਸਰ-ਸ਼ਾਹੀ ਨੇ ਜ਼ਮੀਨੀ ਬੰਦੋਬਸਤ ਲਾਗੂ ਕਰ ਦਿਤੇ ਅਤੇ ਪਛਮੋਤਰੀ ਸਰਹੱਦ ਤੋਂ ਲੈ ਕੇ ਚਿਤਰਾਲ ਤਕ ਦੀਆਂ ਮੁਹਿੰਮਾਂ ਚਾਲੂ ਕਰਕੇ ਈਰਾਨ ਵਲ ਵਧਦੀ ਰੂਸੀ ਸ਼ਕਤੀ ਦੀਆਂ ਪੇਸ਼ਬੰਦੀਆਂ ਸ਼ੁਰੂ ਕੀਤੀਆਂ ।

ਪੰਜਾਬ ਦੇ ਫਾਈਨੈਂਸ਼ਲ ਕਮਿਸ਼ਨਰ ਥੋਰਬਰਨ ਦੇ ਰੀਕਾਰਡ ਅਨੁਸਾਰ ਸੰਨ 1860 ਤੋਂ ਲੈ ਕੇ 1901 ਤਕ ਪੰਜਾਬ ਵਿਚ ਅਕਾਲ ਪਿਆ ਜਿਸ ਦੇ ਸਮੇਂ ਨੂੰ ਜੋੜਿਆਂ 7 ਵਰ੍ਹੇ ਅਕਾਲ ਪਿਆ ਰਿਹਾ । ਇਸ ਸਮੇਂ ਪੰਜਾਬ ਵਿਚ ਜ਼ਮੀਨੀ ਪ੍ਰਬੰਧ ਬਾਰੇ 200 ਕਾਇਦੇ-ਕਾਨੂੰਨ ਪਾਸ ਕੀਤੇ ਗਏ ਜਿਨ੍ਹਾਂ ਦਾ ਅਨੁਵਾਦ ਉਸ ਸਮੇਂ ਬਰਤਾਨਵੀ ਭਾਰਤ ਦੇ ਸਰਕਾਰੀ ਕੰਮਾਂ ਵਿਚ ਪਰਚੱਲਤ ਅੱਠ ਭਾਸ਼ਾਵਾਂ ਵਿਚੋਂ ਕਿਸੇ ਇਕ ਵਿਚ ਉਪਲਭਦ ਨਹੀਂ ਸੀ । ਇੰਜ ਕੰਮ ਚਲਾਊ ਫਾਰਸੀ ਤੋਂ ਉਰਦੂ ਵਲ ਵਧਦੀ ਆ ਰਹੀ ਦੁਭਾਸ਼ੀਆ-ਨੌਕਰਸ਼ਾਹੀ ਦੀ ਸਮੇਂ ਸਮੇਂ ਸਹਾਇਤਾ ਨਾਲ ਅੰਗਰੇਜ਼ ਅਫਸਰਸ਼ਾਹੀ ਕਾਨੂੰਨਾਂ ਦੀ ਮਨ ਆਈ ਵਿਆਖਿਆ ਕਰਦੀ ਸੀ ।

ਇਨ੍ਹਾਂ ਕਾਨੂੰਨਾਂ ਵਿਚ **Specific Relief Act 1877 Easement Act 1882** ਜਹੇ ਕਾਨੂੰਨ ਸਨ ਜਿਨ੍ਹਾ ਨੇ ਜ਼ਮੀਨੀ ਪ੍ਰਬੰਧ ਵਿਚ ਹੀ ਨੀਹਾਂ ਪੁੱਟ ਤਬਦੀਲੀਆਂ ਨਹੀਂ ਕੀਤੀਆਂ ਸਗੋਂ ਪੇਂਡੂ ਜੀਵਣ ਵਿਚ ਹਿੰਦੂ-ਸਿਖ ਮੁਸਲਿਮ ਕਿਸਾਨ ਬਿਰਾਦਰੀਆਂ ਦੀ ਚੱਕ-ਉਥਲ ਕੀਤੀ, ਪੰਚਾਇਤੀ ਪ੍ਰਬੰਧ ਨੂੰ ਖਤਮ ਜਾਂ ਭ੍ਰਸ਼ਟ ਕਰ ਸੁੱਟਿਆ । **The Punjab Land Alienation Act** ਪਾਸ ਕਰਕੇ ਖੇਤੀ-ਵਾਹੀ ਲਈ 1886 ਦੀ ਮੁਹਿੰਮ ਨਾਲ ਵਿਆਜਡੀਏ ਸ਼ਾਹਾਂ ਨੂੰ ਤਾਂ ਅੰਨ੍ਹੇ ਵਿਆਜ ਉਪਰ ਕਰਜ਼ੇ ਦੇਣੋਂ ਪਾਬੰਦ ਕਰ ਦਿਤਾ ਪਰ ਕਿਸਾਨੀ ਨੂੰ ਕਰਜ਼ੇ ਦੇਣ ਦਾ ਕੋਈ ਬਦਲ ਨਹੀਂ ਰਖਿਆ । ਇਨ੍ਹਾਂ ਕਾਨੂੰਨਾਂ ਨੇ ਜ਼ਮੀਨੀ ਮਾਮਲਿਆਂ, ਆਬਕਾਰੀ ਕਰਾਏਦਾਰੀ, ਬਟਾਈ, ਜੰਗਲਾਤ ਅਤੇ ਦਿਹਾਤੀ ਪ੍ਰਬੰਧ ਤੇ ਅਫਸਰਸ਼ਾਹੀ ਨਾਲ ਸੰਬੰਧਿਤ ਸਭ ਪੱਖਾਂ ਉਪਰ ਵਸੀਕਾਰ ਕਰ ਲਿਆ ।

ਨਵੀਂ ਅਫਸਰ ਸਾਹੀ ਨੇ ਜ਼ਿਲੇ ਦੇ ਪੱਧਰ ਤੋਂ ਰਾਜ ਪ੍ਰਸ਼ਾਸਨ ਨੂੰ ਐਸੇ ਢੰਗ ਨਾਲ ਚਲਾਉਣਾ ਆਰੰਭ ਕੀਤਾ ਜੋ ਨਾ ਕਦੇ ਭਾਰਤ ਵਿਚ ਪ੍ਰਚੱਲਤ ਸੀ ਅਤੇ ਨਾ

ਉਸ ਸਮੇਂ ਇੰਗਲੈਂਡ ਵਿਚ। ਜ਼ਿਲੇ ਦਾ ਵੱਡਾ ਅਫਸਰ ਇਕੋ ਸਮੇਂ ਕੁਲੈਕਟਰ (ਮਾਲੀਆ ਇਕੱਤਰ ਕਰਨ ਵਾਲਾ) ਸੀ, ਡਿਪਟੀ ਕਮਿਸ਼ਨਰ ਵੀ ਅਤੇ ਡਿਸਟਰਿਕਟ ਮੈਜਿਸਟਰੇਟ ਵੀ। ਇੰਜ ਦੀਵਾਨੀ ਤੇ ਫੌਜਦਾਰੀ ਦੇ ਦੋਹਾਂ ਅਗਾਂ - ਨਿਆ ਪਾਲਿਕਾ ਤੇ ਕਾਰਜ ਸਾਧਕ —ਬਾਰੇ ਉਹ ਅੰਤਮ ਅਥਾਰਟੀ ਸੀ।

ਪੰਜਾਬ ਨੂੰ ਆਪਣੀ ਅੰਨ੍ਹੀ ਲਖ ਲੁੱਟ ਦੀ ਸਭ ਤੋਂ ਚੰਗੀ 'ਆਰਥਕ ਇਕਾਈ' ਬਨਾਉਣ ਲਈ ਲਾਹੌਰ ਦਰਬਾਰ ਦੀ ਬਚੀ ਖੁੱਚੀ ਟੋਡੀ ਸਰਦਾਰ ਸ੍ਰੇਣੀ ਨੂੰ ਤਾਂ ਜਾਗੀਰਾਂ, ਸੱਨਦਾਂ ਆਦਿ ਦੇ ਕੇ ਪਤਵੰਤੇ ਸਥਾਨ ਤੇ ਬਿਠਾ ਹੀ ਦਿਤਾ, ਨਾਲ ਹੀ ਨੌਕਰੀਆਂ, ਨਹਿਰਾ ਤੇ ਸਰਕਾਰੀ ਇਮਾਰਤਾ ਦੇ ਠੇਕੇ ਦੇ ਕੇ ਅਤੇ ਸਰਕਾਰੀ ਦਫਤਰਾਂ ਘਰਾਂ ਤੇ ਛਾਉਣੀਆਂ ਵਿਚ ਲੁੜੀਂਦੀਆ ਵਸਤਾਂ ਸਪਲਾਈ ਕਰਨ ਦੇ ਠੇਕੇ ਦੇ ਕੇ ਤਿੰਨ ਚਾਰ ਪ੍ਰਕਾਰ ਦੀਆ ਉਪ-ਸ੍ਰੇਣੀਆ ਪੈਦਾ ਕੀਤੀਆਂ ਜਿਨ੍ਹਾ ਵਿਚੋਂ ਖਾਨ, ਰਾਏ ਤੇ ਸਰਦਾਰ ਬਹਾਦਰ ਪੈਦਾ ਹੋਣੇ ਸਨ -ਪਹਿਲਾਂ ਮਨੋਨੀਤ ਹੋ ਕੇ, ਫੇਰ ਚੁਣੇ ਜਾ ਕੇ ਕਾਊਸਲਾ, ਅਸੈਂਬਲੀਆ ਵਿਚ ਆਉਣਾ ਸੀ।

ਪਛਮੋਤਰੀ ਸਰਹੱਦੀ ਤੇ ਪਾਰ-ਸਰਹੱਦੀ ਇਲਾਕਿਆ ਨੂੰ ਮੁਖ ਰਖ ਕੇ 1840-48 ਦੇ ਸਮੇਂ ਤੋਂ ਮਾਲੀਆ ਉਗ੍ਰਾਹੁਣ ਵਿਚ ਨਰਮੀ ਦਿਖਾ ਕੇ ਜਿਥੇ ਸਿਖ ਦਰਬਾਰ ਦੀਆਂ ਯਾਦ੍ਹਾਂ ਨੂੰ ਤਲਖ ਬਣਾ ਕੇ ਦੋ ਕਮਿਸਨਰੀਆਂ -ਪੇਸ਼ਾਵਰ ਤੇ ਡੇਰਾਜਾਤ— ਵਿਚ ਵੰਡ ਤੇ ਸੁਧਾਰ ਕੇ ਸਿਖ ਬਨਾਮ ਮੁਸਲਿਮ (ਅਫਰੀਦੀ) ਤਅਸਬ ਦੀ ਨੀਂਹ ਰੱਖੀ ਗਈ; ਉਥੇ 1895 ਤਕ ਚਿਤਰਾਲ ਤੇ ਗਿਲਗਿਤ ਦੀਆ ਮੁਹਿੰਮਾਂ ਨਾਲ ਪੰਜਾਬ ਅਤੇ ਪਛਮੋਤਰੀ ਸਰਹੱਦ ਦੇ ਪ੍ਰਬੰਧ ਤੇ ਰਾਜਨੀਤੀ ਨੂੰ ਮੂਲੋਂ ਹੀ ਵਖ ਕਰ ਦਿਤਾ।

ਪੱਛਮੀ ਪੰਜਾਬ ਵਿਚ ਚੇਲਿਆਂ ਵਾਲੇ ਕੋਲੋਂ ਜਿਹਲਮ ਦਰਿਆ ਵਿਚੋਂ ਨਹਿਰ ਕਢ ਕੇ ਛੇ ਵਰ੍ਹਿਆ ਵਿਚ, ਵਗਾਰ ਅਤੇ ਢਿਡੋਂ-ਭੁੱਖੀ ਸਸਤੀ ਮਜਦੂਰੀ ਦੇ ਸਿਰ ਤੇ ਮੁਕੰਮਲ ਕੀਤੀ ਅਤੇ ਇੰਜ ਹੀ ਪੂਰਬੀ ਪੰਜਾਬ ਵਿਚ ਕਾਲ-ਮਾਰੇ ਬੀਕਾਨੇਰੀ ਮਜ਼ਦੂਰਾਂ ਤੇ ਸਥਾਨਕ ਜੁਰਾਇਮ-ਪੇਸਾ-ਦਰਜ ਲੋਕਾ ਨੂੰ ਜੋਅ ਕੇ ਨਹਿਰਾਂ ਤੇ ਗਹਿਰੇ ਖੂਹ ਖੋਦ ਕੇ ਕੀਤਾ ਗਿਆ। ਬਾਰਾਂ ਤੇ ਰੱਕੜਾਂ ਤਕ ਨਹਿਰਾਂ ਪੁਚਾ ਕੇ ਵਸਾਇਆ ਗਿਆ। ਨਹਿਰਾਂ ਦੇ ਰਾਹ ਵਿਚ ਪੈਂਦੇ ਇਲਾਕਿਆਂ ਦੇ ਕਿਸਾਨ, ਨਵ-ਵੱਸੇ ਇਲਾਕਿਆਂ ਵਿਚ ਕਾਮੇ ਤੇ ਬਰਵਾਲੇ ਬਣ ਕੇ ਆ ਵੱਸਣ ਤੇ ਮਜਬੂਰ ਹੋਏ। ਇੰਜ ਸਿਖ ਵੱਸੋਂ ਵਿਚ

ਮੁਸਲਿਮ ਆਲੇ-ਦੁਆਲੇ ਵਿਚ ਸਿਖ ਧਨੀ ਕਿਸਾਣੀ ਨੂੰ ਵਸਾ ਕੇ ਨਫਰਤ ਤੇ ਫੁੱਟ ਦੇ ਬੀ ਬੀਜੇ ਗਏ। ਪੂਰਬੀ ਪੰਜਾਬ ਵਿਚ ਜਿਥੇ ਪਠਾਨਕੋਟ ਨੇੜੇ ਰਾਵੀ ਵਿਚੋਂ ਬਾਰੀ ਦੁਆਬ ਨਹਿਰ ਚਾਲੂ ਕਰਕੇ ਮਾਧੋਪੁਰ ਹੈਡ ਵਰਕਸ ਬਣਾਇਆ ਗਿਆ ਉਥੇ ਮਹਾ-ਰਾਜਾ ਰਣਜੀਤ ਸਿੰਘ ਦੇ ਹੁਕਮ ਤੇ ਖਰਚੇ ਨਾਲ ਅੰਮ੍ਰਿਤਸਰ ਸਰੋਵਰਾਂ ਵਿਚ ਪੈਂਦੀ ਹੰਸਲੀ ਨਦੀ ਵਿਚੋਂ 'ਸੂਆ' ਕਢ ਕੇ ਮਾਝੇ ਦੇ ਖੇਤਾ ਨੂੰ ਵੀ ਪਾਣੀ ਦਿਤਾ ਗਿਆ। ਕਿਉਂਕਿ ਬਰਤਾਨਵੀ ਸਾਮਰਾਜ ਦੀ ਚਾਟੜੀ ਅਫਸਰਸ਼ਾਹੀ ਨੂੰ ਪਤਾ ਸੀ ਕਿ (ਹਾਰ ਕੇ) ਖਾਲਸਾ ਫੌਜ ਤੋਂ ਮੁੜੀ ਕਿਸਾਣੀ ਨੂੰ ਆਪਣੀ ਕਿਰਪਾਨ ਤੇ ਬੰਦੂਕ ਛੱਡਾ ਕੇ (ਆਰਥਕ) ਭਾਂਗਾ ਪੂਰਾ ਕਰਨ ਦੀ ਲੋੜ ਹੈ ("Profits from plough and hoe would reconcile the disbanded Khalsa to the loss of sword and Musket" : S. S. Thorburn)

ਇਨ੍ਹਾਂ ਨਹਿਰਾਂ ਦੀ ਬਣਤਰ ਅਤੇ ਸਯੋਗਤਾ ਨੂੰ ਮੁਖ ਰਖ ਕੇ ਹੀ ਥੋਰਬਰਨ ਜਹੇ ਵਿਤ ਮਾਹਰ (Financial eypert) ਨੇ ਅੰਗਰੇਜ਼ੀ ਕਬਜ਼ੇ ਉਪਰੰਤ ਦੀਆਂ ਪੰਜਾਬੀ ਨਹਿਰਾਂ ਨੂੰ ਦਰਿਆ ਨੀਲ ਦੇ ਅਸਵਨ ਬੰਧ ਅਤੇ ਨਹਿਰੀ-ਪ੍ਰਬੰਧ ਨਾਲੋਂ ਵੱਡਾ ਸਥਾਨ ਦਿੰਦਿਆਂ ਲਿਖਿਆ ਕਿ, "ਅਜ ਤਕ ਪੰਜਾਬ ਦੀਆਂ ਕੁੱਲ ਨਹਿਰਾਂ ਉਪਰ ਲਾਇਆ 70 ਲਖ ਪੌਂਡ ਜੋ ਹੁਣ 11 ਪ੍ਰਤੀ ਸੈਂਕੜਾ ਆਮਦਨੀ ਦੇ ਰਿਹਾ ਹੈ, ਇਕ ਦਹਾਕੇ ਮਗਰੋਂ 18 ਪ੍ਰਤੀ ਸੈਂਕੜਾ ਆਮਦਨੀ ਦੇਵੇਗਾ।" (The Punjab in Peace and War : S. S. Thorburn page,275)।

ਪਰ ਅਖੀਰ ਵਿਚ ਪੰਜਾਬ ਦੀ ਸਮਕਾਲੀ ਹਾਲਤ ਵੇਖ ਕੇ ਇਹੋ ਥੋਰਬਰਨ ਕਹਿੰਦਾ ਹੈ ; "ਸਾਡੇ ਵਿਗਿਆਨ, ਏਸ਼ੀਆਈ ਲੋਕਾਂ ਉਪਰ ਹਕੂਮਤ ਕਰਨ ਦੇ ਸਾਡੇ ਤਜਰਬੇ ਅਤੇ ਸਾਡੇ ਐਂਗਲੋ-ਇੰਡੀਅਨ ਅਫਸਰਾਂ ਵਲੋਂ ਨਿਰ ਸਵਾਰਥ ਫਰਜ਼ ਨਿਭਾਉਣ ਦੇ ਬਾਵਜੂਦ ਅਸੀਂ ਹਾਕਮਾਂ ਦੇ ਪ੍ਰਾਥਮਿਕ ਕਰਤਵ ਨਿਭਾਉਣ ਤੋਂ ਅਤੇ ਬਹੁ-ਗਿਣਤੀ ਲੋਕਾਂ ਦਾ ਵਧ ਤੋਂ ਵਧ ਭਲਾ ਕਰਨ ਤੋਂ ਅਸਮਰਥ ਰਹੇ ਹਾਂ।" (ਉਹੀ, ਪੰਨੇ 261-62)।

ਸਾਮਰਾਜੀ ਲੁੱਟ ਘਸੁੱਟ ਦਾ ਜਾਦੂ ਥੋਰਬਰਨ ਦੇ ਸਿਰੇ ਨੂੰ ਚੜ੍ਹ ਕੇ ਬੋਲਦਾ ਹੈ ਕਿ ਸੰਨ 1900 ਈ: ਤਕ ਭਾਰਤ ਦੀ ਸਭ ਤੋਂ ਅਮੀਰ ਪੰਜਾਬੀ ਕਿਸਾਣੀ, ਸਭ ਤੋਂ ਗਰੀਬ ਬਣਾ ਦਿਤੀ ਗਈ ਸੀ।

**ਕੌਮੀ ਉਭਾਰ ਦੀ ਰੂਪ ਰੇਖਾ : ਨਾਮਧਾਰੀ ਲਹਿਰ** :—ਜਿਸ ਸਮੇਂ ਬਰਤਾਨਵੀ ਸਾਮਰਾਜ ਪੰਜਾਬ ਦੇ ਆਰਥਕ ਤੇ ਜ਼ਮੀਨੀ ਪ੍ਰਬੰਧ ਤੋਂ ਲੈ ਕੇ ਇਸ ਦੀ ਵੱਸੋਂ, ਭਾਈ ਚਾਰੇ ਅਤੇ ਸਭਿਆਚਾਰ ਵਿਚ ਪੁੱਟ-ਉਖੇੜ ਕਰ ਰਿਹਾ ਸੀ ਅਤੇ ਇਸ ਦੇ ਵਿਰੁਧ 1857 ਵਿਚ ਕੇਂਦਰੀ ਭਾਰਤ ਦੇ ਲੋਕ, ਢੇਰੀ ਢਾਹ ਕੇ ਬੈਠੇ ਬਾਦਸ਼ਾਹਾਂ ਤੇ ਰਾਜਿਆਂ-ਰਾਣਿਆਂ ਦੇ ਨਾਂ ਹੇਠ ਸੁਤੰਤਰਤਾ ਸੰਗ੍ਰਾਮ ਵਿਚ ਕੁੱਦ ਪਏ ਸਨ ਠੀਕ ਉਸੇ ਸਮੇਂ ਦੇ ਨਵੇਂ ਗੋਰੇ ਹਾਕਮ ਅਤੇ ਨਵੇਂ ਹਾਲਾਤ ਅਨੁਸਾਰ ਬਾ: ਰਾਮ ਸਿੰਘ ਐਸੇ ਸੁਤੰਤਰਤਾ ਸੰਗਰਾਮ ਦੀ ਰੂਪ ਰੇਖਾ ਉਲੀਕ ਰਿਹਾ ਸੀ ਜਿਸ ਉਪਰ ਦੇਸ ਵਿਆਪੀ ਕੌਮ-ਪ੍ਰਸਤੀ ਦੀ ਲਹਿਰ ਅਤੇ ਗੁਰਮਤ-ਸੰਗ-ਆਕਾਲੀ ਲਹਿਰਾਂ ਨੇ ਚਲਣਾ ਸੀ ।

ਇਸ ਲਹਿਰ ਦੇ ਭਜਨੀਕ ਤੇ ਨਾਮ ਜਪਣ ਵਾਲੇ ਰੂਪ ਮਾਤਰ ਨੂੰ ਦੇਖ ਕੇ, ਢੇਰ ਚਿਰ ਨਾਮਧਾਰੀ ਦੀ ਥਾਂ ਕੂਕਾ ਲਹਿਰ ਕਹਿੰਦੇ ਜਾਣਾ ਸਿਖ ਸਮਾਜ ਦੀ ਮੁਖ ਧਾਰਾ ਤੇ ਛਾਈ ਉਸ ਉਚ ਸ਼੍ਰੇਣੀ ਬਿਰਤੀ ਦੀ ਸੂਚਕ ਹੈ ਜੋ ਨਾਮਧਾਰੀਆਂ ਨੂੰ ਕੂਕੇ, ਗਦਰੀ ਸੂਰਬੀਰਾਂ ਨੂੰ ਪਤਿਤ, ਭਗਤ ਸਿੰਘ ਜਹੇ ਇਨਕਲਾਬੀਆਂ ਨੂੰ ਕੁਰਹਿਤੀਏ, ਖੱਬੇ ਪੱਖੀ ਦਲਾਂ ਨੂੰ ਨਾਸਤਕ ਕਹਿੰਦੀ-ਸਮਝਦੀ ਰਹੀ ਹੈ, ਜੋ ਬਬਰ-ਅਕਾਲੀਆਂ, ਸਿੰਘ-ਸਭੀਆਂ ਤੇ ਅਕਾਲੀਆਂ ਨੂੰ ਵੀ ਕਿਸੇ ਅੱਲ ਜਾ ਫਬਤੀ ਨਾਲ ਸੰਬੋਧਤ ਕਰਦੀ ਰਹੀ ਹੈ ।

ਸੰਖੇਪ ਵਿਚ ਬਾਬਾ ਰਾਮ ਸਿੰਘ ਦਾ ਜੀਵਣ ਅਤੇ ਨਾਮਧਾਰੀ ਇਤਹਾਸ ਇਹ ਹੈ ਕਿ ਜ਼ਿਲਾ ਲੁਧਿਆਣੇ ਦੇ ਭੈਣੀ ਨਾਮੀ ਪਿੰਡ ਦਾ ਭਜਨੀਕ ਬਿਰਤੀ ਵਾਲਾ ਮਹਾਂ ਪੁਰਖ, ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਤੋਪ-ਖਾਨੇ ਵਿਚ ਕੁਝ ਚਿਰ ਰਿਹਾ ਪਰ ਰਾਜ-ਕਾਜ ਦੇ ਖਲਜਗਨ ਕਾਰਣ ਮਨ ਨਾ ਲੱਗਾ ਅਤੇ ਸਿਖਾਂ ਦੀ ਪਹਿਲੀ ਲੜਾਈ ਸਮੇਂ ਦਰਿਆ ਪਾਰ ਕਰਨ ਲਗਿਆਂ ਫੌਜ ਛਡ ਕੇ ਘਰ ਵਾਪਸ ਪਰਤਣ ਦਾ ਸਬਬ ਬਣ ਗਿਆ । ਕੁਝ ਚਿਰ ਵਿਚਾਰ-ਵਿਰਕਤ ਹੋਕੇ ਬਿਤਾਉਣ ਮਗਰੋਂ ਨਾਮ ਜਪਣ ਦੇ ਨਾਲ ਨਾਲ ਸ਼ੁਧ-ਰਹਿਣੀ ਬਹਿਣੀ ਤੇ ਸਹਿਨ-ਸੀਲ ਸਿਖੀ ਜਿਉਂਦਿਆਂ ਤੇ ਪਰਚਾਰਦਿਆਂ 1956 ਵਿਚ ਆਦਿ-ਅੰਮ੍ਰਿਤ ਪਰਚਾਰ ਦੀ ਰੀਤ (ਜਿਸ ਅਨੁਸਾਰ ਕਿਸੇ ਥਾਂ ਪੰਜ ਸੱਚੇ-ਸੁੱਚੇ ਸਿਖ ਅੰਮ੍ਰਿਤ ਤਿਆਰ ਕਰਕੇ ਛਕ-ਛਕਾ ਸਕਦੇ ਹਨ) ਅਨੁਸਾਰ; ਆਪਣੇ ਪਿੰਡ ਤੋਂ ਅੰਮ੍ਰਿਤ ਪਰਚਾਰ ਆਰੰਭ ਕੀਤਾ । ਕਿਉਂਕਿ ਮਹਾਰਾਜਾ

ਰਣਜੀਤ ਸਿੰਘ ਅਤੇ ਉਪਰੰਤ ਸਮੇਂ ਸੰਤੀਆਂ-ਸੇਵਕੀਆਂ ਵਿਚ ਚਰਣ-ਪਾਹੁਲ ਦੀ ਕੁਰੀਤ ਚਲ ਪਈ ਸੀ ਜਾਂ ਫੇਰ ਮੁਖ ਧਰਮ ਸਥਾਨਾਂ ਤੇ ਜਾ ਕੇ ਤਤਪਰ ਸਿਖ ਅੰਮ੍ਰਿਤ ਛਕਦੇ ਸਨ। ਸ਼ਾਦੀ-ਗਮੀ, ਰਿਸ਼ਤੇ ਨਾਤੇ ਤੇ ਹੋਰ ਕੰਮਾਂ ਵਿਚ ਸਾਦਗੀ ਤੇ ਗੁਰ ਮਰਯਾਦਾ ਨੂੰ ਪ੍ਰਚਲਤ ਕਰਨ ਤੇ ਬ੍ਰਾਹਮਣ-ਪੁਜਾਰੀ ਅਤੇ ਸੇਵਕੀਆਂ ਡੋਰਨ ਵਾਲੇ ਬੇਦੀ ਬਾਵੇ, ਸੰਤ ਵਿਰੋਧੀ ਹੋ ਗਏ। ਅੰਗਰੇਜ਼ ਅਫਸਰ ਸ਼ਾਹੀ ਨੇ ਕੁਝ ਆਪ ਗਊ-ਮਾਸ ਦੇ ਸ਼ੌਕੀਨ ਹੋਣ ਕਾਰਣ, ਕੁਝ ਮੁਸਲਿਮ ਹਿੰਦੂ ਪਾਟੋ-ਧਾੜ ਵਧਾਉਣ ਲਈ ਪਹਿਲਾਂ ਅੰਮ੍ਰਿਤਸਰ ਅਤੇ ਫੇਰ ਇਸ ਵਿਰੁਧ ਇਕ ਮੁਕੱਦਮੇ ਨੂੰ ਰੱਦ ਕਰਨ ਉਪਰੰਤ ਆਮ ਤੌਰ ਤੇ ਗਊ-ਬੱਧ ਦੀ ਖੁਲ੍ਹ ਦੇ ਦਿਤੀ। ਸਿੱਟੇ ਵਜੋਂ ਅੰਮ੍ਰਿਤਸਰ, ਰਾਇਕੋਟ ਆਦਿਕ ਸਥਾਨਾ ਤੇ ਨਾਮਧਾਰੀ ਸਿਖਾ ਨੇ ਕ੍ਰਮਵਾਰ ਤਿੰਨ ਅਤੇ ਦੋ ਬੁੱਚੜ ਮਾਰ ਦਿਤੇ ਅਤੇ ਕੁਝ ਹੋਰ ਜ਼ਖਮੀ ਹੋ ਗਏ। ਅੰਮ੍ਰਿਤਸਰ ਵਿਚ ਨਕਲੀ ਮੁਲਜ਼ਮ ਤੇ ਝੂਠੇ ਗਵਾਹ ਖੜੇ ਕਰਕੇ ਅੰਗਰੇਜ਼ ਗੁਪਤ-ਪੁਲਿਸ ਨੇ ਆਪਣੀ ਅਯੋਗਤਾ ਦਾ ਸਬੂਤ ਦਿਤਾ ਤਾਂ ਕਾਰਾ ਕਰਨ ਵਾਲੇ ਨਾਮਧਾਰੀਆਂ ਨੇ ਬੇ-ਗੁਨਾਹਾ ਨੂੰ ਬਚਾਉਣ ਲਈ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦਿਤਾ। ਪਹਿਲਾ ਮੁਕੱਦਮਾ ਵਾਪਸ ਲੈ ਕੇ ਆਪ ਪੇਸ਼ ਹੋਏ ਚਾਰ ਨਾਮਧਾਰੀਆਂ ਨੂੰ ਅੰਮ੍ਰਿਤਸਰ ਦੇ ਰਾਮ ਬਾਗ ਦੇ ਇਕ ਦਰਖਤ ਉਪਰ ਸ਼ੱਰੇ ਆਮ ਫਾਂਸੀ ਦਿਤੀ ਗਈ। ਰਾਇਕੋਟ ਧਾਵਾ ਕਰਕੇ ਗਏ ਨਾਮਧਾਰੀਆਂ ਵਿਚੋਂ 66 ਨੂੰ ਫੂਲਕੀਆਂ ਰਿਆਸਤਾਂ ਦੇ ਵਖ ਵਖ ਸਥਾਨਾਂ ਤੋਂ ਫੜ ਕੇ ਥਕੇਵੇਂ ਤੇ ਜ਼ਖਮਾਂ ਸਮੇਤ ਤੋਰ ਕੇ ਮਲੇਰਕੋਟਲੇ ਲਿਆਂਦਾ ਗਿਆ ਅਤੇ 16 ਜਨਵਰੀ 1872 ਵਾਲੇ ਦਿਨ ਫੂਲਕੀਆਂ ਰਿਆਸਤਾਂ ਦੇ ਸਿਪਾਹੀਆਂ ਅਤੇ ਸੱਤ ਅੰਗਰੇਜ਼ੀ ਤੋਪਾਂ ਰਾਹੀਂ ਮੌਕੇ ਦੇ ਅਫਸਰ ਕਾਵਿਨ ਨੇ ਆਪਣੇ ਕਮਿਸ਼ਨਰ ਫੋਰਸਾਈਥ ਦੀਆਂ ਲਿਖਤੀ ਹਦਾਇਤਾਂ ਦੀ ਕੋਈ ਪ੍ਰਵਾਹ ਨਾ ਕਰਕੇ 49ਕੈਦੀ ਤੋਪਾਂ ਅਗੇ ਰਖ ਕੇ ਸ਼ੱਰੇਆਮ ਮਾਰੇ ਗਏ। ਇਕ ਕੈਦੀ ਨਾਮਧਾਰੀ ਬੱਚੇ ਨੂੰ ਵੀ ਅੰਗਰੇਜ਼ ਅੱਫਸਰ ਦੇ ਹੱਥੀਂ ਪੈ ਜਾਣ ਕਰਕੇ ਮਾਰਿਆ ਗਿਆ। ਅਗਲੇ ਦਿਨ ਕਮਿਸ਼ਨਰ ਫੋਰਸਾਈਥ ਵਲੋਂ 'ਕਾਨੂੰਨੀ ਕਾਰ-ਵਾਈ ਦੀ ਰਸਮ' ਪਲਾਂ ਵਿਚ ਪੂਰੀ ਕਰਕੇ ਬਾਕੀ ਨਾਮਧਾਰੀਆਂ ਨੂੰ ਵੀ ਤੋਪਾਂ ਅਗੇ ਬੰਨ੍ਹ ਕੇ ਮਾਰਿਆ ਗਿਆ। ਅਗਲੇ ਦਿਨ ਬਾਬਾ ਰਾਮ ਸਿੰਘ ਅਤੇ ਚਾਰ ਸੂਬਿਆਂ (ਸੇਵਕਾਂ) ਨੂੰ ਨਜ਼ਰਬੰਦ ਕਰਕੇ ਅਲਾਹਾਬਾਦ ਭੇਜ ਦਿਤਾ। ਨਾਮਧਾਰੀ ਕੇਂਦਰ ਉਜਾੜ ਦਿਤਾ ਗਿਆ ਅਤੇ ਬਾਬਾ ਰਾਮ ਸਿੰਘ ਦੇ ਨਿਵਾਸ ਉਪਰ ਕਈ ਦਹਾਕੇ

ਪੁਲਿਸ ਚੌਕੀ ਬੈਠੀ ਰਹੀ।

**ਨਾਮਧਾਰੀ ਲਹਿਰ ਦੀਆਂ ਵਿਲੱਖਣਤਾਵਾਂ** :—ਸਿਖ ਸਮਾਜ ਦੀ ਮੁਖ ਧਾਰਾ ਉਪਰ ਛਾਦੀ ਸ਼ਕਤੀ ਜਾਂ ਸ਼੍ਰੇਣੀ ਕਾਰਣ ਹੀ ਨਹੀਂ, ਸਗੋਂ ਖੁਦ ਨਾਮਧਾਰੀ ਲਹਿਰ ਦੇ ਸੰਸਥਾਕ੍ਰਿਤ ਹੋ ਜਾਣ ਕਾਰਣ ਵੀ ਇਸ ਲਹਿਰ ਦੇ ਸਮਾਜਕ, ਸ਼੍ਰੇਣਕ ਅਤੇ ਰਾਜਨੀਤਕ ਲੱਛਣਾਂ ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ।

ਇਕ ਗਲ ਤਾਂ ਸਪਸ਼ਟ ਹੈ ਕਿ 1857 ਦਾ ਗਦਰ ਅਸਫਲ ਹੋ ਜਾਣ ਤੋਂ ਮਗਰੋਂ ਸਵਾਮੀ ਰਾਮ ਤੀਰਥ, ਵਿਵੇਕਾ ਨੰਦ ਜਹੇ ਵਿਅਕਤੀਆਂ ਰਾਹੀਂ ਜਿਹੜੀ ਚੇਤਨਾ ਅਤੇ ਵਹਾਬੀ, ਬ੍ਰਹਮੂ ਅਤੇ ਆਰਯਾ ਸਮਾਜ ਆਦਿਕ ਲਹਿਰਾਂ ਉਭਰਨ ਵਾਲੀਆਂ ਸਨ ਨਾਮਧਾਰੀ ਲਹਿਰ ਇਨ੍ਹਾਂ ਦੀ ਅਗਰਦੂਤ ਵੀ ਸੀ ਅਤੇ ਸਮਾਨਾਂਤਰ ਵੀ। ਭਜਨੀਕ ਬਾਬਾ ਰਾਮ ਸਿੰਘ ਦੇ ਸੰਪਰਕ ਵਿਚ ਲਾਹੌਰ ਦਰਬਾਰ ਦੇ ਸਮੇਂ ਦਾ ਐਸ਼ਵਰਜ, ਦੀਨ-ਦੁਨੀਆਂ ਤੋਂ ਬੇ-ਖਬਰ ਤਿਗੜਮਬਾਜ਼ੀ ਤੇ ਸਾਜ਼ਸ਼ਾਂ ਆਈਆਂ ਸਨ। ਨਤੀਜੇ ਵਜੋਂ, ਪਹਿਲਾਂ ਅੰਗਰੇਜ਼ਾਂ ਹੱਥੋਂ ਸਿੱਧੀ ਹਾਰ ਉਪਰੰਤ ਪੰਜਾਬ ਉਪਰ ਸਿੱਧਾ ਕਬਜ਼ਾ ਦੇਖ ਕੇ ਸਿਖ ਧਰਮ ਦੀਆਂ ਮੂਲ ਸਿਖਿਆਵਾਂ ਅਨੁਸਾਰ ਚਰਿਤਰ-ਨਿਰਮਾਣ ਦਾ ਜਿਹੜਾ ਕਾਰਜ ਆਰੰਭਿਆ ਉਸ 'ਚ ਖੰਡੇ ਦੀ ਪਾਹੁਲ ਜਾਂ ਅੰਮ੍ਰਿਤ ਪਰਚਾਰ ਤਾਂ ਸੰਤਾਂ,ਭੇਖੀਆਂ ਤੇ ਸਵਾਰਥੀ ਗੁਰੂ ਕਿਆ ਤੋਂ ਘੁਸ-ਪੈਂਠ ਕਰ ਆਈ ਚਰਣ-ਪਾਹੁਲ ਦੇ ਵਿਰੁਧ ਇਕ ਕਦਮ ਸੀ ਪਰ ਨਵੇਂ ਸਿਰਿਓਂ ਅਕਾਲ ਪੁਰਖ ਨੂੰ ਮੰਨਣਾ ਦੇਹ-ਧਾਰੀ ਗੁਰੂਆਂ ਦੇ ਵਿਰੁਧ ਸੀ ਅਤੇ ਦਸਾਂ ਨੌਹਾਂ ਦੀ ਕਿਰਤ ਤੇ ਜਾਤ-ਪਾਤ ਦੀ ਵਿਰੋਧਤਾ ਦੋ ਅਜਿਹੀਆਂ ਸਿਖਿਆਵਾਂ ਸਨ ਜੋ ਸਿਖ ਸਮਾਜ ਵਿਚ ਆ ਵੜੇ ਬ੍ਰਾਹਮਣਵਾਦ ਅਤੇ ਉਚ-ਕੁਲ ਹੰਕਾਰ ਨੂੰ ਰਤਾ ਨਹੀਂ ਸਨ ਭਾਉਂਦੇ।

ਏਨਾ ਹੀ ਨਹੀਂ ਬਾਬਾ ਰਾਮ ਸਿੰਘ ਦੀਆਂ ਪਾਈਆਂ ਰੀਤਾਂ ਸਿਖ ਸਮਾਜ ਨੂੰ ਨਵੇਂ ਸਿਰਿਓਂ ਆਦਰਸ਼ ਤੇ ਜਥੇਬੰਦ ਸਮਾਜ ਬਨਾਉਣ ਵਲ ਤੋਰਦੀਆਂ ਸਨ। ਲਾਹੌਰ ਦਰਬਾਰ ਦੀਆਂ ਹਾਰੀਆਂ ਫੌਜਾਂ ਲਈ ਤੋੜੇਦਾਰ ਜਾਂ ਇਕ ਬੈਰਲ ਦੀ ਬੰਦੂਕ ਤੋਂ ਬਿਨਾਂ ਕਿਰਪਾਨ ਹੀ ਕਾਰਗਰ ਹਥਿਆਰ ਹੁੰਦਾ ਸੀ। ਜੋ ਹੁਣ ਅੰਗਰੇਜ਼ੀ ਰਾਜ ਵਿਚ ਬਿਨਾਂ ਲਾਇਸੰਸ ਨਹੀਂ ਰਖਿਆ ਜਾ ਸਕਦਾ। ਸ਼ੰਮਾਂ ਵਾਲੀ ਜਾਂ ਨਿੱਗਰ ਡਾਂਗ ਖੂੰਡਾ, ਸੋਟਾ ਆਦਿਕ ਰਖਣ ਦੀ ਪਿਰਤ ਹੀ ਨਹੀਂ ਪਾਈ ਗਈ ਸਗੋਂ ਗਤਕਾ, ਲਾਠੀ ਮਰਹਟੀ ਆਦਿਕ ਦੀ ਸਿਖਲਾਈ ਚਾਲੂ ਕੀਤੀ ਗਈ,ਚੰਗੀ ਨਸਲ ਦੇ ਘੋੜੇ ਤੇ ਵੈਸ਼ਨੋ

ਭੋਜਨ ਰਖਣ ਲਈ ਚੰਗੀ ਨਸਲ ਦੀਆਂ ਗਊਆਂ-ਮੱਝਾਂ ਪਾਲਣ ਤੇ ਜ਼ੋਰ ਦਿਤਾ ਗਿਆ—ਸੰਗਤ, ਕੀਰਤਨ ਅਤੇ ਗਾਇਨ ਲਈ ਇਸਤਰੀਆਂ ਨੂੰ ਨਵੇਂ ਸਿਰਿਓਂ ਪ੍ਰੇਰਿਆ ਗਿਆ। ਨਸ਼ਿਆਂ ਅਤੇ ਤਮਾਕੂ ਨੋਸ਼ੀ ਨੂੰ ਨਖਿਧਿਆ ਗਿਆ।

**ਸੁਦੇਸ਼ੀ ਤੇ ਨਾਮਿਲਵਰਤਣ ਲਹਿਰ, ਕਾਂਗਰਸ ਤੋਂ ਪਹਿਲਾਂ** :—ਇਹ ਗਲ ਨੋਟ ਕਰਨ ਵਾਲੀ ਹੈ ਕਿ 12 ਵਰ੍ਹੇ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਨੇ ਪੈਦਾ ਹੋ ਕੇ (1885 ਵਿਚ) ਅਰਜ਼ੀ-ਪਰਚੇ ਤੇ ਮਤੇ ਪੇਸ਼ ਕਰਨ ਵਾਲੀ ਜਥੇਬੰਦੀ ਬਣਨਾ ਸੀ ਅਤੇ ਹੋਰ ਮਗਰੋਂ ਨਾਮਿਲਵਰਤਨ ਤੇ ਸੁਦੇਸੀ ਲਹਿਰ ਦਾ ਪਾਠ ਪੜ੍ਹਨਾ ਸੀ ਜਦ ਕਿ ਨਾਮਧਾਰੀ ਲਹਿਰ ਵਿਚ ਸਭ ਝਗੜੇ ਦੋਹਾਂ ਧਿਰਾਂ ਨੂੰ ਬਿਠਾ ਕੇ ਪੰਚਾ-ਇਤ ਵਿਚ ਨਜਿੱਠਣ ਉਪਰ ਜ਼ੋਰ ਦਿਤਾ ਗਿਆ। ਅੰਗਰੇਜ਼ੀ ਵਿਦਿਆ ਦੀ ਥਾਂ ਪਿਤਾ-ਪੁਰਖੀ ਵਿਦਿਆ ਦੇਣ ਲਈ ਕਿਹਾ ਗਿਆ। ਕੋਈ ਵੀ ਵਿਲਾਇਤੀ ਕਪੜਾ ਜਾਂ ਵਸਤ ਖਰੀਦਣ ਵਰਤਣ ਦੀ ਥਾਂ ਸੁਦੇਸੀ ਉਪਜਾਉਣ, ਖਰੀਦਣ ਤੇ ਵਰਤਣ ਲਈ ਪ੍ਰੇਰਨਾ ਦਿਤੀ ਗਈ, ਰੇਲ ਤੇ ਸਰਕਾਰੀ ਡਾਕ ਦੀ ਥਾਂ ਆਪਣੇ ਘੋੜੇ, ਬਹਿਲੀ, ਗੱਡੇ ਦੀ ਸਵਾਰੀ ਅਤੇ ਪੁਰਾਤਨ ਤੇ ਸਯੋਗ ਡਾਕ-ਢੰਗ ਹਰਕਾਰਿਆਂ ਤੋਂ ਲੈਣ ਦੀ ਗਲ ਕਹੀ ਗਈ। ਧਾਰਮਿਕ ਬਿਰਤੀ ਅਤੇ ਰਾਜਨੀਤਕ ਚੇਤਨਾ ਦੇ ਮੇਲ-ਸੁਮੇਲ ਦੀ ਮਿਸਾਲ ਨਾ ਉਸ ਸਮੇਂ ਦੇ ਕਿਸੇ ਸੁਧਾਰਕ ਵਿਚ ਦਿਸਦੀ ਹੈ ਨਾ ਸੰਸਥਾ-ਸੰਪ੍ਰਦਾਇ ਵਿਚ।

**ਸਿੰਘ ਸਭਾ ਅਤੇ ਅਕਾਲੀ ਲਹਿਰਾਂ ਲਈ ਪੂਰਨੇ** :— ਸਿੰਘ ਸਭਾ ਜਾਂ ਗੁਰਮਤ ਦੀਆ ਸੁਧਾਰਕ ਲਹਿਰਾਂ ਬਾਰੇ ਜਾਇਜ਼ ਤੌਰ ਤੇ ਮਾਣ ਨਾਲ ਕਿਹਾ ਜਾਂਦਾ ਹੈ ਕਿ ਸਿੰਘ ਸਭੀਆ ਨੇ ਗੁਰਮਤ ਪਰਚਾਰ ਦਾ ਕੰਮ ਵਿਆਹ ਸਾਦੀ ਉਪਰ ਮੁਜਰੇ ਹਟਾਉਣ, ਸਰਾਬ ਅਤੇ ਨਸ਼ਿਆਂ ਵਿਰੁਧ ਅਹਿੰਸਕ ਪ੍ਰਦਰਸ਼ਨਾਂ ਤੋਂ ਆਰੰਭ ਕੀਤਾ ਸੀ। ਪਰ ਇਸ ਸਮੇਂ ਲਗਭਗ ਅੱਧੀ ਸਦੀ ਪਹਿਲਾਂ ਨਾਮਧਾਰੀ ਲਹਿਰ ਨੇ ਸਤੀ ਦੀ ਰਸਮ ਨੂੰ ਨਿੰਦਿਆ, ਸਰਲ ਤੇ ਅੰਤਰ-ਜਾਤ-ਵਿਆਹ (ਖੋਟੇ, ਜ਼ਿਲਾ ਫਿਰੋਜ਼ਪੁਰ ਅਤੇ ਹੋਰ ਕਈ ਸਥਾਨਾਂ ਤੇ) ਪਰਚੱਲਤ ਕੀਤੇ। ਪੈਸੇ ਲੈ ਕੇ ਧੀ ਦਾ ਵਿਆਹ ਕਰਨ ਦੀ ਹੀ ਨਹੀਂ, ਵੱਟੇ ਦਾ ਰਿਸ਼ਤਾ ਕਰਨ ਦੀ ਵੀ ਕਰੜੀ ਵਿਰੋਧਤਾ ਕੀਤੀ।

ਅਕਾਲੀ ਲਹਿਰ ਤੋਂ ਅਧੀ ਸਦੀ ਤੋਂ ਵੀ ਪਹਿਲਾਂ ਨਾਮਧਾਰੀ ਸੰਗਤ ਵਿਚ ਖੜ੍ਹੇ ਹੋ ਕੇ ਅਰਦਾਸ ਕਰਨ ਦੀ ਨਵੇਂ ਸਿਰਿਓਂ ਪਿਰਤ ਪਾਈ ਗਈ। ਬਾਬਾ ਰਾਮ

ਸਿੰਘ ਦੀ ਦੀਵਾਲੀ-ਮੇਲੇ ਤੇ ਅੰਮ੍ਰਿਤਸਰ, ਅਕਾਲ ਬੁੰਗੇ ਦੇ ਰੁਪਏ ਦੀ ਅਰਦਾਸ ਭੇਟ ਪ੍ਰਵਾਨ ਨਾ ਕਰਨ ਤੇ ਮਹੰਤ ਜਾਂ ਪੁਜਾਰੀ ਦੀ ਪ੍ਰਵਾਹ ਕੀਤੇ ਬਿਨਾਂ ਆਪ ਅਰਦਾਸ ਕਰਕੇ ਘਰ ਦਾ ਤਿਆਰ ਕੜਾਹ ਪ੍ਰਸਾਦ ਸੰਗਤ ਵਿਚ ਆਪ ਵਰਤਾਇਆ। ਸੰਨ 1867 ਵਿਚ ਜਦ ਆਨੰਦਪੁਰ ਦੀ ਯਾਤ੍ਰਾ ਦੀ ਸਲਾਹ ਬਣੀ ਤਾਂ ਉਥੋਂ ਦੇ ਮਹੰਤਾਂ ਨੇ ਨਾ ਕੇਵਲ ਬਾਬਾ ਰਾਮ ਸਿੰਘ ਦੀ ਆਮਦ ਦੀ ਹੀ ਵਿਰੋਧਤਾ, ਸਗੋਂ ਰੋਕਣ ਲਈ ਸਥਾਨਕ ਅਫਸਰਾਂ ਦੀ ਸਹਾਇਤਾ ਮੰਗੀ।

ਨਾਮਧਾਰੀ ਇਤਿਹਾਸ (ਨਾਮਧਾਰੀ ਇਤਿਹਾਸ : ਸ੍ਰ: ਨਾਹਰ ਸਿੰਘ ਐਮ. ਏ.) ਦੀਆਂ ਅੰਦਰਲੀਆਂ ਗਵਾਹੀਆਂ ਤੋਂ ਅਨੁਮਾਨ ਹੁੰਦਾ ਹੈ ਕਿ ਨਾਮਧਾਰੀ ਸਿਖੀ-ਸੁਧਾਰਕ ਵਿਚਾਰਾਂ ਦਾ ਅਸਰ ਮਜ਼ਬੀ ਸਿੱਖਾਂ ਤੋਂ ਲੈ ਕੇ ਹਰੀ ਸਿੰਘ ਨਲੂਏ ਦੀ ਨੇੜਲੀ ਰਿਸ਼ਤੇਦਾਰੀ ਵਰਗੇ ਅੰਗਰੇਜ਼-ਵਿਰੋਧੀ ਹਲਕਿਆਂ ਤਕ ਹੋ ਰਿਹਾ ਸੀ। ਕਸ਼-ਮੀਰ ਦੇ ਰਾਜਾ ਗੁਲਾਬ ਸਿੰਘ ਦੀ ਇਕ ਦਰਬਾਰੀ ਲਾਬੀ ਦੇ ਯਤਨਾਂ ਸਦਕਾ ਨਾਮ-ਧਾਰੀ ਸਿੱਖਾਂ ਦਾ ਇਕ ਫੌਜੀ ਦਸਤਾ ਵੀ ਕੁਝ ਚਿਰ ਲਈ ਭਰਤੀ ਕੀਤਾ ਗਿਆ ਸੀ। ਬਾਬਾ ਰਾਮ ਸਿੰਘ ਦੀ ਚਾਰ-ਸਾਲਾ ਪਿੰਡ-ਬੰਦੀ ਦੇ ਬਾਵਜੂਦ ਨੇਪਾਲ ਦੇ ਮੁਖ ਮੰਤਰੀ (ਉਸ ਸਮੇਂ ਤਥਾ ਕਥਿਤ 'ਤੀਨ ਸਰਕਾਰ') ਰਾਹੀਂ ਕੋਈ ਸੰਪਰਕ ਸਥਾਪਤ ਹੋਣ ਦਾ ਪਤਾ ਲਗਦਾ ਹੈ। ਇਸੇ ਲਈ ਸਮਕਾਲੀ ਅੰਗਰੇਜ਼ ਜ਼ਿਲਾ ਅਫਸਰਾਂ ਦਾ ਖਿਆਲ ਸੀ ਕਿ ਨਾਮਧਾਰੀ ਲਹਿਰ ਆਰੰਭ ਵਿਚ ਜਾਂ ਉਪਰੋਂ ਕੁਝ ਵੀ ਸੀ, ਉਸ ਸਮੇਂ ਰਾਜਨੀਤਕ ਲੱਛਣ ਧਾਰਨ ਕਰ ਚੁਕੀ ਸੀ। ਇਸ ਲਈ ਕੁਝ ਕਾਹਲੇ ਨਾਮ-ਧਾਰੀ-ਬੁੱਚੜ ਵਿਰੋਧੀ-ਕਾਰਿਆਂ ਦਾ ਬਹਾਨਾ ਹੱਥ ਆਉਂਦਿਆਂ ਹੀ ਗੱਦਰ ਦੀ ਸਮਾਨਾਂਤਰ ਪਰ ਉਸ ਤੋਂ ਵਧੇਰੀ ਸੂਝਵਾਨ ਲਹਿਰ ਨੂੰ ਸਖਤੀ ਨਾਲ ਦਬਾ ਦਿਤਾ ਗਿਆ।

ਨਾਮਧਾਰੀ ਲਹਿਰ ਦੀ ਆਵਾਜ਼ ਜਨ ਸਾਧਾਰਣ ਤਕ ਨਾ ਪਹੁੰਚਣ ਦਾ ਵਡਾ ਕਾਰਣ ਉਸ ਸਮੇਂ ਅੰਗਰੇਜ਼ੀ ਰਾਜ ਨੂੰ ਸਥਾਪਤ ਕਰਨ ਲਈ ਉਹ ਵਿਸਥਾਪਤੀਆਂ ਸਨ ਜੋ ਪਹਿਲਾ ਦੱਸੇ ਢੰਗਾਂ ਨਾਲ ਵਖ ਵਖ ਤਬਕਿਆਂ ਤੇ ਤੋਹਾਂ ਦੇ ਪ੍ਰਤੀਸਥਾਪਨ ਨਾਲ ਕੀਤੀਆਂ ਜਾ ਰਹੀਆਂ ਸਨ। ਇਸ ਤੋਂ ਬਿਨਾਂ ਹਰਿਦੁਆਰ ਦੇ ਨਿਰਮਲੇ,ਆਲੇ ਦੁਆਲੇ ਦੇ ਪਿੰਡਾਂ ਦੇ ਬ੍ਰਾਹਮਣ, ਸਿਖ ਸਮਾਜ ਵਿਚ ਮਨ-ਮਤੀਏ ਬੇਦੀ ਬਾਵੇ, ਸੋਢੀ —ਜੋ ਚੰਗਾ ਚੋਖਾ ਖਾ ਕੇ ਮੰਦਾ (ਵਿਚਾਰ) ਬੋਲਦੇ ਸਨ—ਵੀ ਨਾਮਧਾਰੀ ਸਮਾਜ

ਸੁਧਾਰ ਨਾਲ ਖੁਸ਼ ਨਹੀਂ ਸਨ । ਉਪਰੰਤ ਸਿਖ ਸਮਾਜ ਵਿਚ ਸ਼੍ਰੇਣੀ-ਵੰਡ ਅਤੇ ਸ਼੍ਰੇਣੀ ਹਿਤਾਂ ਦੇ ਪੱਕੇ-ਪੀਡੇ ਹੁੰਦੇ ਜਾਣ ਕਾਰਣ ਨਾਮਧਾਰੀ ਲਹਿਰ ਦਾ ਠੀਕ ਮੁਲਾਂਕਣ ਨਹੀਂ ਹੋ ਸਕਿਆ । ਤਾ ਵੀ ਭਾਰਤ ਅਤੇ ਪੰਜਾਬ ਦੇ ਸੁਤੰਤਰਤਾ ਸੰਗਰਾਮਾਂ ਵਿਚ ਨਾਮਧਾਰੀ ਲਹਿਰ ਦਾ ਗੌਰਵਮਈ ਅਤੇ ਨਿਰੰਤਰਤਾ ਵਾਲਾ ਸਥਾਨ ਹੈ ।

# 11. ਵੀਹਵੀਂ ਸਦੀ : ਦੇ ਜੁਝਾਰ ਲਹਿਰਾਂ

ਇਤਿਹਾਸਕ ਸੰਦਰਭ ਅਤੇ ਸਮਾਜਕ ਸਾਇੰਸਾਂ ਤੋਂ ਅਨਭਿਜ ਰਹਿਣ ਕਾਰਣ ਕਥਾ ਕਥਿਤ ਸਿਖ ਇਤਿਹਾਸਕਾਰੀ ਦੀ ਇਕ ਸਮਰਥਾ-ਸੀਮਾ ਰਹੀ ਹੈ ; ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ ਅਕਾਲੀ ਲਹਿਰ ਦੇ ਸਮੇਂ ਤਕ ਤਾਂ ਸਾਮਿਅਕ ਖੱਪੇ ਰਹਿ ਗਏ ਹਨ ਜਾਂ ਦ੍ਰਿਸ਼ਟੀ ਵਿਚ ਭੈਂਗ-ਕਾਣੇ ਆ ਗਈਆਂ ਹਨ।

ਰਾਜਨੀਤਕ ਕਾਰਣਾਂ ਕਰਕੇ ਗਦਰ ਪਾਰਟੀ ਦੇ ਇਤਿਹਾਸ ਤੇ ਮਹਤਤਾ ਅਤੇ ਬਬਰ ਅਕਾਲੀ ਲਹਿਰ ਦੀ ਹੋਂਦ ਬਾਰੇ ਵੀ ਮੀਸਣੀ ਜਾਂ ਅਚੇਤ ਚੁਪ ਛਾਈ ਰਹੀ। ਜਦੋਂ ਗਦਰੀ ਕੈਦੀ ਤੇ ਕਾਰਨਾਮੇ ਕੈਦ ਤੇ ਗੁਮਨਾਮੀ ਵਿਚੋਂ ਨਿਕਲ ਕੇ ਲੋਕਾਂ ਵਿਚ ਆ ਖਲੋਤੇ ਤਾਂ ਵੀ ਇਸ ਲਹਿਰ ਦੇ ਇਤਿਹਾਸ ਤੇ ਕਿਰਦਾਰ ਬਾਰੇ ਭਰਮ-ਭੁਲੇਖੇ ਬਣੇ ਰਹੇ। ਬਬਰ ਅਕਾਲੀ ਲਹਿਰ ਸਿਖ-ਸਿਆਸੀ ਸ਼ਤ੍ਰਿਤ ਵਿਚ ਆ ਰਹੀ ਖਲੋਤ ਦੀ ਸੂਚੇਤਕ ਸੀ।

**ਗਦਰੀ ਲਹਿਰ** :—ਅੱਜ ਤੋਂ ਡੇਢ-ਪੌਣੇ ਦੋ ਸਦੀਆਂ ਪਹਿਲਾਂ ਬਰਤਾਨਵੀ ਸਾਮਰਾਜ ਦੇ ਬਿਹਾਰ, ਗੁਜਰਾਤ, ਪੂਰਬੀ ਸੰਯੁਕਤ ਪ੍ਰਾਂਤ (ਅਜ ਕਲ ਉਤਰ ਪ੍ਰਦੇਸ਼) ਅਤੇ ਕੁਝ ਹੋਰ ਇਲਾਕਿਆਂ ਤੋਂ ਭਾਰਤੀ ਲੋਕਾਂ ਨੂੰ ਉਨ੍ਹਾਂ ਦੀ ਉਪਯੋਗਤਾ ਅਨੁਸਾਰ ਪਹਿਲਾਂ ਮਾਰੇਸ਼ੀਅਸ, ਸੂਰੀਨਾਮ ਗੁਆਇਨਾ, ਜਮਾਇਕਾ ਤੇ ਫੇਰ ਅਗੜ ਪਿਛੜ ਉਤਰੀ ਭਾਰਤ ਤੇ ਪੰਜਾਬ ਵਿਚੋਂ ਚੀਨ, ਬਰਮਾ, ਮਲੇਸ਼ੀਆ, ਤਿੰਨ ਪੂਰਬੀ ਅਫਰੀਕੀ ਦੇਸਾਂ ਅਤੇ ਅਮਰੀਕੀ ਮਹਾਂਦੀਪੀ ਦੇਸਾਂ, ਅਮਰੀਕਾ, ਕੈਨੇਡਾ ਤੇ ਮੈਕਸੀਕੋ ਆਦਿਕ ਵਿਚ ਵਸਾਉਣਾ ਆਰੰਭ ਕਰ ਦਿਤਾ ਸੀ। ਚੀਨ ਦੇ ਮੁਖ ਸ਼ਹਿਰਾਂ ਵਿਚ ਪੋਲੀਸ

ਤੇ ਕੁਝ ਹੋਰ ਕਿੱਤਿਆਂ ਅਤੇ ਦੱਖਣ-ਪੂਰਬੀ ਏਸੀਆਈ ਦੇਸਾਂ ਅਤੇ ਪੂਰਬੀ ਅਫ਼ਰੀਕੀ ਦੇਸਾ ਦੇ ਨਗਰਾ ਵਿਚ ਅਰਧ-ਮਾਹਰ ਅੰਤੇ ਵਪਾਰਕ ਕਿੱਤਿਆਂ ਵਿਚ ਪੰਜਾਬੀਆ, ਖਾਸ ਕਰ ਸਿਖਾ ਦਾ ਪ੍ਰਵੇਸ਼ ਹੋਇਆ ਅਤੇ ਕੈਨੇਡਾ ਤੇ ਅਮਰੀਕੀ ਨਗਰਾ ਦੇ ਗੈਰ-ਮਾਹਰ ਅਤੇ ਕਿਸਾਣੀ ਕੰਮਾ ਵਿਚ ਭਾਰਤੀ, ਖਾਸ ਕਰ ਸਿਖ ਕਿਸਾਣ ਕਾਮੇ ਜਾ ਲਗੇ ।

ਪਹਿਲੀ ਸੰਸਾਰ ਜੰਗ ਸਮੇਂ ਤਕ ਇਨ੍ਹਾ ਨੇ ਆਪਣੀ ਹੱਡ ਭੰਨਵੀਂ ਕਿਰਤ ਦਾ ਮੁਲ ਹੀ ਨਹੀਂ ਪਾਇਆ ਲਿਆ ਸੀ ਸਗੋਂ ਭਾਰਤ ਦੀ ਗੁਲਾਮੀ ਕਾਰਣ ਸਥਾਨਕ ਸੰਚਾਰ ਮਾਧਿਅਮਾ ਤੋਂ ਲੈ ਕੇ ਪਬਲਿਕ ਥਾਵਾ ਤਕ ਫੈਲੀ ਭਾਰਤ ਵਿਰੋਧੀ ਘ੍ਰਿਣਾ ਕਾਰਣ ਆਜਾਦੀ ਦਾ ਦੀਵਾਨਾਵਾਰ ਅਹਿਸਾਸ ਵੀ ਅਪਣਾ ਲਿਆ ਸੀ । ਵੈਨਕੂਵਰ ਅਤੇ ਕੁਝ ਅਮਰੀਕੀ ਸਹਿਰਾ ਵਿਚ ਇਨ੍ਹਾ ਭਾਰਤੀ ਕਾਮਿਆ ਵਿਚ ਸਿੱਖਾ ਦੀ ਬਹੁ-ਗਿਣਤੀ ਹੋਣ ਕਾਰਣ ਕੁਝ ਗੁਰਦੁਆਰੇ ਵੀ ਸਥਾਪਤ ਹੋ ਚੁਕੇ ਸਨ । ਜੰਗ ਤੋਂ ਪਹਿਲਾ ਦੇ ਆਰਥਕ ਸੰਕਟ ਦੇ ਨਾਲ ਲੇਬਰ ਮਾਰਕਿਟ ਵਿਚ ਆਏ ਮੰਦਵਾੜ ਕਾਰਣ ਜਦੋਂ ਕੈਨੇਡੀਅਨ ਅਤੇ ਅਮਰੀਕੀ ਸਰਕਾਰਾ ਨੇ ਆਵਾਸੀ ਕਾਨੂੰਨਾ (immigration-laws) ਨੂੰ ਸੂਤਰ ਅਤੇ ਸਖਤ ਕਰ ਦਿਤਾ ਤਾ ਬੇਚੈਨ ਤੇ ਰੋਸ ਭਰੇ ਇਕੱਠ ਇਨ੍ਹਾ ਸਿਖ ਗੁਰਦੁਆਰਿਆ ਵਿਚ ਹੋਣ ਲਗੇ। ਇੰਜ ਗੁਰਦੁਆਰਾ, ਦੀਨੀ ਤੇ ਦੁਨੀਆਵੀ ਗਤੀਵਿਧੀਆ ਦਾ ਕੇਂਦਰ ਬਣਿਆ । ਛੋਟੇ ਮੋਟੇ ਅੰਤਰ-ਵਿਰੋਧ ਵੀ ਹੋਏ, ਇਨ੍ਹਾ ਧਰਤੀਆ ਤੇ ਜਹਾਜਾ ਵਿਚੋਂ ਉਤਰਨ ਵਾਲੇ ਵਤਨੀਆ ਨੂੰ ਰੋਕਣ ਅਤੇ ਮੋੜੇ ਜਾਣ ਵਾਲਿਆ ਲਈ ਐਜੀਟੇਸਨ ਵੀ ਚਲਾਈ ਗਈ ਅਤੇ ਸਹਾਇਤਾ ਵੀ ਕੀਤੀ ਗਈ ।

ਪਹਿਲੀ ਸੰਸਾਰ ਜੰਗ ਲਗਣ ਤਕ ਰੋਟੀ-ਰੋਜੀ ਦਾ ਸੰਘਰਸ ਸਮਾਨਤਾ ਤੇ ਆਜਾਦੀ ਦੀ ਲਗਣ ਨਾਲ ਰਲ ਕੇ ਇਕ ਲਹਿਰ ਦੀ ਸਕਲ ਵਿਚ ਬਦਲ ਚੁੱਕਾ ਸੀ । ਇਸ ਤੋਂ ਕੇਵਲ ਚਾਰ ਕੁ ਦਹਾਕੇ ਪਹਿਲਾ ਅੰਗਰੇਜੀ ਸਾਮਰਾਜ ਨੇ 1857 ਵਿਚ ਜਿਸ ਸੁਤੰਤਰਤਾ ਸੰਗਰਾਮ ਨੂੰ ਗੱਦਾਰੀ (ਵਿਸਵਾਸਘਾਤ) ਸਮਝ ਕੇ ਗਦਰ ਦਾ ਨਾ ਦਿਤਾ ਸੀ, ਗੁਰਦੁਆਰਿਆ ਵਿਚ ਜਥੇਬੰਦੀ ਹੁੰਦੀ, ਭਾਰਤੀ ਕਾਮਿਆ ਦੀ ਲਹਿਰ ਨੇ ਮਾਣ ਨਾਲ ਇਹ ਨਾ—ਗਦਰ ਪਾਰਟੀ ਅਪਨਾਇਆ । 1913 ਵਿਚ 'ਗਦਰ' ਅਖਬਾਰ ਪ੍ਰਕਾਸਤ ਕੀਤਾ ।

ਗਦਰ ਪਾਰਟੀ ਦਾ ਅਤਿਅੰਤ ਸੰਖੇਪ ਇਤਹਾਸ ਇਹ ਹੈ ਕਿ ਪਹਿਲੀ ਸੰਸਾਰ

ਜੰਗ ਲਗਦਿਆਂ ਹੀ ਬਰਤਾਨਵੀ ਸਾਮਰਾਜ ਨੂੰ ਜੰਗ ਵਿਚ ਫਸਿਆ ਦੇਖ ਸਨਧਬੱਧ ਢੰਗ ਨਾਲ ਭਾਰਤ ਨੂੰ ਗੁਲਾਮੀ ਦੇ ਜੂਲੇ ਹੇਠੋਂ ਕਢਣ ਦਾ ਪ੍ਰੋਗਰਾਮ ਬਣਾਇਆ । ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕੁਝ ਲੋਕ ਪਿਛੇ ਰਹੇ ਅਤੇ ਬਹੁਤਿਆਂ ਨੇ ਆਪਣੀਆਂ ਫਾਰਮਾਂ, ਮਾਲਕੀਅਤਾਂ ਵੇਚ ਕੇ ਹੋਰਨਾਂ ਨੇ ਰੋਜਗਾਰ ਛਡ ਕੇ ਵੱਡੇ ਗੁਰ-ਦੁਆਰੇ ਭਾਰਤ ਆਜ਼ਾਦ ਕਰਵਾਉਣ ਲਈ ਚਾਲੇ ਪਾ ਦਿਤੇ । ਕਈ ਗਰੁਪ ਵਖ ਵਖ ਰਾਹਾਂ ਤੋਂ ਭਾਰਤ ਵਲ ਆਏ ਜਿਨ੍ਹਾਂ ਵਿਚੋਂ ਪ੍ਰਮੁਖ ਵਹੀਰ ਨੇ ਇਕ ਜਾਪਾਨੀ ਜਹਾਜ਼ ਕਾਮਾ ਗਾਟਾ ਮਾਰੂ ਨੂੰ ਚਾਰਟਰ ਕੀਤਾ, ਉਸਨੂੰ 'ਗੁਰੂ ਨਾਨਕ ਜਹਾਜ' ਦਾ ਨਾ ਦਿਤਾ, ਜਾਪਾਨ, ਚੀਨ ਅਤੇ ਦੱਖਣੀ ਪੂਰਬੀ ਦੇਸਾਂ ਦੀਆਂ ਬੰਦਰਗਾਹਾਂ ਤੋਂ ਇਨਕਲਾਬੀਆਂ ਨੂੰ ਨਾਲ ਲੈਂਦੀ ਬਜਬਜ (ਕਲਕੱਤੇ ਦੇ ਨੇੜੇ) ਦੇ ਘਾਟ ਤੇ ਆਣ ਲਗੀ । ਬ੍ਰਤਾਨਵੀ ਹਾਕਮਾਂ ਨੂੰ ਪਹਿਲਾਂ ਹੀ ਸੂਹ ਹੋਣ ਕਾਰਣ ਜਹਾਜ ਨੂੰ ਰੋਕਿਆ ਗਿਆ । ਆਪਣੇ ਵਤਨ ਅੰਦਰ ਆਉਣ ਦਾ ਜਮਾਂਦਰੂ ਹੱਕ ਸਮਝ ਕੇ ਕੰਢੇ ਵਲ ਠਿਲ੍ਹ ਪਏ ਇਨਕਲਾ-ਬੀਆਂ ਨੂੰ ਗੋਲੀਆਂ ਦਾ ਸਿਕਾਰ ਬਣਾਇਆ ਗਿਆ ਅਤੇ ਬਾਕੀ ਦਿਆਂ ਨੂੰ ਗ੍ਰਿਫਤਾਰ ਕਰਕੇ ਮੁਕੱਦਮੇ ਚਲਾ ਕੇ ਅੰਡੇਮਾਨ ਜਾਂ ਕਾਲੇ ਪਾਣੀ ਦੀ ਬਦਨਾਮ ਜੇਲ ਵਿਚ ਉਮਰ ਕੈਦੀ ਬਣਾ ਕੇ ਭੇਜਿਆ ਗਿਆ । ਕੁਝ ਵਿਅਕਤੀ ਜਾਂ ਗਰੁਪ ਇਸ ਘਟਨਾ ਤੋਂ ਪਹਿਲਾਂ ਜਾਂ ਬਾਦ ਵਿਚ ਦੇਸ ਵਿਚ ਪਹੁੰਚ ਗਏ ਅਤੇ ਵਖ ਵਖ ਥਾਵਾਂ ਤੋਂ ਫੜੇ ਗਏ । ਮੁਕੱਦਮੇ ਚਲਾ ਕੇ ਇਨ੍ਹਾਂ ਵਿਚੋਂ ਚੋਖੀ ਗਿਣਤੀ ਨੂੰ ਫਾਂਸੀ ਅਤੇ ਹੋਰਨਾਂ ਨੂੰ ਉਮਰ ਕੈਦ ਆਦਿਕ ਦੀਆ ਸਜਾਵਾਂ ਦਿਤੀਆਂ ਗਈਆਂ ।

ਪਰ ਗਦਰ ਪਾਰਟੀ ਦਾ ਆਰਥਕ ਮਾਨਸਿਕ ਪਿਛੋਕੜ, ਸਿਧਾਂਤਕ ਪੱਖ ਅਤੇ ਰਾਜਨੀਤਕ ਟੀਚਾ ਤੇ ਪ੍ਰੋਗਰਾਮ ਵਿਸਲੇਸਣਾਤਮਕ ਦ੍ਰਿਸਟੀ ਮੰਗਦੇ ਹਨ। ਨੋਟ ਕਰਨ ਵਾਲੀ ਗਲ ਹੈ ਕਿ ਇਹ ਲਹਿਰ ਅਤੇ ਜਥੇਬੰਦੀ ਧਰਮ ਸਥਾਨਾ ਅਤੇ ਧਾਰਮਿਕਤਾ ਤੇ ਟੇਕ ਰਖ ਕੇ ਵੀ ਅਨਿਨ ਦੇਸ ਭਗਤ ਸੀ ਕਿ ਇਸ ਦੇ ਮੁਖ ਸਿਧਾਂਤਕਾਰ ਨੇ ਪਹਿਲੀ ਵਾਰ ਸਪਸਟ ਕਿਹਾ ਸੀ : "ਧਰਮ ਨਿਜੀ ਮਾਮਲਾ ਹੈ ।" ਇਸ ਵਿਚ ਸਿਖਾਂ ਦੇ ਨਾਲ ਨਾਲ ਹਿੰਦੂ ਤੇ ਮੁਸਲਮਾਨ ਵੀ ਸਾਮਲ ਸਨ । ਅਖਬਾਰ ਪੰਜਾਬੀ ਤੋਂ ਬਿਨਾਂ ਉਰਦੂ ਵਿਚ ਵੀ ਪ੍ਰਕਾਸਤ ਹੋਇਆ ਸੀ । ਤਤਕਾਲੀ ਮਨੋ-ਵੇਗ ਅਨੁਸਾਰ, ਪਹੁੰਚ ਜਜਬਾਤੀ ਤੋਂ ਸ਼ਹੀਦੀ ਤਕ ਦੀ ਸੀ ਤਾਂ ਵੀ ਵਖ ਵਖ ਦੇਸਾਂ ਵਿਚ ਬੈਠੇ ਹਮਵਤਨੀਆਂ ਨਾਲ ਤਾਲ ਮੇਲ ਰਖਣਾ, ਕਾਮਾ ਗਾਟਾ ਮਾਰੂ ਰਾਹੀਂ ਰਾਹ ਵਿਚੋਂ

ਆਪਣੀ ਜਥੇਬੰਦੀ ਵਿਚ ਸ਼ਾਮਲ ਕਰੀ ਜਾਣਾ ਦਸਦਾ ਹੈ ਕਿ ਜਥੇਬੰਦਕ ਸੂਝ ਦੀ ਅਨਹੋਂਦ ਨਹੀਂ ਸੀ। ਕਰਤਾਰ ਸਿੰਘ ਸਰਾਭਾ, ਯੁਵਕ ਪ੍ਰਤਿਭਾ ਦਾ ਹੀ ਪ੍ਰਤੀਕ ਨਹੀਂ ਸੀ—ਜੋ ਹਵਾਈ ਜਹਾਜ਼ਾਂ ਬਾਰੇ ਮੁਢਲੀ ਤੇ ਮੈਕਾਨਕੀ ਸਿਖਿਆ ਪ੍ਰਾਪਤ ਕਰਕੇ ਆਇਆ ਸੀ—ਸਗੋਂ ਉਸ ਦਾ ਅਤੇ ਕੁਝ ਹੋਰ ਗਦਰੀਆਂ ਦਾ ਉਤਰੀ ਭਾਰਤ ਦੀ ਵਡੀ ਅਤੇ ਗਦਰ ਦੀ ਪ੍ਰਤੀਕ ਮੇਰਠ ਛਾਉਣੀ ਵਿਚ ਸੰਪਰਕ ਸਥਾਪਤ ਕਰਨਾ ਦਸਦਾ ਹੈ ਕਿ ਸਨੱਧ ਇਨਕਲਾਬ ਦੀ ਇਕ ਮਹਤਵਪੂਰਣ ਲੋੜ ਤੋਂ ਗਦਰ ਪਾਰਟੀ ਕਿੰਨੀ ਸੁਚੇਤ ਸੀ। ਜਰਮਨ ਤੇ ਜਾਪਾਨ ਆਦਿਕ ਸਰਕਾਰਾਂ ਨਾਲ ਰਣਨੀ-ਤਕ ਸੰਪਰਕ ਸਥਾਪਤ ਕਰਨ ਦੇ ਯਤਨਾਂ ਦੇ ਵੀ ਸੰਕੇਤ ਮਿਲਦੇ ਹਨ।

ਉਮਰ ਕੈਦਾਂ ਭੋਗ ਕੇ ਬਾਬੇ ਬਣ ਕੇ ਤੀਹਵਿਆ ਵਿਚ ਗਦਰ ਪਾਰਟੀ ਦੇ ਮੈਂਬਰਾਂ ਨੇ ਆਪਣੇ ਲੋਕਾ ਵਿਚ ਜਿਵੇਂ ਕਿਸਾਣ ਤੇ ਮਜਦੂਰ ਜਥੇਬੰਦੀਆਂ ਦੇ ਬੂਟੇ ਲਾਉਣ ਦਾ ਕੰਮ ਧੁਰ ਹੇਠਲੇ ਪੱਧਰ ਤੋਂ ਨੌਂ-ਜਵਾਨਾ ਵਾਗ ਕਰਨਾ ਆਰੰਭਿਆ ਉਸ ਦੀ ਮਿਸਾਲ ਸਾਇਦ ਹੀ ਕਿਸੇ ਦੇਸ ਦੇ ਇਨਕਲਾਬੀਆ ਵਿਚ ਮਿਲਦੀ ਹੋਵੇ। ਅਕਾਲੀ ਅਤੇ ਕਾਂਗਰਸ ਪਾਰਟੀਆ ਦੇ ਲੋਕ ਹਿਤੈਸੀ ਤੇ ਖੱਬੇ-ਪੱਖੀ ਅਨਸਰਾ ਨਾਲ ਰਲ ਕੇ ਕਿਸਾਨ-ਮਜਦੂਰ ਅਤੇ ਕੌਮੀ ਹਿਤਾ ਵਿਚ ਕੰਮ ਕਰਦੇ ਲਗਪਗ ਸਾਰੇ ਗਦਰੀ ਬਾਬੇ ਆਜਾਦੀ ਪ੍ਰਾਪਤੀ ਦੇ ਸਮੇਂ ਤਕ ਕਮਿਊਨਿਸਟ ਵਿਚਾਰਧਾਰਾ ਅਤੇ ਲਹਿਰ ਨਾਲ ਜਾ ਜੁੜੇ ਸਨ। ਗਦਰ ਪਾਰਟੀ ਦਾ ਇਤਹਾਸ ਅਸਲ ਵਿਚ ਗਰੀਬ ਤੇ ਗੁਲਾਮ ਦੇ ਜੁਝਾਰ ਧਰਮ ਤੋਂ ਚਲ ਕੇ ਦੇਸ ਭਗਤੀ ਅਤੇ ਵਿਗਿਆਨਕ ਮਾਨਵ-ਤਾਵਾਦ ਤਕ ਪਹੁੰਚਣ ਦੇ ਪੂਰੇ ਵਿਕਾਸ ਦਾ ਪ੍ਰਤੀਕ ਹੈ।

ਜਿਸ ਸਮੇਂ ਸਿਖੀ ਨੂੰ ਨਿਜੀ ਸੁਖ ਅਤੇ ਮੁਕਤੀ ਦਾ ਸਾਧਨ ਸਮਝਿਆ ਜਾ ਰਿਹਾ ਸੀ ਉਸ ਸਮੇਂ ਗਦਰੀ ਇਨਕਲਾਬੀ ਘਰ ਬਾਹਰ ਤੋਂ ਵਿਰਕਤ ਹੋ ਸਿਖ ਸਮਾਜ ਸਮੇਤ ਪੂਰੇ ਦੇਸ ਨੂੰ ਵਡਾ ਗੁਰਦੁਆਰਾ ਸਮਝ ਕੇ ਇਸ ਦੀ ਸੁਤੰਤਰਤਾ ਲਈ ਜਾਨਾਂ ਹੂਲ ਰਹੇ ਸਨ, ਸਿਖ ਸਰੂਪ ਦੇ ਨਾਲ ਅੰਤਮ ਸਵਾਸਾ ਤਕ ਨਿਭ ਕੇ ਵੀ ਅਕਾਲ ਤਖਤ ਜਹੇ ਮੁਖ ਧਾਰਮਿਕ ਸਥਾਨਾ ਤੋਂ ਪਤਿਤ ਅਖਵਾ ਰਹੇ ਸਨ। ਗਦਰ ਪਾਰਟੀ ਦੇ ਅਮਲਾਂ ਨੇ ਇਹ ਸਿਧ ਕਰ ਦਿਖਾਇਆ ਹੈ ਕਿ ਕਦੇ ਅਧਰਮ, ਧਰਮ ਦਾ ਮਖੌਟਾ ਚੜਾ ਕੇ ਧਰਮ ਦੇ ਤਖਤ ਉਪਰ ਚੜ੍ਹ ਕੇ ਧਰਮੀ ਲੋਕਾਂ ਨੂੰ ਹੀ ਪਤਿਤ ਹੋਣ ਦੇ ਫਤਵੇ ਦੇ ਅਤੇ ਹੁਕਮਨਾਮੇ ਦੀ ਪ੍ਰਥਾ ਨੂੰ ਸ਼ਰਮਸਾਰ ਕਰ

ਸਕਦਾ ਹੈ।

**ਜੌਹਰ ਦੀ ਰਸਮ ਅਦਾ ਕਰਨ ਵਾਲੇ ਬਬਰ ਅਕਾਲੀ** :—ਸਮਾਜਕ ਲਹਿਰ ਵਿਚ ਜਦੋਂ ਖਲੋਤ ਆ ਜਾਏ ਤਾਂ ਕਦੇ ਸਮਾਨਾਂਤਰ ਉਗਰ ਛਲ ਵੀ ਪੈਦਾ ਹੋ ਜਾਂਦੀ ਹੈ। ਬਬਰ ਅਕਾਲੀ ਵੀ ਅਜਿਹੀ ਖਲੋਤ ਦਾ ਪ੍ਰਤੀਕਰਮ ਸਨ ਜੋ ਸਿਖ ਸਮਾਜ ਵਿਚ ਜੁਝਾਰਪਣ ਲਿਆਉਣ ਲਈ ਜੂਝ ਪਏ । ਲੋਕ-ਆਧਾਰ ਨਾ ਹੋਣ ਕਾਰਣ ਹੁਸ਼ਿਆਰਪੁਰ, ਜਲੰਧਰ ਤੇ ਕੁਝ ਕੁ ਹੋਰ ਇਲਾਕਿਆਂ 'ਚ ਸਰਗਰਮ ਹੁੰਦਿਆਂ ਹੀ ਸਥਾਨਕ ਅਫਸਰਸ਼ਾਹੀ ਅਤੇ ਮੁਖਬਰਾਂ ਦੀ ਨਜ਼ਰੇ ਚੜ੍ਹ ਗਏ। ਸਨਧਬੱਧ ਮੁਕਾਬਲਿਆਂ ਵਿਚ ਫੜੇ ਤੇ ਮਾਰੇ ਗਏ । ਭੇੜ ਦਾ ਰੁਖ ਪੁਲਿਸ ਅਤੇ ਦਿਸਦੇ ਮੁਖਬਰਾਂ ਵਲ ਮੁੜ ਗਿਆ ਪਰ ਇਹ ਕਦੇ ਨਿੱਜੀ ਵੈਰ ਤੇ ਬਦਲੇ ਦੇ ਪੱਧਰ ਵੱਲ ਨਹੀਂ ਢਲਿਆ। ਜੁਝਾਰੂ ਵਿਚਾਰ ਜਥੇਬੰਦ ਤਾਂ ਹੋਏ ਪਰ ਲਹਿਰ ਦਾ ਰੂਪ ਨਹੀਂ ਲੈ ਸਕੇ, ਸਿਖ ਸਿਆਸਤ ਲਈ ਵਕਤੀ ਸਚੇਤਕ ਬਣ ਕੇ ਆਪਣੀ ਅਉਧ ਪੁਗਾ ਗਏ ; ਕਦੇ ਸੌੜ-ਨਜ਼ਰੀ ਵਿਚ ਨਹੀਂ ਪਏ।

# 12. ਸਿੰਘ ਸਭਾ, ਅਕਾਲੀ ਲਹਿਰ; ਸਿਖ ਰਾਜਨੀਤੀ

ਸਮਾਜਿਕ ਪਰਿਪੇਖ ਨਾਲੋਂ ਤੋੜ ਕੇ, ਤੁਲਨਾਤਮਕ ਵਰਤਾਰਿਆਂ ਅਤੇ ਸੰਦਰਭ ਨਾਲੋਂ ਨਖੇੜ ਕੇ ਜਦੋਂ ਵੀ ਇਤਿਹਾਸਕ ਵਰਤਾਰੇ ਅਤੇ ਵਰਤਮਾਨ ਪ੍ਰਸਥਿਤੀਆ ਨੂੰ ਦੇਖਿਆ ਜਾਂਦਾ ਹੈ, ਦ੍ਰਿਸ਼ਟੀਕੋਣ ਸੰਕੀਰਣ ਹੁੰਦਾ ਜਾਂਦਾ ਹੈ। ਸਿੰਘ ਸਭਾ ਅਤੇ ਅਕਾਲੀ ਲਹਿਰਾਂ ਨੂੰ ਵੀ ਬਹੁਤਾ ਇੰਜੇ ਦੇਖਿਆ ਗਿਆ ਹੈ, ਜਿਵੇਂ ਇਹ ਕੇਵਲ ਸਿਖ ਹਿਰਦੇ ਜਾਂ ਸਿਖ ਜਨਤਾ ਦੀ ਉਪਜ ਹੋਣ। ਇੰਜ ਹੀ 'ਸਿਖ ਰਾਜਨੀਤੀ' ਦੇ ਅਰਥ ਲੀਤੇ ਜਾਂਦੇ ਹਨ।

ਸਚ ਇਹ ਹੈ ਕਿ ਸਿੰਘ ਸਭਾ ਲਹਿਰ, ਸੁਤੰਤਰਤਾ ਸੰਗਰਾਮ ਦੇ ਸਮਾਨਾਂਤਰ ਚਲ ਰਹੀਆਂ ਧਰਮ ਪੁਨਰ-ਜਾਗ੍ਰਤੀ ਲਹਿਰਾਂ ਦੇ ਨਾਲ ਨਾਲ ਚਲ ਰਹੀ ਲਹਿਰ ਸੀ ਜੋ ਸਮਾਜ ਸੁਧਾਰ ਤੋਂ ਚਲ ਕੇ ਵਿਦਿਆ ਅਤੇ ਸਾਹਿਤ ਨਾਲ ਜਾ ਛੋਹੀ। ਇੰਜ ਹੀ, ਇਹ ਵੀ ਸੱਚ ਹੈ ਕਿ ਅਕਾਲੀ ਲਹਿਰ ਗੁਰਦੁਆਰਿਆਂ ਵਿਚ ਭ੍ਰਿਸ਼ਟਾਚਾਰ ਨੂੰ ਸੋਧ ਕੇ ਗੁਰਮਰਯਾਦਾ ਸਥਾਪਤ ਕਰਨ ਦੇ ਆਸ਼ੇ ਨਾਲ ਆਰੰਭ ਹੋ ਕੇ ਰਾਜਨੀਤੀ ਦੇ ਪਿੜ ਵਿਚ ਆਣ ਉਤਰੀ। ਇਸ ਵਿਕਾਸ ਦੇ ਕਾਰਣ ਪੂਰੇ ਭਾਰਤ ਦੇ ਸੰਦਰਭ ਵਿਚ ਪੰਜਾਬ ਦੇ ਵਿਸ਼ੇਸ਼ ਆਰਥਕ, ਸਮਾਜਕ ਅਤੇ ਰਾਜਨੀਤਕ ਕਾਰਣ ਹਨ ਜੋ ਦੋਹਾਂ ਹੀ ਲਹਿਰਾਂ ਵਿਚ ਪੰਜਾਬ ਦੀ ਨਵ ਸ਼੍ਰੇਣੀ-ਵੰਡ ਅਨੁਸਾਰ ਵਖ ਵਖ ਨੀਤੀਆਂ ਤੇ ਰੁਚੀਆਂ-ਕਰੁਚੀਆਂ ਦੇ ਰੂਪ ਵਿਚ ਪ੍ਰਗਟ ਹੋਏ ਹਨ।

ਵਿਵੇਕਾਨੰਦ ਦੇ ਵੇਦਾਂਤਕ ਭਾਂਤ ਦੇ ਮਾਨਵਤਾਵਾਦ ਤੋਂ ਲੈਕੇ ਹਰਦਿਆਲ ਦੀ

ਸਰਗਰਮ ਤੇ ਖਾੜਕੂ ਕੌਮ ਪ੍ਰਸਤੀ ਦੀਆਂ ਵਿਚਾਰ ਧਾਰਨਾਵਾਂ ਦਾ ਪ੍ਰਚਾਰ ਤਾਂ ਦੇਸ-ਬਦੇਸ ਵਿਚ ਹੋ ਹੀ ਚੁਕਾ ਸੀ, ਨਾਲ ਹੀ ਬੰਦੇ ਮਾਤ੍ਰਮ (ਬੰਗਾਲ), ਆਰੀਆ ਸਮਾਜ (ਗੁਜਰਾਤ ਤੋਂ ਪੰਜਾਬ) ਅਤ ਗਨੇਸ਼ ਪੂਜਾ (ਮਹਾਰਾਸ਼ਟਰ) ਵਿਚ ਅਜਿਹੀਆ ਲਹਿਰਾਂ ਸਨ ਜੋ ਧਾਰਮਿਕ ਪੁਨਰ-ਜਾਗ੍ਰਤੀ ਦਿਸਦੀਆਂ ਹੋਈਆਂ ਤਤਪਰ ਕੌਮ ਪ੍ਰਸਤੀ ਵਲ ਮੁੜ ਰਹੀਆ ਸਨ। ਏਨਾ ਹੀ ਨਹੀਂ ਇਸਲਾਮ ਵਿਚ ਇਜਤਹਾਦ ਦੇ ਭਰਪੂਰ ਵਿਅਕਤੀਗਤ (ਮੌਲਾਨਾ ਅਬੁੱਲ ਕਲਾਮ ਆਜ਼ਾਦ) ਅਤੇ ਸੰਸਥਾਗਿਤ (ਦਾਰ-ਉਲ-ਉਲੂਮ; ਦਿਉਬੰਦ) ਯਤਨ ਹੋ ਰਹੇ ਸਨ। ਪੰਜਾਬ ਦੇ ਵਿਸ਼ੇਸ਼ ਹਾਲਾਤ ਵਿਚੋਂ ਇਨ੍ਹਾਂ ਦੇ ਸਮਾਨਾਤਰ, ਸਿੰਘ ਸਭਾ ਤੇ ਅਕਾਲੀ ਲਹਿਰਾਂ ਨੇ ਜਨਮ ਲਿਆ।

**ਦੇਸ ਤੇ ਪੰਜਾਬ ਦੇ ਹਾਲਾਤ** :—ਭਾਵੇਂ ਸੰਨ 1900 ਵਿਚ ਵਿਆਜੜੀਏ ਸ਼ਾਹੂਕਾਰਾ ਵਲੋਂ ਕਰਜ਼ਦਾਰ ਕਿਸਾਣੀ ਦੀ ਅੰਨ੍ਹੀ ਲੁਟ ਘਸੁਟ ਨੂੰ ਠਲ੍ਹ ਪਾਉਣ ਲਈ ਸਰਕਾਰ ਨੇ ਗੈਰ-ਕਾਸ਼ਤਕਾਰ-ਸ਼੍ਰੇਣੀਆਂ ਦੀ ਜ਼ਮੀਨੀ ਮਲਕੀਅਤ ਬਾਰੇ ਬਿੱਲ ਪਾਸ ਕਰ ਦਿਤਾ ਸੀ ਪਰ ਇਸ ਦਾ ਕੋਈ ਪ੍ਰਭਾਵ ਨਹੀਂ ਪਿਆ। ਸੰਨ 1911 ਵਿਚ ਕਿਸਾਨਾਂ ਸਿਰ ਜਿੰਨਾ ਕਰਜ਼ਾ ਸੀ ਉਹ ਵਿਆਜ ਪਾ ਕੇ 1925 ਤਕ ਦੁਗਣਾ ਹੋ ਗਿਆ ਸੀ। (ਸਿਖ ਵੀ ਸਿਖਾ ਨੂੰ ਕਰਜ਼ਾ ਦਿੰਦੇ ਸਨ)। ਅਤੇ ਇਸ ਸਮੇਂ ਦੌਰਾਨ ਹਲ-ਵਾਹਕ (ਮੁਜ਼ਾਰੇ) ਕਿਸਾਨਾ ਦੀ ਗਿਣਤੀ 66 ਪ੍ਰਤੀਸ਼ਤ ਤੋਂ ਵਧ ਕੇ 72 ਪ੍ਰਤੀ ਸੈਂਕੜਾ ਹੋ ਗਈ ਸੀ। ਪੰਜਾਬ, ਖਾਸ ਕਰ ਪੂਰਬੀ ਪੰਜਾਬ ਵਿਚ ਜ਼ਮੀਨਾਂ ਦੀ ਵੰਡ-ਦਰ-ਵੰਡ ਨਾਲ ਔਖ ਵਧ ਗਈ ਸੀ। ਸੋਕੇ ਤੇ ਮਹਾਮਾਰੀਆਂ ਵਧ ਰਹੀਆਂ ਸਨ। ਪਲੇਗ ਨਾਲ 1908 ਤਕ ਭਾਰਤ ਵਿਚ 60 ਲਖ ਲੋਕ ਮਾਰੇ ਗਏ ਸਨ। 1918-19 ਅਤੇ 1920-21 ਵਿਚ ਪੰਜਾਬ ਦੀਆਂ ਫਸਲਾਂ ਬਹੁਤ ਤਬਾਹ ਹੋ ਗਈਆਂ ਸਨ ਅਤੇ ਦੇਸ ਵਿਚ ਇਨਫਲੂਐਂਜੇ ਨਾਲ, 1 ਕਰੋੜ 30 ਲਖ ਲੋਕ ਮਰੇ ਸਨ (ਇਹੋ ਸਾਲ ਅਕਾਲੀ ਲਹਿਰ ਦੇ ਚੜ੍ਹਤਲ ਦੇ ਸਨ)।

ਜਿਵੇਂ ਦਿਓਬੰਦ ਦੇ ਇਸਲਾਮੀ ਇਜਤਹਾਦ ਨੂੰ ਠਲ੍ਹ ਪਾਉਣ ਲਈ ਮੱਧ ਸ਼੍ਰੇਣੀਆ ਨੂੰ ਸਰਕਾਰੀ ਨੌਕਰੀਆਂ ਵਿਚ ਲਿਆਉਣ ਲਈ ਸਰ ਸੱਯਦ ਅਹਿਮਦ ਨੇ ਅਲੀਗੜ੍ਹ ਦੇ ਐਂਗਲੋ-ਮੁਹੰਮਡਨ ਕਾਲਜ ਦੀ ਨੀਂਹ ਰਖੀ ਸੀ ਲਗਪਗ ਉਸ ਦੇ ਸਮਾਨਾਂਤਰ ਸਿਖ ਰਜਵਾੜਿਆਂ ਤੇ ਰਈਸਸ਼ਾਹੀ ਵਲੋਂ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਖੋਲ ਦਿਤਾ ਗਿਆ। ਸਭਨਾਂ ਪੰਜਾਬੀਆਂ ਲਈ ਲਾਹੌਰ ਵਿਚ ਓਰੀਐਂਟਲ

ਕਾਲਜ ਪਹਿਲਾਂ ਹੀ ਖੁਲ੍ਹ ਚੁਕਾ ਸੀ ।

1906 ਵਿਚ ਬੰਗਾਲ ਵਿਚ ਸੁਦੇਸੀ ਲਹਿਰ ਚਲੀ ਤਾਂ ਉਸੇ ਵਰ੍ਹੇ ਅੰਗਰੇਜ਼ ਹਾਕਮਾਂ ਦੇ ਇਸ਼ਾਰੇ ਤੇ ਕੁਝ 'ਮੁਖੀ ਮੁਸਲਮਾਨਾਂ' ਨੇ 'ਜੁਦਾਗਾਨਾ ਨਿਆਬਤ' (ਸੰਪ੍ਰ-ਦਾਇ ਅਨੁਸਾਰ ਵੋਟ ਅਤੇ ਚੋਣ) ਦੀ ਮੰਗ ਕੀਤੀ । ਸੰਨ 1907 ਵਿਚ ਸ੍ਰ: ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਉਨ੍ਹਾਂ ਪ੍ਰਦਰਸ਼ਨਾਂ-ਹੜਤਾਲਾਂ ਵਿਚ ਸ਼ਾਮਲ ਸਨ ਜਿਹੜੀਆਂ ਪੰਜਾਬ ਵਿਚ ਹੋਈਆਂ ਤੇ ਰਾਵਲਪਿੰਡੀ ਵਿਚ ਜਿਨ੍ਹਾਂ ਹਿੰਸਕ ਰੂਪ ਲਿਆ ।

1915-17 ਵਿਚ ਪਹਿਲੀ ਸੰਸਾਰ ਜੰਗ ਸਮੇਂ ਗ਼ਦਰ ਲਹਿਰ ਦੇ 5000 ਤੋਂ ਉਪਰ ਮੈਂਬਰ ਭਾਵੇਂ ਮਾਰੇ ਤੇ ਉਮਰ ਕੈਦ ਭੇਜੇ ਗਏ ਸਨ ਪਰ ਉਨ੍ਹਾਂ ਦੇ ਪ੍ਰਭਾਵ ਅਤੇ ਸੰਪਰਕ ਅਜੇ ਜਿਉਂਦੇ ਸਨ । ਮਿੰਟੋ-ਮਾਰਲੇ ਚੋਣ-ਢੰਗ ਨੇ ਬਾਲਗ ਵਸੋਂ ਵਿਚੋਂ 0.2 ਪ੍ਰਤੀ ਸੈਂਕੜਾ (ਅਰਥਾਤ ਹਜ਼ਾਰ ਪਿਛੇ ਦੋ) ਬਾਲਗਾਂ ਨੂੰ ਵੋਟ ਦਾ ਅਧਿਕਾਰ ਦਿਤਾ ਸੀ, ਮੂੰਹ ਬੰਦ ਕਰਨ ਲਈ 1919 ਵਿਚ 'ਮਾਂਟੇਗੋ-ਚੈਮਸਫੋਰਡ ਸੁਧਾਰਾਂ' ਜਾਂ ਗਵਰਨਮੈਂਟ ਆਫ ਇੰਡੀਆ ਐਕਟ ਅਨੁਸਾਰ ; ਰੁਣ ਵਧਾ ਕੇ ਕੇਂਦਰੀ ਲੈਜਿਸ-ਲੇਟਿਵ ਅਸੈਂਬਲੀ ਵਿਚ 3 ਪ੍ਰਤੀ ਸੈਂਕੜਾ ਕਰ ਦਿਤਾ ਗਿਆ । ਇਹ ਵੋਟਰ ਜਾਂ ਚੋਣਕਾਰ ਧੁਰ ਉਪਰਲੀ ਸ਼੍ਰੇਣੀ ਦੇ ਹੀ ਹੋ ਸਕਦੇ ਸਨ ।

ਅਹਿੰਸਕ ਸੁਦੇਸੀ ਲਹਿਰ 1906 ਤੋਂ ਕਦੇ ਕਿਤੇ, ਕਦੇ ਕਿਤੇ ਭਲਦੀ ਤੇ ਮੱਠੀ ਪੈਂਦੀ ਰਹੀ ਸੀ । ਨਾਲ ਹੀ ਕਿਰਤੀਆਂ ਦੀਆਂ ਹੜਤਾਲਾਂ ਵੀ ਚਲ ਰਹੀਆਂ ਸਨ ਜਿਨ੍ਹਾਂ ਦੀ ਟੇਕ ਆਰਥਕ ਨਾਲੋਂ ਵਧ ਰਾਜਨੀਤਕ ਆਸ਼ਿਆਂ ਉਪਰ ਸੀ । ਸੰਨ 1919 ਵਿਚ ਭਾਰਤ ਵਿਖੇ 19 ਹੜਤਾਲਾਂ ਹੋਈਆਂ ਸਨ; 1920 ਵਿਚ ਇਹ 200 ਹੋ ਗਈਆਂ ਅਤੇ 1921 ਵਿਚ ਗਿਣਤੀ 400 ਤਕ ਪਹੁੰਚ ਗਈ। ਅਕਾਲੀ ਲਹਿਰ ਦੇ ਗੁਰਦੁਆਰਾ ਸੁਧਾਰ ਸਮੇਂ ਦੀ ਚੜ੍ਹਤਲ ਤੋਂ ਕੇਵਲ ਸਾਲ-ਡੇਢ ਪਹਿਲਾਂ ਪੰਜਾਬ ਸੁਦੇਸੀ ਅਤੇ ਅਸਹਿਯੋਗ ਅੰਦੋਲਨ ਦਾ ਅਜਿਹਾ ਰਣ-ਤੱਤਾ ਬਣਿਆ ਕਿ 13 ਅਪ੍ਰੈਲ 1919 ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਦਾ ਨਿਰਦਈ ਕਤਲਾਮ ਹੋਇਆ। ਇਨ੍ਹਾਂ ਹਾਲਤਾਂ ਦੀ ਜਾਣਕਾਰੀ ਸਿੰਘ ਸਭਾ ਤੇ ਅਕਾਲੀ ਲਹਿਰ ਨੂੰ ਭਾਵੇਂ ਹੋਵੇ ਜਾਂ ਨਾ, ਸਰਕਾਰ ਨੂੰ ਜ਼ਰੂਰ ਸੀ ।

ਸਪਸ਼ਟ ਹੈ ਕਿ ਵੀਹਵੀਂ ਸਦੀ ਦੇ ਦੂਜੇ ਦਹਾਕੇ ਤਕ ਪੰਜਾਬ ਅਤੇ ਸਿਖ

ਸਮਾਜ ਵਿਚ ਸ਼੍ਰੇਣੀ-ਵੰਡ ਪੱਕੀ ਹੋ ਚੁਕੀ ਸੀ, ਸ਼੍ਰੇਣੀ-ਹਿਤ ਦਿਤਵੇ-ਦਿਤਾਰੇ ਜਾ ਰਹੇ ਸਨ । ਵਖ ਵਖ ਨੀਤੀਆਂ ਆਪੋ ਆਪਣੀ ਨੁਹਾਰ ਨਿਖਾਰ ਰਹੀਆਂ ਸਨ ਅਤੇ ਸਮਾਜ ਸੁਧਾਰ ਤੋਂ ਲੈ ਕੇ ਸਮਾਜ ਨੂੰ ਬਦਲਣ ਦੇ ਆਸ਼ਿਆਂ ਤੇ ਯਤਨਾਂ ਵਿਚ ਖਹਿ-ਘਸਰ ਕੇ ਅਗੇ ਵਧ ਰਹੀਆਂ ਸਨ । ਰਤਾ ਕੁ ਦੀਰਘ ਦ੍ਰਿਸ਼ਟੀ ਨਾਲ ਵੇਖਿਆਂ ਸਿੰਘ ਸਭਾ ਅਤੇ ਅਕਾਲੀ ਲਹਿਰਾਂ ਦੀਆਂ ਗਤੀਵਿਧੀਆਂ ਵਿਚ ਉਪ੍ਰੋਕਤ ਪ੍ਰਕਿਰਿਆ ਸਾਫ ਦਿਸਦੀ ਹੈ ।

## ਸਿੰਘ ਸਭਾ ਲਹਿਰ

ਜੇ ਲਹਿਰ ਦਾ ਅਰਥ ਉਹ ਪਰਕਿਰਿਆ ਹੈ ਜੋ ਲੋਕਾਂ ਨੂੰ ਵਿਚਾਰਾਂ ਤੋਂ ਲੈ ਕੇ ਅਮਲ ਤਕ ਜਥੇਬੰਦ ਕਰੇ ਤਾਂ ਸਿੰਘ ਸਭਾ ਨੂੰ ਲਹਿਰ ਕਿਹਾ ਜਾ ਸਕਦਾ ਹੈ । ਗੁਰਬਾਣੀ, ਇਤਿਹਾਸ ਅਤੇ ਸਿਖੀ ਦੀ ਜੀਵਣ-ਜਾਚ ਬਾਰੇ ਸਿੰਘ ਸਭਾਵਾਂ ਰਾਹੀਂ ਜੋ ਕੁਝ ਕਿਹਾ, ਕੀਤਾ ਤੇ ਲਿਖਿਆ ਗਿਆ, ਸੰਪ੍ਰਦਾਇ ਅਤੇ ਸਕੂਲੀ ਵਿਦਿਆ-ਖੇਤਰ ਵਿਚ ਜੋ ਕੁਝ ਕੀਤਾ ਗਿਆ ਉਸ ਤੋਂ ਉਮਾਹੇ ਜਾ ਕੇ ਇਸ ਨੂੰ 'ਗਿਆਨ ਮੁੜ ਸੁਰ-ਜੀਤ ਲਹਿਰ' (Renaissance) ਦਾ ਨਾਂ ਦਿਤਾ ਗਿਆ । ਸਿੰਘ ਸਭਾਵਾ ਅਧੀਨ ਸਿਖੀ ਜੀਵਣ-ਜਾਚ ਨੂੰ ਸਥਾਪਤ ਕਰਨ ਲਈ ਅੰਮ੍ਰਿਤ ਪਰਚਾਰ ਅਤੇ ਸ਼ਾਦੀ-ਗਮੀ ਆਦਿਕ ਦੇ ਅਵਸਰਾ ਤੇ ਜਿਹੜੇ ਸੁਧਾਰਕ ਯਤਨ ਕੀਤੇ ਗਏ ਉਹਨਾਂ ਨੂੰ ਮੁਖ ਰਖ ਕੇ ਇਸ ਨੂੰ ਗੁਰਮਤ ਲਹਿਰ ਵੀ ਕਿਹਾ ਜਾ ਸਕਦਾ ਹੈ । ਉਪ੍ਰੋਕਤ ਆਸ਼ਿਆਂ ਦੀ ਪੂਰਤੀ ਲਈ ਥਾਂ-ਥਾਂ ਸਿੰਘ ਸਭਾਵਾਂ ਜਥੇਬੰਦ ਹੋਈਆਂ । ਲਾਹੌਰ ਅਤੇ ਅੰਮ੍ਰਿਤਸਰ ਦੀਆਂ ਪ੍ਰਮੁਖ ਸਿੰਘ ਸਭਾਵਾ ਵਖ ਵਖ ਕੰਮ ਢੰਗਾਂ ਅਨੁਸਾਰ ਚਲਦੀਆਂ ਸਨ ।

**ਗੁਰਮਰਯਾਦਾ, ਪਵਿਤਰਤਾ ਤੋਂ ਨਵੇਕਲੇਪਣ ਵਲ :—** ਬ੍ਰਤਾਨਵੀ ਸਾਮਰਾਜ ਨੇ ਪੰਜ ਬ ਦੇ ਅਤਰਚਾਰੇ ਵਿਚ, ਸ਼੍ਰੇਣੀ-ਵੰਡ ਵਿਚ, ਤੈਹਾਂ ਤੇ ਤਬਕਿਆਂ ਦੀ ਚੱਕ-ਉਲੱਥ ਨਾਲ ਹੀ ਆਪਣੇ ਹਿਤ ਵਿਚ ਤਬਦੀਲੀਆਂ ਨਹੀਂ ਕੀਤੀਆਂ ਸਗੋਂ ਧਰਮ ਨਿਰਲੇਪਤਾ ਦੇ ਬੁਰਕੇ ਹੇਠ ਈਸਾਈ ਚਰਚ ਰਾਹੀਂ ਹਿੰਦੂ, ਮੁਸਲਿਮ ਅਤੇ ਸਿਖ ਸਮਾਜਾਂ ਦੇ ਦਲਿੱਤਾਂ ਨੂੰ ਬਿਪਤਸਮੇ (Baptisation) ਨਾਲ ਨਿੱਕ-ਰੁਜ਼ਗਾਰਾਂ ਰਾਹੀਂ ਇਕ ਹੋਰ ਢੰਗ ਨਾਲ ਸਮਾਜ ਵਿਚ ਵੰਡੀ ਪਾਉਣ ਦਾ ਯਤਨ ਕੀਤਾ । ਜਿਸ ਦੇ ਨਤੀਜੇ ਵਜੋਂ ਤਬਲੀਗ, ਸ਼ੁਧੀ ਅਤੇ ਅੰਮ੍ਰਿਤ-ਪਰਚਾਰ ਸਮਾਨਾਂਤਰ ਰੂਪ ਵਿਚ

ਆਰੰਭ ਹੋ ਗਏ । ਸਿਖੀ ਰਹੁ-ਰੀਤ ਵਿਚ ਜਾਤ-ਪਾਤੀ ਅਤੇ ਰਸਮਾਂ ਰੀਤਾਂ ਦੀ ਇਕ ਅਛੋਪਲੀ ਘੁਸਪੈਂਠ ਸਨਾਤਨੀ ਹਿੰਦੂ ਧਰਮ ਵਲੋਂ ਹੋ ਰਹੀ ਸੀ । ਹਿੰਦੂ ਧਰਮ ਦੇ ਆਪਣੇ ਅੰਦਰ ਬ੍ਰਾਹਮਣਵਾਦ ਵਿਰੋਧੀ ਜਿਹੜੀ ਲਹਿਰ ਆਰੀਆ ਸਮਾਜ ਦੀ ਆ ਰਹੀ ਸੀ ਉਹ ਵੀ ਅੰਮ੍ਰਿਤ-ਪਰਚਾਰ ਵਾਂਗ ਵੈਦਿਕ ਧਰਮ ਦੇ ਪਰਚਾਰ ਨਾਲ ਨਾ ਕੇਵਲ ਛੂਤ-ਛਾਤ ਦੇ ਬੰਧਨ ਤੋੜ ਕੇ ਦਲਿੱਤ ਹਿੰਦੂ ਵਰਗ ਨੂੰ ਇਸਾਈ ਬਣਨੋਂ ਰੋਕਦੀ ਸੀ ਸਗੋਂ ਬ੍ਰਾਹਮਣਵਾਦ ਦੀ ਜਕੜਬੰਦ ਵਿਚੋਂ ਮੁਕਤ ਕਰਨਾ ਚਾਹੁੰਦੀ ਸੀ । ਉਂਜ ਵੀ ਇਤਹਾਸਕ ਕਾਰਣਾ ਕਰਕੇ ਪੰਜਾਬ ਦੇ ਹਿੰਦੂਆਂ ਉਪਰ ਗੰਗਾ-ਜਮਨਾ ਦੇ ਮੈਦਾਨਾਂ ਦੇ ਬ੍ਰਾਹਮਣਵਾਦ ਵਰਗੀ ਪਕੜ ਨਹੀਂ ਸੀ । ਇਸੇ ਲਈ ਆਰੀਆ ਸਮਾਜ ਲਹਿਰ ਨੂੰ ਪੰਜਾਬ ਦੀ ਧਰਤੀ ਰਾਸ ਆਈ ਅਤੇ ਇਸ ਗਲ ਦੇ ਵੀ ਪ੍ਰਮਾਣ ਮਿਲਦੇ ਹਨ ਕਿ ਆਰੀਆ ਸਮਾਜ ਨੂੰ ਪਹਿਲੇ ਕੁਝ ਮੰਚ, ਸਿੰਘ ਸਭਾ ਨੇ ਪ੍ਰਦਾਨ ਕੀਤੇ । ਸਿੰਘ ਸਭਾਵਾਂ ਨੇ ਅੰਮ੍ਰਿਤ ਪਰਚਾਰ ਵੀ ਕੀਤਾ, ਵਿਆਹ-ਸ਼ਾਦੀ ਉਪਰ ਦਿਖਾਵੇ, ਅੱਯਾਸੀ ਅਤੇ ਨਸ਼ਿਆਂ ਵਿਰੁਧ ਗੁਰਮਤ ਦੇ ਨਾ ਹੇਠ ਪਵਿਤ੍ਰ ਤੇ ਸਾਦਾ ਜੀਵਣ-ਜਾਚ ਦਾ ਪਰਚਾਰ ਵੀ ਕੀਤਾ ਅਤੇ ਅਨਮਤ, ਮਨਮਤ, ਵਿਰੁਧ ਪ੍ਰਦਰਸ਼ਨ ਦਿਖਾਵੇ ਵੀ ਕੀਤੇ ।

ਦੂਜੇ ਪਾਸੇ, ਗੁਰਬਾਣੀ ਦੀ ਮਨਮਤੀ ਵਿਆਖਿਆਕਾਰੀ, ਜੋ ਨਿਰਮਲਪੰਥੀ, ਅੱਡਨਸ਼ਾਹੀ ਅਤੇ ਉਦਾਸੀ ਟੀਕਿਆਂ ਰਾਹੀਂ ਪ੍ਰਚਲਤ ਸੀ, ਦੇ ਟਾਕਰੇ ਤੇ ਵਖ ਵਖ ਬਾਣੀਆ ਅਤੇ ਸਮੁਚੇ ਗੁਰੂ ਗ੍ਰੰਥ ਦੀ ਬੀੜ ਦੇ ਰੂਪ ਵਿਚ ਸਟੀਕਾਂ ਲਿਖੀਆਂ ਗਈਆ ਤਾਂ ਜੋ ਗੁਰਬਾਣੀ ਦੇ ਸਬਦਾਰਥ-ਭਾਵਾਰਥ, ਪਾਠ ਦੇ ਅਨੁਸਾਰੀ ਅਤੇ ਬਾਹਰਮੁਖੀ ਹੋਣ । ਧਾਰਮਿਕ ਲਿਖਤਾਂ ਤੋਂ ਲੈ ਕੇ ਰਚਨਾਤਮਕ ਸਾਹਿਤ—ਕਵਿਤਾ, ਵਾਰਤਕ ਤੇ ਗਲਪ—ਤਕ ਦੇ ਪ੍ਰਕਾਸ਼ਣ ਹੋਏ । ਪਿਤਾ-ਪੁਰਖੀ ਤੋਂ ਵਧ ਆਧੁਨਿਕ ਪ੍ਰਣਾਲੀ ਦੀ ਵਿਦਿਆ ਅਤੇ ਇਸਤ੍ਰੀ-ਵਿਦਿਆ ਦੀ ਗਲ ਤੁਰੀ ।

ਸਿੰਘ ਸਭਾਵਾਂ ਕਈ ਸਨ । ਮੁਖ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸਨ । ਕਾਰਜ-ਖੇਤਰ, ਕਾਰਜ-ਪ੍ਰਣਾਲੀਆਂ ਅਤੇ ਸਿੱਟੇ ਵਜੋਂ ਆਸ਼ੇ ਤੇ ਉਦੇਸ਼ਾਂ ਵਿਚ ਫਰਕ ਵੀ ਹੋਵੇਗਾ । ਇਹ ਦੇਖਣਾ ਦਿਲਚਸਪ ਵੀ ਹੋਵੇਗਾ ਅਤੇ ਸਿਖ ਸਮਾਜ ਦੇ ਹਿਤੈਸੀਆਂ ਲਈ ਸਿਖਿਆਦਾਇਕ ਵੀ ਕਿ; ਕਿਉਂ ਸਮਾਨਾਂਤਰ ਚਲ ਰਹੇ ਸੁਧੀ ਅਤੇ ਅੰਮ੍ਰਿਤ-ਪਰਚਾਰ ਦੇ ਪ੍ਰੋਗਰਾਮ ਪਹਿਲਾਂ ਨਵੇਕਲੇ ਹੋਏ, ਫੇਰ ਵਖਰੇ ਤੇ ਫੇਰ ਆਹਮੋ-

ਸਾਮ੍ਹਣੇ ਹੋਕੇ ਤਕਰਾਰ 'ਚ ਆਏ? ਕਿਹੜੇ ਕਾਰਣਾਂ ਕਰਕੇ ਕਿਹੜੀ ਸਿੰਘ ਸਭਾ ਪਿਛੇ ਪੈ ਗਈ ਅਤੇ ਕਿਸ ਦਾ ਕਾਰਜ-ਖੇਤਰ ਵਿਸ਼ਾਲ ਹੋਇਆ ? ਭੁਲਣਾ ਨਹੀਂ ਚਾਹੀਦਾ ਕਿ ਆਰੀਆ ਸਮਾਜ ਦੀ ਇਕ ਧਿਰ ਗੁਰੂਕਲ ਸ਼ੈਲੀ ਦੀ ਵਿਦਿਆ ਅਤੇ ਕਾਰਜਾਂ ਵਲ ਰੁਚਿਤ ਹੋ ਕੇ ਪਿਛੇ ਪੈ ਗਈ ਅਤੇ ਦੂਜੀ ਡੀ. ਏ. ਵੀ. (ਦਇਆ ਨੰਦ ਆਯੁਰਵੇਦਕ) ਸਕੂਲਾਂ ਕਾਲਜਾਂ ਅਤੇ ਪਤ੍ਰ-ਪਤਰਕਾਵਾਂ ਦੀ ਲੜੀ ਰਾਹੀਂ ਇਕ ਧਾਰਮਿਕ-ਰਾਜਨੀਤਕ ਸ਼ਕਤੀ ਬਣੀ। ਇੰਜ ਹੀ ਇਹ ਵੀ ਗਲ ਵਿਚਾਰਨ ਯੋਗ ਹੈ ਕਿ ਗੁਰਮਯਾਦਾ ਸਥਾਪਤ ਕਰਦਿਆਂ ਸੰਯੁਕਤ ਪਜਾਬੀ ਸਭਿਆਚਾਰ ਦੇ ਖੇਤਰ ਵਿਚ ਨਖੇੜ ਦੀ ਨੀਂਹ ਰਖੀ ਗਈ। ਇਸ ਵਿਚ ਚੀਫ ਖਾਲਸਾ ਦੀਵਾਨ ਦੇ ਸ੍ਰੇਣੀ ਅਤੇ ਰਾਜਨੀਤਕ ਕਿਰਦਾਰ ਤੋਂ ਲੈ ਕੇ ਵਿਦਿਆ ਅਤੇ ਸਾਹਿਤ-ਖੇਤਰਾਂ ਵਿਚ ਉਸ ਦੀਆ ਗਤੀਵਿਧੀਆਂ ਅਤੇ ਉਪਲਬਧੀਆਂ ਨੂੰ ਵਿਸ਼ਲੇਸ਼ਣਾਤਮਿਕ ਦ੍ਰਿਸ਼ਟੀ ਨਾਲ ਦੇਖਣ ਦੀ ਲੋੜ ਹੈ। ਏਨਾ ਹੀ ਨਹੀਂ ਵਿਦਿਆ ਤੇ ਸਾਹਿਤ ਖੇਤਰਾਂ ਵਿਚ ਚੀਫ-ਖਾਲਸਾ ਦੀਵਾਨ ਦਾ ਅੰਤਰ-ਦਵੰਦ ਕਿਵੇਂ ਸੂਖਮ ਰੂਪ ਵਿਚ ਉਭਰ ਰਿਹਾ ਸੀ—ਜੇ ਦੇਖਣਾ ਹੋਵੇ ਤਾਂ ਭਾਈ ਵੀਰ ਸਿੰਘ ਦੇ ਆਦਰਸ਼ਿਆਏ ਤੋਂ ਲੈ ਕੇ ਕਲਿਆਣਕਾਰੀ-ਸਾਮੰਤ (Benovolent Despot) ਸਿਖ ਨਾਇਕਾਵਾਂ ਤੇ ਨਾਇਕਾ ਅਤੇ ਭਾਈ ਮੋਹਨ ਸਿੰਘ ਵੈਦ ਦੇ ਧਰਮ ਤੇ ਸੂਬੇ ਤੋਂ ਬਾਹਰ ਦੇ ਬਾਹਰਮੁਖੀ ਪਾਤਰਾ ਅਤੇ ਸਮਸਿਆਵਾ ਨੂੰ ਦੋਹਾਂ ਜਥੇਬੰਦਕ ਵੀ (ਚੀਫ ਖਾਲਸਾ ਦੀਵਾਨ) ਅਤੇ ਨਿਜੀ ਨਿਕਟਵਰਤੀਆਂ ਦੇ ਰਚੇ ਨਾਵਲਾਂ ਨੂੰ ਪੜ੍ਹਨਾ-ਪੜਤਾਲਣਾ ਚਾਹੀਦਾ ਹੈ।

ਕੁਲ ਮਿਲਾ ਕੇ ਸਿੰਘ ਸਭਾ ਲਹਿਰ ਨੇ ਸਦੀ ਦੇ ਅਰੰਭ ਤੋਂ ਲੈ ਕੇ ਦੂਜੇ ਦਹਾਕੇ ਤਕ ਗੁਰਮਤ ਵੱਲ ਮੁੜਨ ਲਈ ਮਾਨਸਿਕ ਜ਼ਮੀਨ ਤਿਆਰ ਕੀਤੀ, ਮੱਧ-ਸ੍ਰੇਣੀ ਦੀ ਹਾਕਮਾ ਨਾਲ ਮਿਲਵਰਤਨੀ ਲੋੜਾਂ ਲਈ ਵਿਦਿਆ-ਪਰਸਾਰ ਦੇ ਯਤਨ ਕੀਤੇ, ਲਿਖਤਾ ਤੇ ਸਾਹਿਤ ਨਾਲ ਬੌਧਿਕ-ਸਭਿਆਚਾਰ ਵਲ ਮੁਹਾਰਾਂ ਮੋੜੀਆਂ ਅਤੇ ਅਕਾਲੀ ਲਹਿਰ ਦੀ ਸਫਲਤਾ ਮਗਰੋਂ ਧਰਮ ਅਤੇ ਰਾਜਨੀਤੀ ਦੇ ਖੇਤਰਾਂ ਵਿਚ ਵਿਸ਼ੇਸ਼ ਪ੍ਰਕਾਰ ਦੇ ਸਿਧਾਂਤੀਕਰਨ ਦਾ ਰਾਹ ਪਧਰਾਇਆ। ਸਿੰਘ ਸਭਾ ਲਹਿਰ ਨੇ ਸਰਬ-ਵਿਆਪੀ ਦੀ ਥਾਂ ਅਜਿਹੀ ਸਿੱਖੀ ਨੂੰ ਚਿਤਵਿਆ ਜਿਸ ਨੇ ਫੈਲਣ ਦੀ ਥਾਂ ਸੰਕੁਚਿਤ ਤੋਂ ਸੰਕੀਰਣ ਹੁੰਦੇ ਜਾਣਾ ਸੀ।

# ਅਕਾਲੀ ਲਹਿਰ

ਪਰੰਪਰਾਗਤ ਇਤਿਹਾਸ ਲੇਖਣੀ ਅਨੁਸਾਰ ਵੀਹਵੀਂ ਸਦੀ ਦੇ ਆਰੰਭ ਤਕ ਮੁਖ ਗੁਰਦੁਆਰਿਆਂ ਉਪਰ ਮਹੰਤਾ ਦਾ ਕਬਜ਼ਾ ਪੱਕਾ ਹੋ ਚੁਕਾ ਸੀ । ਅਕਾਲੀ ਮੋਰਚੇ ਤੋਂ ਪਹਿਲਾ ਗੁਰਦੁਆਰਿਆਂ ਦੀਆਂ ਮਲਕੀਅਤਾਂ ਜਾਗੀਰਾਂ ਅਤੇ ਚੜ੍ਹਾਵੇ ਦੇ ਸਿਰ ਤੇ ਇਹ ਮਹੰਤ ਪੁਜਾਰੀ ਆਪ ਹੀ ਅੱਯਾਸ਼ ਤੇ ਭ੍ਰਸ਼ਟ ਨਹੀਂ ਸਨ ਹੋ ਚੁਕੇ ਸਗੋਂ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਮਰਯਾਦਾ ਨੂੰ ਵੀ ਭ੍ਰਸ਼ਟ ਕਰ ਰਹੇ ਸਨ । ਕੁਝ ਮਹੰਤ ਵੇਸ਼ੀਆ ਗਮਨੀ ਹੀ ਨਹੀਂ ਸਨ ਕਰਦੇ ਸਗੋਂ ਯਾਤਰੀ ਇਸਤਰੀਆਂ ਦੀ ਪੱਤ ਲੁਟਣੋਂ ਦਰੇਗ ਨਹੀਂ ਸਨ ਕਰਦੇ । ਇਨ੍ਹਾਂ ਨੇ ਗੁੰਡੇ ਹੀ ਭਾੜੇ ਤੇ ਨਹੀਂ ਸਨ ਕੀਤੇ ਹੁੰਦੇ ਸਗੋਂ ਸਥਾਨਕ ਅਫਸਰਾਂ ਨੂੰ ਗੰਢਿਆ ਹੋਇਆ ਸੀ ਅਤੇ ਹੋਰ ਉਪਰ ਵੀ ਪਹੁੰਚ ਬਣਾਈ ਹੋਈ ਸੀ । 1920 ਵਿਚ ਗੁਰਦੁਆਰਾ ਨਨਕਾਣਾ ਦੇ ਮਹੰਤ ਨਰਾਇਣ ਦਾਸ ਦੀ ਬਦਕਾਰੀ ਅਤੇ ਭ੍ਰਸ਼ਟ ਪ੍ਰਬੰਧ ਵਿਰੁਧ ਰੋਸ ਪ੍ਰਗਟ ਕਰਨ ਲਈ ਗਏ ਸਿਖਾਂ ਨੂੰ ਬੜੀ ਬੇਤਰਸੀ ਨਾਲ ਮਾਰਿਆ ਗਿਆ ਅਤੇ ਸਾੜਿਆ ਗਿਆ । ਮੁਕੱਦਮਾ ਚਲਿਆ ਅਤੇ ਨਰਾਇਣ ਦਾਸ ਨੂੰ ਹਟਾ ਦਿਤਾ ਗਿਆ । ਇਸ ਤੋਂ ਮਗਰੋਂ 1921 ਵਿਚ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਗੁਰਦੁਆਰਿਆਂ ਦੇ ਸਰਬਰਾਹ, ਅਰੂੜ ਸਿੰਘ ਨਾਲ ਭੇੜ ਹੋ ਗਿਆ, ਗੁਰਦੁਆਰੇ ਦਾ (ਕਬਜ਼ਾ ਲੈਣ ਲਈ) 'ਚਾਬੀਆਂ ਦੇ ਮੋਰਚਾ' ਲਗਾ ਅਤੇ ਨਾਲ ਹੀ ਜੈਤੋਂ ਦਾ ਮੋਰਚਾ ਵੀ ਜਿਸ ਵਿਚ ਸਿਖ ਜਥਿਆਂ ਦੇ ਅਹਿੰਸਕ ਸਿਰੜ ਅਤੇ ਪੁਲਸੀ ਹਿੰਸਾ ਨੂੰ ਦੇਖ ਕੇ ਕੌਮੀ ਨੇਤਾ ਅਸ਼ ਅਸ਼ ਕਰ ਉਠੇ । ਜਿੱਤ ਮਗਰੋਂ 1923 ਵਿਚ ਗੁਰਦੁਆਰਾ ਬਿਲ (ਮਗਰੋਂ ਐਕਟ) ਪਾਸ ਹੋਣ ਨਾਲ ਸਭਨਾ ਗੁਰਦੁਆਰਿਆਂ ਉਪਰ ਸਿਖ ਪੰਥ ਦਾ ਵਸੀਕਾਰ ਹੋ ਗਿਆ । ਅਜਿਹੇ ਮੋਰਚਿਆਂ ਅਤ ਧਰਮ ਸਥਾਨਾਂ ਉਪਰ ਕਿਸੇ ਮਜ਼੍ਹਬ ਦੇ ਸਮੂਹਿਕ ਕਬਜ਼ੇ ਦੀ ਮਿਸਾਲ ਕਿਤੇ ਨਹੀਂ ਮਿਲਦੀ । ਇਹ ਅਕਾਲੀ ਮੋਰਚਿਆਂ ਦਾ ਸੱਚਾ ਪਰ ਸਤਹੀ ਇਤਿਹਾਸ ਹੈ ਜੋ ਸਾਮਰਾਜੀ ਚਾਲਾਂ, ਮੋਰਚਿਆਂ ਦੀ ਬੁਣਤਰ, ਲੱਛਣੀ ਸੇਧ ਅਤੇ ਸਮਾਜਕ ਰੋਲ ਨੂੰ ਅੱਖੋਂ ਓਹਲੇ ਕਰਦਾ ਹੈ ।

**ਅਕਾਲੀ ਮੋਰਚੇ : ਸਿਖ ਸਮਾਜਕ ਚੇਤਨਾ :-** ਨਨਕਾਣੇ ਦੇ ਸਾਕੇ ਵਿਚ ਮਹੰਤ ਤਾਂ ਨਿੱਜੀ ਹਿਤਾਂ ਪ੍ਰਤੀ ਅਤੇ ਸ਼ਹੀਦ ਹੋਣ ਵਾਲੇ ਸਿਖ ਧਾਰਮਿਕ ਕਰਤੱਵ ਪ੍ਰਤੀ ਸੁਚੇਤ ਸਨ ਪਰ ਇਸ ਸਾਕੇ ਨਾਲ ਸਿਖ ਪ੍ਰਬੁਧਤਾ (Rationale) ਨੂੰ ਸਮਝ

ਆਈ ਕਿ ਬ੍ਰਤਾਨਵੀ ਸਾਮਰਾਜ ਦੀ ਸ਼ਤਰੰਜ ਵਿਚ ਮਹੰਤ ਨਰਾਇਣ ਦਾਸ ਤਾਂ ਕੇਵਲ ਇਕ ਪਿਆਦਾ ਸੀ ਜੋ ਜਨਤਕ ਉਭਾਰ ਨੇ ਅਚੇਤ ਹੀ ਮਾਰ ਲਿਆ ਸੀ। ਜਿਉਂ ਹੀ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਗੁਰਦੁਆਰਿਆਂ ਦੇ ਭ੍ਰਸ਼ਟਚਾਰੀ ਸਰਬਰਾਹ ਅਰੂੜ ਸਿੰਘ ਨਾਲ ਜੁੱਤੀਆਂ ਬਨਾਉਣ ਵਾਲੇ ਮਤਾਬ ਸਿੰਘ ਅਤੇ ਉਸਦੇ ਹੋਰ ਅੰਮ੍ਰਿਤਧਾਰੀ ਸਾਥੀਆਂ ਦੇ ਅਕਾਲ ਤਖਤ ਉਪਰ ਕੜਾਹ ਪ੍ਰਸ਼ਾਦ ਪ੍ਰਵਾਨ ਕਰਨ ਤੋਂ ਇਨਕਾਰ ਹੋਣ ਤੇ—ਮੋਰਚਾ ਲਗਾ ਤਾਂ ਪਤਾ ਲਗਾ ਕਿ ਅਸਲ ਵਿਚ ਧਾਰਮਿਕ ਸਥਾਨਾਂ ਦੇ ਪ੍ਰਬੰਧ 'ਚ ਸੁਧਾਰ ਕਰਦਿਆਂ, ਮੱਥਾ ਬ੍ਰਤਾਨਵੀ ਸਰਕਾਰ ਨਾਲ ਲਗਾ ਹੈ!

ਪਹਿਲੇ ਹੱਲੇ ਵਿਚ ਮੌਕੇ ਦੇ ਪੁਜਾਰੀ ਤੇ ਸੇਵਾਦਾਰ ਨੱਸ ਗਏ। ਅਫਸਰਸ਼ਾਹੀ ਨੇ ਆਪਣਾ ਇਹ ਪਿਆਦਾ, ਅਰੂੜ ਸਿੰਘ ਪਿਛੇ ਹਟਾ ਲਿਆ ਅਤੇ ਪ੍ਰਸ਼ਾਦ ਆਪ ਚੜਾਉਂਦਿਆਂ-ਵਰਤਾਉਂਦਿਆਂ ਸਿਖਾਂ ਦਾ ਗੁਰਦੁਆਰੇ ਉਪਰ ਉਸ ਸਮੇਂ ਕਬਜ਼ਾ ਹੋ ਗਿਆ। ਕਬਜ਼ੇ ਨੂੰ ਪੱਕਾ ਕਰਨ ਅਤੇ ਹੋਰ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਕਰਨ ਲਈ ਸਿਖਾਂ ਵਲੋਂ ਲਾਮਬੰਦੀ ਹੋਈ, ਸਾਮਰਾਜੀ ਕਾਲ ਵਿਚ ਪਹਿਲੀ ਸਰਬੱਤ ਖਾਲਸਾ ਇਕਤ੍ਰਤਾ ਹੋਈ। ਸਰਬੱਤ ਖਾਲਸਾ (15-16 ਨਵੰਬਰ 1920) ਇਕਤ੍ਰਤਾ ਵਿਚ ਜਿਥੇ ਸਹਿਜਧਾਰੀ, ਕੌਮ ਪ੍ਰਸਤ ਕਿਰਤੀ ਅਤੇ ਖਾੜਕੂ ਸਿਖ ਸ਼ਾਮਲ ਸਨ ਉਥੇ ਇਸੇ ਇਕਤ੍ਰਤਾ ਨੇ ਜਦ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੌਂਪੀ ਤਾਂ ਉਸ ਵਿਚ ਮੁਢ ਦਾ ਟੋਡੀ ਤੇ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਸਰ ਸੁੰਦਰ ਸਿੰਘ ਮਜੀਠੀਆ ਜੋ ਸਿਖ ਪੰਥ ਵਿਚੋਂ ਛੇਕਿਆ ਹੋਇਆ ਸੀ, ਭਰੀ ਸੰਗਤ ਵਿਚ ਭੁੱਲ ਬਖਸ਼ਾ ਕੇ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸਰਕਾਰ ਨਾਲ ਕੁਝ ਹੋਰ ਛੁਪੇ ਤੇ ਜ਼ਾਹਰਾ ਮਿਲਵਰਤਨੀਏ ਵੀ ਕਮੇਟੀ ਵਿਚ ਚੁਣੇ ਗਏ। ਕਾਨੂੰਨੀ ਤੌਰ ਤੇ ਕਬਜ਼ਾ ਲੈਣ ਲਈ ਮੋਰਚਾ ਲਗ ਗਿਆ ਜਿਸ ਨੂੰ 'ਚਾਬੀਆਂ (ਲੈਣ) ਦਾ ਮੋਰਚਾ' ਵੀ ਕਿਹਾ ਜਾਂਦਾ ਹੈ।

ਸ੍ਰੋਮਣੀ ਕਮੇਟੀ ਕਿਉਂਕਿ ਸਭ ਦੇ ਸਾਂਝੇ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਲਈ ਸਾਂਝੀ ਜਥੇਬੰਦੀ ਸੀ ਜਿਸ ਵਿਚ ਕੋਈ ਵੀ ਸਿਖ (ਸਗੋਂ ਸਹਿਜਧਾਰੀ ਸਿਖ) ਆ ਸਕਦਾ ਸੀ, ਆਪਣੇ ਵਿਚਾਰ ਰਖ ਸਕਦਾ ਸੀ—ਇਸ ਲਈ ਸ੍ਰੋਮਣੀ ਕਮੇਟੀ ਤੋਂ ਪਹਿਲਾਂ ਜਿਹੜਾ ਸੁਚੇਤ ਸਿਖ ਅਨਸਰ ਸਰਗਰਮ ਸੀ ਉਸਨੇ ਸ਼੍ਰੋਮਣੀ ਕਮੇਟੀ ਨੂੰ ਸੇਧ ਤੇ ਸਹਾਇਤਾ ਦੇਣ ਲਈ ਅਕਾਲੀ ਦਲ ਦਾ ਸੰਗਠਨ ਕਰ ਲਿਆ। ਚਾਬੀਆਂ

ਦਾ ਮੋਰਚਾ' ਲੜਨ ਅਤੇ ਜਿੱਤਣ ਨਾਲ, 'ਗੁਰੂ ਕੇ ਬਾਗ ਦਾ ਮੋਰਚਾ', 'ਜੈਤੋਂ ਦਾ ਮੋਰਚਾ' ਆਦਿਕ ਮੋਰਚਿਆਂ ਅਤੇ ਜਿੱਤਾਂ ਦੀ ਲੜੀ ਤੁਰ ਪਈ ਅਤੇ ਅੰਤ ਵਿਚ "ਸਿਖ ਗੁਰਦੁਆਰਾ ਬਿਲ 1923"(ਮਗਰੋਂ ਐਕਟ) 'ਚ ਪਾਸ ਹੋਣ ਨਾਲ ਸੰਪੂਰਣ ਹੋਈ। ਇਸ ਸਮੇਂ ਦੀਆਂ ਇਤਹਾਸਕ ਯਾਦਾਂ ਨੂੰ ਸਮੁਚੇ ਸਿਖ ਸਮਾਜ ਜਾਂ ਅਕਾਲੀ ਲਹਿਰ ਦੀਆਂ ਕੁਰਬਾਨੀਆਂ, ਜੁਝਾਰੂਪਣ, ਸਰਕਾਰ ਦੇ ਜਰਵਾਣੇਪਣ, ਕਾਇਰਤਾ ਅਤੇ ਅੰਤ ਵਿਚ ਲਹਿਰ ਦੀ ਜਿੱਤ ਅਤੇ ਸਰਕਾਰ ਦੀ ਹਾਰ ਦੇ ਵੇਰਵਿਆਂ ਨਾਲ ਕੁਝ ਇੰਜ ਸ਼ਿੰਗਾਰਿਆ ਗਿਆ ਹੈ ਕਿ ਪੂਰੇ ਸਿਖ ਸਮਾਜ ਦੀ ਏਕਤਾ ਹੇਠਲੀ ਅਨੇਕਤਾ, ਅਨੇਕਤਾ ਵਿਚ ਏਕਤਾ ਅਤੇ ਪਹਿਲੀ ਤੇ ਸਮੁਚੀ ਆਧੁਨਿਕ ਚੇਤਨਾ ਦ੍ਰਿਸ਼ਟੀ ਗੋਚਰ ਨਹੀਂ ਹੁੰਦੀਆਂ।

## ਅਕਾਲੀ ਮੋਰਚੇ : ਸਿਖ ਸਮਾਜ ਦਾ ਬੈਰੋਮੀਟਰ

ਘੋਖਵੀਂ ਨੀਝ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਅਕਾਲੀ ਮੋਰਚਿਆਂ ਸਮੇਂ ਦੇ ਸਿਖ, ਗੁਰੂ ਕਾਲ ਦੇ ਸੰਤ-ਸਿਪਾਹੀ, ਮਿਸਲਾਂ ਸਮੇਂ ਦੇ ਜੁਝਾਰ-ਜੱਥੇ, ਲਾਹੌਰ ਦਰਬਾਰ ਵੇਲੇ ਦੀ ਸਰਦਾਰ ਸ਼੍ਰੇਣੀ ਨਹੀਂ ਸਨ ਰਹੇ ਸਗੋਂ ਉਨ੍ਹਾਂ ਨੂੰ ਬ੍ਰਤਾਨਵੀ ਸਾਮਰਾਜ ਨੇ ਆਪਣੀ ਲੁੱਟ ਤੇ ਦਮਨ ਨਾਲ ਸਰਬਾਂਗੀ ਸ਼੍ਰੇਣੀ-ਬਧ ਸਮੁਦਾਏ ਬਣਾ ਦਿਤਾ ਸੀ ਜਿਸ ਦੀ ਮੁਖ ਧਾਰਮਿਕ ਵਿਰੋਧਤਾਈ ਸਥਾਨਕ ਅਫਸਰਸ਼ਾਹੀ ਤੋਂ ਲੈ ਕੇ ਸੂਬੇ ਦੀ ਸਰਕਾਰ ਤਕ ਨਾਲ ਹੋ ਗਈ ਸੀ। ਪਰ ਇਸ ਦੀਆਂ ਆਪਣੀਆਂ ਵੀ ਵਖ ਵਖ ਲੋੜਾਂ, ਸਮਸਿਆਵਾਂ, ਨੀਤੀਆਂ ਅਤੇ ਅਮਲ ਸਨ।

**ਮੁਖ ਵਿਰੋਧਤਾਈ ਦਰ ਵਿਰੋਧਤਾਈਆਂ** :—ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ ਦੀ ਮੁਖ ਵਿਰੋਧਤਾ ਸਰਕਾਰ ਨਾਲ ਸੀ। ਕੇਂਦਰੀ ਅੰਗਰੇਜ਼ ਸਰਕਾਰ ਕੌਮੀ ਲਹਿਰ ਦੀ ਮੁਖ ਧਾਰਾ ਉਪਰ ਆਏ ਮੋਹਨ ਦਾਸ ਕਰਮਚੰਦ ਗਾਂਧੀ ਅਤੇ ਉਸ ਦੇ ਪ੍ਰੋਗਰਾਮ ਤੋਂ ਵਾਕਫ ਸੀ ਜੋ ਪਹਿਲੀ ਜੰਗ ਤੋਂ ਪਹਿਲਾਂ ਬ੍ਰਤਾਨਵੀ ਸਾਮਰਾਜ ਦੀ ਹਮਾਇਤ ਕਰਨ ਮਗਰੋਂ ਮਾਂਟੇਗ-ਚੈਮਸਫੋਰਡ ਸੁਧਾਰਾਂ (ਪ੍ਰਤੀਨਿਧਤਾ ਸੰਬੰਧੀ ਕਾਨੂੰਨਾਂ) ਤੋਂ ਨਿਰਾਸ਼ ਹੋ ਕੇ ਲਹਿਰ ਛੇੜ ਤੇ ਹਾਰ ਬੈਠਾ ਸੀ। ਹੁਣ ਉਹ, ਮੁਸਲਮਾਨਾਂ ਵਿਚ ਖਿਲਾਫਤ ਦੇ ਨਾਲ ਨਾਲ ਚਲ ਪਏ, ਇਸ ਸਿਖ-ਉਭਾਰ ਵਿਚ ਗਹਿਰੀ ਦਿਲਚਸਪੀ ਲੈ ਰਿਹਾ ਸੀ। ਜਲਿਆਂ ਵਾਲੇ ਬਾਗ ਦੇ ਸਾਕੇ ਤੋਂ ਪੰਜਾਬ

ਅਤੇ ਸਿਖ ਸਮੁਦਾਇ ਨਾਲ ਸੰਪਰਕ ਹੋ ਚੁਕਾ ਸੀ। ਇਨ੍ਹਾਂ ਕੁਲ ਹਿੰਦ ਮਸਲਿਹਤਾਂ ਦੇ ਅਨੁਸਾਰ ਸੂਬਾਈ ਸਰਕਾਰ ਨੇ ਦਮਨ ਦਾ ਹਥਿਆਰ ਚਲਾਇਆ ਅਤੇ ਗੁਰਦੁਆਰਿਆਂ ਵਿਚੋਂ ਨਨਕਾਣੇ ਤੇ ਅੰਮ੍ਰਿਤਸਰ ਦੇ ਮਹੰਤ ਸਤਰੰਜ ਦੇ ਪਿਆਦੇ ਵਾਂਗ ਪਿਟ ਜਾਣ ਉਪਰੰਤ—ਮਾਂਟੇਗ-ਚੇਮਸਫੋਰਡ ਸਕੀਮ ਅਨੁਸਾਰ ਦੋ ਪ੍ਰਤੀਸ਼ਤ ਸਿਖ ਚੋਣਕਾਰਾਂ ਵਿਚੋਂ ਆਏ—ਆਪਣੇ 'ਸਰ ਸਰਦਾਰ ਬਹਾਦਰ' ਮੂਹਰੇ ਵਿਰੋਧੀ ਧਿਰ ਦੇ ਘਰਾਂ—ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ-ਵਿਚ ਟਿਕਾ ਦਿਤੇ। ਸਰਦਾਰ ਬਹਾਦਰ ਲਾੱਬੀ ਸਮੁਚੇ ਤੌਰ ਤੇ ਸਾਮੰਤੀ-ਮਹੰਤੀ ਦੀ ਨਿੱਜੀ ਮਲਕੀਅਤ ਅਤੇ ਭ੍ਰਸ਼ਟਤਾ ਦੇ ਵਿਰੁਧ ਵੀ ਸੀ ਅਤੇ ਭਵਿਖ ਵਿਚ ਆਪਣੇ ਤੇ ਸਰਕਾਰ ਦੇ ਹਿਤਾਂ ਦੀ ਰਾਖੀ, ਕਿਸੇ ਨਾ ਕਿਸੇ ਭਾਂਤ ਲਹਿਰ ਵਿਚ ਰਲ ਕੇ ਦੇਖ ਰਹੀ ਹਾਲਾਂ ਕਿ ਇਸ ਲਾੱਬੀ ਦੇ—ਰਜਵਾੜਾਸ਼ਾਹੀ, 'ਸਰਦਾਰ ਬਹਾਦਰੀ', ਸ਼ਹਿਰੀ ਰਈਸਸ਼ਾਹੀ, ਵਿਦਿਅਕ ਅਤੇ ਸਰਕਾਰੀ ਠੇਕੇਦਾਰੀ ਪਿਛੋਕੜ ਕਾਰਨ—ਆਪੋ ਆਪਣੇ, ਕੁਝ ਸਾਂਝੇ, ਕੁਝ ਟਕਰਾਉ ਦੇ ਹਿਤ ਅਤੇ ਰੌਂਅ ਰੁਖ ਸਨ। ਜਾਤੀ-ਜਮਾਤੀ ਹਿਤਾਂ ਦੀ ਪੂਰਤੀ ਅਤੇ ਸਰਕਾਰੀ ਹਿਤਾਂ ਦੀ ਪੂਰਤੀ ਅਤੇ ਸਰਕਾਰੀ ਹਿਤਾਂ ਦੀ ਰਖਵਾਲੀ ਹੀ ਅਜਿਹੀ ਸਾਂਝ ਸੀ ਜਿਸ ਨੇ ਇਨ੍ਹਾਂ ਨੂੰ ਧਰਮ ਭੁਲਾ ਕੇ, ਧੜੇ ਵਿਚ ਕਤਾਰਬੰਦ ਕੀਤਾ ਹੋਇਆ ਸੀ। ਇਨ੍ਹਾਂ ਹਿਤਾਂ ਦੀ ਪੂਰਤੀ ਲਈ ਇਹ ਲਹਿਰ ਵਿਚ ਰਲ ਕੇ ਇਸ ਦੀ ਚੜ੍ਹਤ ਨੂੰ ਰੋਕਦੇ ਜਾਂ ਬਦਰਾਹ ਕਰਦੇ ਰਹੇ ਅਤੇ ਜਿੱਤਦੀ ਦੇਖ ਕੇ ਅਸੈਂਬਲੀ ਵਿਚ 'ਸਿਖ ਗੁਰਦੁਆਰਾ ਐਕਟ' ਨੂੰ ਪਾਸ ਕਰਨ ਲਈ ਭੁਗਤ ਗਏ। ਸਰਕਾਰ ਅਤੇ ਲਹਿਰ ਦੇ ਅੰਦਰੋਂ ਸਰਕਾਰ ਨਾਲ ਮਿਲਵਰਤਨ ਕਰਨ ਵਾਲੇ ਚੀਫ ਖਾਲਸਾ ਦੀਵਾਨ, 'ਸਿਖ ਐਜੂਕੇਸ਼ਨਲ ਕਾਨਫਰੰਸ ਵਿਚ ਹਿੱਸਾ ਲੈਣ ਵਾਲੇ ਵਿਦਿਅਕ ਅਦਾਰਿਆਂ ਵਿਚ ਪੜ੍ਹਾ ਰਹੇ ਅਤੇ ਸਿੰਘ ਸਭਾਈ ਪ੍ਰਭਾਵਾਂ ਵਾਲੇ ਲਿਖਾਰੀ ਵੀ ਸਨ ਜੋ ਸਰਦਾਰ ਬਹਾਦਰ ਅਤੇ ਰਈਸਾਂ ਨਾਲੋਂ ਲੰਮਾ ਤੇ ਵਧ ਪ੍ਰਭਾਵਕ ਰੋਲ ਨਿਭਾ ਸਕੇ।

**ਲਹਿਰ ਅੰਦਰ ਵਿਰੋਧ-ਵਿਕਾਸ** :—ਸ਼੍ਰੋ: ਗੁਰਦੁਆਰਾ ਕਮੇਟੀ ਵਿਚ ਜਦ ਪਹਿਲੀ ਵਾਰ ਮਜੀਠੀਆ ਤੇ ਹੋਰ ਸਰਦਾਰ ਚੁਣੇ ਗਏ ਤਾਂ ਕਮੇਟੀ ਦਾ ਮੁਖ ਅਤੇ ਇਕੋ ਇਕ ਆਸ਼ਾ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਨੂੰ ਮੰਨਿਆ ਗਿਆ। ਸਿੱਟੇ ਵਜੋਂ ਮੰਨ ਲਿਆ ਗਿਆ ਕਿ ਇਹ ਸਰਬੱਤ ਸਿਖਾਂ ਅਤੇ ਗੁਰੂ ਨਾਨਕ ਦੀ ਨਾਮ ਲੇਵਾ ਜਨਤਾ ਦੀ ਸੰਸਥਾ ਹੋਣ ਕਾਰਣ ਰਾਜਨੀਤੀ ਵਿਚ ਨਹੀਂ ਪਵੇਗੀ।

ਲੋਕਾਂ ਦੇ ਨੇੜੇ ਅਤੇ ਤੱਤੇ ਸਿਖ ਅਨਸਰ ਨੂੰ ਅਹਿਸਾਸ ਹੋ ਗਿਆ ਕਿ ਗੁਰਦੁਆਰਿਆਂ ਉਪਰ ਮਹੰਤਾਂ ਦੇ ਕਬਜ਼ੇ ਰਾਹੀਂ ਤਾਂ ਅੰਗਰੇਜ਼ ਅਫਸਰਸ਼ਾਹੀ ਗਦਰੀ ਬੀਰਾਂ ਨੂੰ ਪਤਿਤ ਅਤੇ ਜਨਰਲ ਡਾਇਰ ਨੂੰ ਸਿਰੋਪਾਓ ਦੇ ਕੇ ਸਤਿਕਾਰ ਯੋਗ ਦਸਦੀ ਰਹੀ ਸੀ ਅਤੇ ਹਣ ਰਾਜਨੀਤੀ ਤੋਂ ਤੋੜਨ ਵਿਛੋੜਨ ਦੀਆਂ ਚਾਲਾਂ ਖੁਦ ਇਕ ਰਾਜਨੀਤੀ ਵਜੋਂ ਚਲਾਈਆਂ ਜਾ ਰਹੀਆਂ ਸਨ। ਇਸ ਦਾ ਇਕ ਨਤੀਜਾ ਤਾਂ ਗੁਰਦੁਆਰਾ ਕਮੇਟੀ ਦੇ ਅੰਦਰ ਗਰਮ ਦਲੀਆਂ ਦੇ ਸਰਗਰਮ ਹੋਣ ਨਾਲ ਨਿਕਲਿਆ ਜੋ ਪ੍ਰਬੰਧ ਉਪਰ ਜਬਰੀ ਕਬਜ਼ਾ ਕਰਨਾ ਚਾਹੁੰਦੇ ਸਨ। ਇਸੇ ਤਰ੍ਹਾਂ, ਚਾਬੀਆਂ (ਪ੍ਰਬੰਧ) ਮਿਲ ਜਾਣ ਸਮੇਂ ਇਕ ਗਰਮ ਵਿਚਾਰ ਇਹ ਵੀ ਉਭਰਿਆ ਸੀ ਕਿ ਤੋਸ਼ਾ-ਖਾਨੇ ਦਾ ਤਾਲਾ-ਬੂਹਾ ਭੰਨ ਦਿਤਾ ਜਾਏ। ਦੂਜਾ ਸਿੱਟਾ ਇਹ ਨਿਕਲਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਨਤਕ ਆਧਾਰ ਅਤੇ ਸਹਾਇਤਾ ਦੇਣ ਲਈ ਅਕਾਲੀ ਪਾਰਟੀ ਬਾਕਾਇਦਾ ਜਥੇਬੰਦ ਕਰ ਦਿਤੀ ਗਈ। ਨਿੱਕੀਆਂ ਵਡੀਆਂ ਕਿਰਪਾਨਾਂ ਪਹਿਨੀ, ਅਕਾਲੀਏ ਪਿੰਡ-ਪਿੰਡ ਫਿਰ ਗਏ। ਮੱਧ ਸ਼੍ਰੇਣੀ ਦੀ ਕਿਸਾਨੀ ਦੀਆਂ ਲਗਪਗ ਸਭ ਤਹਿਾਂ ਵਿਚ ਇਸ ਦਾ ਪ੍ਰਭਾਵ ਪਿਆ ਕਿਉਂਕਿ ਇਹੋ ਸ਼੍ਰੇਣੀ ਕੌਮ ਪ੍ਰਸਤੀ (ਕਾਂਗਰਸ) ਅਤੇ ਕਿਸਾਨ ਲਹਿਰ ਦਾ ਆਧਾਰ ਸੀ। ਅਕਾਲੀ ਦਲ ਦਾ ਪਹਿਲਾ ਪ੍ਰਧਾਨ ਬਾਬਾ ਖੜਕ ਸਿੰਘ ਸੀ, ਸਰਦੂਲ ਸਿੰਘ ਕਵੀਸਰ ਅਤੇ ਅਮਰ ਸਿੰਘ-ਜਸਵੰਤ ਸਿੰਘ (ਝਬਾਲੀਏ ਭਰਾ) ਖਾੜਕੂ ਅਕਾਲੀ-ਸੰਗ ਕਾਂਗਰਸੀਏ ਸਿੱਧ ਹੋਏ।

ਚਾਬੀਆਂ ਦਾ ਮੋਰਚਾ ਅਤੇ ਨਨਕਾਣਾ ਸਾਹਿਬ ਦਾ ਮਸਲਾ ਅਜੇ ਨਜਿਠਿਆ ਹੀ ਗਿਆ ਸੀ ਕਿ ਗੁਰੂ ਕੇ ਬਾਗ ਦਾ ਮੋਰਚਾ ਲਗ ਗਿਆ ਜਿਸ ਵਿਚ ਪੁਲਿਸ ਅਫ-ਸਰ ਬੀਟੀ ਹੱਥੀਂ ਡਾਂਗਾਂ ਮਾਰ ਮਾਰ ਸ਼ਾਂਤਮਈ ਅਕਾਲੀ ਸਤਿਆਗ੍ਰਹੀਆਂ ਦੇ ਹੱਡ-ਗੋਡੇ ਵੀ ਤੋੜਦਾ ਸੀ ਅਤੇ ਉਸ ਸਮੇਂ ਪ੍ਰੈਸ ਨੂੰ ਬਿਆਨ ਦੇਂਦਾ ਸੀ ਕਿ ਗੁਰਦੁਆ-ਰਿਆਂ ਦੇ ਚੜ੍ਹਾਵੇ ਤੇ ਮਾਨਤਾ ਵਿਚ ਹਿੱਸਾ ਪਾਉਣ ਵਾਲੇ ਹਿੰਦੂਆਂ ਨਾਲ ਅਕਾਲੀ ਦਲ ਵੈਰ ਕਮਾ ਰਿਹਾ ਸੀ। ਮੋਰਚੇ ਨੂੰ ਸ਼ਾਂਤਮਈ ਰਖਣ ਲਈ ਭਾਈ ਜੋਧ ਸਿੰਘ ਐਸੀ ਵਿਚੋਲਗੀ ਨਿਭਾ ਰਿਹਾ ਸੀ ਜਿਸ ਦੀ ਘਟ ਹੀ ਮਿਸਾਲ ਮਿਲੇ-ਗੀ। ਅੰਮ੍ਰਿਤਸਰ ਦੀ ਕੋਤਵਾਲੀ ਤੋਂ ਗ੍ਰਿਫਤਾਰੀਆਂ ਦੀ ਚਿਟ (ਜਾਂ ਵਾਰੰਟ) ਵੀ ਲਿਆਉਂਦਾ ਅਤੇ ਚਿਟ ਵਿਚ ਨੋਟ ਅਕਾਲੀਆਂ ਦਾ ਜਲੂਸ ਕਢ ਕੇ ਉਨ੍ਹਾਂ ਨੂੰ ਗ੍ਰਿਫਤਾਰੀ ਲਈ ਪੇਸ਼ ਕਰਵਾ ਆਉਂਦਾ। ਨਾਲ ਹੀ ਜੈਤੋ ਦਾ ਮੋਰਚਾ ਵੀ ਆਰੰਭ

ਹੋ ਗਿਆ ਅਤੇ 16 ਅਕਤੂਬਰ 1923 ਵਾਲੇ ਦਿਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਤੇ ਇਨ੍ਹਾਂ ਨਾਲ ਸੰਬੰਧਤ ਜਥੇਬੰਦੀਆਂ ਗੈਰ-ਕਾਨੂੰਨੀ ਕਰਕੇ ਸਰਕਾਰ ਨੇ ਇਨ੍ਹਾਂ ਨਾਲ ਸਿੱਧੇ ਹੱਥੀ ਨਿਬੜਨ ਲਈ ਲੰਮਾ ਤੇ ਦੁਪਾਸੜ ਹਮਲਾ ਕੀਤਾ। ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਹਮਲੇ ਦਾ ਸੰਦੇਹ ਹੋਣ ਕਾਰਣ ਪਹਿਲਾਂ ਹੀ ਪੁਰ ਅਮਨ ਰਹਿਣ ਦੀ ਆਸ ਅਤੇ ਅਪੀਲ ਕੀਤੀ ਗਈ, ਜਦ ਕਿ ਅਕਾਲੀ ਦਲ ਐਜੀਟੇਸ਼ਨ ਨੂੰ ਖਾੜਕੂ ਤੇ ਅਹਿੰਸਕ ਦੋਹਾਂ ਢੰਗਾਂ ਨਾਲ ਚਲਾਉਂਦਾ ਰਿਹਾ। ਇੰਜ ਗੁ: ਪ੍ਰ: ਕਮੇਟੀ ਅਤੇ ਅਕਾਲੀ ਦਲ ਦੋਹਾਂ ਦਾ ਟੀਚਾ ਇਕ ਹੋਣ ਤੇ ਵੀ ਕਾਰਜ-ਖੇਤਰ ਤੇ ਕੰਮ ਢੰਗ (ਗੁ: ਕਮੇਟੀ ਗੈਰ-ਰਾਜਨੀਤਕ ਅਤੇ ਆਕਾਲੀ ਦਲ ਸਰਗਰਮ ਰਾਜਨੀਤਕ) ਨਿਸਚਿਤ ਹੋ ਗਏ।

ਅਫਸਰ ਸ਼ਾਹੀ ਨੇ ਖਾੜਕੂ ਤੇ ਜੁਝਾਰ ਰੁਖ ਨਾਲ ਨਜਿੱਠਣ ਲਈ ਇਕ ਤਾਂ ਗੁ: ਪ੍ਰਬੰਧਕ ਕਮੇਟੀ ਨੂੰ ਸਮੇਤ ਇਸ ਦੇ ਮਿਲਵਰਤਨੀਏ ਠੇਕੇਦਾਰ ਪ੍ਰਧਾਨ ਸ: ਮਹਿਤਾਬ ਸਿੰਘ ਅਤੇ ਅਕਾਲੀ ਦਲ ਦੇ ਆਗੂਆਂ ਨੂੰ ਜੇਲ ਵਿਚ ਸੁਟ ਦਿਤਾ ਅਤੇ ਦੂਜੇ ਪਾਸੇ ਚੀਫ ਖਾਲਸਾ ਦੀਵਾਨ ਅਤੇ ਪੇਂਡੂ ਟੋਡੀਆਂ ਮੁਅਤਬਰਾਂ ਦੀਆਂ ਸੁਧਾਰ ਕਮੇਟੀਆਂ, ਪਾਸੋਂ ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਕਾਨੂੰਨ ਬਨਾਉਣ ਦੀ ਮੰਗ ਸੂਬੇ ਦੇ ਗਵਰਨਰ ਮੈਕਲੇਗਨ ਸਮੇਂ ਕਰਾਈ।

ਜੈਤੋ ਦੇ ਮੋਰਚੇ ਸਮੇਂ ਐਜੀਟੇਸਨ ਦੇ ਨਵੇਂ ਪੱਖ ਗੁ: ਪ੍ਰਬੰਧ ਕਮੇਟੀ ਤੇ ਅਕਾਲੀ ਦਲ ਦੀ ਦੁਜਾਇਗੀ, ਇਨ੍ਹਾਂ ਦੇ ਸਵੈ ਅੰਤਰ-ਵਿਰੋਧ, ਕਾਂਗਰਸ ਦਾ ਮੇਲ-ਨਿਖੇੜ ਅਕਾਲੀ ਦਲ ਦੇ ਆਪਣੇ ਅੰਦਰ ਲੀਡਰਸ਼ਿਪ ਦੀ ਚੱਕ-ਉਥਲ, ਫੌਜੀ ਅਤੇ ਦੇਸੀ ਬਦੇਸੀ ਸਿਖ ਸਮੁੰਦਾਇ ਦੀ ਜਾਗ੍ਰਤੀ, ਆਦਿਕ ਮਸਲੇ ਵਿਕਸਤ ਹੋਏ।

ਸਰਕਾਰ ਦੀ ਨੀਤੀ ਹੁਣ ਇਹ ਬਣੀ ਕਿ ਲੋਕ ਉਭਾਰ ਨੂੰ ਸੰਵਿਧਾਨਕਤਾ ਵਿਚ ਢਾਲਣ ਲਈ ਗੁਰਦੁਆਰਿਆਂ ਦੇ ਪ੍ਰਬੰਧ ਦਾ ਕਾਨੂੰਨ ਬਣਾ ਕੇ ਮਿਲਵਰਤ-ਨੀਆਂ ਨੂੰ ਉਪਰ ਲਿਆ ਕੇ ਧਰਮ ਨੂੰ ਰਾਜਨੀਤੀ ਨਾਲੋਂ ਵਖ ਕੀਤਾ ਜਾਏ (ਹਾਲਾਂਕਿ ਸੂਬੇ ਤੋਂ ਲੈ ਕੇ ਕੇਂਦਰ ਤਕ ਸਰ ਤੇਜ ਬਹਾਦਰ ਸਪਰੂ ਜਿਹਾਂ ਨੇ ਸਿਖ ਗੁਰਦੁਆਰਾ ਐਕਟ ਦੀ ਵਿਰੋਧਤਾ ਕੀਤੀ ਕਿ ਇੰਜ ਮੰਦਰਾਂ ਤੇ ਮਸਜਿਦਾਂ ਸੰਬੰਧੀ ਵੀ ਐਜੀਟੇਸ਼ਨਾ ਛਿੜ ਜਾਣਗੀਆਂ)। ਤੇ ਜੈਤੋ ਦਾ ਮੋਰਚਾ ਅਖੰਡ ਪਾਠਾਂ ਦੀ ਲੜੀ ਨੂੰ ਅਟੁੱਟ ਰਖਣ

ਦੇ ਪੈਂਤੜੇ ਨਾਲ ਆਰੰਭ ਹੋਇਆ। (ਗੁਰੂ ਗਰੰਥ ਸਾਹਿਬ ਦਾ ਪਹਿਲਾ ਅਖੰਡ ਪਾਠ ਖਾਲਸਾ ਫੌਜ ਅਤੇ ਵਹੀਰ ਉਪਰ ਪਹਿਲੇ ਘਲੂਘਾਰੇ ਸਮੇਂ ਪਈ ਭੀੜਾ ਸਮੇਂ ਕੀਤਾ ਗਿਆ ਸੀ; ਹੁਣ ਜੈਤੋ ਦੇ ਗੁਰਦੁਆਰੇ ਅੰਦਰ ਹਾਜ਼ਰੀ ਨੂੰ ਅਖੰਡਤ ਰਖਣ ਲਈ ਅਖੰਡ ਪਾਠਾਂ ਦੀ ਜਿਹੜੀ ਲੜੀ ਤੋਰੀ ਗਈ, ਇਸ ਨਾਲ ਪੁਰ ਅਮਨ ਸਮੇਂ ਅਤੇ ਸਾਧਾਰਨ ਅਵਸਰਾਂ ਉਪਰ ਵੀ ਅਖੰਡ ਪਾਠ ਕਰਨ ਦੀ ਪ੍ਰਿਤ ਜਹੀ ਪੈ ਗਈ। ਇੰਜ ਗੁਰਬਾਣੀ ਨਾਲ ਵਿਚਾਰ, ਵਿਚਾਰ ਉਪਰੰਤ ਜੀਵਣ ਵਿਚ ਉਤਾਰਨ ਦੀ ਥਾਂ ਪਾਠ ਕਰਕੇ ਮੁਕਾਉਣ ਦੀ ਕਾਹਲ ਨੂੰ ਪਹਿਲ ਮਿਲੀ)।

ਗੁਰਦੁਆਰਾ ਸੁਧਾਰ ਜਾਂ ਅਕਾਲੀ ਲਹਿਰ ਅੰਦਰ ਖਾੜਕੂ ਤੇ ਸਾਂਤਮਈ ਦੋਵੇਂ ਰੁਖ ਮੁਢ ਤੋਂ ਵਿਦਵਾਨ ਸਨ। ਚਾਬੀਆਂ ਦੇ ਮੋਰਚੇ ਸਮੇਂ ਤੋਂ ਇਕ ਰੁਝਾਨ ਜ਼ਬਰੀ ਕਬਜ਼ੇ ਦੇ ਹੱਕ ਵਿਚ ਸੀ ਅਤੇ ਜ਼ਿਲਾ ਕਾਂਗਰਸ ਦੇ ਲੀਡਰ ਗ੍ਰਿਫਤਾਰੀ ਦੇਣ ਦਿਵਾਉਣ ਲਈ ਇਕਤ੍ਰਤਾਵਾਂ ਵਿਚ ਆ ਬੈਠਦੇ ਸਨ, ਜੈਤੋ ਦੇ ਮੋਰਚੇ ਤਕ ਡਾ: ਸਤਪਾਲ ਅਤੇ ਡਾ: ਸੈਫ ਉਦ ਦੀਨ ਕਿਚਲੂ ਸਰਗਰਮ ਹੋ ਗਏ ਸਨ, ਕੇਂਦਰੀ ਲੀਡਰਾਂ ਨੇ ਲਹਿਰ ਦੇ ਹੱਕ ਵਿਚ ਬਿਆਨ ਦਿਤੇ, ਮਤੇ ਪਾਸ ਕੀਤੇ ਸਨ ਅਤੇ ਪੰਡਤ ਜਵਾਹਰ ਲਾਲ ਨਹਿਰੂ ਫਰੀਦਕੋਟ ਰਿਆਸਤ ਵਿਚ ਦਾਖਲ ਹੋ ਕੇ ਜਾਗੀਰੂ ਤੇ ਅਧਪੜ੍ਹ, ਮੁਨਸਿਫ ਪਾਸੋਂ ਸਜ਼ਾ ਪਾ ਕੇ ਸੰਖੇਪ ਜੇਲ ਯਾਤ੍ਰਾ ਕਰ ਚੁਕਾ ਸੀ। ਧਰਮ ਨੂੰ ਰਾਜਨੀਤੀ ਤੋਂ ਪਰੇਖਾ ਦੱਸਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਸਮੇਂ ਸਮੇਂ ਐਲਾਨ ਵੀ ਕਰਦੇ ਸਨ ਅਤੇ ਨਾਭੇ ਦੇ ਮਹਾਰਾਜੇ ਨੂੰ (ਪਟਿਆਲੇ ਦੀ ਖਹਿ ਕਾਰਣ) ਅੰਗਰੇਜ਼ ਤੋਂ ਰੁੱਸਿਆ ਸਮਝ ਕੇ ਹਮਾਇਤ ਤੇ ਸਹਾਇਤਾ ਪ੍ਰਾਪਤ ਕਰ ਰਹੇ ਸਨ। (ਰਿਆਸਤ ਤੋਂ ਕੱਢੇ ਜਾਣ ਮਗਰੋਂ ਵੀ ਨਾਭਾ-ਨਰੇਸ਼ ਆਪਣੇ ਹੀ ਹੱਕ ਵਿਚ ਅਕਾਲੀ ਲੀਡਰਾਂ ਨੂੰ ਲਿਖ ਕੇ ਦੇਣ ਲਈ ਤਿਆਰ ਨਹੀਂ ਸੀ ਅਤੇ ਪਟਿਆਲੇ ਦਾ ਦੁਰਾਚਾਰੀ ਮਹਾਰਾਜਾ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵਿਚ ਵਡਾ ਸਾਰਾ ਚੜ੍ਹਾਵਾ ਚੜ੍ਹਾ ਕੇ ਭੁੱਲਾ ਬਖਸ਼ਾ ਕੇ ਆ ਸ਼ਾਮਲ ਹੋਇਆ ਸੀ)।

ਜੇਲ ਅੰਦਰ ਬੈਠੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਹਿਤਾਬ ਸਿੰਘ ਪ੍ਰਧਾਨ ਤੇ ਉਸਦੇ ਮਿਲਵਰਤਨੀ ਸਾਥੀਆਂ ਦਾ ਧੜਾ ਜਲਦੀ ਬਾਹਰ ਆਉਣ ਲਈ ਆਪਣੀ ਵਾਹ ਲਾ ਰਿਹਾ ਸੀ। ਬਾਹਰ ਬੈਠੀ ਅਕਾਲੀ ਲੀਡਰਸ਼ਿਪ ਕੌਮ ਪ੍ਰਸਤ ਤੇ ਸ਼ਾਂਤ ਹਮਾਇਤੀ ਚੀਫ ਖਾਲਸਾ ਦੀਵਾਨ ਅਤੇ ਦੂਜੇ ਪਾਸੇ ਖਾੜਕੂ ਰੁਝਾਨਾ ਨਾਲ

ਨਜਿੱਠਦੀ ਜੈਤੋਂ ਦੇ ਮੋਰਚੇ ਨੂੰ ਖਿਚੀ ਜਾ ਰਹੀ ਸੀ। ਪਰ ਅਖਬਾਰ ਸਾਰੇ ਇਸ ਮੋਰਚੇ ਦੇ ਪੱਖ ਵਿਚ ਸਨ। ਜੱਥੇ ਕਦੇ ਜਲਦੀ ਕਦੇ ਢਿੱਲੇ-ਮੱਠੇ ਚਲੇ ਆਉਂਦੇ ਸਨ। ਸਭ ਤੋਂ ਵਧ ਖਲਬਲੀ ਸਰਕਾਰ ਅੰਦਰ ਉਦੋਂ ਮੱਚੀ ਜਦ ਪਹਿਲਾਂ ਰੀਟਾਇਰਡ ਫੌਜੀਆਂ ਨੇ ਕਾਲੇ ਚੋਲਿਆਂ ਦਸਤਾਰਾਂ ਤੇ ਪੀਲੇ ਕਮਰ-ਕੱਸਿਆਂ ਦੀ ਵਰਦੀ ਵਿਚ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਮਾਰਚ ਕਰਦਿਆਂ ਗ੍ਰਿਫਤਾਰੀ ਦਿਤੀ। ਸਰਕਾਰ ਨੇ ਸ਼ਰਤਾਂ ਉਪਰ ਰਿਹਾ ਕਰਨ ਦੀ ਪੇਸ਼ਕਸ਼ ਕੀਤੀ ਤਾਂ ਢਿੱਲੀ ਮੱਠੀ ਤੇ ਮਿਲਵਰਤਨੀ ਰੁਚੀ ਨੂੰ ਦੇਖ ਕੇ ਅਕਾਲੀ ਦਲ ਦੀ ਲੀਡਰਸ਼ਿਪ ਕੁਝ ਚਿਰ ਲਈ ਚੁੱਪ ਹੋਣ ਕਾਰਣ ਲੋਕਾਂ ਵਿਚ ਭੱਲ ਵੀ ਗੁਆਉਣ ਲਗੀ। ਇਨ੍ਹਾਂ ਹੀ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਨੇ ਆਪਣੇ ਮਿਲਵਰਤਨੀ ਕਿਰਦਾਰ ਦਾ ਸੰਕੇਤ ਦੇਣ ਲਈ ਅਤੇ ਤੱਤੀ ਅਕਾਲੀ ਲੀਡਰਰਸ਼ਿਪ ਤੋਂ ਆਪਣੇ ਆਪ ਨੂੰ ਵੱਖ ਦੱਸਣ ਲਈ ਬੱਬਰ ਅਕਾਲੀ ਲਹਿਰ ਤੋਂ ਆਪਣੀ ਅਲਹਿਦਗੀ ਦੇ ਐਲਾਨ ਕੀਤੇ।

ਇਹ ਜਨਤਾ ਦਾ ਆਪ ਛੇੜਿਆ ਉਭਾਰ ਹੀ ਸੀ ਜੋ ਲਹਿਰ ਅਤੇ ਮੋਰਚੇ ਨੂੰ ਭਖਾਈ ਜਾ ਰਿਹਾ ਸੀ। ਜਦੋਂ 500 ਸਿੰਘਾਂ ਦਾ ਸਹੀਦੀ ਜਥਾ ਪਿੰਡ-ਪਿੰਡ ਹੁੰਦਾ ਲਗਪਗ ਤਿੰਨ ਹਫਤੇ ਵਿਚ ਜੈਤੋ ਪੁਜਾ ਤਾਂ ਚਰਣ ਧੂੜ ਚੁਕ-ਚੁਕ ਮੱਥੇ ਨੂੰ ਲਾਉਣ ਅਤੇ ਲੰਗਰ ਤੇ ਰੈਣ ਬਸੇਰੇ ਦੀ ਸੇਵਾ ਕਰਕੇ ਕਈ ਕਈ ਮੀਲ ਨਾਲ ਤੁਰਨ ਵਾਲੇ ਲੱਖਾਂ ਲੋਕ ਸਰਕਾਰ ਵਿਰੋਧਤਾ ਵਿਚ ਲਾਮਬੰਦ ਹੋ ਗਏ ਸਨ। ਇੰਜ ਹੀ ਜਦ 27-7-24 ਨੂੰ ਵੈਨਕੋਵਰ ਤੋਂ ਚਲ ਕੇ ਇਕ ਜੱਥਾ ਸ਼ੰਘਾਈ, ਹਾਂਗ-ਕਾਂਗ ਤੋਂ ਹੋਰ ਵਾਲੰਟੀਅਰ ਨਾਲ ਲੈਂਦਾ 21-2-25 ਅੰਮ੍ਰਿਤਸਰ ਤੋਂ ਮੁੜ ਚਲ ਕੇ ਜੈਤੋ ਜਾ ਗ੍ਰਿਫਤਾਰ ਹੋਇਆ ਤਾਂ ਸਰਕਾਰ ਤੇ ਅਕਾਲੀ ਲੀਡਰਸ਼ਿਪ ਆਪੋ-ਆਪਣੇ ਕਾਰਨਾਂ ਕਰਕੇ ਹਾਰ-ਹੁੱਟ ਚੁਕੇ ਸਨ।। ਜੁਲਾਈ 1925 ਦੇ ਆਰੰਭ ਵਿਚ ਜੋਧ ਸਿੰਘ ਸਮੇਤ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਪੰਜ ਸਿਖ ਮੈਂਬਰਾਂ ਦੇ ਨਾਲ ਅੰਮ੍ਰਿਤਸਰ ਲਾਹੌਰ ਦੇ ਡਿਪਟੀ ਕਮਿਸ਼ਨਰਾਂ, ਇਕ ਸਿਖ ਬੈਰਿਸਟਰ ਅਤੇ ਇਕ ਅੰਗਰੇਜ ਅਫਸਰ ਨੂੰ ਜੋੜ ਕੇ ਗੁਰਦੁਆਰਾ ਬਿਲ ਦੀ ਖਰੜਾ ਕਮੇਟੀ ਬਣਾਈ ਗਈ। ਖਰੜੇ ਵਿਚ ਕਾਬਜ ਮਹੰਤਾਂ ਦੀ ਨਿੱਜੀ ਮਲਕੀਅਤ, ਉਨ੍ਹਾਂ ਨੂੰ (ਗੁਜ਼ਾਰੇ ਲਈ!) ਇਵਜ਼ਾਨਾ ਦੇਣ ਅਤੇ ਪ੍ਰਤੀਨਿਧਾਂ ਦੀ ਬਾਲਗ ਵਿਸਤਰੀ-ਮਤਦ ਵੋਟ ਰਾਹੀਂ ਚੋਣ ਅਤੇ ਪ੍ਰਬੰਧ ਨੂੰ ਚਲਾਉਣ ਦੇ ਮੁੱਦਿਆਂ ਵਲ ਖਾਸ ਧਿਆਨ ਦਿਤਾ ਗਿਆ। ਬਿਲ ਨੂੰ ਦਿਨਾਂ ਵਿਚ

ਹੀ ਪਾਸ ਵੀ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਉਪਰ ਮਿਲਵਰਤਨੀਆਂ ਧੜਾ ਇਸ ਨੂੰ ਪ੍ਰਵਾਨ ਕਰਕੇ—ਜੋ ਰਿਹਾਈ ਦੀ ਸ਼ਰਤ ਸੀ—ਬਾਹਰ ਆ ਗਿਆ। ਬਾਬਾ ਖੜਕ ਸਿੰਘ ਜੋ ਅਕਾਲੀ ਦਲ ਦਾ ਪਹਿਲਾ, ਬੇ-ਤਾਜ ਬਾਦਸ਼ਾਹ ਅਖਵਾਉਣ ਤੇ ਬਰਤਾਨੀਆ ਦੇ ਸ਼ਹਿਨਸਾਹ ਦੇ ਪੱਧਰ ਤੇ ਅੰਗਰੇਜ਼ਾਂ ਦੇ ਭਾਰਤੀ ਪ੍ਰਸ਼ਾਸਨ ਨੂੰ ਸੰਬੋਧਨ ਕਰਨ ਵਾਲਾ ਪ੍ਰਧਾਨ ਸੀ—ਸਮੇਤ ਮਾਸਟਰ ਤਾਰਾ ਸਿੰਘ, ਸੋਹਨ ਸਿੰਘ ਜੋਸ਼ ਅਤੇ ਲਗਪਗ ਸਾਰੇ ਸਿਰੜੀ ਅਕਾਲੀ ਜੇਲ ਵਿਚ ਬੈਠੇ, ਬਾਹਰ ਬੈਠੇ ਅਕਾਲੀਆਂ ਨਾਲ ਰਲ ਕੇ ਬਿਲ ਦੀ ਪ੍ਰਵਾਨਗੀ ਅਤੇ ਸਰਤਾਂ ਉਪਰ ਰਿਹਾ ਹੋਣ ਦੀ ਵਿਰੋਧਤਾ ਕਰਦੇ ਰਹੇ। ਸਰਕਾਰ ਵੀ ਇਹੋ ਚਾਹੁੰਦੀ ਸੀ।

ਮਿਲਵਰਤਨੀ ਧੜੇ ਨੇ ਬਾਹਰ ਆ ਕੇ ਮਹੰਤਾਂ ਕੋਲੋਂ ਛੁਡਾਏ ਧਰਮ ਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਬਰਤਾਨਵੀ ਪਰਜਾਤੰਤਰਵਾਦੀ ਲੀਹਾਂ ਤੇ ਪਾਰਟੀਬਾਜ਼ੀ ਦੇ ਭ੍ਰਿਸ਼ਟ ਢੰਗ ਵਰਤ ਕੇ ਸਿਖ ਧਰਮ ਵਿਚ ਪਹਿਲੀ ਚੋਣ ਲੜੀ, 44 ਦੇ ਵਿਰੁਧ, 77 ਵੋਟਾਂ ਨਾਲ ਜਿੱਤ ਕੇ ਸ੍ਰ. ਮਹਿਤਾਬ ਸਿੰਘ ਨੂੰ ਸੈਂਟਰਲ ਗੁਰਦੁਆਰਾ ਬੋਰਡ ਦਾ ਪਹਿਲਾ ਪ੍ਰਧਾਨ ਚੁਣ ਲਿਆ। ਸਰਕਾਰ ਨੇ ਮਿਲਵਰਤਨੀ ਅਤੇ ਨਾਮਿਲਵਰਤਨੀ ਟਾਕਰੇ ਨੂੰ 'ਅਰੋੜਿਆਂ ਖੱਤਰੀਆਂ ਦੀ ਜੱਟਾਂ ਉਪਰ ਜਿੱਤ' ਦਾ ਨਾਂ ਦੇ ਕੇ ਇਕ ਸਰਾਰਤੀ ਵਿਤਕਰੇ ਦਾ ਬੀਅ ਬੀਜ ਦਿਤਾ। ਹੁਣ ਪ੍ਰਬੰਧਕ ਕਮੇਟੀ ਸਰਕਾਰ ਦੇ ਮਿਲਵਰਤਨੀ ਤੇ ਅਕਾਲੀ ਦਲ ਨਾਮਿਲਵਰਤਨੀ ਧੜਿਆਂ ਦੇ ਮੰਚ ਬਣ ਗਏ। ਪ੍ਰਬੰਧਕੀ ਕਮੇਟੀ ਤਾਂ ਕਾਨੂੰਨ ਅਤੇ ਅੰਗਰੇਜ਼ੀ ਨੀਤੀ ਅਨੁਸਾਰ ਗੈਰ-ਸਿਆਸੀ ਹੀ ਸੀ ਅਤੇ ਅਕਾਲੀ ਦਲ ਦਾ ਧਰਮ ਤੇ ਰਾਜਨੀਤੀ ਨੂੰ ਅਨਿਖੜ ਮੰਨਣ ਵਾਲਾ ਮੰਚ ਸੀ। ਇਸੇ ਲਈ ਅਕਾਲੀ ਦਲ ਸਿਖ ਜਨਤਾ, ਖਾਸ ਕਰ ਕਿਸਾਨੀ ਵਿਚ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਉਪਰ ਛਾਏ ਸਰਦਾਰ ਬਹਾਦਰ ਗੁੱਟ ਨੂੰ ਨਿਖੇੜਨ ਲਗਾ। ਕੌਮ-ਪ੍ਰਸਤ ਲਹਿਰ ਦੇ ਸਮਾਨਾਂਤਰ ਟੋਡੀ ਵਾਂਗ 'ਸਰਕਾਰੀਆ' ਅੱਲ, ਚੰਗਾ ਨਾਹਰਾ ਬਣਨ ਲਗੀ। ਦੋਹਾਂ ਮੰਚਾਂ ਵਲੋਂ ਅਖਬਾਰੀ ਤੇ ਜ਼ਾਤੀ ਹਮਲੇ ਵੀ ਆਰੰਭ ਹੋ ਗਏ। ਟੀਚਾ, ਦੋਹਾਂ ਦਾ ਗੁਰਦੁਆਰਾ ਪ੍ਰਬੰਧ ਉਪਰ ਕਬਜ਼ਾ ਸੀ ਕਿਉਂਕਿ ਗੁਰਦੁਆਰੇ ਦੀ ਗੋਲਕ ਉਪਰ ਨਜ਼ਰ ਟਿਕ ਚੁਕੀ ਸੀ। ਮਿਲਵਰਤਨੀ ਧੜਾ ਪ੍ਰਬੰਧ ਉਪਰ ਪਕੜ ਪੱਕੀ ਕਰਨ ਲਗਾ। ਅਕਾਲੀ ਦਲ ਅੰਦਰ ਬੈਠੇ ਨੇਤਾਵਾਂ ਅਤੇ ਕੌਮ ਪ੍ਰਸਤ ਸਾਥੀਆਂ ਨੂੰ ਨਖੇੜ ਦੇ ਜੱਕੋ-ਤੱਕਿਆਂ ਵਿਚ ਸੀ ਕਿ ਉਸ ਦੇ ਗੜਗਜ ਖਾਲਸਾ ਦੀਵਾਨ

ਜਹੇ ਥਾੜਕੂ ਅੰਸਾਂ ਨੇ ਦਲ ਅਤੇ ਪ੍ਰਬੰਧਕ ਕਮੇਟੀ ਦੀ ਟੱਕਰ ਕਰਵਾ ਦਿਤੀ । ਦਰ-ਬਾਰ ਸਾਹਿਬ (ਅੰਮ੍ਰਿਤਸਰ) ਵਿਚ ਦਫਾ 144 ਲਗੀ ਅਤੇ ਪੁਲਿਸ ਅੰਦਰ ਆ ਵੜੀ । ਅਜਿਹੇ ਭੇੜਾਂ ਕਾਰਣ ਦੇਸ ਆਜ਼ਾਦੀ ਤਕ ਇਕ ਤੋਂ ਵਧ ਵਾਰ ਪੁਲਿਸ ਦੇ ਹਰਿਮੰਦਰ ਅਤੇ ਅਕਾਲ ਤਖਤ ਦੀ ਹੱਦ ਅੰਦਰ ਆ ਵੜਨ ਲਈ, ਮਿਸਾਲ ਕਾਇਮ ਹੋਈ । ਅਖੀਰ, ਪ੍ਰਬੰਧਕ ਕਮੇਟੀ ਉਪਰ ਕਾਬਜ਼ ਗਰੁਪ ਨੇ ਸਰਕਾਰੀ ਸੁਧਾਰ ਕਮੇਟੀ/ਕਮੇਟੀਆਂ ਨੂੰ ਨਾਲ ਰਲਾ ਕੇ,ਗੁਰਦੁਆਰੇ ਦੀ ਗੋਲਕ ਦੇ ਪੱਕੇ ਡੀਪਾਜ਼ਟ ਖਾਤੇ ਵਿਚੋਂ (ਸਰਕਾਰੀ ਪੋਰਿਟ ਅਨੁਸਾਰ) ਇਕ ਲਖ ਰੁਪਿਆ ਕਢਵਾ ਕੇ ਚੋਣ ਲੜੀ; ਕਾਬਜ਼ ਗਰੁਪ ਨੂੰ ਆਪਣੇ ਧੜੇ ਦੇ ਹਿਤਾਂ ਲਈ ਪੰਥ ਦੀ ਸਾਂਝੀ ਮਾਇਆ ਨੂੰ ਵਰਤਣ ਦੀ ਪ੍ਰਿਤ ਪਾਈ ਪਰ ਮਿਲਵਰਤਨੀ ਜੁੰਡੀ ਹਾਰ ਗਈ । ਸ੍ਰ: ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ (ਜਿਸ ਦਾ ਅਜੇ ਤਕ ਨਾ ਸੈਂਟਰਲ ਗੁਰਦੁਆਰਾ ਬੋਰਡ ਸੀ) ਲਈ ਪ੍ਰਧਾਨ ਬਾਬਾ ਖੜਕ ਸਿੰਘ, ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਸਹਿਤ ਹੋਰ ਅਕਾਲੀ ਚੁਣੇ ਗਏ । ਹੁਣ ਸਭਨਾ ਅਕਾਲੀ ਨੇਤਾਵਾਂ ਨੂੰ ਸਮੇਤ ਗੁਰਦੁਆਰਾ ਜੈਤੋ-ਮੋਰਚੇ ਦੇ ਕੈਦੀਆਂ ਦੀ ਰਿਹਾਈ ਬਿਨਾਂ ਕੋਈ ਚਾਰਾ ਨਾ ਰਿਹਾ । ਕੇਵਲ ਭਾਗੀ ਤੇ ਸਭ ਤੋਂ ਸਿਰੜੀ ਬਾਬਾ ਖੜਕ ਸਿੰਘ ਤੋਂ ਬਿਨਾਂ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਬਿਨਾਂ ਅਕਾਲੀ ਦਲ ਦੀ ਲੀਡਰੀ ਉਪਰ ਬਣੇ ਰਹਿਣ ਦਾ ਅਵਸਰ ਪ੍ਰਾਪਤ ਹੋਇਆ ।

**ਅਕਾਲੀ ਜਿੱਤ ਦੇ ਪ੍ਰਤੀਫਲ** —ਅਕਾਲੀ ਮੋਰਚਾ ਇਕ ਸਿਧਾਂਤਕ ਘਲੂ-ਘਾਰੇ ਨਾਲੋਂ ਘਟ ਨਹੀਂ ਸੀ । ਇਹ ਸਿਖ ਸਮਾਜ ਦੇ ਰਿੜਕਣੇ ਵਿਚ ਅਜਿਹੀ ਮਧਾਣੀ ਸਿਧ ਹੋਇਆ ਜਿਸ ਨਾਲ ਧਨੀ-ਸੰਗ-ਮੱਧ ਸ਼੍ਰੇਣੀ ਕਿਸਾਨੀ ਦੇ ਹਿਤ ਤੇ ਨੀਤੀ ਮੱਖਣ ਵਾਂਗ, ਸ਼ਹਿਰੀ ਮੱਧ ਸ੍ਰੇਣੀਆਂ ਛਿੱਡੀ ਅਤੇ ਹੇਠਲੀਆਂ ਸ੍ਰੇਣੀਆਂ ਛਾਹ ਲੱਸੀ ਦੇ ਰੂਪ ਵਿਚ ਨਿੱਖਰਨ ਨਿਖੜਨ ਲਗੀਆਂ ।

ਬ੍ਰਤਾਨਵੀ ਹਾਕਮਾਂ ਨੂੰ ਆਪਣੀ ਪਾਰਲੀਮੈਂਟਰੀ ਡੈਮੋਕ੍ਰੇਸੀ (ਨੂੰ ਹੋਰ ਭ੍ਰਸ਼ਟ ਹੋਣ ਦੀਆਂ ਸੰਭਾਵਨਾਵਾ ਸਮੇਤ) ਤੋਂ ਬਿਨਾਂ ਹੋਰ ਕੋਈ ਰਾਹ ਸੁੱਝ ਨਹੀਂ ਸੀ ਸਕਦਾ ਪਰ ਇਸ ਦੇ ਨਤੀਜੇ ਵਜੋਂ ਉਹ ਆਪਣੇ ਜਾਲ ਵਿਚ ਆਪ ਹੀ ਫਸ ਗਈ । ਦੂਜੇ ਪਾਸੇ ਜਿਥੇ, ਉਪਰੋਂ ਦੇਖਿਆਂ, ਸਰਬੱਤ ਗੁਰਦੁਆਰਿਆਂ ਉਪਰ ਪੰਥਕ ਵਸੀਕਾਰ ਦਾ ਰਾਹ ਖੁਲ੍ਹ ਗਿਆ, ਕੇਵਲ ਸਿਖ ਸਮੁਦਾਇ ਨੂੰ ਅਧਿਕਾਰ ਮਿਲ ਗਿਆ ਉਥੇ ਬੰਧ

ਅਤੇ ਗੋਲਕ ਉਪਰ, ਅਧਿਕਾਰ ਕਾਇਮ ਕਰਨ ਲਈ ਰਾਜਨੀਤੀ ਨੂੰ ਅਜਿਹੀ ਪਹਿਲ ਮਿਲੀ ਜਿਸ ਨੇ ਭਵਿਖ ਵਿਚ ਧਰਮ (ਨੀਤੀ) ਨੂੰ ਨਿਰਧਾਰਤ ਕਰਨਾ ਸੀ ਅਤੇ ਧਰਮ ਉਪਰ ਧੜੇ ਨੂੰ ਪਹਿਲ ਦੇਣੀ ਸੀ ।

ਕਿਉਂਕਿ ਸੰਵਿਧਾਨਕ ਰੂਪ ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਕੇਵਲ ਪ੍ਰਬੰਧ ਨਾਲ ਸੰਬੰਧਤ ਸਰਬੱਤ ਸਿਖਾਂ ਦੀ ਗੈਰ ਰਾਜਨੀਤਕ ਸੰਸਥਾ ਰਹਿਣੀ ਸੀ, ਇਸ ਲਈ ਇਸ ਦੇ ਰਾਜਨੀਤਕ ਦ੍ਰਿਸ਼ ਨਿਰਦੇਸ਼ਣ ਅਤੇ ਸਰਦਾਰੀ ਅਕਾਲੀ ਦਲ ਅਜਿਹਾ ਰਾਜਨੀਤਕ ਮੰਚ ਬਣ ਗਿਆ ਜਿਸ ਨੇ ਅੰਦਰਲੇ ਟੱਡੀ ਅੰਸ਼ਾ ਅਤੇ ਖਾੜਕੂ ਭੜਕਾਊਆਂ ਨੂੰ ਸੂਤਰ ਕਰ ਕੇ ਵੀ ਰਖਣਾ ਸੀ ਅਤੇ ਸਰਗਰਮ ਕੌਮ ਪ੍ਰਸਤ ਅੰਸਰਾਂ, ਸਿਖ ਰੋਸ਼ਨ ਦਿਮਾਗੀ (Elite) ਤੋਂ ਬਚ ਕੇ ਸਰਕਾਰ ਨਾਲ ਭਿੜਨਾ ਵੀ ਸੀ ਅਤੇ ਵਰਤਣਾ ਵੀ ।

ਅਜੇ ਤਕ ਸਿਖ ਇਤਹਾਸਕਾਰੀ ਤੇ ਪ੍ਰਬੁਧਤਾ(Rationale)ਨੇ ਕੁਝ ਮੁੱਦਿਆਂ ਬਾਰੇਘਟ ਸੋਚਿਆ ਅਤੇ ਘਟ ਹੀ ਉਤਰ ਦਿਤਾ । ਇਨ੍ਹਾ ਪ੍ਰਸ਼ਨਾਂ ਦੇ ਕੁਝ ਉਤਰ ਉਪ੍ਰੋਕਤ ਅਕਾਲੀ ਲਹਿਰ ਦੀ ਇਤਹਾਸਕ ਪਰਕਿਰਿਆ ਤੋਂ ਮਿਲ ਸਕਦੇ ਹਨ :

ਪ੍ਰਸਨ ਹੈ, ਕੀ ਕਾਰਣ ਹੈ ਬਾਬਾ ਖੜਕ ਸਿੰਘ, ਸਰਦੂਲ ਸਿੰਘ ਕਵੀਸ਼ਰ ਅਤੇ ਝਬਾਲ ਭਰਾ (ਜਸਵੰਤ ਸਿੰਘ, ਅਮਰ ਸਿੰਘ) ਜਹੇ ਮੁਢਲੇ ਅਕਾਲੀ ਲੀਡਰ ਪਿਛੇ ਪੈਂਦੇ ਗਏ, ਤੇਜਾ ਸਿੰਘ ਭੁੱਚਰ ਜਹੇ ਖਾੜਕੂ ਅੰਸ਼ ਭੜਕਾਊ ਜਾਂ ਸਰਕਾਰੀਏ ਸਿੱਧ ਹੋ ਕੇ ਛਟਦੇ ਗਏ, ਸਰ ਸੁੰਦਰ ਸਿੰਘ ਮਜੀਠੀਏ ਤੋਂ ਲੈ ਕੇ ਸਰਦਾਰ ਮਹਿਤਾਬ ਸਿੰਘ ਜਹੇ ਨੰਗੇ ਸਰਕਾਰੀ ਮਿਲਵਰਤਨੀਏ ਹਾਰਦੇ, ਆਪ ਤੋਂ ਨਵੇਂ ਤੇ ਲਿਫਤੇ ਬੰਦੇ ਨੂੰ ਥਾਂ ਵੀ ਦੇਂਦੇ ਰਹੇ, ਅਕਾਲੀ ਸਿਆਸਤ ਨੂੰ ਸੌੜੇ ਹਿਤਾਂ ਵਲ ਸੇਧ ਵੀ ਦਿੰਦੇ ਰਹੇ ਅਤੇ ਅਖੀਰ ਇਕੋ ਸਮੇਂ ਅਕਾਲੀ ਧੜਿਆਂ ਤੇ ਸਰਕਾਰੀ ਹਿਤਾਂ ਨਾਲ ਨਿਭ ਸਕਣ ਵਾਲੇ ਭਾਈ ਜੋਧ ਸਿੰਘ ਜਹੇ ਸਰਬ-ਪ੍ਰਵਾਨਤ ਵਿਅਕਤੀ ਹੀ ਸਮੇਂ ਦਾ ਸਾਥ ਦਿੰਦੇ ਰਹੇ ?

ਅਕਾਲੀ ਮੋਰਚਿਆਂ ਦੇ ਦੌਰਾਨ ਨਵੀਆਂ ਪਿਰਤਾਂ ਵੀ ਪਈਆਂ ' ਚਾਬੀਆਂ ਦੇ ਮੋਰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਕਾਰੀ ਦਮਨ ਅਤੇ ਜਿੱਤ ਨੂੰ ਮੁਖ ਰਖ ਕੇ ਸਰਕੂਲਰ ਰਾਹੀਂ ("ਅਰਦਾਸੇ ਵਿਚ ਇਹ ਹੋਰ ਵਧੀਕ ਸ਼ਬਦ ਆਖੇ ਜਾਣ : ਹੇ ਵਾਹਿਗੁਰੂ ਧਰਮ ਤੇ ਜੁਲਮ ਕਰਨ ਵਾਲਿਆਂ ਦਾ ਖਾਤਮਾ ਕਰ") ਅਰਦਾਸ ਵਿਚ ਵਾਧ ਘਾਟ ਦੀ ਲੀਹ ਤੋਰੀ ਗਈ । ਲਹਿਰ ਦੀ ਚੜ੍ਹਤਲ ਵੇਲੇ

ਕੁਝ ਅਕਾਲੀ ਜੱਥੇ 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ' ਵਾਲੇ ਬੰਦ ਨੂੰ ਕੁਝ ਵਧੇਰੇ ਮੁਕਤ ਕੰਠ ਨਾਲ ਬੋਲਣ ਲਗੇ ਸਨ ਪਰ ਉਪਰਲੀ ਅਕਾਲੀ ਲੀਡਰ-ਸ਼ਿਪ ਇਸ ਉਪਰ ਨੱਕ ਮੂੰਹ ਵਟਦੀ ਸੀ ਕਿਉਂਕਿ ਸਭਨਾਂ ਹਿੰਦੂ ਮੁਸਲਿਮ ਅਖਬਾਰਾਂ ਤੇ ਕਾਂਗਰਸ ਨੇ ਲਹਿਰ ਦੀ ਪੂਰੀ ਹਮਾਇਤ ਕੀਤੀ ਸੀ ਕਿਉਂਕਿ ਅੰਗਰੇਜ਼ ਸਰਕਾਰ ਵੀ ਮੋਰਚਿਆਂ ਦੇ ਅਰੰਭ ਤੋਂ ਪਰਚਾਰ ਕਰ ਰਹੀ ਸੀ ਕਿ ਗੁਰਦੁਆਰਿਆਂ ਦੀ ਜਾਇ-ਦਾਦ ਬਨਾਉਣ ਵਿਚ ਬਹੁਤਾ ਹਿੱਸਾ ਹਿੰਦੂਆਂ ਦਾ ਹੈ ਅਤੇ ਸ਼ਹੀਦ ਗੰਜ ਲਾਹੌਰ ਜਹੇ ਮਸਲਿਆਂ (ਸੰਨ 1922) ਉਪਰ ਉਸ ਨੇ ਸਿਖ-ਮੁਸਲਿਮ ਦੰਗੇ ਭੜਕਾਉਣ ਦੇ ਯਤਨ ਵੀ ਕੀਤੇ ਸਨ।

ਇਸ ਤੋਂ ਬਿਨਾਂ ਰੋਸ਼ਨ ਦਿਮਾਗ ਤੇ ਬੁਧੀਜੀਵੀ ਸਿਖ (ਹਰਕਿਸ਼ਨ ਸਿੰਘ, ਪ੍ਰਿ: ਨਰਿੰਜਣ ਸਿੰਘ ਅਤੇ ਪ੍ਰੋ: ਤੇਜਾ ਸਿੰਘ) ਹੌਲੀ ਹੌਲੀ ਪਿਛੇ ਪੈਂਦੇ ਗਏ, (ਪ੍ਰੋ ਸਾਹਿਬ ਸਿਘ ਜਹੇ) ਨਿਪਟ ਵਿਦਵਾਨ ਅਨਗੌਲੇ ਗਏ, ਸੱਤਾ ਤੇ ਸਥਾਪਤੀ ਨਾਲ ਨਿਭਣ ਵਾਲੇ ਸਮਾਨਾਂਤਰ ਹੋਂਦ ਵਿਚ ਰਹੇ ਅਤੇ (ਅਕਾਲੀ) ਪਾਰਟੀ ਦੀ ਸੇਵਾ ਵਿਚ ਆਏ ਵਿਅਕਤੀ ਹੀ ਚੰਗੇ ਬੁਲਾਰੇ, ਇਤਹਾਸਕਾਰ ਜਾਂ ਵਿਦਵਾਨ ਸਮਝੇ ਜਾਣ ਲਗੇ। ਏਥੋਂ ਤਕ ਕਿ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ (ਭਾਈ ਮੋਹਨ ਸਿੰਘ ਵੈਦ) ਕਿਸੇ ਵਿਅਕਤੀ ਨੇ ਕਲਮ ਜਾਂ ਜੇਲ ਯਾਤਰਾ ਨਾਲ ਇਸ ਮੋਰਚੇ ਵਿਚ ਹਿੱਸਾ ਲਿਆ ਤਾਂ ਉਹ ਦੀਵਾਨ ਵਿਚੋਂ ਖਾਰਜ ਕੀਤਾ ਗਿਆ।

ਜੈਤੋ ਦੇ ਮੋਰਚੇ ਸਮੇਂ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਕਿਸੇ ਕੱਟੜ-ਪੰਥੀ ਵਲੋਂ ਸ਼ਿਵਲਿੰਗ ਦੀ ਤੋੜ-ਭੰਨ ਕਰਨ,ਵਰਗੀਆਂ ਹਰਕਤਾਂ ਵੀ ਹੋਈਆਂ। ਕਿਸੇ ਜੱਥੇ ਵਲੋਂ ਇਸਤਰੀਆਂ ਨੂੰ ਪੱਗਾਂ ਬੰਨ੍ਹਾਉਣ, ਖਾਸ ਢੰਗ ਅਤੇ ਰੰਗ ਦੀਆਂ ਪੱਗਾਂ ਬੰਨ੍ਹਣ ਦੇ ਮਨੋ ਵੇਗਾਂ ਨੂੰ ਪ੍ਰਿਤ ਵਜੋਂ ਤੋਰਿਆ ਗਿਆ। ਪੱਕੀ ਤੇ 'ਤਿਆਰ ਬਰ ਤਿਆਰ' ਸਿੱਖੀ ਦਾ ਅਜਿਹਾ ਬਿੰਬ ਉਸਾਰਿਆ ਜਾਣ ਲਗਾ ਜਿਸ ਨਾਲ ਜਾਤ ਗੋਤ ਦਾ ਮਾਣ ਅਭਿਮਾਣ ਜਾਗਣਾ ਸੀ, ਰੋਟੀ ਬੇਟੀ ਦੀ ਸਾਂਝ ਘਟਣੀ ਸੀ, ਨਾਮਧਾਰੀ, ਸਹਿਜਧਾਰੀ ਤੇ ਸਿੰਧੀਆਂ ਜਹੀਆਂ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਸੰਗਤਾਂ ਵਿਚ ਨਿਖੇੜ ਆਉਣਾ ਸੀ, ਪਹਿਲੇ ਪੌੜੇ ਉਪਰ ਚੜ੍ਹਕੇ ਇਕੋ ਜਾਤ ਜਮਾਤ ਨੇ ਆਪਣੀ ਨੀਤੀ ਨਾਲ ਧਰਮ ਨੂੰ ਨਿਸਚਤ ਕਰਨਾ ਅਤੇ ਧਰਮ ਤੇ ਰਾਜਨੀਤੀ ਨੂੰ ਅਨਿੱਖੜ ਦੱਸਣਾ ਸੀ। ਸਿਖ ਸਿਆਸਤ ਦੀ ਰਾਜ ਸੱਤਾ ਨਾਲ ਹੋਣ ਵਾਲੀ ਟੱਕਰ ਦੇ ਪੂਰਨੇ ਪੈ ਚੁਕੇ ਸਨ।

# 13. ਅਕਾਲੀ ਲਹਿਰ : ਸਿਆਸਤ ਬਨਾਮ ਧਰਮ

ਸੁਤੰਤਰਤਾ ਪ੍ਰਾਪਤੀ ਤਕ ਅਕਾਲੀ ਲਹਿਰ ਦਾ ਇਤਹਾਸ, ਨੇੜਲਾ ਅਤੀਤ ਹੋਣ ਕਾਰਣ ਰੌਚਕ ਵੀ ਹੈ ਅਤੇ ਸਿਖਿਆਦਾਇਕ ਵੀ। ਇਹ ਇਸ ਲਈ ਰੌਚਕ ਹੈ ਕਿ ਇਸ ਸਮੇਂ ਵਿਚ ਬ੍ਰਤਾਨਵੀ ਸਾਮਰਾਜ ਨੂੰ ਭਾਜ਼ ਦੇਣ ਲਈ ਕੌਮੀ ਲਹਿਰ ਦੀ ਕਾਂਗ ਚੜ੍ਹ ਰਹੀ ਸੀ। ਇਹ ਇਸ ਲਈ ਸਿਖਿਆਦਾਇਕ ਹੈ ਕਿ ਅੰਤਮ ਦਿਨ ਨੇੜੇ ਦੇਖਦਿਆਂ ਬ੍ਰਤਾਨਵੀ ਹਾਕਮ ਕੌਮ ਪ੍ਰਸਤੀ ਅੰਦਰ ਫੁੱਟ ਦੇ ਬੀਅ ਵੀ ਬੀਜਣ ਲਈ ਪਿਛਾਂਹ ਖਿੱਚੂ ਅਨਸਰਾਂ ਨੂੰ ਉਪਰ ਲਿਆ ਰਹੇ ਸਨ। ਧਰਮ ਜੋ ਸੁਤੰਤਰਤਾ ਪ੍ਰਾਪਤੀ ਦਾ ਉਤਪ੍ਰੇਰਕ ਸੀ ਉਸ ਨੂੰ ਸੁਤੰਤਰਤਾ ਵਿਚੋਂ ਵੰਡ ਵੰਡਈਆ ਕਰਨ ਦਾ ਮਾਧਿਅਮ ਜਾਂ ਮੰਚ ਬਣਾ ਰਿਹਾ ਸੀ। ਸਿਖ ਗੁਰਦੁਆਰਾ ਐਕਟ ਪਾਸ ਹੋਣ ਉਪਰੰਤ ਫਿਰਕੂ (ਚੋਣਕਾਰੀ) ਫੈਸਲੇ (Communal award 1934) ਦਾ ਸਿਟਾ ਇਹ ਨਿਕਲਿਆ ਕਿ ਜਿਥੇ ਮਾਂਟੇਗ ਚੈਮਸਫੋਰਡ ਸਕੀਮ ਅਨੁਸਾਰ ਸੂਬਕ ਅਸੈਂਬਲੀ ਲਈ ਜਿਹੜਾ ਕੇਵਲ 3 ਪ੍ਰਤੀਸਤ ਬਾਲਗਾਂ ਨੂੰ ਵੋਟ ਦਾ ਅਧਿਕਾਰ ਸੀ ਉਹ ਹੁਣ 11 ਪ੍ਰਤੀ ਸੈਂਕੜਾ ਹੋਣ ਨਾਲ, ਸਿਖ ਮੱਧ ਸ਼੍ਰੇਣੀ ਦੀਆਂ ਕੁਝ ਖੱਲਵੀਆਂ ਖਰਤਾਂ ਵੋਟਰ ਬਣ ਗਈਆਂ।

**ਗੁਰਦੁਆਰਾ ਗੋਲਕ ਤੋਂ ਸਿਖ ਸਿਆਸਤ ਵਲ** :—ਭਾਈ ਗੁਰਦਾਸ ਦਾ ਕਥਨ ਹੈ : ਜਹਿ ਗੁਰ ਸਿਖਾਂ ਭਾਗੁ ਧਰਮਸਾਲ ਦੀ, ਵਿਹੁ ਖੰਡਹੁ ਧਾਜ ॥ ਬ੍ਰਤਾਨਵੀ ਸ਼ਹਿ ਉਪਰ ਜੋ ਵਿਸ਼ਈ ਮਹੰਤ ਚੜ੍ਹਤ-ਚੜ੍ਹਾਵੇ ਨੂੰ ਆਪਣੇ ਭ੍ਰਿਸ਼ਟਾਚਾਰ

ਲਈ ਵਰਤਦੇ ਸਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਜਿੱਤਦਿਆਂ ਹੀ ਸਰਕਾਰੀ ਮਿਲਵਰਤਨੀਆਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਛਾਏ ਰਹਿਣ ਲਈ ਇਸ ਦੀ ਗੋਲਕ ਵਿਚੋਂ ਇਕ ਲਖ ਰੁਪਿਆ ਚੋਣਾਂ ਜਿੱਤਣ ਲਈ ਕਢ ਲਿਆ ਸੀ। ਅਕਾਲੀ ਮੋਰਚਿਆਂ ਸਮੇਂ (ਲਿਖਤ ਹਿਸਾਬ ਅਨੁ-ਸਾਰ) ਵੀ ਇਕ ਲਖ ਸੈਂਤੀ ਹਜ਼ਾਰ ਰੁਪਿਆ ਫੰਡ ਇਕੱਠਾ ਹੋਣਾ ਰੀਕਾਰਡ ਉਪਰ ਹੈ। ਅਕਾਲੀ ਮੋਰਚਿਆਂ ਦੌਰਾਨ ਲੋਕ ਪ੍ਰਿਯਤਾ ਦੇ ਕਾਰਣ ਪੰਜਾਬ ਦੀ ਲੈਜਿਸਲੇ-ਟਿਵ ਅਸੈਂਬਲੀ ਦੀਆ 15 ਸਿਖ ਸੀਟਾ ਵਿਚੋਂ 13 ਸੀਟਾ ਅਕਾਲੀ ਦਲ ਨੇ ਜਿੱਤ ਕੇ ਆਪਣਾ ਭਵਿਖ ਚਿਤਵ ਚਿਤਾਰ ਲਿਆ।

ਅਕਾਲੀ ਦਲ ਅਤੇ ਉਸ ਦੇ ਨੇਤਾਵਾਂ ਨੇ ਦੇਖ ਹੀ ਲਿਆ ਸੀ ਕਿ ਧਰਮ ਦੇ ਮੰਚ ਤੋਂ ਲੜੀ ਲੜਾਈ ਭਾਵੇਂ ਕਿੰਨੇ ਵੀ ਸੰਕੁਚਿਤ ਘੇਰੇ ਤੇ ਇਲਾਕੇ ਵਿਚ ਲੜੀ ਗਈ ਸੀ ਪਰ ਲੋਕ ਅਪੀਲ ਕੁਰਬਾਨੀ ਤੇ ਸ਼ਿੱਦਤ ਦੇ ਪੱਖੋਂ ਉਹ ਦੇਸ ਵਿਆਪੀ ਕੌਮ ਪ੍ਰਸਤ ਲਹਿਰ ਨਾਲੋਂ ਵਧੇਰੀ ਪ੍ਰਭਾਵਕ ਅਤੇ ਜੇਤੂ ਸਿੱਧ ਹੋਈ ਸੀ। ਇਹ ਗਲ ਅਕਾਲੀ ਦਲ ਦੀ ਕਾਂਗਰਸ ਦੇ ਸਨਮੁਖ ਇਸ ਦੀ ਸਥਿਤੀ ਨੂੰ ਨਿਸਚਿਤ ਕਰਦੀ ਸੀ। ਅਕਾਲੀ ਲਹਿਰ ਨੇ ਅੰਦਰੂਨੀ ਖਹਿ ਘਸਰ ਉਪਰ ਵਸੀਕਾਰ ਕਰ-ਦਿਆਂ ਸਾਮਰਾਜੀ ਹਕੂਮਤ ਅਤੇ ਦਮਨ ਨਾਲ ਵਰਤ ਕੇ ਇਹ ਵੀ ਦੇਖ ਲਿਆ ਸੀ ਕਿ ਉਸ ਦੀ ਸੂਬੇ ਵਿਚ ਕੈਸੀ ਰਾਜਨੀਤਕ ਸਥਿਤੀ ਹੈ। ਇਹ ਸਾਰੇ ਕਾਰਣ ਅਕਾਲੀ ਦਲ ਦਾ ਰੂਪ ਧਾਰਮਿਕ ਰਖ ਕੇ ਇਸ ਦੇ ਲੱਛਣਾਂ ਨੂੰ ਰਾਜਨੀਤਕ ਬਣਾ ਰਹੇ ਸਨ। ਇਹ ਸਮੇਂ ਦੀ ਮੰਗ ਵੀ ਸੀ, ਅਕਾਲੀ ਦਲ ਦੀ ਮਜਬੂਤੀ ਵੀ ਅਤੇ ਸਰਕਾਰ ਤੇ ਕਾਂਗਰਸ ਦੋਹਾਂ ਦੀ ਮਸਲਿਹਤ ਵੀ।

**ਪ੍ਰੋਗਰਾਮ ਨਹੀਂ, ਸਰਗਰਮੀ ਪ੍ਰਧਾਨ :**—ਲਹਿਰ ਦਾ ਮਹਤਵਪੂਰਨ ਮਾਪ-ਦੰਡ ਇਹ ਹੁੰਦਾ ਹੈ ਕਿ ਇਸ ਨੇ ਆਪਣੇ ਕਾਰਜ ਖੇਤਰ ਵਿਚ ਕਿੰਨੀ ਕੁ ਸਮਾਜਕ ਜਾਗ੍ਰਿਤੀ ਲਿਆਂਦੀ ਹੈ ਅਤੇ ਕਿੰਨੇ ਚਿੰਤਕ ਤੇ ਰਚਨਾਤਮਕ ਵਿਅਕਤੀ ਉਭਾਰੇ ਨਿਖਾਰੇ ਹਨ। ਮਹੰਤੀ ਵਿਰੋਧੀ ਰੋਸ ਦੇ ਬਾਰੂਦ ਨੂੰ ਪਹਿਲਾ ਫਲੀਤਾ ਉਦੋਂ ਲਗਾ ਸੀ ਜਦ ਦਰਬਾਰ ਸਾਹਿਬ (ਅੰਮ੍ਰਿਤਸਰ) ਰਵਿਦਾਸੀ ਸਿਖਾ ਨੂੰ ਅੰਮ੍ਰਿਤ ਛਕਾ ਕੇ ਕੜਾਹ ਪ੍ਰਸ਼ਾਦ ਚੜ੍ਹਾਉਣ ਲਈ ਭੇਜਿਆ ਗਿਆ ਸੀ। ਇਸ ਨੂੰ ਵਿਉਂਤਣ ਵਾਲਿਆਂ ਵਿਚੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਤਿੰਨ ਪ੍ਰਧਿਆਪਕ ਦਸੀਦੇ ਹਨ। ਹਰਕਿਸ਼ਨ

ਸਿੰਘ, ਪ੍ਰੋ: ਤੇਜਾ ਸਿੰਘ, ਪ੍ਰੋ: ਸਾਹਿਬ ਸਿੰਘ ਆਦਿਕ ਵਿਦਵਾਨ ਦਲ ਦੇ ਸੰਵਿਧਾਨਕ, ਜਨ ਸੰਪਰਕ ਅਤੇ ਸਿਧਾਂਤਕ ਮਾਮਲਿਆਂ ਖਰੜਿਆਂ ਤੇ ਲਿਖਤਾਂ ਦੇ ਕੰਮ ਕਰਦੇ ਸਨ। ਮੋਰਚਿਆਂ ਦੇ ਦੌਰਾਨ ਅਕਾਲੀ ਦਲ ਹੀ ਗੈਰ ਕਾਨੂੰਨੀ ਨਹੀਂ ਸੀ ਕੀਤਾ ਗਿਆ ; ਤੀਹ ਤੋਂ ਉਪਰ ਕੇਸ, ਪ੍ਰੈਸਾਂ ਦੀ ਜ਼ਮਾਨਤ ਅਤੇ ਅਖਬਾਰ ਜ਼ਬਤ ਕਰਨ ਦੇ ਚਲਾਏ ਗਏ ਸਨ। ਸੋਹਨ ਸਿੰਘ ਜੋਸ਼, ਸਰਦੂਲ ਸਿੰਘ ਕਵੀਸ਼ਰ, ਹੀਰਾ ਸਿੰਘ ਦਰਦ ਅਤੇ ਮਾਸਟਰ ਤਾਰਾ ਸਿੰਘ ਜਹੇ ਲਿਖਾਰੀ ਤੇ ਕਲਮਕਾਰ ਉਭਰੇ ਸਨ। ਗੁਰਮੁਖ ਸਿੰਘ ਮੁਸਾਫਿਰ, ਫਿਰੋਜ ਦੀਨ ਸ਼ਰਫ, ਅਰਜਨ ਸਿੰਘ ਗੜਗੱਜ ਤੋਂ ਲੈ ਕੇ ਵਿਧਾਤਾ ਸਿੰਘ ਤੀਰ ਆਦਿਕ ਦਾ ਭਰਪੂਰ ਕਵੀ-ਪੂਰ ਅਕਾਲੀ ਲਹਿਰ ਸਮੇਂ ਉਭਰਿਆ ਸੀ। ਅਕਾਲੀ ਲਹਿਰ ਦੀਆ ਪ੍ਰਾਪਤੀਆ ਨੂੰ ਦੇਖਦਿਆਂ ਇਹ ਲਹਿਰ ਦੀ ਵਿਡੰਬਣਾ ਜਾਂ ਦੁਖਾਂਤ ਹੀ ਕਿਹਾ ਜਾਏਗਾ ਕਿ ਇਨ੍ਹਾਂ ਵਿਚੋਂ ਚਿੰਤਣਸ਼ੀਲ ਅਨ-ਸਰ ਮਾਰਕਸਵਾਦੀ ਖੇਤਰ ਵਲ ਚਲਾ ਗਿਆ ਜਾਂ ਸਰਗਰਮ ਕੌਮਪ੍ਰਸਤੀ ਵਲ,ਲੇਖਕ ਕਵੀ ਲੜੀ ਲਹਿਰ ਦੀ ਸਰਗਰਮੀ ਵਿਚੋਂ ਨਿਕਲ ਕੇ ਸੁਤੰਤਰ ਸਿਰਜਨਾ ਵਿਚ ਪੈ ਗਈ ਅਤੇ ਮਾਸਟਰ ਤਾਰਾ ਸਿੰਘ ਜਹੇ ਗਹਿ ਗਚ ਪਾਰਟੀ ਸਰਗਰਮੀ ਵਿਚ ਪੈਣ ਵਾਲੇ, ਆਪਣੀ ਹੋਣਹਾਰ ਗਲਪਕਾਰੀ-ਕਲਮਕਾਰੀ ਗੁਆ ਬੈਠੇ।

ਨਿਪਟ ਐਜੀਟੇਸ਼ਨ ਹੋਣ ਅਤੇ ਬੌਧਿਕ ਸੋਤਰ ਸੁਕਦੇ ਜਾਣ ਕਾਰਣ ਅਕਾਲੀ ਦਲ ਅਜਿਹੀ ਅਮਲੀ ਰਾਜਨੀਤੀ (Pragmatic Politcis) ਵਿਚ ਗੁਸਿਆ ਗਿਆ ਕਿ ਉਸ ਨੂੰ ਕੌਮੀ ਪਾਰਟੀ ਦੇ ਸਿਧਾਂਤ ਅਤੇ ਪਰੋਗਰਾਮ ਉਲੀਕਣ ਦੀ ਸੁੱਧ-ਬੁੱਧ ਨਹੀਂ ਰਹੀ।

**ਸਿਖ ਸਿਆਸਤ** :—ਸੰਸਾਰ ਦੀ ਤਾਂ ਗਲ ਛਡੋ, ਦੇਸ ਵਿਆਪੀ ਰਾਜਨੀਤਕ ਸੰਦਰਭ ਵਿਚ ਸੂਬੇ ਅਤੇ ਸਿਖ ਸਮੁਦਾਇ (ਜਿਸ ਨੂੰ ਕੌਮੀ ਘਟ ਗਿਣਤੀ ਵੀ ਕਿਹਾ ਗਿਆ) ਲਈ ਆਰਥਕ ਰਾਜਨੀਤਕ ਪ੍ਰੋਗਰਾਮ ਦੀ ਅਣਹੋਂਦ ਕਾਰਣ ਜੋ ਅਮਲੀ ਰਾਜਨੀਤੀ ਚਲਾਈ ਗਈ ਉਸ ਨੂੰ ਸਿਖ ਸਿਆਸਤ ਜਾਂ ਪੰਥਕ ਰਾਜਨੀਤੀ ਆਦਿਕ ਦਾ ਨਾ ਪ੍ਰਚੱਲਤ ਹੋ ਗਿਆ। ਸਿਖ ਗੁਰਦੁਆਰਾ ਐਕਟ ਉਪਰੰਤ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਵਸੀਕਾਰ ਅਤੇ ਰਾਜਨੀਤੀ ਵਿਚ ਸਥਾਪਤ ਹੋਣ ਦੇ ਨਾਲ ਨਾਲ ਜਿਹੜੀਆਂ ਮੰਗਾਂ ਉਮੰਗਾਂ ਅਤੇ ਨਾਹਰੇ ਉਭਾਰੇ ਜਾਂਦੇ ਸਨ ਉਨ੍ਹਾਂ ਉਪਰ ਹੀ ਸਿਖ ਸਿਆਸਤ ਆਧਾਰਤ ਰਹੀ ਹੈ। ਇਸੇ ਲਈ ਸਾਧਾਰਨ ਰੂਪ ਵਿਚ ਸੂਬਕ ਪੱਧਰ ਦੀ

ਅਤੇ ਵਿਸ਼ੇਸ਼ ਤੌਰ ਤੇ ਕੌਮੀ ਜਾਂ ਕੌਮਾਂਤਰੀ ਪੱਧਰ ਦੀ ਸਟੇਟਸਮੈਨਸ਼ਿਪ ਜਾਂ ਨੀਤੀ-ਵਾਨਤਾ ਅਕਾਲੀ ਸਿਆਸਤ ਪੇਸ਼ ਨਹੀਂ ਕਰ ਸਕੀ। ਅੱਤ-ਅਮਲੀ ਸਿਆਸਤ ਦੇ ਜ਼ੋਰ ਜਿੱਤ ਦੇ ਨੇੜੇ ਪਹੁੰਚ ਕੇ ਦੂਰ-ਅੰਦੇਸ਼ੀ ਤੇ ਨੀਤੀ ਦੀ ਘਾਟ ਕਾਰਣ ਅਸਲ ਅਰਥਾਂ ਵਿਚ ਜਿੱਤ ਨਾ ਸਕਣਾ ਇਹ ਅਕਾਲੀ ਲਹਿਰ ਦਾ ਦੁਖਾਂਤ ਰਿਹਾ ਹੈ।

ਸਿਖ ਸਿਆਸਤ ਦੀ ਆਰਥਕ ਟੇਕ ਪੰਜਾਬ(ਖਾਸ ਕਰ ਪੂਰਬੀ ਪੰਜਾਬ) ਦੀ ਕਿਸਾਨੀ ਉਪਰ ਰਹੀ ਹੈ। ਇਸ ਨੂੰ ਬਚਾਉਣ ਲਈ ਜੇ 'ਕਾਸ਼ਤਕਾਰ ਜਾਤਾਂ ਦੀ ਸੁਰਖਿਆ' ਦੇ ਸਰਕਾਰੀ ਉਪ੍ਰਾਲੇ ਹੋਏ ਤਾਂ ਸਿਖ ਸਿਆਸਤ ਨੇ ਮਿੱਠਾ ਸਮਝ ਕੇ ਛਕ ਲਿਆ। ਜੇ ਕਿਸਾਨ ਮੋਰਚੇ ਲਗੇ ਤਾਂ ਉਸ ਵਿਚ ਵੀ ਹਿੱਸਾ ਪਾ ਕੇ ਸਰਕਾਰ ਦੀ ਵਿਰੋਧਤਾ ਕੀਤੀ। ਮੰਦਵਾੜੇ ਸਮੇਂ ਬੇਕਾਰੀ ਦਾ ਇਕੋ ਇਕ ਹੱਲ ਸਰਕਾਰੀ ਨੌਕਰੀ ਨੂੰ ਸਮਝ ਕੇ ਫੌਜੀ ਭਰਤੀ ਅਤੇ ਸਿਵਲ ਨੌਕਰੀਆਂ ਵਿਚ 'ਸਿਖਾਂ ਦਾ ਹਿਸਾ' ਮੰਗਿਆ। ਦੂਜੀ ਸੰਸਾਰ ਜੰਗ ਸਮੇਂ ਅਕਾਲੀਆਂ ਸਿਰਜੀ ਸਿਖ ਸਿਆਸਤ ਦਾ ਇਕ ਰੂਪ ਫੌਜੀ ਭਰਤੀ ਵਿਚ ਸਿਖਾਂ ਦੇ 'ਮਾਰਸ਼ਲ ਰੇਸ' ਹੋਣ ਅਨੁਸਾਰ ਹਿੱਸਾ ਮੰਗਦਾ ਤੇ ਪਰਚਾਰਦਾ ਰਿਹਾ, ਕਾਂਗਰਸ ਦੀ ਸ਼ਾਂਤਮਈ ਨੀਤੀ ਨੂੰ ਸਿਖ ਸੁਭਾਅ ਤੋਂ ਉਲਟ ਦਸਦਾ ਰਿਹਾ ਅਤੇ ਦੂਜਾ ਪੱਖ ਕਾਂਗਰਸੀ ਸਤਿਆਗ੍ਰਹਿ ਵਿਚ ਗ੍ਰਿਫਤਾਰੀਆਂ ਦੇਂਦਾ ਰਿਹਾ। ਸਿਖ ਕਿਸਾਨੀ ਉਪਰ ਏਕਾਅਧਿਕਾਰ ਲਈ ਕ੍ਰਿਸਾਨ ਸਭਾਈ ਸਿਧਾਂਤਕ ਆਧਾਰ ਨੂੰ, ਪਹਿਲਾਂ ਸਿਖ ਸਿਆਸਤ ਨਾਸਤਕ ਅਤੇ ਦੂਜੀ ਸੰਸਾਰ ਜੰਗ ਸਮੇਂ ਕੌਮੀ ਗਦਾਰ ਦੱਸ ਕੇ ਨਿਖੇੜਦੀ ਰਹੀ; ਗੁਰਦੁਆਰਾ ਪ੍ਰਬੰਧ ਉਪਰ ਛਾਈ ਰਹੀ। ਇੰਜ, ਵਾਹੀ-ਬਿਜਾਈ ਦੇ ਮੌਸਮਾਂ ਅਨੁਸਾਰ ਲਾਏ ਮੋਰਚਿਆਂ ਵਿਚ ਸਿਖ ਕਿਸਾਨੀ ਦੇ ਯੋਗ-ਦਾਨ ਉਪਰ ਟੇਕ ਰਖ ਕੇ ਸ਼ਹਿਰੀ ਸਿਖ ਮਧ-ਸ਼੍ਰੇਣੀ (ਜੋ ਅਖਬਾਰ ਵਿਚ ਮਾਰ-ਕੀਟ ਭਾਅ ਦੇਖ ਕੇ ਸੌਦਾਗਰੀ-ਦੁਕਾਨਦਾਰੀ ਕਰਦੀ ਹੈ ਅਤੇ ਰਾਜਨੀਤੀ ਦੇ ਬਾਜ਼ਾਰ ਵਿਚ ਮੰਦੇ-ਤੇਜ਼ੀ ਨੂੰ ਦੇਖ ਕੇ ਦਰਕਦੀ-ਬੜਕਦੀ ਹੈ) ਨੂੰ 'ਪੰਥ ਖਤਰੇ ਵਿਚ' ਅਤੇ 'ਘਟ ਗਿਣਤੀ ਨਾਲ ਵਿਤਕਰਾ' ਦੀ ਦੁਹਾਈ ਦੇ ਕੇ ਪਿਛੇ ਲਾ ਲੈਣ ਨੂੰ ਰਾਜਨੀਤਕ ਪੈਂਤਰਾ ਬਣਾਇਆ ਗਿਆ।

**ਸੰਕੋਚ ਤੋਂ ਸੰਕੀਰਣਤਾ ਵਲ** :—ਆਰੰਭ ਵਿਚ ਸਿਖ ਸਿਆਸਤ ਸਾਹਮਣੇ ਦੋ ਪ੍ਰੋਗਰਾਮ ਸਨ : (1) ਗੁਰਦੁਆਰਿਆਂ ਦੇ ਪ੍ਰਬੰਧ ਉਪਰ ਦਿਸਦੇ ਪੰਥਕ ਵਸੀਕਾਰ ਨੂੰ ਪਾਰਟੀ ਕਬਜ਼ੇ ਵਿਚ ਬਦਲਣਾ ਅਤੇ (2) ਰਾਜ ਅਤੇ ਸਮਾਜ ਵਿਚ

ਪਾਰਟੀ-ਪੁਜ਼ੀਸ਼ਨ ਬਣਾਉਣੀ। ਇਸ ਮੰਤਵ ਲਈ 'ਘਟ ਗਿਣਤੀ ਦਾ ਅਹਿਸਾਸ' ਪੈਦਾ ਕਰਨਾ ਅਤੇ 'ਪੰਥ ਖਤਰੇ ਵਿਚ' ਦਾ ਨਾਹਰਾ ਦੇਣਾ—ਦੋ ਅਜਿਹੇ ਰਾਜਨੀਤੀ-ਮੁਖ ਕਾਰਜ ਸਨ ਜਿਹਨਾਂ ਦੇ ਪ੍ਰਤੀਕਰਮ ਵਜੋਂ ਸਿਖ-ਮਾਨਸਿਕਤਾ ਸੰਕੁਚਿਤ ਤੋਂ ਸੰਕੀਰਣ ਸੇਧ ਵਿਚ ਵਿਕਸਤ ਹੋਈ।

ਗੁਰਬਾਣੀ ਨੂੰ ਸਿਖ ਸਮਾਜ ਨਾਲ ਜੋੜਨ ਲਈ, ਗੁਰੂ ਗ੍ਰੰਥ ਦਾ ਪ੍ਰਮਾਣੀਕ ਪਾਠ ਮਿਥਣ ਲਈ ਕੋਈ ਉਪ੍ਰਾਲਾ ਨਹੀਂ ਕੀਤਾ ਗਿਆ, ਪਦ-ਵੰਡ ਕਰਕੇ ਕੀਤੀ ਗੁਰੂ ਗ੍ਰੰਥ ਦੀ ਛਪਾਈ ਦੇਰ ਚਿਰ ਤਕ ਅਨਿਸਚਿਤ ਰਹਿ ਕੇ ਰੋਕੀ ਗਈ। ਗੁਰੂ ਸਾਹਿਬਾਂ ਦੇ ਜਨਮ ਦਿਵਸਾਂ ਦੀ ਤਾਰੀਖ ਤੋਂ ਲੈ ਕੇ ਗੰਭੀਰ ਪ੍ਰਕਾਰ ਦੇ ਇਤਹਾਸਕ ਸ਼ੰਕਿਆਂ ਤੇ ਪ੍ਰਸ਼ਨਾਂ ਦੇ ਸਮਾਧਾਨ ਵਲ ਧਿਆਨ ਨਹੀਂ ਦਿਤਾ ਗਿਆ। ਗੁਰਦੁਆਰਾ ਐਕਟ ਅਨੁਸਾਰ ਵਿਦਿਆ ਅਤੇ ਧਰਮ ਪਰਚਾਰ ਲਈ ਨਿਸਚਿਤ ਮਾਇਕ ਵਸੀਲਿਆਂ ਦੀ ਵਰਤੋਂ ਨਹੀਂ ਕੀਤੀ ਗਈ। ਚਾਲੀਵਿਆਂ ਤਕ—ਕੁਝ ਹੱਥ ਖੱਡੀਆਂ (ਗੁਰੂ ਰਾਮ ਦਾਸ ਸਕੂਲ ਕੌਲਸਰ, ਅੰਮ੍ਰਿਤਸਰ) ਲਾਉਣ ਅਤੇ ਕੁਝ ਵਰ੍ਹੇ ਦਸਤਕਾਰੀ ਸਕੂਲ (ਬਿਬੇਕ ਸਰ, ਅੰਮ੍ਰਿਤਸਰ) ਦੇ ਨਾਂ ਹੇਠ ਕਿਰਪਾਨਾਂ ਬਨਾਉਣ ਦਾ ਕਾਰਖਾਨਾ ਲਾਉਣ ਤੋਂ ਬਿਨਾਂ—ਦਸਤਕਾਰੀ ਸਿਖਿਆ ਵਲ ਵੀ ਲੁੜੀਂਦਾ ਧਿਆਨ ਨਹੀਂ ਦਿਤਾ ਗਿਆ। ਅੰਮ੍ਰਿਤਸਰ ਵਿਚ ਸਿਖ ਮਿਸ਼ਨਰੀ ਕਾਲਜ, ਪਰਚਾਰਕਾਂ ਦੀ ਟਰੇਨਿੰਗ-ਸੰਸਥਾ ਨਾਲੋਂ ਅਨਾਥਾਲਿਆ ਬਹੁਤਾ ਸੀ।

ਭਗਵੇ ਪਹਿਰਾਵੇ ਵਾਲੇ, ਜਟਾਧਾਰੀ ਤੇ ਹੋਰਨਾਂ ਭੇਖਾਂ ਵਾਲੇ ਸੰਤਾਂ, ਗੁਰੂਆਂ, ਕੁਲ-ਗੁਰੂਆਂ ਦੀ ਥਾਂ ਚਿੱਟੇ ਚੋਲੇ ਤੇ ਸਿਖ ਸਰੂਪ ਵਾਲੀ ਸੰਤੀ-ਸੇਵਕੀ ਤੇ ਡੇਰੇਦਾਰੀ ਲੈਣ ਲਗੀ। ਖੁਲ੍ਹੇ ਤੇ ਸਵੈ-ਪਾਠ ਰਾਹੀਂ 'ਸ਼ਬਦ ਦੀ ਖੋਜ' ਦਾ ਰਾਹ ਛਡ ਕੇ ਅਖੰਡ ਪਾਠਾਂ, ਇਕ ਬਾਣੀ, ਇਕ ਤੁਕ ਦੇ ਪਾਠਾਂ ਤੋਂ ਚਲ ਕੇ ਪੇਸ਼ੇਵਰ ਪਾਠੀਆਂ ਕੋਲੋਂ ਕਿਸੇ ਦੇ ਨਮਿਤ ਪਾਠ ਕਰਨ-ਕਰਾਉਣ ਦੀ ਪਿਰਤ ਪਈ। ਗੁਰਬਾਣੀ ਨੂੰ ਸਹਿਜ ਰੂਪ ਵਿਚ ਸੁਣਨ, ਸਮਝਣ ਤੇ ਮਨਣ ਕਰਨ ਦੀ ਥਾਂ ਕੰਨ-ਰਸ ਦੇਣ ਵਾਲੇ ਕਥਾ-ਕੀਰਤਨ ਪਰਚੱਲਤ ਹੋਏ।

ਭੰਗ, ਸ਼ਰਾਬ ਤੇ ਕੁਝ ਹੋਰ ਨਸ਼ੀਲੇ ਪਦਾਰਥਾਂ ਦੇ ਸੇਵਣ ਬਾਰੇ ਚੁਪ ਜਾਂ ਅਨਿਸਚਤ ਰਹਿ ਕੇ ਕੇਵਲ ਤਮਾਕੂ ਨੋਸ਼ੀ ਦੀ ਵਿਰੋਧਤਾ ਉਪਰ ਹਿੰਦੂ ਤੇ ਮੁਸਲਿਮ ਵਿਰੁਧ ਤੁਅਸਬ ਕਾਇਮ ਕਰਨ ਲਈ ਜ਼ੋਰ ਦਿਤਾ ਗਿਆ। ਮਾਇਆਧਾਰੀ ਕਰੁਚੀਆਂ

ਵਿਰੁਧ ਰੋਜ਼ਾਨਾ ਜੀਵਣ ਵਿਚ ਸਿਧਾਂਤਕ ਤੇ ਪਰਚਾਰਾਤਮਕ ਸੰਘਰਸ਼ ਕਰਨ ਦੀ ਥਾਂ ਵਿਆਹ-ਸਮੇਂ ਅੰਮ੍ਰਿਤਧਾਰੀ ਹੋਣ ਦੀ ਪੁੱਛ ਇਕ ਰਸਮ ਮਾਤਰ ਬਣਦੀ ਗਈ। ਇਕ ਵਾਰ ਸੰਯੁਕਤ ਪ੍ਰਾਂਤ (ਅਜੋਕਾ ਉਤਰ ਪ੍ਰਦੇਸ਼) ਵਿਚ ਅੰਮ੍ਰਿਤ ਪਰਚਾਰ ਦੀ ਮਹਿੰਮ ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਵਿਚ (ਵੋਟ ਬੈਂਕ ਜਾਂ ਵੋਟ-ਦਬਾਉ ਬਨਾ-ਉਣ ਲਈ) ਚਲਾਈ ਗਈ ਜੋ ਰਾਜਨੀਤਕ ਮਸਲਿਹਤਾਂ ਕਾਰਣ-ਨਿਲੰਬਤ ਕੀਤੀ ਗਈ, ਪਟਨੇ ਤੋਂ ਨੰਦੇੜ ਤੱਕ ਦੇ ਭਾਟੜੇ ਤੇ ਵਣਜਾਰੇ ਸਿੱਖਾਂ ਵਿਚ ਕਦੇ ਅੰਮ੍ਰਿਤ ਪ੍ਰਚਾਰ ਵਲ ਧਿਆਨ ਨਹੀਂ ਦਿਤਾ।

ਹਾਂ, ਰਾਜਨੀਤਕ ਖੇਤਰ ਵਿਚ ਕਿਵੇਂ ਨਾ ਕਿਵੇਂ ਪੈਂਠ ਬਣਾਈ ਰਖੀ ਅਤੇ ਗੁਰਦੁਆਰਾ ਪ੍ਰਬੰਧ ਵਿਚ, ਸੇਵਾਦਾਰ, ਰਾਗੀ, ਗਰੰਥੀ, ਹੈਡ ਗਰੰਥੀ ਅਤੇ ਤਖਤ ਦੇ ਜੱਥੇਦਾਰ, ਸ਼੍ਰੋਮਣੀ ਕਮੇਟੀ ਦੇ ਡਿਊਟੀ ਰਜਿਸਟਰਾਂ ਉਪਰ ਚੜ੍ਹ ਕੇ ਗੁਰੂ ਘਰ ਦੀ ਸੇਵਾ ਅਕਾਲੀ ਲੀਡਰਾਂ ਦੇ ਡਿਸਪਲਨ ਅਤੇ ਖੁਸ਼ਨੂਦੀ ਲਈ ਨਿਭਾਉਣ ਲਗੇ।

ਐਸੀ ਹਾਲਤ ਵਿਚ ਜਿਹੜਾ ਇਤਹਾਸ ਲਿਖਿਆ ਗਿਆ ਉਹ ਕੌਮੀ ਉਭਾਰ ਦੇ ਸਮਾਨਾਂਤਰ ਪੂਰੇ ਅਤੀਤ ਨੂੰ ਚਮਕਾਉਣ ਦਮਕਾਉਣ ਲਈ ਹੀ ਲਿਖਿਆ ਜਾ ਸਕਦਾ ਸੀ। ਗੁਰਬਾਣੀ, ਗੁਰਮਰਯਾਦਾ, ਸਿਖ ਇਤਹਾਸ ਅਤੇ ਜੀਵਣ-ਜਾਚ ਦੀਆਂ ਜਿੰਨੀਆਂ ਵਿਲੱਖਣਤਾਵਾਂ ਸਨ ਉਨ੍ਹਾਂ ਨੂੰ ਸਰਬੋਤਮ ਦਿਖਾਉਣ ਦੀ ਰੁਚੀ ਪਰਚੱਲਤ ਹੋਈ। ਚੀਫ ਖਾਲਸਾ ਦੀਵਾਨ, ਸਿਖ ਐਜੂਕੇਸ਼ਨਲ ਕਾਨਫਰੰਸ ਆਦਿਕ ਨੇ ਰਾਜਨੀ-ਤਕ ਖੇਤਰ ਵਿਚ ਅਕਾਲੀ ਲਹਿਰ ਨੂੰ ਫਿਰਕਾ ਪ੍ਰਸਤੀ ਵਲ ਧੱਕ ਕੇ ਬਰਤਾਨਵੀ ਹਾਕਮਾਂ ਦੀ ਝੋਲੀ ਵਿਚ ਲਿਜਾ ਬਿਠਾਉਣ ਦੇ ਯਤਨ ਤਾਂ ਕਦੋ ਦੇ ਆਰੰਭੇ ਹੋਏ ਸਨ। ਹੁਣ ਗੁਰੂ ਘਰ ਅਤੇ ਪਿਛੇਤਰ ਕਾਲ ਦੇ ਇਤਹਾਸ ਨੂੰ ਸੰਕੀਰਣ ਅਰਥ ਦੇਣੇ ਸ਼ੁਰੂ ਕਰ ਦਿਤੇ। ਫਿਰਕਾਪ੍ਰਸਤੀ ਅਤੇ ਮੂਲਵਾਦ ਦੇ ਬੀਜ-ਅੰਸ਼ ਜਾਂ ਅੰਕੁਰ ਇਹਨਾਂ ਦਿਨਾਂ ਵਿਚ ਫੈਲਣੇ ਫੁੱਟਣੇ ਆਰੰਭ ਹੋਏ।

# 14. ਸਿਖ ਮੂਲਵਾਦ : ਦੋ ਉਤਪ੍ਰੇਰਕ

ਇਸ ਸਦੀ ਦੇ ਵੀਹਵਿਆਂ ਤੋਂ ਲੈ ਕੇ ਆਜ਼ਾਦੀ ਪ੍ਰਾਪਤੀ ਤਕ ਰਾਜਨੀਤਕ ਖੇਤਰ ਅਤੇ ਮਧ ਸ਼੍ਰੇਣੀਆਂ ਦੀ ਮਾਨਸਿਕਤਾ ਉਪਰ ਕ੍ਰਮਵਾਰ (1) ਫਿਰਕੂ ਚੋਣ-ਕਾਰੀ (Communal Award), (2) ਧਾਰਮਿਕ ਬਹੁ-ਗਿਣਤੀ ਦੇ ਹੰਕਾਰ ਜਾਂ ਘਟ-ਗਿਣਤੀ ਦੇ ਅਹਿਸਾਸ ਅਤੇ (3) 'ਧਰਮ ਅਨੁਸਾਰ ਕੌਮ' ਦੇ ਸਿਧਾਂਤ (ਜਿਸ ਨੂੰ ਆਮ ਤੌਰ ਤੇ ਦੋ ਕੌਮਾ ਦੀ ਥਿਊਰੀ ਕਿਹਾ ਜਾਂਦਾ ਹੈ) ਨੇ ਗਹਿਰਾ ਪ੍ਰਭਾਵ ਪਾਇਆ। ਰਾਜਨੀਤਕ, ਧਾਰਮਿਕ ਅਤੇ ਪਤਰਕਾਰ ਖੇਤਰਾਂ ਨੇ ਫਿਰਕਾਪ੍ਰਸਤੀ ਅਤੇ ਇਸ ਦੀ ਮਾਨਸਿਕਤਾ ਨੂੰ ਹਵਾ ਦਿਤੀ।

ਇਹ ਕੈਸੀ ਵਿਡੰਬਣਾ ਹੈ ਕਿ ਜਦੋਂ ਸੁਤੰਤਰਤਾ ਸੰਗ੍ਰਾਮ ਦੀ ਜਿੱਤ ਨਹੀਂ ਸੀ ਹੋਈ ਸਗੋਂ ਅਜੇ ਨੀਂਹ ਬੱਝੀ ਸੀ ਜਾਂ ਚੜ੍ਹਤਲ ਬਣਨ ਵਾਲੀ ਸੀ ਉਸ ਸਮੇਂ ਸਾਵਰ-ਕਰ ਸਨੱਧਬਧ ਇਨਕਲਾਬ ਲਈ ਜਾਨ ਹੂਲ ਰਿਹਾ ਸੀ। ਹੋਰ ਮਗਰੋਂ, ਇਡੀ-ਅਨ ਨੈਸਨਲ ਕਾਂਗਰਸ ਦੇ ਗਰਮ ਦਲ ਦੇ ਪ੍ਰਤੀਨਿਧ ਵਜੋਂ ਮੁਹੰਮਦ ਅਲੀ ਜਿਨਾਹ ਕਾਂਗਰਸ ਦੀ ਪ੍ਰਧਾਨਗੀ ਕਰ ਰਿਹਾ ਸੀ। ਪਰ ਆਜ਼ਾਦੀ ਦੀ ਜੱਦੋ-ਜਹਿਦ ਦੇ ਵਧਣ ਨਾਲ ਇਹ ਦੋਵੇਂ ਵਿਅਕਤੀ—ਸਮੇਤ ਆਪਣੇ ਜਹੇ ਅੰਸਰ ਦੇ—ਕੌਮ ਪ੍ਰਸਤ ਲਹਿਰ ਦੇ ਰਾਹ ਵਿਚ ਫਿਰਕੂ ਰੋੜੇ ਬਣ ਖਲੋਤੇ ਸਨ। ਧਰਮ; ਸੁਤੰਤਰਤਾ ਦੀ ਤਾਂਘ ਦੀ ਥਾ ਵਿਤਕਰੇ ਤੇ ਘ੍ਰਿਣਾ ਦਾ ਪੜੁੱਲ ਬਣ ਗਿਆਂ ਸੀ।

**ਹਿੰਦੂ ਰਾਸ਼ਟਰ, ਹਿੰਦੂ ਫਿਰਕਾਪ੍ਰਸਤੀ** :—ਫਿਰਕੂ ਚੋਣਕਾਰੀ ਨੇ ਸਾਵ-ਰਕਰ ਅਤੇ ਡਾਕਟਰ ਮੁੰਜੇ ਤੋਂ ਲੈ ਕੇ ਸੂਬੇ-ਸੂਬੇ ਵਿਚਕਾਰ ਵਿਰਲੇ ਟਾਂਵੇਂ ਹਿੰਦੂ

ਸਭਾਈ ਨੇਤਾ ਖੁੰਬਾਂ ਵਾਂਗ ਉਗਲ ਹੀ ਨਹੀਂ ਸਨ ਦਿਤੇ ਸਗੋਂ ਹਿੰਦੂ ਸਵਰਨ ਕਾਲ ਦੇ ਸੁਪਨੇ ਵੀ ਜਗਾ ਦਿਤੇ ਸਨ। ਕਿਹਾ ਜਾਣ ਲੱਗਾ ਕਿ ਆਦਿ ਕਾਲ ਤੋਂ ਚਲੇ ਆ ਰਹੇ ਭਾਰਤ ਦੇ ਅੰਦਰੋਂ ਹੀ ਤਥਾ ਕਥਿਤ 'ਇਸਲਾਮੀ ਆਕ੍ਰਮਣਕਾਰੀਆਂ' ਨੇ ਹਿੰਦੂਆਂ ਨੂੰ ਮੁਸਲਮਾਨ ਬਣਾ ਕੇ ਦਾਸ ਬਣਾਈ ਰਖਿਆ ਸੀ ਅਤੇ ਹੁਣ ਵੀ ਇਹ ਕਾਂਗਰਸ ਉਨ੍ਹਾਂ ਹੀ ਮੁਸਲਮਾਨਾਂ ਨੂੰ ਖੁਸ਼ ਰਖਣਾ ਚਾਹੁੰਦੀ ਸੀ। ਹਿੰਦੂ ਫਿਰਕਾ-ਪ੍ਰਸਤੀ ਅਜਿਹੇ ਹਿੰਦੂ ਰਾਸ਼ਟਰ ਦਾ ਨਿਰਮਾਣ ਕਰਨਾ ਚਾਹੁੰਦੀ ਸੀ ਜਿਸ ਵਿਚ ਵਰਣ-ਆਸ਼ਰਮ ਅਤੇ ਜਾਤ-ਪਾਤ ਦੀ ਆਦੀ ਪਿਰਾਮਿਡੀ ਵਿਵਸਥਾ ਕਾਇਮ ਰਖੀ ਜਾਏ। ਇਸ ਵਿਚਾਰ ਅਨੁਸਾਰ ਤਾਂ ਮਹਾਤਮਾ ਗਾਂਧੀ ਦਾ ਸ਼ੂਦਰਾਂ ਨੂੰ ਹਰੀਜਨ ਕਹਿ ਕੇ ਰਾਸ਼ਟਰ ਵਿਚ ਸਮਾਨਤਾ ਦੇਣਾ ਵੀ ਠੀਕ ਨਹੀਂ ਸੀ ਜਦ ਕਿ ਮੁਸਲਿਮ ਲੀਗ ਦਾ ਕਾਇਦੇ ਆਜ਼ਮ (ਮਹਾਨ ਨੇਤਾ) ਜਿਨਾਹ, ਗਾਂਧੀ ਦੇ ਹਰੀਜਨ ਉਧਾਰ ਨੂੰ ਹਿੰਦੂ ਬਹੁ-ਗਿਣਤੀ ਨੂੰ ਹੱਦੋਂ ਬਾਹਰਾ ਵਧਾਉਣ ਦੀ ਚਾਲ ਸਮਝਦਾ ਸੀ। ਮੁਸਲਮਾਨਾਂ ਨੂੰ ਵਿਰੋਧੀ ਤੇ ਮੁਖ ਘਟ-ਗਿਣਤੀ ਸਮਝ ਕੇ ਛੋਟੀ ਤੇ ਜ਼ੋਰਾਵਰ ਘਟ ਗਿਣਤੀ ਸਿਖਾਂ ਨੂੰ ਸੂਬਕ ਪਧਰ ਦਾ ਸਾਥੀ ਬਨਾਉਣ ਲਈ, ਹਿੰਦੂ ਫਿਰਕਾ-ਪ੍ਰਸਤੀ (ਸਾਵਰਕਰ ਅਤੇ ਮਦਨ ਮੋਹਨ ਮਾਲਵੀਆ ਦੀਆਂ ਫੇਰੀਆਂ ਦੇ ਰੂਪ ਵਿਚ) ਵਲੋਂ ਕੁਝ ਪਹਿਲ-ਕਦਮੀਆਂ ਵੀ ਹੋਈਆਂ ਸਨ।

ਪਰ ਪੰਜਾਬੀ ਹਿੰਦੂ ਫਿਰਕਾਪ੍ਰਸਤੀ ਦੇ ਕੁਝ ਵਿਸ਼ੇਸ਼ ਜਾਂ ਸੂਬਕ ਲੱਛਣ ਸਨ। ਆਰੰਭ ਵਿਚ ਜਿਸ ਆਰੀਆ ਸਮਾਜ ਨੇ ਬ੍ਰਹਮਣਵਾਦ ਵਿਰੋਧਤਾ ਦੇ ਆਧਾਰ ਤੇ ਸਿਖਾਂ ਨਾਲ ਸਿੰਘ-ਸਭਾਈ ਮੰਚ ਤੋਂ ਸੰਪਰਕ ਕੀਤਾ ਸੀ, ਹੁਣ ਉਸ ਵਲੋਂ ਗੁਰੂ, ਗੁਰਬਾਣੀ ਅਤੇ ਪੰਜਾਬੀ ਭਾਸ਼ਾ ਸੰਬੰਧੀ ਪ੍ਰਸ਼ਨਾਂ ਉਪਰ ਮੋਹ-ਭੰਗ ਵੀ ਹੋਇਆ ਅਤੇ ਛੇੜ-ਛਾੜ ਵੀ। ਸਭਿਆਚਾਰਕ ਪੱਖ ਤੋਂ ਰਸਮਾਂ ਰੀਤਾਂ ਤੋਂ ਲੈ ਕੇ ਰੋਟੀ ਬੇਟੀ ਦੀ ਸਾਂਝ, ਸਨਾਤਨ ਧਰਮੀ ਹਿੰਦੂ ਸਿਖਾਂ ਵਿਚ ਸਹਿਨਸ਼ੀਲਤਾ ਲਿਆਉਂਦੀ ਸੀ ਅਤੇ ਨੇੜਤਾ ਵੀ। ਪਰ ਸਨਾਤਨ ਹਿੰਦੂ ਧਰਮ ਜਿਥੇ ਉਦਾਰ ਸੀ ਉਥੇ ਉਸ ਦਾ ਇਤਹਾਸ ਵੀ—ਕੱਟੜ ਹੁੰਦੀ ਜਾ ਰਹੀ ਸਿਖੀ ਲਈ—ਸਪਸ਼ਟ ਸੀ ਕਿ ਇਸ ਨੇ ਬੋਧ, ਜੈਨ ਜਹੇ ਮਤ-ਮਤਾਂਤਰਾਂ ਨੂੰ ਵੀ ਪੂਜਨੀਕ ਮੰਨ ਕੇ ਹੜੱਪ ਕਰ ਲਿਆ ਸੀ। (ਕੁਝ ਪੰਜਾਬੀ ਹਿੰਦੂ, ਸਿਖ ਗੁਰੂਆਂ ਅਤੇ ਗੁਰਦੁਆਰਿਆਂ ਨੂੰ ਮੰਨਦੇ ਸਨ ਪਰ ਹਿੰਦੂ ਫਿਰਕਾਪ੍ਰਸਤੀ] ਦੀ ਕੇਂਦਰੀ ਲੀਡਰਸ਼ਿਪ ਨੇ ਗੁਰੂ ਗੋਬਿੰਦ ਸਿੰਘ ਦਾ ਨਾਂ ਸ਼ਿਵਾ

ਜੀ ਦੇ ਨਾਲ ਲਿਆ ਹੈ)। ਇਹ ਸਾਰਾ ਕੁਝ, ਪੰਜਾਬ ਵਿਚ ਸਿਖ ਸਮੁਦਾਇ ਦੀ, ਹਿੰਦੂ ਮੁਸਲਿਮ ਤੋਂ ਵਧ ਨਹੀਂ ਤਾਂ ਸਮਾਨ ਸਥਿਤੀ ਵੀ ਨਹੀਂ ਸੀ ਰਹਿਣ ਦੇਂਦਾ।

**ਮੁਸਲਿਮ ਬਹੁ ਗਿਣਤੀ** :—ਇਸੇ ਸਮੇਂ ਵਿਚ ਮੁਸਲਿਮ ਸਮੁਦਾਇ ਵਿਚ ਅੰਗਰੇਜ਼ ਹਾਕਮਾਂ ਨੇ ਆਪਣੇ ਪ੍ਰਭਾਵ ਖੇਤਰ ਪੈਦਾ ਕਰ ਲਏ ਸਨ। ਭੁੱਲਣਾ ਨਹੀਂ ਚਾਹੀਦਾ ਕਿ ਅੰਗਰੇਜ਼ੀ ਪ੍ਰਭਾਵ-ਖੇਤਰ ਹਿੰਦੂ, ਮੁਸਲਮਾਨ, ਸਿਖ ਆਦਿਕ ਸੰਪ੍ਰਦਾਵਾਂ ਦੀ ਉਪਰਲੀ ਸ਼੍ਰੇਣੀ ਦੀਆਂ ਉਪਰਲੀਆਂ ਪਰਤਾਂ-ਤਬਕਿਆਂ ਵਿਚ ਪੈਦਾ ਹੋਏ ਸਨ ਜੋ ਇਕ ਪਾਸੇ ਬਰਤਾਨਵੀ ਸਾਮਰਾਜ ਵਲ ਉਦਾਰ ਵਤੀਰਾ ਅਪਨਾਉਂਦੇ ਸਨ ਅਤੇ ਦੂਜੇ ਪਾਸੇ ਆਪੋ-ਆਪਣੀ ਸੰਪ੍ਰਦਾਇ ਵਿਚ ਵਹਿਮ-ਭਰਮ ਅਤੇ ਰੂੜ੍ਹੀਆਂ ਵਿਰੁਧ ਰੈਡੀਕਲ ਸੁਧਾਰ ਕਰਨਾ ਚਾਹੁੰਦੇ ਸਨ। ਇੰਜ ਆਪਣੇ ਸਰਗਰਮ ਪਰ ਰੂੜ੍ਹੀਵਾਦੀ ਕੌਮ-ਪ੍ਰਸਤ ਸਹਿ-ਧਰਮੀਆਂ ਦੀ ਕਾਟ ਵੀ ਕਰਦੇ ਸਨ। ਅਲੀਗੜ੍ਹ ਯੂਨੀਵਰਸਿਟੀ ਮਧ ਦਰਜੇ ਦੀਆਂ ਅਫਸਰੀਆਂ ਅਤੇ ਫੌਜ ਵਿਚ ਭਰਤੀਆਂ ਦੀ ਝਕਾਣੀ ਦੇ ਕੇ ਬਰਤਾਨਵੀ ਸਾਮਰਾਜ ਨੇ ਮੁਸਲਿਮ ਜਨਤਾ ਵਿਚ ਕੁਝ ਪ੍ਰਭਾਵ ਖੇਤਰ, ਵੀਹਵਿਆਂ ਤਕ ਪੱਕੇ ਕਰ ਲਏ ਸਨ। ਮੁਹੰਮਦ ਅਲੀ ਜਿਨਾਹ ਨੇ ਇਨ੍ਹਾਂ ਪ੍ਰਭਾਵ ਖੇਤਰਾਂ ਨੂੰ ਅਗੇ ਲਾ ਕੇ ਆਜ਼ਾਦੀ ਵਿਚੋਂ ਮੁਸਲਮਾਨਾਂ ਦੇ ਹਿੱਸੇ ਦੀ ਮੰਗ ਆਰੰਭ ਦਿਤੀ ਅਤੇ ਮੁਸਲਿਮ ਲੀਗ ਦਾ ਜਥੇਬੰਦੀ ਖੜੀ ਕੀਤੀ।

ਦੇਖਣ 'ਚ ਆਇਆ ਹੈ ਜਿਥੇ ਕਿ ਮੁਸਲਿਮ ਵੱਸੋਂ ਘਟਗਿਣਤੀ 'ਚ ਸੀ ਉਥੇ ਘਟ ਗਿਣਤੀ ਦੇ ਅਹਿਸਾਸ ਨੂੰ ਵਧਾ ਕੇ—ਦੋ ਕੌਮਾਂ ਦੇ ਸਿਧਾਂਤ ਅਤੇ ਪਾਕਿਸਤਾਨ ਦੀ ਮੰਗ ਨੂੰ ਵਧੇਰੀ ਹਵਾ ਮਿਲੀ। ਪੰਜਾਬ ਵਿਚ ਮੁਸਲਮਾਨ ਪਹਿਲਾਂ ਹੀ ਬਹੁ ਗਿਣਤੀ ਵਿਚ ਸਨ ਅਤੇ ਮੁਸਲਿਮ ਜਾਗੀਰਦਾਰ ਹੀ ਸਿਖ ਵਡ-ਕਿਸਾਨੀ ਅਤੇ ਧਨੀ ਜਾਟ ਮੈਂਬਰਾਂ ਨੂੰ ਨਾਲ ਰਲਾ ਕੇ ਯੂਨੀਅਨਿਸਟ ਪਾਰਟੀ ਰਾਹੀਂ ਲੈਜਿਸਲੇਟਿਵ ਅਸੈਂਬਲੀ ਵਿਚ ਬਹੁ ਗਿਣਤੀ ਸਰਕਾਰ ਬਣਾਈ ਬੈਠੇ ਸਨ। ਇਸ ਲਈ ਉਨ੍ਹਾਂ ਨੇ ਅੰਤਮ ਦਿਨਾਂ ਤਕ ਕਾਂਗਰਸ, ਮੁਸਲਿਮ ਲੀਗ ਅਤੇ ਹਿੰਦੂ ਸਭਾ ਨੂੰ ਬਹੁਤਾ ਉਠਣ ਨਹੀਂ ਦਿਤਾ। ਅਕਾਲੀ ਪਾਰਟੀ ਨੇ ਵੀ ਗੁਰਦੁਆਰਾ ਐਕਟ ਲਈ ਲੜਣ ਦੀ ਹੱਦ ਤਕ ਹੀ ਰਾਜ-ਨੀਤਕ ਪਿੜ ਵਿਚ ਆਪਣੀ ਪੈਂਠ ਬਣਾਈ ਸੀ। ਕਿਹਾ ਜਾ ਸਕਦਾ ਹੈ ਕਿ ਅੰਗ-ਰੇਜ਼ ਭਗਤ ਹੋਣ ਦੇ ਬਾਵਜੂਦ ਯੂਨੀਅਨਿਸਟ ਪਾਰਟੀ ਦੀ ਵਜ਼ਾਰਤ ਦੀਆਂ ਮਸ-ਲਿਹਤਾਂ ਸਨ ਕਿ ਸਜੁੜਤ ਪੰਜਾਬੀ ਸਭਿਆਚਾਰ (Composite Panjabi Cul-

ture) ਦਾ ਅਹਿਸਾਸ ਬਣਿਆ ਰਿਹਾ।

ਇਹ ਭਾਰਤ ਦੀ ਅੰਤਰਿਮ ਹਕੂਮਤ ਦੀ ਹੋਂਦ ਵਿਚ ਆਉਣ ਤੋਂ ਦੇਸ-ਵੰਡ ਦੀ ਵਡੀ ਸਾਜ਼ਸ਼ ਅਨੁਸਾਰ ਕਰਾਏ ਜਾ ਰਹੇ ਫਿਰਕੂ ਫਸਾਦਾਂ ਸਮੇਂ ਦੀ ਗਲ ਹੈ ਜਦੋਂ ਦਿਨਾਂ ਵਿਚ ਹੀ ਮੁਸਲਿਮ ਯੂਨੀਅਨਿਸਟ ਮੈਂਬਰਾ ਨੇ ਅਸਤੀਫੇ ਦੇ ਕੇ ਮੁਸ-ਲਿਮ ਲੀਗ ਲਈ ਥਾਂ ਖਾਲੀ ਕਰ ਦਿਤੀ। ਪੰਜਾਬ ਵਿਚ ਅੰਗਰੇਜ਼ ਅਫਸਰ ਸ਼ਾਹੀ ਕੌਮ ਪ੍ਰਸਤ ਲਹਿਰ ਦੀ ਹਿੰਦੂ-ਮੁਸਲਿਮ-ਸਿਖ ਏਕਤਾ ਦੇ ਉਭਾਰ ਸਮੇਂ ਜਾਂ ਸਥਾਨਕ ਰਾਜਨੀਤਕ ਮਸਲਿਹਤਾਂ ਲਈ ਫਸਾਦ ਕਰਾ ਦੇਂਦੀ ਸੀ। ਪਰ ਜਦ ਤਕ ਪੰਜਾਬ ਦੀ ਵੰਡ ਦਿੱਸ ਨਹੀਂ ਪਈ ਯੂਨੀਅਨਿਸਟ ਪਾਰਟੀ ਨੇ ਮੁਸਲਿਮ ਲੀਗ ਅਤੇ ਹੋਰਨਾਂ ਪਾਰਟੀਆਂ ਦੇ ਅਸਰ ਨੂੰ ਠੱਲ੍ਹ ਪਾਈ ਰਖੀ, ਸਗੋਂ ਦੂਜੀ ਸੰਸਾਰ ਜੰਗ ਦੇ ਦੌਰਾਨ ਅੱਤ ਦੀ ਕੱਟੜਵਾਦੀ ਮੁਸਲਿਮ ਦਿੱਖ ਵਾਲੀ ਲਹਿਰ—ਖਾਕਸਾਰ—ਨੂੰ ਸਖਤੀ ਨਾਲ ਦਬਾ ਦਿਤਾ। ਸਾਂਝੇ ਪੰਜਾਬ ਵਿਚ ਸਜੁੜਤ ਪੰਜਾਬੀ ਸਭਿਆਚਾਰ, ਮੁਸਲਿਮ ਹਿੰਦੂ ਸਿਖ ਜਾਗੀਰਦਾਰੀ ਦੇ ਨਾਂਹ ਪੱਖੀ ਹਿੱਤਾਂ ਦਾ ਇਕ ਹਾਂ-ਪੱਖ ਕਿਹਾ ਜਾ ਸਕਦਾ ਹੈ ਜਿਸ ਨੇ ਪਾਕਿਤਾਨ ਦੀ ਰਾਜ ਸੱਤਾ ਵਿਚ ਆਪਣੇ ਸ਼ਾਵਨਿਸਟ ਰੂਪ ਨਾਲ ਨਿਰਣਾ-ਇਕ ਸਥਾਨ ਮੱਲਿਆ।

**ਸਿਖ ਸਿਆਸਤ : ਫਿਰਕਾਪ੍ਰਸਤੀ ਤੇ ਮੂਲਵਾਦ** :—ਗੁਰਦੁਆਰਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹਥ ਆ ਜਾਣ ਅਤੇ ਗੁਰਦੁ-ਆਰਾ ਪ੍ਰਬੰਧਕ ਕਮੇਟੀ ਉਪਰ ਅਕਾਲੀ ਦਲ ਦਾ ਗਲਬਾ ਹੋ ਜਾਣ ਕਾਰਣ ਭਾਵੇਂ ਸਿਖ ਸਿਆਸਤ ਵਿਚ ਕਈ ਅੰਦਰਵਰਤੀ ਮਸਲਿਆਂ ਅਤੇ ਗੁਟਬੰਦੀ ਦੇ ਬੀਜ ਬੀਜੇ ਗਏ। ਪਰ ਰਾਜਨੀਤਕ ਖੇਤਰ ਵਿਚ ਅਕਾਲੀ ਦਲ ਨਿਖਰਵੇਂ ਰੂਪ ਵਿਚ ਉਭ-ਰਿਆ ਫਿਰਕੂ ਚੋਣਕਾਰੀ ਅਤੇ ਵੋਟਿੰਗ ਅਧਿਕਾਰ 1। ਪ੍ਰਤੀਸਤ ਸਿਖ ਵੱਸੋਂ ਨੂੰ ਮਿਲ ਜਾਣ ਕਾਰਣ ਅਤੇ ਚੀਫ ਖਾਲਸਾ ਦੀਵਾਨ ਤੇ ਸਿਖ ਅਮੀਰਸ਼ਾਹੀ ਕੋਲ ਰਾਜ-ਨੀਤਕ ਤੇ ਜਨਤਕ ਆਧਾਰ ਨਾ ਹੋਣ ਕਾਰਣ ਅਕਾਲੀ ਦਲ ਵਲੋਂ ਉਮੀਦਵਾਰੀ ਟਿਕਟ ਦੀ ਲੋੜ ਵਧ ਗਈ। ਪੰਥਕ ਸਿਆਸਤ ਦੇ ਨਾਲ ਹੀ ਪੰਥ ਦੀ ਆਜ਼ਾਦ ਹਸਤੀ' ਦਾ ਅਹਿਸਾਸ ਨਵਾਂ ਪ੍ਰਭਾਵਕ ਨਾਹਰਾ ਬਣਿਆ।

ਇਸੇ ਪ੍ਰਕਿਰਿਆ ਵਿਚ ਅਕਾਲੀ ਦਲ ਵੱਲ ਅਮੀਰਾਂ,ਰਈਸਾਂ ਦਾ ਪ੍ਰਵੇਸ ਬਣਿਆ, ਰਜਵਾੜਸ਼ਾਹੀ ਨਾਲ ਅਕਾਲੀ ਸਿਆਸਤ ਦਾ ਮੋੜ ਪਿਆ, ਕੁਝ ਅਸੈਂਬਲੀ ਮੈਂਬਰਾਂ

ਨੇ ਯੂਨੀਅਨਿਸਟ ਪਾਰਟੀ ਛਡ ਕੇ ਪੰਥਕ ਉਮੀਦਵਾਰ ਬਣ ਕੇ ਚੋਣਾਂ ਲੜੀਆਂ। ਖਾਖਾ ਖੜਕ ਸਿੰਘ ਅਤੇ ਸਰਦੂਲ ਸਿੰਘ ਕਵੀਸ਼ਰ ਜਹੇ ਮੁਢਲੇ ਕੌਮ ਪ੍ਰਸਤ ਅਕਾਲੀ ਪਰੇਡੇ ਹੋ ਗਏ। ਪਰ ਕੁਝ ਅਕਾਲੀ ਤਾ ਕਾਗਰਸ ਨਾਲ ਪੁਰਾਣੀ ਸਾਂਝ ਜਾ ਦੇਣ-ਦਾਰੀ ਕਾਰਣ ਅਤੇ ਕੁਹ ਕਾਗਰਸ ਦੇ ਭਵਿਖ ਨੂੰ ਮੁਖ ਰਖ ਕੇ ਅਕਾਲੀ ਦਲ ਵਾਲੇ ਖੱਦਰ ਵੀ ਪਹਿਣਦੇ ਰਹੇ, ਸੂਬੇ ਦੀ ਕਾਗਰਸ ਵਿਚ ਕਾਡਰ ਵੀ ਭੇਜਦੇ ਰਹੇ ਅਤੇ ਵਖ ਵਖ ਰਾਜਨੀਤੀ ਵਾਲੀਆ ਪੰਜਾਬੀ ਤੇ ਸਰਹੱਦੀ ਅਸੈਂਬਲੀਆ ਦੀਆ ਟੋਡੀ ਵਜ਼ੀਰੀਆ ਵਲ ਵੀ ਝਾਕਦੇ ਰਹੇ।

ਜਿਉਂ ਜਿਉਂ ਆਜ਼ਾਦੀ ਨੇੜੇ ਆਉਂਦੀ ਦਿੱਸੀ ਅਕਾਲੀ ਦਲ ਦਾ ਸਟੈਂਡ, ਸਰਗਰਮ ਕੌਮ-ਪ੍ਰਸਤ ਸਿਖੀ ਤੋਂ ਹਟ ਕੇ ਆਪਣਾ ਸਥਾਨ ਤੇ ਹਿੱਸਾ ਮੰਗਦੀ ਪੰਥਕ ਹਸਤੀ ਵਾਲਾ ਬਣਦਾ ਗਿਆ। ਸ਼ਿਮਲਾ ਕਾਨਫਰੰਸ ਸਮੇਂ ਤਾ ਅਕਾਲੀ ਦਲ ਨੂੰ ਕਾਗਰਸ, ਮੁਸਲਿਮ ਲੀਗ ਦੇ ਨਾਲ ਤੀਜੀ ਕੌਮੀ ਧਿਰ ਦਾ ਸਥਾਨ ਮਿਲਿਆ ਤਾ ਮੁਸਲਿਮ ਲੀਗ ਵਲੋਂ ਵੱਖਰੀ 'ਸਿਖ ਸਟੇਟ' ਬਨਾਉਣ ਦੀ ਪੇਸ਼ਕਸ਼ ਵੀ ਕੀਤੀ ਗਈ। ਕਿਸੇ ਵੀ ਬੰਦਰਗਾਹ, ਕੁਦਰਤੀ ਸਰਹਦ ਅਤੇ ਆਰਥਕ-ਪ੍ਰਤੀਰਖਿਆ ਦੀਆ ਸੰਭਾਵਨਾਵਾ ਦੀ ਅਨਹੋਂਦ ਕਾਰਣ ਤੇ ਹਿੰਦੂ-ਸਿਖ ਸਭਿਆਚਾਰਕ ਸਾਂਝ ਕਾਰਣ ਕਾਗਰਸ ਤੋਂ ਸਿਖਾ ਦੇ ਆਜ਼ਾਦ ਭਾਰਤ ਵਿਚ ਵਿਸ਼ੇਸ਼ ਅਧਿਕਾਰਾ ਦੇ ਇਕ-ਰਾਰ ਲੀਤੇ ਗਏ।

**ਮੂਲਵਾਦ ਵਲ ਮੁਹਾਰਾਂ** :—ਇਹ ਅਕਾਲੀ ਲਹਿਰ ਦੇ ਨਿਪਟ ਰੋਸ ਵਿਚੋਂ ਪੈਦਾ ਹੋਣ ਕਾਰਣ ਸੀ ਜਾ ਅੱਤ-ਅਮਲੀ (Pragmatic) ਹੋਣ ਕਾਰਣ ਕਿ ਜਿਵੇਂ ਇਸ ਵਿਚੋਂ ਕੌਮ-ਪ੍ਰਸਤ ਤੇ ਸਿਰੜੀ ਮੁਢਲੇ ਆਗੂ ਨਿੱਖੜ ਗਏ ਸਨ, ਉਸੇ ਤਰ੍ਹਾਂ ਲਹਿਰ ਦੇ ਵਿਚੋਂ ਪੈਦਾ ਹੋਏ ਅਤੇ ਨਾਲ ਰਲੇ ਵਿਦਵਾਨ ਰੁਚੀਆ ਵਾਲੇ ਸਾਥੀ ਛਟ ਪੁਣ ਗਏ ਸਨ। ਜਿਥੇ ਬੁਰਜੂਆ ਝੁਕਾਅ ਵਾਲੀ ਕਾਗਰਸ ਰੂੜ੍ਹੀਵਾਦੀ ਵਿਦਵਾਨਾ ਨੂੰ ਆਦਰ ਦੇ ਕੇ ਆਪਣੇ ਰੰਗ ਵਿਚ ਰੰਗ ਰਹੀ ਸੀ, ਡਾਕਟਰਾ, ਵਕੀਲਾ ਨੂੰ ਨਾਲ ਜੋੜ ਰਹੀ ਸੀ, 'ਸਰ' ਦੇ ਖਿਤਾਬ ਵਾਲੇ ਕਲਮਕਾਰਾ ਅਕਾਦਮੀਸ਼ਨਾ ਨੂੰ ਆਕ੍ਰਸ਼ਤ ਕਰ ਰਹੀ ਸੀ, ਉਥੇ ਅਕਾਲੀ ਲਹਿਰ, ਪਾਰਟੀ ਦਾ ਰੂਪ ਧਾਰ ਕੇ ਕਿਸੇ ਅਨਪੜ੍ਹ ਰਾਠ ਵਾਂਗ ਬੁਧੀਜੀਵੀ ਨੂੰ ਪਰ੍ਹੇ ਧੱਕ ਰਹੀ ਸੀ। ਸਿਖ ਮਤ ਨੂੰ ਵਿਸ਼ਾਲ ਤੇ ਬਾਹਰਮੁਖੀ ਸੰਦਰਭਾਂ 'ਚ ਸਮਝਣ-ਸਮਝਾਉਣ ਲਈ ਵੀ ਇਕ ਵਿਦਵਤਾ ਤੇ ਬੁਧੀ ਦੀ ਲੋੜ ਸੀ। ਸ਼ਾਇਦ

ਬਹੁਤੀ ਅਕਾਲੀ ਲੀਡਰਸਿਪ ਦੇ ਸਿਖ ਮਤ ਸੰਬੰਧੀ ਸੰਕਲਪ ਤੇ ਮਾਨਤਾਵਾਂ ਮਿੱਥ ਭਾਂਤ ਦੀਆਂ ਸਨ ਅਤੇ ਬੁਧੀ ਜਾਂ ਵਿਦਵਤਾ ਤੋਂ, ਇਸ ਨੂੰ ਮਿੱਥਾ ਦੇ ਟੁੱਟਣ ਦਾ ਡਰ ਸੀ। ਇਸੇ ਲਈ ਗੁਰੂ ਗਰੰਥ ਦੇ ਪਾਠ, ਕੀਰਤਨ ਤੇ ਗੁਰੂ ਧਾਮਾ ਦੇ ਨਿੱਤ ਨੇਮੀ ਕਾਰਜ ਕਰਮ 'ਤੋਂ ਅਗੇ ਸਿਖ ਧਰਮ ਦੇ ਗੂਹਯ ਨੂੰ ਵਿਸਾਰ ਕੇ ਬ੍ਰਾਹਮਣਵਾਦੀ ਰਿਸਮ ਦੀ ਸਤਈ ਮਰਯਾਦਾ ਨੂੰ ਸਥਾਪਤ ਹੋਣ ਦਿਤਾ ਗਿਆ। ਗੁਰੂ ਧਾਮਾਂ ਨਾਲ ਮਿੱਥਾਂ ਕਰਾਮਾਤਾ-ਕੌਤਕਾ ਨੂੰ ਜੁੜੇ ਰਹਿਣ ਦਿੱਤਾ ਗਿਆ ਜੋ ਕਿਵੇਂ ਵੀ ਸਿਖ ਮਤ ਦੇ ਅਨੁਕੂਲ ਨਹੀਂ ਹਨ।

ਇਹੋ ਹੀ ਸਮਾਂ ਸੀ ਜਦ 'ਪੰਥ ਦੀ ਆਜ਼ਾਦ ਹਸਤੀ' ਦੇ ਸਮਾਨਾਂਤਰ ਗੁਰ-ਬਾਣੀ, ਗੁਰੂ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਆਰੰਭ ਤਕ ਦੇ ਇਤਹਾਸ ਦਾ ਸਿਧਾਂਤੀਕਰਨ ਕੀਤਾ ਗਿਆ। ਇਸ ਸਮੇਂ ਪਹਿਲੀ ਤੇ ਦੂਜੀ ਸਿਖ ਅੰਗਰੇਜ ਜੰਗ ਵਿਚ ਬਹੁਤਾ ਸਿਖ ਫੌਜ ਅਤੇ ਕਦੇ ਪੰਜਾਬੀ ਫੌਜ ਕਹਿ ਕੇ ਵਡਿਆ-ਇਆ ਗਿਆ। ਪਹਿਲੀ ਸੰਸਾਰ ਜੰਗ ਵਿਚ ਜਰਮਨ ਫੌਜ ਉਪਰ ਸਿਖ ਹੱਲੇ ਸਮੇਂ ਕਿਸੇ ਦੇ ਸਰਗੋਸੀ ਵਿਚ ਕਹੇ : 'ਚੁਪ। ਇਹ ਸਿਖ ਸਿਪਾਹੀ ਅਗੇ ਵਧ ਰਹੇ ਹਨ' ਜਹੇ ਵਾਕ ਨੂੰ ਇਹ ਸਿੱਧ ਕਰਨ ਲਈ ਧੁਮਾਇਆ ਗਿਆ ਕਿ ਸਿਖ ਸਿਪਾਹੀ (ਭਾਵੇਂ ਭਾੜੇ ਦਾ ਹੋਵੇ) ਜਿਹਾ ਲੜਾਕਾ ਕੋਈ ਨਹੀਂ। ਇੰਜ ਹੀ ਮੁਸਲਮਾਨ ਨੂੰ ਜਾਲਮ ਅਤੇ ਧੋਖੇਬਾਜ, ਹਿੰਦੂ ਨੂੰ ਕਾਇਰ ਅਤੇ ਸਿਖ ਨੂੰ ਬਹਾਦਰ, ਖੁਲ੍ਹ-ਦਿਲਾ ਆਦਿਕ ਸਿੱਧ ਕਰਨ ਦੀਆਂ ਛੋਹਾ ਲਾ ਕੇ ਇਤਹਾਸ ਅਤੇ ਸਾਹਿਤ ਲਿਖਿਆ ਗਿਆ। ਸਵੈ ਨੂੰ ਸਰਵੋਤਮ, ਅਤੇ ਹੋਰ ਸਭ ਨੂੰ ਹੇਚ ਦੱਸਣ ਦੀ ਰੁਚੀ ਵਿਚ ਸਾਵਨ-ਵਾਦ ਅਤੇ ਮੂਲਵਾਦ ਦੇ ਬੀਜ-ਅੰਸ ਹੁੰਦੇ ਹਨ।

# 15. ਭਾਰਤੀ ਸੈਕੂਲਰਿਜ਼ਮ* : ਸਿਧਾਂਤ ਅਤੇ ਅਮਲ

ਸ਼ਬਦ ਸੈਕੂਲਰਿਜ਼ਮ ਜਿਸ ਨੂੰ ਧਰਮ ਨਿਰਲੇਪਤਾ (ਵਾਦ) ਵੀ ਕਿਹਾ ਜਾਣ ਲਗਾ ਹੈ, ਬਹੁਤ ਸਾਰੀ ਸ਼ਬਦਾਵਲੀ ਵਾਂਗ ਸਾਡੇ ਕੋਲ ਬ੍ਰਤਾਨਵੀ ਸ਼ਬਦ-ਭੰਡਾਰ ਵਿਚੋਂ ਆਇਆ ਹੈ। ਵਰਤੋਂ ਦੇ ਅਰਥਾਂ ਵਿਚ ਆਕਸਫੋਰਡ, ਕੈਂਬਰਿਜ, ਅਨਿਨਡੇਲ ਅਤੇ ਵੈਬਸਟਰ ਜਹੇ ਪ੍ਰਸਿੱਧ ਸ਼ਬਦ-ਕੋਸ਼ਾਂ ਵਿਚ ਜਿਹੜੇ ਅਰਥ ਦਿਤੇ ਗਏ ਹਨ ਉਹ ਸਾਂਝੇ ਹਨ :

**ਸੈਕੂਲਰ** [1] (ਮਨੁਖ) : ਉਹ, ਜੋ ਵਿਸ਼ਵਾਸ ਕਰਦਾ ਹੈ ਕਿ ਵਿਦਿਆ ਅਤੇ ਹੋਰ ਮਾਮਲੇ ਧਾਰਮਿਕ ਅੰਸ਼ਾਂ ਤੋਂ ਮੁਕਤ ਰਖੇ ਜਾਣ।

**ਸੈਕੂਲਰਿਜ਼ਮ** [2] :—ਇਸ ਵਰਤਮਾਨ ਸੰਸਾਰ ਜਾਂ ਵਸਤਾਂ ਬਾਰੇ ਜੋ ਰੂਹਾਨੀ

---

*ਸੈਕੂਲਰਿਜ਼ਮ; ਭਾਸ਼ਾ ਵਿਗਿਆਨ ਅਤੇ ਵਰਤੋਂ ਦੇ ਪੱਖ ਤੋਂ ਟਕਸਾਲੀ ਪੰਜਾਬੀ ਦਾ ਸ਼ਬਦ ਨਹੀਂ।

1. ***Secularist*** ; One who believes that education and other matters should be kept free from the religious element. (Oxford Dictionary)

2. ***Secular*** ; Pertaining to this present world or to→

ਪੂਜਨੀਕ ਅਤੇ ਪਵਿਤ੍ਰ ਨਹੀਂ ਹਨ, ਜੋ ਧਰਮ ਤੋਂ, ਧਾਰਮਿਕ ਸਿਖਿਆਵਾਂ ਅਤੇ ਅਸੂਲਾਂ ਤੋਂ ਵਖ ਕੀਤੀਆਂ ਹੋਣ।

**ਸੈਕੂਲਰਿਜ਼ਮ** [3] :—ਵਿਚਾਰ (ਜਿਸ ਅਨੁਸਾਰ) ਜਨ-ਸਿਖਿਆ ਅਤੇ ਨਾਗਰਿਕ ਨੀਤੀ ਦੇ ਹੋਰ ਕਾਰਜ ਧਾਰਮਿਕ ਅੰਸ਼ਾਂ ਨੂੰ ਸ਼ਾਮਲ ਕੀਤੇ ਬਿਨਾਂ ਕਰਨੇ ਚਾਹੀਦੇ ਹਨ।

ਪੁਰਾਤਨ ਅਤੇ ਪਰੰਪਰਕ ਸਬਦ-ਕੋਸ਼ਾਂ ਵਿਚ ਇਕ ਹੋਰ ਪ੍ਰਕਾਰ ਦੀ ਦਿਤੀ ਪ੍ਰੀਭਾਸ਼ਾ ਤੋਂ ਜਾਪਦਾ ਹੈ ਕਿ ਧਰਮ-ਨਿਰਲੇਪਤਾ ਦੇ ਅੰਰਥਾਂ ਵਾਲਾਂ ਇਹ ਸਬਦ ਵੀ ਰੋਮਨ ਕੈਥੋਲਿਕ ਜਹੇ ਰੂੜ੍ਹੀਵਾਦੀ ਚਰਚ ਦੇ ਅੰਤਰ-ਦਵੰਦ ਨਾਲ ਸੰਬੰਧ ਰਖਦਾ ਹੈ [4]

ਭਾਸ਼ਾ ਵਿਗਿਆਨ ਦੇ ਅਰਥ ਵਿਗਿਆਨ (Semantics or Semasiology)'ਚ ਸ਼ਬਦਾਰਥ ਪ੍ਰੀਵਰਤਨਾਂ ਬਾਰੇ ਕਾਫੀ ਚਰਚਾ ਕੀਤੀ ਜਾਂਦੀ ਹੈ ਸ਼ਬਦਾਰਥ ਪ੍ਰੀਵਰਤਨ ਦੀ ਪ੍ਰਕਿਰਿਆ ਵਿਚ ਕਈ ਪ੍ਰੀਵਰਤਨ ਢੰਗ ਵੀ ਦੱਸੇ ਜਾਂਦੇ ਹਨ ਅਤੇ ਪ੍ਰੀਵਰਤਨ ਦੇ ਕਾਰਣ ਵੀ। ਬਿੰਬ-ਵਿਧਾਨ ਅਤੇ ਹੋਰ ਬਾਹਰਮੁਖੀ ਭਾਸ਼ਾਈ ਵਰਤਾਰਿਆਂ ਨਾਲ ਨਜਿੱਠਦਾ ਸੰਰਚਨਾਵਾਦ, ਅਰਥ ਵਿਗਿਆਨ ਨਾਲ ਵੀ ਆ ਜੁੜਦਾ ਹੈ। ਇੰਜ ਹੀ ਅਜ ਦਾ ਸੁਚੇਤ ਤੇ ਤੱਤਾ ਲਿਖਾਰੀ ਵੀ ਸਮਾਜਕ ਸੰਦਰਭ ਵਿਚ ਸ਼ਬਦਾਂ ਦੇ ਅਰਥਾਂ ਦੇ ਅਨਰਥ ਹੁੰਦੇ ਵੇਖਦਾ ਹੈ ਅਤੇ ਸ਼ਬਦਾਰਥ ਦੀ ਪਾਰੇ ਵਰਗੀ

---

→things not spiritual, sacred or holy; disassociated with religion or with religious teachings and principles.(Students Dictionary : Annendale)

3. *Secularism* ; The view that Public education and other matters of civil policy should be conducted without the introduction of a religious element. (New Webster's Dictionary).

4. "A Roman Catholic ecclesiastic not bound by monastic rules" (Students Dictionary : Annendale)

ਤਰਲਤਾ ਉਪਰ ਧਿਆਨ ਗੱਡ ਦੇਂਦਾ ਹੈ। ਪਰ ਭੌਤਿਕ ਵਰਤਾਰਿਆ ਵਿਚੋਂ ਇਕ ਮਹੱਤਵਪੂਰਣ ਵਰਤਾਰਾ ਸਮਾਜਕ ਸ਼ਕਤੀਆਂ ਦਾ ਸੰਤੁਲਨ-ਪ੍ਰੀਵਰਤਨ ਆਮ ਤੌਰ ਤੇ ਅੱਖੋਂ ਉਹਲੇ ਹੋ ਜਾਂਦਾ ਹੈ।

ਪਿਛਲੀ ਕਿਤਾਬਚੀ ਦੇ ਪਹਿਲੇ ਪਰਕਰਨ ਵਿਚ ਦੱਸਿਆ ਹੈ ਕਿ ਸਮਾਜਕ ਪ੍ਰੀਵਰਤਨ ਅਨੁਸਾਰ ਗੁਰਮਤ ਤੇ ਗੁਰ ਮਰਯਾਦਾ ਵਿਚ ਪ੍ਰੀਵਰਤਨ ਹੋਏ ਹਨ ਅਤੇ ਮਹੰਤੀ ਤੋਂ ਲੈ ਕੇ ਅਜ ਤਕ ਗੁਰਦੁਆਰੇ ਦੀ ਸਟੇਜ ਅਤੇ(ਅਕਾਲ ਤਖਤ ਤੋਂ) ਹੁਕਮ ਨਾਮੇ ਦੀ ਪ੍ਰਥਾ ਵਿਚ (ਪਾਰਟੀ ਸੰਤੁਲਨ ਪ੍ਰੀਵਰਤਨ ਦੇ ਅਨੁਸਾਰੀ) ਪ੍ਰੀਵਰਤਨ ਆਏ ਹਨ। ਸੰਸਥਾ ਜਾਂ ਪ੍ਰਥਾ ਵਿਚ ਪ੍ਰੀਵਰਤਨ ਦੇ ਟਾਕਰੇ ਤੇ ਸ਼ਬਦਾਰਥ-ਭਾਵਾਰਥ ਪ੍ਰੀਵਰਤਨ ਵਡੀ ਗਲ ਨਹੀਂ। ਸੈਕੂਲਰਿਜ਼ਮ ਦੀ ਸ਼ਬਦ-ਕੋਸ਼ੀ ਪ੍ਰਭਾਸ਼ਾ ਵਿਚ ਕੌਮ-ਪ੍ਰਸਤ ਲਹਿਰ ਅਤੇ ਕਾਂਗਰਸ ਵਲੋਂ ਕਿਵੇਂ ਪ੍ਰੀਵਰਤਨ ਹੋਏ ਇਹ ਦੇਖਣਾ ਰੋਚਕ ਵੀ ਹੈ ਤੇ ਸਿਖਿਆਦਾਇਕ ਵੀ।

**ਗੁਲਾਮ, ਗਰੀਬ ਦਾ ਧਰਮ** :—ਵਿਅਕਤੀ ਹੋਵੇ ਜਾਂ ਦੇਸ, ਜਦੋਂ ਭੁੱਖਾ ਹੋਵੇ ਤਾਂ ਉਸਦਾ ਧਰਮ ਰੋਟੀ ਹੁੰਦਾ ਹੈ ਅਤੇ ਜਦੋਂ ਪਰਾਧੀਨ-ਗੁਲਾਮ ਹੋਵੇ ਤਾਂ ਉਸ ਦਾ ਧਰਮ-ਈਮਾਨ ਆਜ਼ਾਦੀ ਹੁੰਦਾ ਹੈ ਇਹ ਇਤਿਹਾਸ ਦਾ ਰੱਬ ਨਾਲੋਂ ਵਡਾ ਸੱਚ ਹੈ। ਸੰਨ 1857 ਦੇ ਗਦਰ ਮਗਰੋਂ ਸੁਤੰਤਰਤਾ ਦਾ ਸਮਾਜਕ ਉਭਾਰ ਜੇ ਕਦੇ ਬੰਦ ਨਹੀਂ ਹੋਇਆ ਤਾਂ ਇਸ ਦੇ ਸਮਾਨਾਂਤਰ-ਸਗੋਂ ਪ੍ਰਸਪਰ ਕਰਮ-ਪ੍ਰਤੀਕਰਮ ਵਿਚ ਚਿੰਤਣ ਦੇ ਰੂਪ ਵਿਚ ਵੀ ਸੁਤੰਤਰਤਾ ਦੀ ਰੀਝ ਉਭਰਦੀ ਰਹੀ। ਭਾਰਤ ਭਰ ਵਿਚ ਵਖ ਵਖ ਇਲਾਕਿਆਂ ਅਤੇ ਭਾਸ਼ਾਵਾਂ ਵਿਚ ਪੁਨਰ-ਜਾਗ੍ਰਤੀ ਦਾ ਜਿਹੜਾ ਪ੍ਰਗਟਾਵਾ ਹੋਇਆ ਉਸ ਦਾ ਕੇਵਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਵਿਵੇਕਾ ਨੰਦ, ਦੀ ਮਿਸਾਲ ਇਸ ਲਈ ਸਾਹਮਣੇ ਆਉਂਦੀ ਹੈ ਕਿ ਉਸਨੂੰ ਆਪਣੇ ਸਮਕਾਲੀ ਚਿੰਤਣ ਅਤੇ ਚਿੰਤਕਾਂ ਵਿਚੋਂ ਉਭਰ ਕੇ ਅੰਤਰ ਰਾਸ਼ਟਰੀ ਮੰਚ-ਮਾਧਿਅਮ ਅੰਗਰੇਜ਼ੀ ਰਾਹੀਂ ਮੁੜ ਭਾਰਤ ਦੇ ਸਨਮੁਖ ਹੋਣ ਦਾ ਅਵਸਰ ਪ੍ਰਾਪਤ ਹੋਇਆ ਸੀ।

ਥਾਂ ਥਾਂ ਉਗਮੇ ਇਸ ਸੁਤੰਤਰਤਾ ਚਿੰਤਣ ਦਾ ਸਾਂਝਾ ਲੱਛਣ ਇਹ ਸੀ ਕਿ ਵਿਚਾਰਾਂ ਤੋਂ ਲੈ ਕੇ ਕਰਮ-ਕਾਂਡ ਤਕ ਜੋ ਕੁਝ ਮਨੁਖ ਨੂੰ ਜਕੜਦਾ ਸੀ ਅਤੇ ਸੱਤਾ ਸਥਾਪਤੀ ਦੀ ਗੁਲਾਮੀ ਨੂੰ ਰੱਬ ਦੀ ਰਜ਼ਾ ਤੇ ਭਾਣਾ ਦਰਸਾਉਂਦਾ ਸੀ, ਇਹ ਚਿੰਤਕ ਇਸ ਦੀ ਨਿਖੇਧੀ ਤੇ ਖੰਡਨ ਕਰਕੇ ਸੁਤੰਤਰ ਵਿਚਾਰ ਅਤੇ ਸੁਤੰਤਰ ਜੀਵਣ ਦਾ

ਮੰਡਨ ਕਰਦੇ ਹਨ। ਤਾ ਵੀ ਇਨ੍ਹਾਂ ਦੇ ਪ੍ਰਗਟਾਉ, ਮੁਹਾਵਰਾ ਅਤੇ ਆਪਣੀ ਦ੍ਰਿੱਖ ਦ੍ਰਿੱਠ ਧਾਰਮਿਕ ਅਤੇ ਗਿਆਨ ਦੀ ਪਰੰਪਰਾਗਤ ਗਹਿਰਾਈ ਅਤੇ ਵੇਰਵਾ ਬਹੁਤ ਹੁੰਦੇ ਸਨ। ਵਖ ਵਖ ਭਾਸ਼ਾਵਾਂ ਅਤੇ ਇਲਾਕਿਆਂ ਦੇ ਇਹ ਘਟ ਪ੍ਰਸਿੱਧ ਚਿੰਤਕ, ਇਕੋ ਸਮੇਂ ਆਪਣੇ ਧਰਮ-ਖੇਤਰ ਵਿਚ ਸੁਧਾਰ ਵੀ ਕਰ ਰਹੇ ਸਨ ਅਤੇ ਦੇਸ-ਸੁਤੰਤ-ਰਤਾ ਦੀ ਜਾਗ ਵੀ ਲਾ ਰਹੇ ਸਨ। ਲੋੜ ਸੀ ਭਾਰਤੀ ਵਿਦਵਤਾ ਨੂੰ ਤਰਕ ਰੂਪ ਵਿਚ ਅਰਚਣ ਦੀ ਅਤੇ ਵਿਸ਼ੇ ਦੀ ਸੇਧ ਵਿਚ ਨਿਬੰਧਣ ਦੀ, ਜੋ ਅੰਗਰੇਜ਼ੀ ਪੜ੍ਹੇ ਲਿਖੇ ਰੋਸ਼ਨ ਦਿਮਾਗ ਨੂੰ ਆਜ਼ਾਦੀ ਦੀ ਲੜਾਈ ਵਿਚ ਸਿਧਾਂਤਕ ਹਥਿਆਰ ਦਾ ਕੰਮ ਦੇ ਸਕੇ।

**ਸੈਕੂਲਰਿਜ਼ਮ ; ਸਿਧਾਂਤਕ** :—ਵੀਹਵੀਂ ਸਦੀ ਦੇ ਆਰੰਭ ਤਕ ਜਿਵੇਂ ਯੂਰਪੀ ਜਾਂ ਅੰਗਰੇਜ਼ੀ ਪ੍ਰਭਾਵ ਅਤੇ ਸ਼ੈਲੀ ਵਿਚ ਗ੍ਰਿਫਨ, ਟੈਂਪਲ ਆਦਿਕ ਅੰਗਰੇਜ਼ ਇਤ-ਹਾਸਕਾਰਾਂ ਦੇ ਸਮਾਨਾਂਤਰ ਜਾਦੂ ਨਾਥ ਸਰਕਾਰ (ਪੰਜਾਬ ਦੇ ਗੋਕਲ ਚੰਦ ਨਾਰੰਗ) ਆਦਿਕ ਨੇ ਇਤਹਾਸ ਲਿਖੇ ਅੰਗਰੇਜ਼ੀ ਸਨਮਾਣ ਪ੍ਰਾਪਤ ਕੀਤੇ, ਲਗਭਗ ਇੰਜ ਹੀ ਸਰ ਸਰਵਪਲੀ ਰਾਧਾ ਕ੍ਰਿਸ਼ਨਨ ਅਤੇ ਉਸਦੇ ਘਟ ਪ੍ਰਸਿੱਧ ਸਮਕਾਲੀਆਂ ਨੇ ਦਰਸ਼ਨ ਅਤੇ ਹੋਰਨਾਂ ਸ਼ਾਸਤਰਾਂ ਵਿਚ ਉਚ ਪੱਧਰੀ ਅਕਾਦਮਿਕ ਕਾਰਜ ਕੀਤੇ।

ਜੇ ਬ੍ਰਹਿਮੰਡ, ਕੁਦਰਤ, ਇਸ ਦੀ ਚਾਲਕ ਸ਼ਕਤੀ ਅਤੇ ਮਨੁਖ ਬਾਰੇ ਵਖਰੇ ਵਿਚਾਰ-ਤੱਤ ਨੂੰ ਇਕ ਵਖਰੀ ਪਹੁੰਚ ਨਾਲ ਸਰਬਾਂਗੀ ਵਿਚਾਰ-ਸੰਘਤਾ ਦਾ ਪ੍ਰਤੀ-ਪਾਦਨ ਕਰਨ ਵਾਲੇ ਨੂੰ ਦਾਰਸ਼ਨਿਕ ਕਿਹਾ ਜਾਣਾ ਉਚਿਤ ਹੈ ਤਾਂ ਸਰਵਪਲੀ ਰਾਧਾ ਕ੍ਰਿਸ਼ਨਨ ਦਾਰਸ਼ਨਿਕ ਨਹੀਂ—ਦਰਸ਼ਨ-ਦਿਗ-ਦਰਸ਼ਨ ਦਾ ਗਿਆਤਾ ਸੀ। ਉਹ ਅਜਿਹਾ ਉਚ ਪੱਧਰੀ ਅਕਾਦਮੀਸ਼ਨ ਸੀ ਜਿਸ ਨੇ ਭਾਰਤੀ, ਯੂਰਪੀ, ਚੀਨੀ ਆਦਿਕ ਚਿੰਤਨਾਂ ਅਤੇ ਸੰਸਾਰ ਦੇ ਮੁਖ ਧਰਮਾਂ ਦਾ ਭਾਰਤੀ ਮਤ-ਮਤਾਂਤ੍ਰਾਂ ਨਾਲ ਤੁੱਲਨਾਤ-ਮਕ ਅਧਿਅਨ ਪੇਸ਼ ਕੀਤਾ। ਫੁਰਨਾਤਮਿਕ ਅਤੇ ਤਾਤਪਰਜੀ ਤਰਕ (Inductive & Deductive logic) ਨਾਲ ਉਸ ਨੇ ਆਪਣੇ ਤੁੱਲਨਾਤਮਕ ਅਧਿਅਨ ਦਾ ਆਧਾਰ ਸ਼ਾਸਤਰਾਂ ਅਤੇ ਧਰਮਾਂ ਵਿਚੋਂ ਲੱਭੇ ਲਘੂਤਮ ਸਮਾਨ ਅੰਸ਼ (Common Minimum Factor) ਅਰਥਾਤ ਮਾਨਵਵਾਦ ਉਪਰ ਰਖਿਆ ਜੋ ਪੂੰਜੀਵਾਦੀ ਤੋਂ ਲੈ ਕੇ ਸਾਮਰਾਜੀ ਵਿਚਾਰ ਸੰਕਲਪਾਂ ਨੂੰ ਪ੍ਰਵਾਨ ਸੀ। ਇਸ ਤੋਂ ਬਿਨਾਂ ਬੁਰਜੂਆ ਸੰਸਕਾਰਾਂ

ਤੋਂ ਲੈ ਕੇ ਅੰਗਰੇਜ਼ੀ ਕੰਨਾਂ ਨੂੰ ਚੰਗਾ ਲਗਦੇ ਇਕ ਸਿਧਾਂਤ, 'ਵਿਗਿਆਨ ਦਾ ਦਰਸ਼ਨ (The philosophy of Science) ਦਾ ਪ੍ਰਤੀਪਾਦਨ ਕੀਤਾ। ਸਭਨਾਂ ਭਾਰਤੀ ਧਰਮਾਂ ਵਿਚ ਰੱਬ ਪਾਉਣ, ਵਿਚਾਰਾਂ ਤੋਂ ਲੈ ਕੇ ਕਰਮ ਕਾਂਡ ਵਿਚ ਸਹਿਨਸ਼ੀਲਤਾ, ਹਰ ਇਕ ਕੋਲੋਂ ਸੁਨਣ ਸਿਖਣ ਵਾਲੀ ਵਿਕਾਸਸ਼ੀਲਤਾ ਦੀ ਸਾਂਝ ਦਿਖਾਉਣਾ, ਭਾਰਤੀ ਭਾਂਤ ਦੀ ਸੈਕੂਲਰਿਜ਼ਮ ਦਾ ਸਿਧਾਂਤੀਕਰਨ ਜਾਂ ਦਾਰਸ਼ਨਿਕੀਕਰਨ ਸੀ। ਇਹ ਸਿਧਾਂਤਕ ਸੈਕੂਲਰਿਜ਼ਮ ਇਕ ਪਾਸੇ ਯੂਰਪੀ ਜਾਂ ਬੁਰਜੂਆ ਪ੍ਰੀਭਾਸ਼ਾ ਤੋਂ ਉਲਟ ਸੀ ਅਤੇ ਦੂਜੇ ਪਾਸੇ ਕਾਂਗਰਸੀ ਸੈਕੂਲਰਿਜ਼ਮ ਦੀ ਸਿਧਾਤਕ ਅਗਰ-ਦੂਤ ਸੀ।

**ਸੈਕੂਲਰਿਜ਼ਮ; ਅਮਲੀ, ਰਾਜਨੀਤਕ** :—ਜੇ ਕੌਮਪ੍ਰਸਤ ਲਹਿਰ ਦੀ ਮੁਖ ਧਾਰਾ ਕਾਂਗਰਸ ਪਾਰਟੀ ਨੂੰ ਮੰਨ ਲਿਆ ਜਾਏ ਅਤੇ ਮੋਹਨ ਦਾਸ ਕਰਮਚੰਦ ਗਾਂਧੀ ਨੂੰ ਸੈਕੂਲਰਿਜ਼ਮ ਦਾ ਮੁਖ ਵਿਆਖਿਆਕਾਰ, ਤਾਂ ਉਸ ਦੀ ਇਕ ਸੂਤਰ ਸਹੀ ਕਥਨੀ ਵਲ ਧਿਆਨ ਦੇਣਾ ਬਣਦਾ ਹੈ। ਉਸ ਨੇ ਕਿਹਾ ਸੀ, "ਮੈਂ ਭਗਵਾਨ ਦੇ ਨਾਮ ਬਿਨਾਂ ਜੀ ਨਹੀਂ ਸਕਦਾ। ਪਰ ਜੇ ਮੈਨੂੰ ਕੋਈ ਜਬਰੀ ਉਸਦਾ ਨਾਮ ਜਪਾਉਣਾ ਚਾਹੇ ਤਾਂ ਮੈਂ ਨਾਹ ਕਰ ਦਿਆਂਗਾ।" ਸਪਸ਼ਟ ਹੈ ਕਿ ਇਸ ਸੂਤਰ ਦੀ ਸ਼ਬਦਾਵਲੀ ਸ਼ੈਲੀ ਜਾਂ ਮੁਹਾਵਰਾ ਤਾਂ ਧਾਰਮਿਕ ਦੱਖ ਦੇ ਹਨ ਪਰ ਗਲ ਜਬਰ-ਜ਼ੁਲਮ ਦੇ ਵਿਰੁਧ ਕਹੀ ਹੈ।

ਸੈਕੂਲਰਿਜ਼ਮ, ਕਾਂਗਰਸ ਰਾਜਨੀਤੀ ਦਾ ਇਕ ਪ੍ਰਭਾਵਕ ਸਿਧਾਂਤਕ ਹਥਿਆਰ ਸੀ ਜਿਸਨੇ ਦੋ ਧਾਰੀ ਚੋਟ ਕਰਨੀ ਸੀ। ਇਸਨੇ ਭਾਰਤੀ ਲੋਕਾਂ ਦੇ ਧਾਰਮਿਕ ਸੰਸਕਾਰਾਂ ਨੂੰ ਅਪੀਲ ਕੇ ਜੋੜਨਾ ਸੀ ਅਤੇ ਸਾਮਰਾਜੀ ਫੁੱਟਪ੍ਰਸਤ ਸੈਕੂਲਰਿਜ਼ਮ ਨੂੰ ਖਦੇੜਨਾ ਸੀ। ਇਹ ਸੈਕੂਲਰਿਜ਼ਮ ਭਾਰਤੀ ਜਨਤਾ ਨੂੰ ਧਰਮ ਵਾਂਗ ਦਿੱਸਣੀ ਸੀ ਅਤੇ ਬ੍ਰਤਾਨਵੀ ਹਕੂਮਤ ਵਿਰੁਧ ਰਾਜਨੀਤਕ ਹਥਿਆਰ ਵਜੋਂ ਵਰਤੀ ਜਾਣੀ ਸੀ।

ਅਸਲ ਵਿਚ ਬ੍ਰਤਾਨਵੀ ਸਰਕਾਰ ਦੀ ਸੈਕੂਲਰ ਨੀਤੀ ਵੀ ਆਪਣੀ ਪ੍ਰੀਭਾਸ਼ਾ ਤੋਂ ਉਲਟ ਧਰਮ ਅਤੇ ਧਾਰਮਿਕ ਕਾਰਜਾਂ 'ਚ ਦਖਲ ਦੇਣ ਦੀ ਸੀ। ਉਸਨੇ ਅਪਣੀ ਧਰਮ ਨਿਰਲੇਪ ਨੀਤੀ ਅਨੁਸਾਰ ਹਰ ਧਰਮ ਦੇ ਅਨੁਯਾਈਆਂ ਨੂੰ ਆਪੋ ਵਿਚ ਖਹਿਕੜਨ ਦੀ ਹੱਦ ਤਕ ਆਜ਼ਾਦੀ ਤਾਂ ਦਿਤੀ ਹੋਈ ਸੀ (ਸਗੋਂ ਇਸ ਸੈਕੂਲਰਿਜ਼ਮ ਨੂੰ 'ਪਾੜੋ ਤੇ ਰਾਜ ਕਰੋ' ਨੀਤੀ ਦਾ ਹੀ ਢਗ ਬਣਾ ਲਿਆ ਸੀ) ਪਰ ਧਰਮ ਜੇ ਆਪਣੇ ਵਿਰੁਧ ਮੰਚ ਬਣਨ ਲਗੇ ਤਾਂ ਇਹ ਰਾਜਨੀਤੀ ਸੀ, ਬਗਾਵਤ ਸੀ। ਉਦਾਹ-

ਰਣ ਹੈ : ਅਕਾਲੀ ਮੋਰਚਿਆਂ ਵਿਚੋਂ ਦਰਬਾਰ ਸਾਹਿਬ (ਅੰਮ੍ਰਿਤਸਰ) ਚਾਬੀਆਂ ਲੈਣ ਦੇ ਮੋਰਚੇ ਸਮੇਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਇਕ ਪਤਰਕਾਰ ਨੂੰ ਦੋ-ਟੁੱਕ ਕਿਹਾ ਸੀ, "ਜੋ ਗਲ ਸਰਕਾਰ ਦੇ ਵਿਰੁਧ ਹੈ ਉਹ ਰਾਜਨੀਤੀ ਹੈ।"

ਕਾਂਗਰਸ ਦੀ ਚਿਤਵੀ ਅਤੇ ਅਪਨਾਈ ਸੈਕੂਲਰਿਜ਼ਮ ਦੇ ਕੁਝ ਕਾਰਣ ਸਨ।

ਬ੍ਰਤਾਨਵੀ ਹਕੂਮਤ ਨੇ ਆਪਸ ਵਿਚ ਲੜ ਪੈਣ ਦੀ ਹੱਦ ਤਕ ਹੀ ਹਰ ਇਕ ਨੂੰ ਆਪਣਾ ਧਰਮ ਧਿਆਉਣ ਦਾ ਅਧਿਕਾਰ ਨਹੀਂ ਸੀ ਦਿਤਾ ਸਗੋਂ ਕੇਵਲ ਸਹਿ-ਧਰਮੀ ਨੂੰ ਉਮੀਦਵਾਰ ਖੜੇ ਹੋਣ ਅਤੇ ਵੋਟਿੰਗ ਦਾ ਅਧਿਕਾਰ ਵੀ ਸਭ ਧਰਮਾਂ ਵਲ ਸੈਕੂਲਰ ਦੱਸ ਕੇ ਦਿਤਾ ਗਿਆ ਸੀ। ਇਸ ਦੇ ਉਲਟ ਕਾਂਗਰਸ ਦੇ ਬਹੁਤੇ ਲੀਡਰਾਂ ਨੇ ਖਾਸ ਕਰ ਮਹਾਤਮਾ ਗਾਂਧੀ ਨੇ ਸਭ ਧਰਮਾਂ ਨੂੰ ਸਮਾਨਤਾ ਅਤੇ ਸਨਮਾਨ ਦੇਣ ਦੀ ਨੀਤੀ ਅਪਣਾਈ। ਜਦ ਕਿ ਮਦਨ-ਮੋਹਨ ਮਾਲਵੀ ਜਹੇ ਕਰਮ-ਕਾਂਡੀ ਬ੍ਰਾਹਮਣ ਕਾਂਗਰਸੀ ਸ਼ਾਇਦ ਮਹਾਤਮਾ ਗਾਂਧੀ ਦੇ ਸੈਕੂਲਰਿਜ਼ਮ ਨੂੰ ਇਕ ਵੈਸ਼ ਦਾ ਅਲਪ ਗਿਆਨ ਸਮਝਦੇ ਸਨ।

ਭਾਰਤ ਵਿਚ ਬ੍ਰਤਾਨਵੀ ਹਕੂਮਤ ਨੇ ਫਿਰਕੂ ਚੋਣਕਾਰੀ (Communal Award) ਲਾਗੂ ਕਰਕੇ "ਧਰਮ ਅਨੁਸਾਰ ਰਾਸ਼ਟਰ" ਜਾਂ ਦੋ ਕੌਮਾਂ ਦਾ ਵਿਚਾਰ ਰਾਜਨੀਤੀ ਵਿਚ ਠੇਲ੍ਹ ਦਿਤਾ ਸੀ ਪਰ ਮਹਾਤਮਾ ਗਾਂਧੀ ਅੰਗਰੇਜ਼ ਦੀ ਮਾਨਸਿਕਤਾ ਨੂੰ ਸਮਝਦਾ ਸੀ ਜੋ ਪੂੰਜੀਵਾਦੀ ਹੋਣ ਕਾਰਣ ਆਪ ਨੂੰ ਧਰਮੀ ਦੀ ਥਾਂ ਸੱਭਿਆ ਅਖਵਾਉਣਾ ਚਾਹੁੰਦਾ ਸੀ। ਇਸੇ ਲਈ ਗਾਂਧੀ ਦੇ ਸੈਕੂਲਰਿਜ਼ਮ ਦਾ ਕੇਵਲ ਸ਼ਬਦ ਭੰਡਾਰ ਤੇ ਮੁਹਾਵਰਾ ਹੀ ਧਾਰਮਿਕ ਸੀ ਜਿਵੇਂ 'ਈਸ਼ਵਰ ਅੱਲਾ, ਤੇਰੋ ਨਾਮ, ਸਭ ਕੋ ਸਨਮਤੀ ਦੋ ਭਗਵਾਨ'। ਉਸਦਾ ਇਹ ਕਹਿਣਾ ਕਿ ਗਰੀਬ, ਦਿਹਾਤੀ ਜਾਂ ਕਾਂਗਰਸੀ ਦਾ ਧਰਮ ਹੈ ਕਿ ਉਹ ਖਾਦੀ ਪਹਿਣੇ—ਧਰਮ ਨੂੰ ਫਰਜ਼ ਦੇ ਅਰਥਾਂ 'ਚ ਸਮਝਣਾ ਹੈ। ਪਰ ਕਈ ਕਾਂਗਰਸੀ ਨੇਤਾ ਅਜੇ ਵੀ ਆਪਣੇ ਧਾਰਮਿਕ ਸੰਸਕਾਰਾਂ ਸਗੋਂ ਕਰਮ-ਕਾਂਡ ਵਿਚ ਗ੍ਰਸਤ ਸਨ।

ਕੌਮੀ ਲਹਿਰ ਵਿਚ ਉਦਾਰਵਾਦੀ, ਰੋਸ਼ਨ ਦਿਮਾਗ ਤੇ ਗਰਮ-ਦਲੀਏ ਕਦੇ ਕਦੇ ਸਾਹਿਤਕ ਸੁਰਾਂ ਵਿਚ ਨਾਸਤਕ-ਭਾਂਤ ਦੇ ਸੈਕੂਲਰਿਜ਼ਮ ਦੀ ਗਲ ਕਰ ਜਾਂਦੇ ਸਨ।

ਜਿਉਂ ਜਿਉਂ ਆਜ਼ਾਦੀ ਦੇ ਨਾਲ ਦੇਸ ਦੀ ਵੰਡ ਨੇੜੇ ਆਉਂਦੀ ਗਈ ਕਾਂਗ-ਰਸ ਦੀ ਧਰਮ ਨਿਰਲੇਪ ਜਾਂ ਸੈਕੂਲਰ ਨੀਤੀ ਬੇ-ਆਵਾਜ਼ ਹੁੰਦੀ ਗਈ। ਦੇਸ ਦੀ ਵੰਡ ਨਾਲ ਫਿਰਕਾਪ੍ਰਸਤੀ ਦੇ ਹੱਥ ਪਹਿਲਕਦਮੀ ਆ ਗਈ ਅਤੇ ਸੈਕੂਲਰਿਜ਼ਮ ਪਹਿਲਾਂ ਫੋਕਾ ਨਾਹਰਾ ਬਣ ਕੇ ਰਹਿ ਗਿਆ ਅਤੇ ਫੇਰ ਆਜ਼ਾਦੀ ਉਪਰੰਤ ਸੱਤਾ ਉਪਰ ਸਥਾਪਤ ਰਹਿਣ ਲਈ ਕਾਂਗਰਸੀ ਰਣਨੀਤੀ ਬਣਿਆ।

# 16. ਭਾਰਤ ਵੰਡ : ਮੂਲਵਾਦੀ ਘਲੂਘਾਰਾ

ਦੂਜੀ ਸੰਸਾਰ-ਜੰਗ ਤੋਂ ਮਗਰੋਂ ਅਤੇ ਜੰਗ ਦੇ ਸਿੱਟੇ ਵਜੋਂ ਗੁਲਾਮ ਦੇਸਾਂ ਦੀਆਂ ਜਿਹੜੀਆਂ ਲੜੀਵਾਰ ਆਜ਼ਾਦੀਆਂ ਆਰੰਭ ਹੋਈਆਂ, 1947 ਵਿਚ ਭਾਰਤ ਦੀ ਆਜ਼ਾਦੀ ਇਨ੍ਹਾਂ ਵਿਚੋਂ ਪ੍ਰਮੁਖ ਸੀ। ਸ਼ਾਂਤਮਈ ਸੰਗਰਾਮ ਨਾਲ ਆਈ ਖ਼ੂਨ ਨਾਲ ਲੱਥ-ਪੱਥ ਇਸ ਆਜ਼ਾਦੀ ਨੇ ਲਖੋਖਾ ਲੋਕਾਂ ਦੇ ਜਾਨ ਮਾਲ ਅਤੇ ਚੱਕ-ਉਥਲ ਦਾ ਅਜਿਹਾ ਰੂਪ ਧਾਰਿਆ ਜੋ ਕਿਸੇ ਖ਼ੂਨੀ ਇਨਕਲਾਬ ਸਮੇਂ ਵੀ ਨਹੀਂ ਵਾਪਰਿਆ। ਇਸੇ ਲਈ ਆਜ਼ਾਦੀ ਦੇ ਸੁਪਨੇ ਸਜਾਈ ਬੈਠੇ ਲੋਕਾ ਤੋਂ ਲੈ ਕੇ ਉਗਰ ਇਨਕਲਾਬ ਲਈ ਤਾਂਘ ਰਹੀਆਂ ਪਾਰਟੀਆਂ ਤੇ ਸਕਤੀਆਂ ਨੂੰ ਇਹ ਆਜ਼ਾਦੀ ਨਹੀਂ, ਕਿਸੇ ਚੁਪ-ਗੁੱਪ ਲੋਕ-ਵਿਰੋਧੀ ਸਾਜ਼ਸ਼ ਤੇ ਸਮਝੌਤੇ ਦਾ ਪ੍ਰਤੀਫਲ ਜਾਪੀ ਸੀ।

ਆਜ਼ਾਦੀ ਇਹ ਕੇਵਲ ਰਾਜਨੀਤਕ ਸੀ—ਪੂਰਣ ਖੁਦ-ਮੁਖਤਾਰੀ ਬਣ ਸਕਦੀ ਸੀ; ਇਹ ਇਸ ਦਾ ਪ੍ਰਮੁਖ ਹਾਂ-ਪੱਖ ਸੀ ਜਿਸ ਨੇ ਹੌਲੀ ਹੌਲੀ ਸਿੱਧ ਅਤੇ ਸਪਸ਼ਟ ਹੋਣਾ ਸੀ।

ਪਰ ਦੇਸ ਦਾ ਆਰਥਕ-ਸਮਾਜਕ, ਖਾਸ ਕਰ ਸਭਿਆਚਾਰਕ ਜੀਵਣ ਏਨਾ ਉਥਲ-ਪੁਥਲ ਹੋ ਗਿਆ ਸੀ, ਜੜੋਂ ਹਿੱਲ ਗਿਆ ਸੀ ਕਿ ਮੌਤ ਦੇ ਮੂੰਹ ਵਿਚੋਂ ਨਿਕਲ ਕੇ ਆਏ ਲੱਖਾਂ ਲੋਕਾਂ ਸਾਹਮਣੇ ਕੇਵਲ ਹੋਂਦ ਦਾ ਹੀ ਪ੍ਰਸ਼ਨ ਰਹਿ ਗਿਆ ਸੀ— ਖਾਸ ਕਰ ਬੰਗਾਲ ਅਤੇ ਪੰਜਾਬ ਵਿਚ—ਕਿਉਂਕਿ ਦੋਵੇਂ ਹੀ ਸੂਬੇ ਵੰਡੇ ਗਏ ਸਨ। ਅਜਿਹੀ ਸਮਾਜਕ ਅਤੇ ਸਭਿਆਚਾਰਕ ਸਥਿਤੀ ਵਿਚ ਲੇਖਕਾਂ ਨੇ ਪ੍ਰਭਾਵਕ ਕੀਰਨੇ ਪਾਏ ਜੋ ਮਾਨਵਵਾਦੀ ਪੱਖ ਤੋਂ ਫਿਰਕਾਪ੍ਰਸਤੀ ਅਤੇ ਇਸ ਦੀ ਤਾਰ ਹਿਲਾ ਕੇ

ਪੁਤਲੀ ਵਾਂਗ ਨਚਾ ਰਹੇ ਸਾਮਰਾਜ ਵੱਲ ਇੰਗਤ ਕਰਦੇ ਸਨ ।

ਅਜਿਹੀਆਂ ਪ੍ਰਸਥਿਤੀਆਂ ਵਿਚ ਬੁਨਿਆਦੀ ਸਮਾਜਕ ਪ੍ਰਸ਼ਨਾਂ ਨੂੰ ਭੁੱਲ ਭੁਲਾ ਕੇ ਭਾਰਤੀ ਲੋਟੂ ਸ਼ਕਤੀਆਂ ਤੇ ਸ਼੍ਰੇਣੀਆਂ ਨੇ ਰਾਜਨੀਤਕ ਪਰਕਿਰਿਆ ਅਤੇ ਲੋਕਾਂ ਦੀ ਮਾਨਸਿਕਤਾ ਨੂੰ ਅਜਿਹਾ ਪੁੱਠਾ ਗੇੜਾ ਦਿਤਾ ਜਿਸ ਨਾਲ ਲੁੱਟ-ਘਸੁੱਟ ਦੇ ਤਲਿੱ-ਸਮ ਨੇ ਬਹੁਤ ਚਿਰ ਕਾਇਮ ਰਹਿਣਾ ਸੀ । ਜੀਵਨ ਦੇ ਬੁਨਿਆਦੀ ਮਸਲਿਆਂ ਨੂੰ ਉਭਾਰਨ ਅਤੇ ਇਨ੍ਹਾਂ ਲਈ ਲੜਨ ਵਾਲੀ ਕਮਿਊਨਿਸਟ ਲਹਿਰ, ਜੋ ਅਸਲ ਸੈਕੂ-ਲਰ ਵੀ ਸੀ, ਨੂੰ ਗੈਰ-ਕਾਨੂੰਨੀ ਕਰ ਦਿਤਾ ਗਿਆ ।

**ਮੂਲਵਾਦੀ ਬਿਜਾਈ :** ਵੰਡ ਅਤੇ ਜ਼ਮੀਨੀ-ਜਾਇਦਾਦੀ ਤਬਾਦਲੇ ਦੇ ਦੌਰ ਵਿਚ ਹੀ ਸੱਤਾ ਪ੍ਰਾਪਤ ਸੈਕੂਲਰ ਪਾਰਟੀ ਨੇ ਜਿਥੇ ਰਾਜ ਦੇ ਚਬੂਤਰੇ ਤੇ ਚੜ੍ਹ ਕੇ ਪੰਜਾਬੀ ਪੁਰਸਾਰਥ ਦੀ ਪ੍ਰਸੰਸਾ ਕਰਕੇ ਵਰਚਾਉਣ ਦਾ ਹੀਲਾ ਕੀਤਾ ਉਥੇ ਹਿੰਦੂ ਫਿਰਕਾਪ੍ਰਸਤੀ ਨੇ ਮੁਸਲਮਾਨਾਂ ਨੂੰ ਕਾਂਗਰਸ ਵਲੋਂ ਬਚਾਉਣ-ਵਧਾਉਣ ਦੇ ਦੂਸ਼ਨਾਂ ਨਾਲ, ਪੱਛਮੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਦੀ ਹਮਦਰਦੀ ਜਿੱਤ ਕੇ ਨਾ ਕੇਵਲ ਮੁਸਲਿਮ ਵਿਰੋਧੀ ਫਸਾਦਾਂ ਦੀ ਅਮੁਕ ਲੜੀ ਤੋਰੀ ਅਤੇ ਨੰਗੀ ਫਿਰਕਾਪ੍ਰਸਤ ਰਾਜਨੀਤੀ ਦੀ ਨੀਂਹ ਰਖੀ ਸਗੋਂ ਭਾਰਤ ਨੂੰ ਹਿੰਦੂ-ਰਾਸ਼ਟਰ ਬਨਾਉਣ ਦੀ ਗਲ ਤੋਰ ਕੇ "ਰਾਸ਼ਟਰ ਦਾ ਆਧਾਰ ਧਰਮ ਹੈ" ਦਾ ਸਿਧਾਂਤ ਸਥਾਪਤ ਕੀਤਾ ।

ਪੰਥਕ ਜਾਂ ਸਿਖ ਸਿਆਸਤ ਨੇ ਏਨਾ ਧਿਆਨ ਪੱਛਮੀ ਪੰਜਾਬ ਤੋਂ ਆਈ ਸਿਖ ਕਿਸਾਨੀ ਦੇ ਵਾਸੇ ਆਦਿਕ ਵਲ ਨਹੀਂ ਦਿਤਾ ਜਿੰਨਾ ਅਰਦਾਸ ਵਿਚ ਪੱਛਮੀ ਪੰਜਾਬ ਵਿਚ ਹੋਏ ਜ਼ੁਲਮਾਂ ਦੇ ਵਰਨਣ ਦਾ ਅਤੇ ਉਧਰ ਰਹਿ ਗਏ ਇਤਹਾਸਕ ਸਿਖ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੇ ਵਿਸ਼ੇਸ਼ ਅਧਿਕਾਰਾਂ ਦੀ ਮੰਗ ਵਲ ਦਿਤਾ । ਇਨ੍ਹਾਂ ਹੀ ਦਿਨਾਂ ਵਿਚ ਸਿਖ ਫਿਰਕਾਪ੍ਰਸਤੀ ਅਤੇ ਮੂਲਵਾਦ ਦੀ ਮਨੋ ਵਿਗਿਆਨਕ ਨੀਂਹ ਇਸ ਅਹਿਸਾਸ ਉਪਰ ਰਖੀ ਗਈ : "ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ, ਹਿੰਦੂਆਂ ਨੂੰ ਹਿੰਦੁਸਤਾਨ । ਸਿੱਖਾਂ ਨੂੰ ਕੀ ਮਿਲਿਆ ।"

ਜਿਵੇਂ ਇਤਹਾਸ ਨੇ ਦਸਿਆ ਹੈ ਹਰ ਇਨਕਲਾਬ ਦਾ ਅਲੰਮਬਰਦਾਰ ਬੁਧੀ-ਜੀਵੀ ਤੇ ਕਲਾ-ਕਾਮਾ ਪਹਿਲਾਂ ਲੋਕ-ਮਾਨਸਿਕਤਾ ਦੇ ਪਿੜ ਵਿਚ ਆਉਂਦਾ ਹੈ ਉਸੇ ਤਰ੍ਹਾਂ ਵਰਤਮਾਨ ਨੇ ਦਿਖਾਇਆ ਹੈ ਕਿ ਪਿਛਾਖੜੀ ਸ਼ਕਤੀਆਂ ਫਿਰਕਾਪ੍ਰਸਤੀ, ਮੂਲਵਾਦ, ਵੱਖਵਾਦ ਆਦਿਕ ਸੰਕੀਰਣਤਾਵਾਦੀ ਝੰਡੇ-ਝੰਡੀਆਂ ਚੁਕ ਕੇ ਲੋਕ-ਸੰਸ-

ਕਾਰਾਂ ਦੇ ਧਰਮ-ਮਰਯਾਦਾ ਵਾਲੇ ਪਿੜ ਵਿਚ ਘੁਸ-ਪੈਂਠ ਕਰਦੀਆਂ ਹਨ।

ਜਿਵੇਂ ਆਬਾਦੀ ਦੇ ਤਬਾਦਲਿਆਂ ਨਾਲ ਜ਼ਮੀਨਾਂ, ਜਾਇਦਾਦਾਂ ਦੀ ਅਲਾਟ-ਮੈਂਟ ਅਤੇ ਮਗਰੋਂ ਪਿੰਡਾਂ ਵਿਚ ਚੱਕਬੰਦੀਆਂ ਅਤੇ ਸ਼ਹਿਰਾਂ ਵਿਚ ਕੰਮਾਂ-ਰੋਜ਼ਗਾਰਾਂ ਦੀ ਜਿਵਾਰਸ਼ੀ ਅਤੇ ਅਕਾਊ ਬਦਲੀ ਹੋ ਰਹੀ ਸੀ ਉਸ ਤਰ੍ਹਾਂ ਛੱਡੀਆਂ ਮਸੀਤਾਂ ਖਾਨਕਾਹਾਂ ਨੂੰ ਮੱਲ ਕੇ ਮੰਦਰ ਗੁਰਦੁਆਰੇ ਖੁਲ੍ਹ ਰਹੇ ਸਨ —ਕੀਰਤਨਾਂ, ਜਗਰਾਤਿਆਂ ਅਤੇ ਅਖੰਡ ਪਾਠਾਂ ਨਾਲ ਲਾਊਡ ਸਪੀਕਰੀ ਕੁਲਾਹਲ ਮਚਾਉਂਦੇ ਧਰਮ-ਸਥਾਨ, ਸਰਕਾਰੀ-ਗੈਰ-ਸਰਕਾਰੀ ਦਫਤਰਾਂ, ਸੰਸਥਾਵਾਂ, ਹਸਪਤਾਲਾਂ, ਬਸਾਂ, ਥਾਨਿਆਂ, ਸੜਕਾਂ ਤੇ ਫੁੱਟ ਪਾਥਾਂ ਉਪਰ ਆ ਚੜ੍ਹੇ ਸਨ।

ਪੰਜਾਬ ਤੋਂ ਲੈ ਕੇ ਦਿੱਲੀ ਤਕ ਹਿੰਦੂ ਸਿਖ ਸ਼ਰਨਾਰਥੀਆ ਦੇ ਦੁੱਖ ਉਪਰ ਮੁਸਲਿਮ ਵਿਰੋਧ ਨੂੰ ਆਧਾਰ ਬਣਾ ਕੇ ਅਸਪਸ਼ਟ ਕਾਂਗਰਸੀ ਸੈਕੂਲਰਿਜ਼ਮ ਨੂੰ ਹੋਰ ਧੁੰਦਲਾ ਕੇ—ਉਸਨੂੰ ਹਰ ਧਰਮ-ਸੰਪ੍ਰਦਾਇ ਦੇ ਪੈਰੀਂ ਪੁਆ ਕੇ-ਹਿੰਦੂ ਸਿਖ ਫਿਰਕਾ-ਪ੍ਰਸਤੀਆਂ, ਰਾਜਨੀਤਕ ਪਿੜ ਮੱਲ ਰਹੀਆਂ ਸਨ। ਕਾਂਗਰਸ ਦੀ ਸੈਕੂਲਰਿਜ਼ਮ ਪੰਡਤ ਨਹਿਰੂ ਵੇਲੇ ਕਦੇ ਕਦਾਈਂ ਧਰਮ ਤੇ ਰਾਜਨੀਤੀ ਅਤੇ ਸੈਕੂਲਰਿਜ਼ਮ ਬਾਰੇ ਅਕਾਦਮਿਕ ਭਾਂਤ ਦੀ ਲੈਕਚਰਬਾਜ਼ੀ ਕਰਕੇ ਉਭਾਸਰੀ, ਜਿਵੇਂ ਅਸੂਲ-ਪ੍ਰਸਤ ਰਾਜਨੀਤੀ ਦੇ ਆਖਰੀ ਸਵਾਸ ਲੀਤੇ ਹੋਣ। ਫੇਰ, ਬੈਲਟ ਬਕਸ ਭਰਨ ਲਈ ਵਖ ਵਖ ਧਰਮਾ ਸੰਪ੍ਰਦਾਵਾਂ ਅਤੇ ਜਾਤ-ਗੋਤਾਂ ਵਿਚ ਆਪਣੇ ਵੋਟ-ਬੈਂਕ ਸਥਾਪਤ ਕਰਨ ਦੇ ਐਸੇ ਰਾਹ ਉਪਰ ਪਈ ਕਿ ਹਰ ਧਰਮ ਨੂੰ ਧਿਆਉਂਦੀ, ਧਾਰਮਿਕ ਘੱਟ-ਗਿਣਤੀ ਦੀ ਰਖਵਾਲੀ ਬਣ ਕੇ ਇਕ ਧਾਰਮਿਕ ਘਟ-ਗਿਣਤੀ ਨੂੰ ਦੂਜੀ ਵਿਰੁਧ ਵਰਤਦੀ, ਧਰਮ ਦੀਆ ਸੰਪ੍ਰਦਾਵਾ ਨੂੰ ਪਹਿਲ-ਪਿਛ ਦੇ ਆਧਾਰ ਤੇ ਵਰਤਦੀ, ਕੇਂਦਰੀ ਤੇ ਸੂਬਕ ਸਰਕਾਰਾਂ ਤਾ ਜਿੱਤਦੀ ਚਲਾਉਂਦੀ ਰਹੀ ਪਰ ਵਿਰੋਧੀ ਧੜੇ ਵਿਚੋਂ ਫਿਰਕਾ-ਪ੍ਰਸਤੀ, ਵੱਖਵਾਦ, ਅੰਨ੍ਹਾ-ਰਾਸ਼ਟਰਵਾਦ ਦੇ ਹੱਥ ਪਹਿਲਕਦਮੀ ਅਤੇ ਸਰਦਾਰੀ ਆ ਗਏ।

ਯੂਰਪ ਵਿਚ ਇਸਾਈਅਤ (ਧਰਮ) ਨੂੰ ਵਰਤ ਕੇ ਰਾਜਨੀਤਕ ਜਿੱਤ-ਹਾਰ ਦੀ ਖੇਡ ਕਈ ਸਦੀਆਂ ਤੋਂ ਚਲ ਰਹੀ ਸੀ। ਕਦੇ ਇਸਾਈਅਤ ਨੇ ਗਰੀਬਾਂ ਦੱਲਿਤਾ ਦਾ ਸਾਥ ਪ੍ਰਾਪਤ ਕਰਕੇ ਸੰਸਾਰ ਦੇ ਪਹਿਲੇ ਰੋਮਨ ਸਾਮਰਾਜ ਨੂੰ ਢਹਿ ਢੇਰੀ ਕੀਤਾ ਸੀ। ਫੇਰ ਕਈ ਰਾਜਾਂ ਉਪਰ ਧਾਰਮਿਕ ਸਾਮਰਾਜ ਸਥਾਪਤ ਹੋ ਕੇ ਸਮਾਂ ਅਜਿਹਾ

ਵੀ ਆਇਆ ਕਿ ਯੂਰਪ ਦੇ ਸ਼ਹਿਨਸ਼ਾਹ ਕੈਥੋਲਿਕ ਗਿਰਜੇ ਦੇ ਸਰਬੋਤਮ ਪਾਦਰੀ ਪੋਪ ਦੀ ਕਬਾਅ ਨੂੰ ਚੁੰਮਣ ਲਈ ਸਹਿਕਦੇ ਸਨ । ਅਖੀਰ, ਜਾਗੀਰਦਾਰੀ ਦੌਰ ਦਾ ਅੰਤ ਦਰਸਾਉਣ ਵਾਲੇ ਤੇ ਪੂੰਜੀਵਾਦੀ ਯੁਗ ਦੇ ਅਗਰਦੂਤ ਉਦਯੋਗਿਕ ਇਨਕਲਾਬ ਨੇ ਰਾਜ ਦੀ ਧਰਮ ਉਪਰ ਸਦੀਵੀ ਜਿੱਤ ਸਥਾਪਤ ਕਰ ਦਿਤੀ ਸੀ ।

ਸਭ ਧਰਮਾਂ ਨੂੰ ਧਿਆ ਕੇ ਧਰਮ ਨਿਰਲੇਪ ਅਖਵਾਉਣ ਵਾਲੀ ਵੀਹਵੀਂ ਸਦੀ ਦੀ ਭਾਰਤੀ ਸੈਕੂਲਰਿਜ਼ਮ ਨੂੰ ਕਦੇ ਪਤਾ ਨਾ ਲਗਾ ਕਿ ਧਰਮ, ਰਾਜ-ਅੰਦਰ-ਰਾਜ ਬਣ ਕੇ ਖੁਦਮੁਖਤਾਰੀ, ਸਾਰਵਭੌਮਿਕਤਾ ਦੀ ਪ੍ਰੀਭਾਸ਼ਾ ਨੂੰ ਝੂਠੀ ਪਾ ਰਿਹਾ ਹੈ।

ਇੰਜ ਦੇਸ ਦੀ ਵੰਡ ਨਾਲ ਫਿਰਕਾਪ੍ਰਸਤੀ, ਅੰਗਰੇਜ਼ੀ ਸਾਮਰਾਜ ਦੀ ਤ੍ਰਿਸਕਾਰੀ ਹੋਈ ਝੋਲੀ ਵਿਚੋਂ ਨਿਕਲ ਕੇ ਵਿਰੋਧੀ ਰਾਜਨੀਤਕ ਸ਼ਕਤੀ ਵਜੋਂ ਸੈਕੂਲਰਿਜ਼ਮ ਉਪਰ ਹਮਲਾ ਕਰਨ ਲਗੀ, ਕੇਂਦਰੀ ਵਜ਼ਾਰਤਾਂ ਵਿਚ ਛੋਟਾ-ਮੋਟਾ ਹਿੱਸਾ ਵੰਡਾ ਕੇ ਰਾਜਾਂ ਵਿਚ ਆਪਣੇ ਪੈਰ ਜਮਾਉਣ ਲਗੀ । ਏਨਾ ਹੀ ਨਹੀਂ, ਕਾਂਗਰਸੀ ਸੈਕੂਲਰਿਜ਼ਮ ਅੰਦਰ ਧਾਰਮਿਕ ਸੰਸਕਾਰਾਂ ਨੂੰ ਹੋਰ ਧੁੰਦਲਾਉਣ ਲਗੀ । ਅੱਜ ਆਪਣੇ ਆਪ ਨੂੰ ਰਾਸ਼ਟਰਵਾਦੀ ਕਹਾਉਣ ਵਾਲੀ ਕੋਈ ਪਾਰਟੀ ਨਹੀਂ, ਜਿਸ ਦੀ ਮੈਂਬਰੀ ਲਈ ਇਹ ਸਹੁੰ ਚੁਕਣੀ ਪੈਂਦੀ ਹੋਵੇ ਕਿ, "ਮੈਂ ਸਭ ਤੋਂ ਪਹਿਲਾਂ ਭਾਰਤੀ ਹਾਂ, ਫੇਰ ਹਿੰਦੂ ; ਮੁਸਲਮਾਨ ਜਾਂ ਸਿਖ ਹਾਂ।"

ਦੇਸ ਦੀ ਆਜ਼ਾਦੀ ਅਤੇ ਵੰਡ ਨਾਲ ਪਾਕਿਸਤਾਨ ਵਲ ਗਈ ਧਰਤੀ ਉਸ ਦੀ ਉਪਜਾਇਕਤਾ ਅਤੇ ਉਧਰ ਰਹਿ ਗਈਆਂ, ਜਾਇਦਾਦਾਂ ਦੀ ਗਿਣਤੀ ਮਿਣਤੀ ਤਾਂ ਹੁੰਦੀ ਰਹੀ, ਪਰ ਮਜ਼੍ਹਬ ਦੀ ਬੁਨਿਆਦ ਤੇ ਮੁਲਕ ਤੇ ਕੌਮ ਬਨਾਉਣ ਦੇ ਸੁਪਨਿਆਂ ਦੀ ਤਾਬੀਰ ਕੀ ਹੁੰਦੀ ਹੈ ਇਹ ਗਲ ਉਥੋਂ ਦੇ ਲੋਕਾਂ ਉਪਰ ਛਡ ਦਿਤੀ ਗਈ । ਪਰ ਪੂਰਬੀ ਪੰਜਾਬ, ਸਗੋਂ ਪੂਰੇ ਭਾਰਤ ਵਿਚ 'ਧਰਮ ਦੇ ਅਧਾਰ ਤੇ ਰਾਸ਼ਟਰ' ਵਾਲੇ ਫਿਰਕੂ ਤੇ ਵਖਵਾਦੀ ਬੀ ਜ਼ਰੂਰ ਬੀਜ ਦਿਤੇ ਗਏ । ਸਜੁੜਤ ਸਭਿਆਚਾਰ ਵਿਚ ਤ੍ਰੇੜਾਂ ਪੈਣ ਲਗੀਆਂ ਅਤੇ ਧਰਮ ਰਾਜਨੀਤੀ ਨੂੰ ਨਿਸਚਿਤ ਕਰਨ ਦੀ ਥਾਂ ਰਾਜਨੀਤੀ ਧਰਮ ਨੂੰ ਘੜਨ-ਭੰਨਣ ਲਗੀ ।

## 17. ਫਿਰਕਾਪ੍ਰਸਤੀ ਅਤੇ ਮੂਲਵਾਦ ਦੇ ਆਧਾਰ

ਫਿਰਕਾਪ੍ਰਸਤੀ ਰਾਜਨੀਤਕ ਖੇਤਰ ਦਾ ਵਰਤਾਰਾ ਹੈ ਜਦ ਕਿ ਮੂਲਵਾਦ ਮਾਨਸਿਕਤਾ ਦਾ ਇਕ ਮਾਧਿਅਮ ਹੈ। ਦੋਵੇਂ ਕਾਰਣ ਅਤੇ ਕਾਰਜ ਵਾਂਗ ਸੰਬੰਧਤ ਹਨ, ਆਂਡੇ ਤੇ ਚੂਚੇ ਦੀ ਹੋਂਦ ਵਾਂਗ ਵਖ ਵਖ ਹਨ। ਪਰ ਕੌਮਾਂਤਰੀ ਰਾਜਨੀਤੀ ਵਿਚ ਇਕ ਵਾਦ ਵਜੋਂ ਉਭਰ ਆਉਣ ਕਾਰਣ ਭਾਰਤੀ ਰਾਜਨੀਤਕ ਮੰਚ ਤੋਂ ਮੂਲਵਾਦ ਦਾ ਨਾਂ ਕੁਝ ਇੰਜ ਲੀਤਾ ਜਾਣ ਲਗਾ ਹੈ ਜਿਵੇਂ ਇਹ ਇਕੋ ਧਰਮ ਵਿਚ-ਸਥਿਤ ਫਿਰਕਾਪ੍ਰਸਤੀ ਹੋਵੇ। ਬੌਧਿਕ ਖੇਤਰ ਦੇ ਟਾਕਰੇ ਤੇ ਬੁਰਜੂਆ ਰਾਜਨੀਤਕ ਖੇਤਰ ਦਾ ਇਹ ਗਲਬਾ ਹੀ ਹੈ ਕਿ ਇਹ ਕਿਸੇ ਵੀ ਸ਼ਬਦ ਤੇ ਉਸ ਦੀ ਪ੍ਰੀਭਾਸ਼ਾ ਨੂੰ ਜਿਵੇਂ ਚਾਹੇ ਸਮਝ ਤੇ ਤੋੜ ਮਰੋੜ ਸਕਦਾ ਹੈ ਪਰ ਅੰਤਰ ਰਾਸ਼ਟਰੀ ਪੱਧਰ ਤੇ ਮੂਲ-ਵਾਦ ਕਿਸ ਰੂਪ ਵਿਚ ਵਿਕਸਤ ਹੋਇਆ ਹੈ ਅਤੇ ਸਾਮਰਾਜਵਾਦ ਤੇ ਨਵ-ਬਸਤੀ-ਵਾਦ ਨੇ ਇਸ ਨੂੰ ਕਿਵੇਂ ਉਪਜਾਊ ਧਰਤੀ ਵਜੋਂ ਵਰਤਿਆ ਹੈ, ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਬੁਰਜੂਆਜ਼ੀ ਦੇ ਵੱਸ ਵਿਚ ਨਹੀਂ ਕਿ ਉਹ ਉਨ੍ਹਾਂ ਸਾਮ-ਰਾਜੀ ਘੁਸਪੈਂਠਾਂ ਤੇ ਸਾਜ਼ਸ਼ਾਂ ਨੂੰ ਸਮਝ ਸਕੇ ਜੋ ਧਾਰਮਿਕ ਤੇ ਬੌਧਿਕ-ਅਕਾਦਮਿਕ ਖੇਤਰਾਂ ਵਿਚ ਹੋ ਰਹੀਆਂ ਹਨ।

ਸੁਤੰਤਰਤਾ ਪ੍ਰਾਪਤੀ ਤੋਂ ਬਾਦ ਜਿਹੜੀਆਂ ਆਰਥਕ, ਸਮਾਜਕ, ਅਤੇ ਸਭਿ-ਆਚਾਰਕ ਪ੍ਰਸਥਿਤੀਆਂ ਵਿਕਸਤ ਹੋ ਰਹੀਆਂ ਸਨ, ਮੂਲਵਾਦ ਨੂੰ ਸਮਝਣ ਲਈ ਇਨ੍ਹਾਂ ਪ੍ਰਸਥਿਤੀਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

**ਜ਼ਮੀਨੀ, ਧਾਰਮਿਕ ਅਤੇ ਰਾਜਨੀਤਕ ਕੇਂਦਰੀਕਰਨ** :—ਪੱਛਮੀ

ਪੰਜਾਬ ਤੋਂ ਉਜੜ ਕੇ ਕੇਵਲ ਹਿੰਦੂ ਤੇ ਸਿਖ ਹੀ ਆਏ ਸਨ, ਜਿਨ੍ਹਾਂ ਨੇ ਮੁਸਲਮਾਨ ਵੱਸੋਂ ਦੇ ਖੱਪੇ ਨੂੰ ਹੀ ਪੂਰਾ ਨਹੀਂ ਸੀ ਕਰਨਾ ਸਗੋਂ ਪੰਜਾਬ ਦੇ ਸਭਿਆਚਾਰ ਨੂੰ ਸੰਕੀਰਣ ਕਰਕੇ ਰਾਜਨੀਤਕ ਪਿੜ ਨੂੰ ਖਹਿ ਘੱਸਰ ਕੇ ਮੱਲਣਾ ਸੀ। ਪੱਛਮੀ ਪੰਜਾਬ ਦੇ ਸ਼ਹਿਰਾਂ ਵਿਚੋਂ ਦੁਕਾਨਦਾਰ, ਸੌਦਾਗਰ, ਸ਼ਾਹੂਕਾਰ ਅਤੇ ਘਰੇਲੂ ਤੇ ਛੋਟੇ ਉਦਯੋਗਪਤੀ—ਹਿੰਦੂ ਤੇ ਸਿਖ ਦੋਵੇਂ—ਉਠ ਕੇ ਆਏ,ਬਹੁਤੇ ਪੂਰਬੀ ਪੰਜਾਬ ਦੇ ਸ਼ਹਿਰਾਂ 'ਚ ਤੇ ਦਿਲੀ ਆ ਬੈਠੇ ਅਤੇ ਬਾਕੀ ਉਤਰ ਪ੍ਰਦੇਸ਼ ਤੋਂ ਲੈ ਕੇ ਹੋਰਨਾਂ ਛੋਟੇ ਵੱਡੇ ਸ਼ਹਿਰਾਂ ਵਿਚ ਜਾ ਵੱਸੇ। ਇਹ ਮੱਧ ਸ਼੍ਰੇਣੀ ਇਕ ਪਾਸੇ ਹਿਸਾਬੀ-ਕਿਤਾਬੀ, ਲਿਖਤੀ ਤੇ ਸਹਿਜ ਹੋਣ ਕਾਰਣ ਲੋਕ-ਰਾਏ ਬਨਾਉਣ ਵਾਲੀ ਸੀ, ਉਰਦੂ ਲਿਪੀ ਵਿਚ ਹਿੰਦੀਕ੍ਰਿਤ ਹੁੰਦੇ ਜਾ ਰਹੇ ਅਖਬਾਰਾਂ ਦੀ ਪਾਠਕ ਤੇ ਨਿੱਕ ਬੁਰਜੂਆ ਵੋਟ ਬੈਂਕ ਸੀ। ਦੂਜੇ ਪਾਸੇ ਮੁਨਾਫੇ ਤੇ ਲੁੱਟ ਘਸੁੱਟ ਵਿਚ ਅੱਤ ਨੇੜਲੇ ਹੱਥਾਂ ਦੇ ਰੂਪ ਵਿਚ ਪੇਂਡੂ ਤੇ ਸ਼ਹਿਰੀ ਗਰੀਬਾਂ ਦੀ ਸ਼੍ਰੇਣੀ-ਘ੍ਰਿਣਾ ਦਾ ਨਿਸ਼ਾਨਾ ਸੀ ਜਿਸ ਦੀ ਅਗਵਾਈ ਮੱਧ-ਸ਼੍ਰੇਣੀ ਤੇ ਧਨੀ ਕਿਸਾਨੀ ਕਰਦੀ ਸੀ।

ਪੱਛਮੀ ਪੰਜਾਬ ਦੀ ਪੇਂਡੂ ਵੱਸੋਂ ਵਿਚ ਸਿਖ ਹੀ ਬਹੁਗਿਣਤੀ ਵਿਚ ਸਨ ਜੋ ਪਿਛੋਕੜ ਤੇ ਪੁਰਖਿਆਂ ਦੇ ਇਕ ਹੋਣ ਕਾਰਣ ਪੂਰਬੀ ਪੰਜਾਬ ਵਿਚ ਸ਼ਹਿਰੀ ਲੋਕਾਂ ਵਾਂਗ ਖਿਲਰ ਕੇ ਨਹੀਂ ਸਗੋਂ—ਸਮੂਹਾਂ ਤੇ ਬਿਰਾਦਰੀਆ ਦੇ ਰੂਪ ਵਿਚ ਆ ਵੱਸੇ। ਪੰਜਾਬ ਦੀਆਂ ਰਿਆਸਤਾਂ ਦੇ ਪੈਪਸੂ ਜੁੱਟ ਵਿਚ ਰਲਣ ਅਤੇ ਮਗਰੋਂ ਪੰਜਾਬ ਵਿਚ ਰਲ ਜਾਣ ਨਾਲ 'ਸਿਖ ਰਾਜਨੀਤੀ' ਜਾਂ ਪੰਥਕ ਸਿਆਸਤ ਦਾ ਬੋਲ ਉਚਾ ਹੋਇਆ। ਜ਼ਮੀਨੀ ਵੰਡ ਤੋਂ ਲੈ ਕੇ ਖੇਤ-ਮਜਦੂਰਾਂ ਦੇ ਹਿਤਾਂ ਲਈ ਲੜਦੀ ਕਿਸਾਨ ਲਹਿਰ—ਜਿਸ ਦੀ ਅਗਵਾਈ ਮਧ ਸ਼੍ਰੇਣੀ ਕਿਸਾਨੀ ਦੇ ਹਥ ਵਿਚ ਸੀ—ਮੌਰੂਸੀ ਮੁਜਾਰਿਆਂ ਨੂੰ ਜ਼ਮੀਨਾਂ ਉਪਰ ਕਬਜ਼ਿਆਂ ਅਤੇ ਕਈ ਰਾਜਨੀਤਕ ਕਾਰਣਾਂ ਕਰਕੇ ਸੁੰਗੜ ਗਈ ਤਾਂ ਚੱਕਬੰਦੀ ਤੋਂ ਲੈ ਕੇ ਖੇਤੀ-ਵਾਹੀ ਦੇ ਅਰਥਚਾਰੇ ਵਿਚ ਸਰਦਾਰੀ, ਧਨੀ ਕਿਸਾਨੀ ਦੀ ਬਣਦੀ ਗਈ। ਪੂਰਬੀ ਪੰਜਾਬ ਵਿਚ ਤਾਂ ਪਹਿਲਾਂ ਹੀ ਪੱਛਮੀ ਪੰਜਾਬ ਨਾਲੋਂ ਖੇਤੀ-ਵਾਹੀ ਦੀ ਔਧੀ ਧਰਤੀ ਸੀ ਅਤੇ ਇਸ ਦੇ ਮਾਝੇ-ਦੁਆਬੇ ਦੀ ਜ਼ਮੀਨ ਤਾਂ ਪਹਿਲਾਂ ਹੀ ਥੋੜੀ ਥੋੜੀ ਕਰਕੇ ਵੰਡੀ ਹੋਈ ਸੀ। ਨਹਿਰਾਂ, ਟਿਊਬਵੈਲਾਂ, ਚੰਗੇ ਬੀਜਾਂ-ਖਾਦਾਂ ਅਤੇ ਟਰੈਕਟਰਾਂ ਆਦਿਕ ਖੇਤੀ ਵਾਹੀ ਦੇ ਚੰਗੇਰੇ ਸੰਦਾਂ-ਸਾਧਨਾਂ ਕਾਰਣ ਮਾਲਵਾ ਅਤੇ ਪਹਿਲਾਂ ਦੀਆਂ ਰਿਆਸਤੀ ਜ਼ਮੀਨਾਂ ਤੇ ਰੱਕੜਾਂ ਨੇ ਇਸ ਮੱਧ ਸ਼੍ਰੇਣੀ

ਨੂੰ ਅਖ਼ਬਾਰੇ ਤੋਂ ਲੈ ਕੇ ਧਰਮ ਅਤੇ ਰਾਜਨੀਤੀ ਵਿਚ ਸਰਦਾਰੀ ਤੇ ਅਗਵਾਈ ਦਿਵਾ ਦਿਤੀਆਂ। ਖੇਤੀ ਵਾਹੀ ਦੀ ਉਪਜ ਤੇ ਉਪਜਾਇਕਤਾ ਵਧਾ ਕੇ ਜਿਥੇ ਮਧ ਸ੍ਰੇਣੀ ਦੀ ਕਿਸਾਨੀ ਰਾਜਨੀਤਕ-ਧਾਰਮਿਕ ਮੁਹਾਵਰੇ ਵਿਚ ਇਹ ਕਹਿਣ ਜੋਗੀ ਹੋ ਗਈ ਕਿ ਪੰਜਾਬ ਜਾਂ ਸਿਖ ਕਿਸਾਨੀ ਨੇ ਅਮਰੀਕੀ ਪੀ. ਐਲ. 480 ਅੱਗੇ ਰੋਟੀ ਲਈ ਝੋਲੀ ਅੱਡ ਰਹੇ ਭਾਰਤ ਨੂੰ ਰੋਟੀਆਂ ਦਾ ਸਰਪੋਸ਼ ਤੇ ਚੰਗੇਰ ਪੇਸ਼ ਕੀਤੇ ਹਨ, ਉਥੇ ਪਿੰਡ ਦੀ ਪੰਚਾਇਤ ਤੇ ਗੁਰਦੁਆਰੇ ਤੋਂ ਲੈ ਕੇ ਸੂਬੇ ਦੇ ਮੁਖ ਮੰਤਰੀ ਪਦ ਅਤੇ ਸਿਖ ਸਿਆਸਤ ਅਤੇ ਜਥੇਦਾਰੀਆਂ ਤਕ ਇਨ੍ਹਾਂ ਨਵ-ਵਿਕਸਤ ਖੇਤਰਾਂ ਦੀ ਮੱਧ ਸ੍ਰੇਣੀ ਕਿਸਾਨਾਂ ਲਈ ਵਕਫ਼ ਹੋ ਗਈਆਂ।

ਵਡੀ ਮੱਛੀ ਛੋਟੀ ਨੂੰ ਖਾਣ ਵਾਲੇ ਪੂੰਜੀਵਾਦੀ ਨਿਯਮਾਂ ਅਨੁਸਾਰ ਧਨੀ ਕਿਸਾਨੀ-ਭਾਰਤ ਵਿਚ ਆਮ ਤੌਰ ਤੇ ਉਭਰਨ ਅਤੇ ਬੁਸਰਨ ਲਗੀ। ਪੱਛਮੀ ਪੰਜਾਬ ਤੋਂ ਉਜੜ ਕੇ ਆਈ ਮਧ ਸ੍ਰੇਣੀ ਨੇ ਕੁਝ ਪੰਜਾਬ ਦੇ ਨਾਲ ਲਗਦੇ ਰਾਜ-ਸਥਾਨੀ ਇਲਾਕਿਆਂ ਅਤੇ ਕੁਝ ਉਤਰ ਪ੍ਰਦੇਸ਼ ਦੀ ਤਰਾਈ ਨੂੰ ਵਸਾਇਆ ਪਰ ਭਾਰਤੀ ਪੰਜਾਬ ਦੀ ਧਨੀ ਕਿਸਾਨੀ ਇਸ ਜੋਗ ਹੋਈ ਕਿ ਉਹ ਵਡੀਆਂ ਜ਼ਮੀਨਾਂ ਦੀ ਮਾਲਕ ਬਣੇ, ਹੇਠਲੀ ਹਲਵਾਹਕ ਕਿਸਾਨੀ ਨੂੰ ਆਰਥਕ ਤੇ ਧਾਰਮਿਕ ਸਾਂਝਾਂ ਦੇ ਆਧਾਰ ਤੇ ਨਾਲ ਲੈ ਕੇ ਬਿਜਲੀ, ਪਾਣੀ,ਬੀਜ ਆਦਿਕ ਵਸਤਾਂ ਵਿਚ ਰਿਆਇਤਾਂ-ਸਹੂਲਤਾਂ ਦੀਆਂ ਮੰਗਾਂ ਅਤੇ ਮਨ-ਮਰਜ਼ੀ ਦੇ ਮੁੱਲਾ, ਮੰਡੀ ਅਤੇ ਨਿਰਯਾਤ ਲਈ ਐਜੀਟੇਸ਼ਨ ਕਰੇ,ਨਾਲ ਹੀ ਆਪਣੀ ਉਪਜ ਤੇ ਮੁਨਾਫੇ ਨੂੰ ਟੈਕਸ-ਮੁਕਤ ਰਖੇ। ਧਨੀ ਕਿਸਾਨੀ ਦੇ ਜ਼ਮੀਨੀ ਕਬਜ਼ੇ ਅਤੇ ਜਬਰ ਜ਼ੁਲਮ ਦਾ ਨੰਗਾ ਨਾਚ ਬਿਹਾਰ,ਮੱਧ ਪ੍ਰਦੇਸ਼ ਅਤੇ ਦੱਖਣੀ ਭਾਰਤ ਦੇ ਪਛੜੇ ਇਲਾਕਿਆਂ ਵਿਚ ਵੇਖਿਆ ਜਾ ਸਕਦਾ ਹੈ। ਪੰਜਾਬ ਦੀ ਹਾਲਤ ਵਿਚ ਇਹ ਕੁਝ ਧਰਮ ਦੇ ਪੜਦੇ ਅਤੇ ਫਿਰਕਾਪ੍ਰਸਤੀ ਦੇ ਵਾਯੂਮੰਡਲ ਵਿਚ ਪੱਕਾ ਪੀਡਾ ਰੂਪ ਧਾਰਨ ਕਰੀ ਬੈਠਾ ਹੈ।

**ਭਾਸ਼ਾ ਅਤੇ ਸ਼ਿਸ਼ਟਾਚਾਰ** :—ਹਰ ਧਰਮ ਦੇ ਪ੍ਰਚਾਰ-ਪ੍ਰਸਾਰ ਦਾ ਆਰੰਭ ਕਿਸੇ ਭਾਸ਼ਾ ਵਿਸ਼ੇਸ਼ ਰਾਹੀਂ ਹੁੰਦਾ ਹੈ। ਹਰ ਭਾਸ਼ਾ ਦੀ ਆਪਣੀ ਮਿੱਟੀ ਆਪਣੀ ਧਰਤੀ ਹੁੰਦੀ ਹੈ। ਆਪਣੀ ਮੌਲਿਕ ਭਾਸ਼ਾ ਦੇ ਖੇਤਰ ਤੋਂ ਬਾਹਰ ਨਿਕਲ ਕੇ ਜਦ ਧਰਮ ਹੋਰਨਾਂ ਖੇਤਰਾਂ ਵਿਚ ਪਹੁੰਚਦਾ ਹੈ,ਤਾਂ ਧਰਮ-ਗਰੰਥ(Religious Dogma) ਅਤੇ ਇਸਦੇ ਪਾਠ ਆਦਿਕ ਦੀ ਮਰਯਾਦਾ ਨੂੰ ਸਥਿਰ ਰਖਣ ਲਈ ਜ਼ੋਰ ਦੇਂਦਾ ਹੈ;

ਅਨਯ-ਭਾਸ਼ਾਈ ਖੇਤਰਾਂ ਅਤੇ ਲੋਕਾਂ ਉਪਰ ਜਿੰਨਾ ਕੁ ਭਾਸ਼ਾਈ ਸਾਮਰਾਜ ਬੰਧਦਾ ਹੈ ਓਨਾ ਹੀ ਧਰਮ ਦੇ ਵਿਚਾਰ-ਤੱਤ ਪਰਸਾਰ ਨੂੰ ਰੋਕਦਾ ਹੈ। ਇਸਾਈਅਤ (ਖਾਸ ਕਰ ਰੋਮਨ ਕੈਥੋਲਿਕ ਚਰਚ) ਦਾ ਰੋਮਨ ਭਾਸ਼ਾ ਨਾਲ, ਇਸਲਾਮ ਦਾ ਅਰਬੀ, ਹਿੰਦੂ ਜਾਂ ਵੇਦ-ਵੇਦਾਂਤਕ ਮਤ-ਮਤਾਂਤਰਾਂ ਦਾ ਸੰਸਕ੍ਰਿਤ, ਜੈਨ ਤੇ ਬੋਧ ਧਰਮਾਂ ਦਾ ਕ੍ਰਮਵਾਰ ਪ੍ਰਾਕਿਰਤ ਅਤੇ ਪਾਲੀ ਭਾਸ਼ਾ ਨਾਲ ਇਹੋ ਦਵੰਦਮਈ ਸੰਬੰਧ ਰਿਹਾ ਹੈ। ਪਰ ਜਿਉਂ ਹੀ ਸਮਾਜਕ ਧਾਰਨਾਵਾਂ ਤੇ ਕਦਰਾਂ ਕੀਮਤਾਂ ਵਿਚ ਗੁਣਾਤਮਕ ਪ੍ਰੀਵਰਤਨ ਆਉਣ ਲਗਦਾ ਹੈ ਇਸਦਾ ਪ੍ਰਗਟਾਵਾ ਬਹੁ-ਭਾਸਾਈ ਖੇਤਰਾਂ ਵਿਚ ਹੁੰਦਾ ਹੈ ਜਿਵੇਂ ਕਿ ਮੱਧ-ਕਾਲ ਵਿਚ ਭਗਤੀ ਤੇ ਸੂਫੀ ਲਹਿਰਾਂ ਸਮੇਂ ਇਲਾਕਾਈ ਭਾਸ਼ਾਵਾਂ ਦਾ ਨੁੱਕ ਬਣਦਾ ਵੀ ਦਿਸਦਾ ਹੈ ਅਤੇ ਸਧੁੱਕੜੀ ਜਾਂ ਸਾਧ-ਭਾਸਾ ਜਹੇ ਆਯਾਮ, ਸੰਪਰਕ-ਭਾਸ਼ਾ ਵਜੋਂ ਵਿਕਸਤ ਹੁੰਦੇ ਜਾਪਦੇ ਹਨ। ਸੁਤੰਤਰਤਾ ਸੰਗਰਾਮ ਦੀ ਚੜ੍ਹਤਲ ਸਮੇਂ; ਪਿੰਡ ਹੋਵੇ ਜਾਂ ਸਹਿਰ, ਹਿੰਦੁਸਤਾਨੀ (ਜਿਸ ਵਿਚ ਉਰਦੂ ਦੇ ਪ੍ਰਭਾਵ ਕਾਰਨ ਫ਼ਾਰਸੀ ਦੀ ਮਿੱਸ ਵਧੇਰੀ ਹੁੰਦੀ ਸੀ)ਲੈਕਚਰ ਨੂੰ ਵੀ ਓਨਾ ਹੀ ਸੁਣਿਆ ਸਮਝਿਆ ਜਾਂਦਾ ਸੀ ਜਿੰਨਾ ਕਿ ਪੰਜਾਬੀ ਵਿਚ। (ਸਗੋਂ ਭਾਈ ਕਾਨ੍ਹ ਸਿੰਘ ਨਾਭਾ,ਆਪਣੇ ਤੋਂ ਦੋ ਕੁ ਸਦੀਆ ਪਹਿਲਾਂ ਦੇ ਨਵਾਬ ਕਪੂਰ ਸਿੰਘ ਵਾਂਗ ਆਮ ਤੌਰ ਤੇ 'ਹਮਕੀ-ਤੁਮਕੀ' ਭਾਸ਼ਾ ਵਿਚ ਗਲਬਾਤ ਕਰਦਾ ਸੀ)। ਕਾਂਗਰਸ ਨੇ ਸੁਤੰਤਰਤਾ ਸੰਗਰਾਮ ਦੇ ਸਮਾਨਾਂਤਰ ਚਲ ਰਹੇ ਸੂਬਕ ਸਭਿਆਚਾਰਕ ਅਤੇ ਭਾਸ਼ਾਈ ਉਭਾਰ ਨੂੰ ਦੇਖ ਕੇ ਵੀਹਵਿਆਂ ਵਿਚ ਸਭਨਾਂ ਸੂਬਕ ਭਾਸਾਵਾਂ ਨੂੰ ਕੌਮੀ ਭਾਸਾਵਾਂ ਮੰਨਣ ਅਤੇ ਆਜ਼ਾਦੀ ਉਪਰੰਤ ਇਨ੍ਹਾਂ ਦਾ ਹੱਕੀ ਸਥਾਨ ਦੇਣ ਦਾ ਮਤਾ ਪਾਸ ਕੀਤਾ ਸੀ।

ਪਰ ਭਾਸ਼ਾ ਨੂੰ ਧਰਮ ਨਾਲ ਜੋੜਨ ਦੀ ਬਦ-ਨੀਤੀ, ਜਾਪਦਾ ਹੈ; ਉਨ੍ਹੀਵੀਂ ਸਦੀ ਦੇ ਅੰਤ ਤਕ ਅੰਗਰੇਜ਼ ਅਫਰਸਾਹੀ ਨੇ ਭਾਰਤੀ ਧਰਮਾਂ-ਸਭਿਆਚਾਰਾਂ ਨੂੰ ਸਮਝਣ ਜਾ ਭਾਰਤ-ਸਾਸਤਰ (Indology) ਦੇ ਨਾਂ ਹੇਠ ਆਰੰਭ ਕਰ ਦਿਤੀ ਸੀ।

ਭਾਰਤ-ਸਾਸਤਰ, ਪਿਛਲੀਆਂ ਤਿੰਨ ਸਦੀਆ ਤੋਂ ਚਲੇ ਆ ਰਹੇ ਸਭਿਆ-ਚਾਰਕ ਗਲਬੇ ਤੇ ਦਮਨ ਦਾ ਪ੍ਰਤੀਕ ਹੈ ਜੋ ਸਭਨਾ ਬਸਤੀਵਾਦ ਸਾਮਰਾਜੀਆਂ ਨੇ ਹੀਰੇ-ਜਵਾਹਾਰਾਤ ਤੋਂ ਲੈ ਕੇ 'ਐਂਟੀਕਸ' ਤੇ ਪੁਰਾਤੱਤਾ ਦੇ ਜਖ਼ਰੀ ਸੰਗ੍ਰਹਿ ਤੋਂ ਆਰੰਭ ਕੀਤਾ ਸੀ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਮੈਕਸਮੂਲਰ ਜਹੇ ਜਰਮਨ ਵਿਦਵਾਨਾਂ ਨੇ ਆਪਣੀ ਜਗਿਆਸਾ ਲਈ ਅਤੇ ਕੁਝ ਆਪਣੇ ਕੌਮ-ਦੋਖੀ ਅਤੇ ਭਾਰਤ

ਨੂੰ ਅਸਭਿਆ ਧੁਮਾਊਣ ਵਾਲੇ ਬਰਤਾਨਵੀ ਪ੍ਰਾਪੇਗੰਡੇ ਨੂੰ ਮਾਤ ਪਾਉਣ ਲਈ ਭਾਸ਼ਾ-ਵਿਗਿਆਨੀ ਖੋਜ-ਕਾਰਜ ਵੀ ਕੀਤੇ ਅਤੇ ਭਾਰਤੀ ਜਾਂ ਸੰਸਕ੍ਰਿਤ ਸਾਹਿਤ ਦੀ ਕੀਰਤੀ ਲਈ ਪੁਨਰ-ਉਥਾਨ (Revivalism) ਦੇ ਬੀਜ ਵੀ ਬੀਜੇ। ਗ੍ਰੀਆਰਸਨ ਜਹੇ ਪ੍ਰਸਿੱਧ ਅੰਗਰੇਜ਼ ਭਾਸ਼ਾ-ਸ਼ਾਸਤਰੀ ਨੇ ਵੀ ਭਾਰਤ ਦੀ ਕੌਮੀ ਏਕਤਾ ਨੂੰ ਅਸੰਭਵ ਦੱਸਣ ਲਈ ਉਪ-ਭਾਸ਼ਾਵਾਂ ਨੂੰ ਵੀ ਰਲਾ ਕੇ ਭਾਰਤ ਦੀਆਂ ਸੈਂਕੜੇ ਭਾਸ਼ਾਵਾ ਲਿਖ ਦਿਤਾ ਸੀ।

ਲਾਹੌਰ ਵਾਲੀ ਸਿੰਘ ਸਭਾ 1880 ਵਿਚ ਸਥਾਪਤ ਹੋਈ ਜਿਸ ਦੇ ਮੋਢੀਆਂ ਨਾਲ ਭਾਈ ਕਾਨ੍ਹ ਸਿੰਘ ਨਾਭਾ ਸੰਬੰਧਤ ਰਹੇ ਪਰ ਉਸ ਦੀਆਂ ਤਿੰਨ ਪ੍ਰਸਿੱਧ ਪੁਸਤਕਾਂ, 'ਹਮ ਹਿੰਦੂ ਨਹੀਂ' (1897), 'ਗੁਰਮਤ ਪ੍ਰਭਾਕਰ' (1898) ਅਤੇ 'ਗੁਰਮਤ ਸੁਧਾਕਰ' (1899) ਹਿੰਦੀ ਵਿਚ ਲਿਖੀਆਂ ਤੇ ਪ੍ਰਕਾਸ਼ਤ ਕੀਤੀਆਂ ਗਈਆ। ਪੰਜਾਬੀ ਵਿਚ ਇਨ੍ਹਾਂ ਪੁਸਤਕਾ ਦੇ ਅਨੁਵਾਦ ਦੂਜੀ ਛਾਪ ਵੇਲੇ ਪ੍ਰਕਾਸ਼ਤ ਹੋਏ। ਇਸ ਦਾ ਵੀ ਪਤਾ ਲਗਦਾ ਹੈ ਭਾਈ ਵੀਰ ਸਿੰਘ ਦੇ ਪਿਤਾ ਅਤੇ ਉਹਨਾਂ ਦੇ ਸਮਕਾਲੀ ਬ੍ਰਜ ਭਾਸ਼ਾ ਵਿਚ ਕਾਵਿ-ਰਚਨਾ ਕਰਦੇ ਸਨ। ਇਹ ਵੀ ਸਪਸ਼ਟ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਮੈਕਾਲਿਫ ਨਾਲ ਗੂਹੜੇ ਵਿਦਵਤਾ ਵਾਲੇ ਸੰਬੰਧ ਸਨ ਅਤੇ ਭਾਈ ਵੀਰ ਸਿੰਘ ਤਕ ਓਰੀਐਂਟਲ ਕਾਲਜ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਰਾਹੀਂ ਸਿਖ ਬੁਧੀਜੀਵੀਆਂ ਤੇ ਲਿਖਾਰੀਆਂ ਨਾਲ ਸੰਬੰਧਾ-ਸੰਪਰਕਾਂ ਦੀ ਲੜੀ ਚਲਦੀ ਰਹੀ ਸੀ। ਇਹ ਜਾਨਣ ਤੋਂ ਦੂਰ-ਰਸ ਸਿੱਟੇ ਨਿਕਲਣਗੇ ਕਿ ਪੰਜਾਬੀ ਵਿਚ ਲਿਖਣਾ ਕਿਸੇ ਸਵੈ-ਚੇਤਨਾ ਕਾਰਨ ਸੀ ਜਾਂ ਅੰਗਰੇਜ਼ੀ ਵਿਦਵਾਨ ਦੀ ਪ੍ਰੇਰਨਾ ਕਾਰਨ ? ਇਹ ਜਾਨਣਾ ਵੀ ਰੋਚਕ ਹੋਵੇਗਾ ਕਿ ਜਿਸ ਲਿਪੀ ਵਿਚ ਗੁਰਬਾਣੀ ਅੰਕਤ ਹੁੰਦੀ ਅਤੇ ਉਤਾਰੀ (ਨਕਲ ਕੀਤੀ) ਜਾ ਰਹੀ ਸੀ ਇਸ ਨੂੰ ਗੁਰਮੁਖੀ ਜਾਂ ਗੁਰੂ ਅੰਗਦ ਦੀ ਸਿਰਜੀ ਕਦੋਂ ਤੇ ਕਿਸ ਨੇ ਕਿਹਾ-ਮੰਨਿਆ ਸੀ ?

ਭਾਸ਼ਾ ਤਾਂ ਇਕ ਖਿੱਤੇ ਦੀ ਮਿੱਟੀ ਹੁੰਦੀ ਹੈ। ਤਾਂ ਵੀ ਕਿਉਂ ਲਗਭਗ ਇਕੋ ਸਮੇਂ ਕਿਹੜੇ ਹਾਲਾਤ ਅਤੇ ਮੰਤਵ ਨੂੰ ਸਾਹਮਣੇ ਰਖ ਕੇ ਪੰਜਾਬੀ ਹੀ ਨਹੀਂ, ਹਿੰਦੀ ਅਤੇ ਉਰਦੂ ਭਾਸ਼ਾਵਾਂ ਵਖ-ਵਖ ਧਰਮਾਂ ਨਾਲ ਜੁੜ ਗਈਆਂ ? ਪੰਜਾਬੀ ਸਭਿਆਚਾਰ ਅਤੇ ਭਾਸ਼ਾਈ ਰਾਜਨੀਤੀ ਨਾਲ ਸੰਬੰਧਤ ਇਹ ਮਹਤਵਪੂਰਨ ਪ੍ਰਸ਼ਨ ਹੈ।

ਇਹ ਪ੍ਰਸਨ ਇਸ ਲਈ ਵੀ ਮਹਤਵਪੂਰਨ ਹੈ ਕਿ ਦੁਨੀਆਂ ਨਹੀਂ ਤਾਂ ਭਾਰਤ

ਵਿਚ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਨੂੰ ਇਕ ਧਰਮ ਦੇ ਪੰਜਾਬੀਆਂ ਨੇ ਆਪਣੀ ਮਾਂ (ਬੋਲੀ) ਹੀ ਨਹੀਂ ਮੰਨਿਆ ਅਤੇ ਦੂਜੇ ਧਰਮ ਵਾਲਿਆਂ ਨੇ ਇਸ ਨੂੰ ਧਰਮ-ਮਾਂ ਹੀ ਮੰਨਿਆ ਹੈ ਪੜ੍ਹਿਆ-ਪ੍ਰਵਾਨਿਆ ਨਹੀਂ।

ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਹੱਕੀ ਸਥਾਨ ਦਾ ਮਸਲਾ ਪੰਜਾਬ ਦੇ ਰਾਜਨੀਤਕ-ਸੰਗ-ਸਭਿਆਚਾਰਕ ਏਜੰਡੇ ਉਪਰ ਸਮਸਿਆ ਬਣਿਆ ਰਿਹਾ ਹੈ ਜਿਸ ਦਾ ਕਦੇ ਸਮਾਧਾਨ ਨਹੀਂ ਹੋਇਆ ਪਰ ਜਿਸ ਵਿਚੋਂ ਹਿੰਦੂ, ਸਿਖ ਅਤੇ ਸੈਕੂਲਰ ਰਾਜਨੀਤੀਆਂ ਦੀ ਭਾਸ਼ਾ ਤੇ ਸਭਿਆਚਾਰ ਤੀ ਉਨ੍ਹਾਂ ਦੀ ਸੁਹਿਰਦਤਾ ਜਾਂ ਬਦਨੀਤੀ ਦਿਸ ਸਕਦੀ ਹੈ। ਭਾਸ਼ਾ ਦੇ ਆਧਾਰ ਤੇ ਸੂਬਾ ਬੰਦੀ ਸੈਕੂਲਰ ਸਰਕਾਰ ਨੇ ਕਿਤੇ ਆਪਣੇ ਆਪ ਕਿਤੇ ਅੜ ਝੜ ਕੇ 1956 ਤਕ ਲਗਪਗ ਸਾਰੇ ਭਾਰਤ ਵਿਚ ਕਰ ਦਿਤੀ ਤਾ ਪੰਜਾਬ ਦੇ ਲੇਖਕਾਂ, ਬੁਧੀਜੀਵੀਆਂ ਅਤੇ ਖਬੇ ਪੱਖੀ ਲਹਿਰ ਨੇ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਨਾਉਣ ਦੀ ਮੰਗ ਤੋਰੀ। ਪਰ ਲਾਹੌਰੋਂ ਆਕੇ ਬੈਠੀ ਉੜਦੂ ਦੀ ਹਿੰਦੀਕ੍ਰਿਤ ਹੋ ਰਹੀ ਮਹਾਸ਼ਾ ਪ੍ਰੈਸ ਅਤੇ ਆਰੀਆ ਸਮਾਜ ਦੀ 'ਹਿੰਦੀ, ਹਿੰਦੂ, ਹਿੰਦੁਸਤਾਨ' ਦਾ ਨਾਹਰਾ ਲਾਉਂਦੀ ਲੱਬੀ ਸੈਕੂਲਰ ਸਰਕਾਰ ਅਤੇ ਪੰਜਾਬ ਦੀ ਹਿੰਦੂ ਫਿਰਕਾਪ੍ਰਸਤ ਰਾਜਨੀਤੀ ਦਾ ਮੁਹਰੈਲ ਦਸਤਾ ਬਣੀ ਬੈਠੀ ਸੀ। ਤੇ ਸਿਖ ਹੋਮ ਲੈਂਡ ਦਾ ਨਾਹਰਾ ਉਚਾ ਚੁਕ ਰਹੀ ਸਿਖ ਸਿਆਸਤ ਨੇ ਜਿਉਂ ਹੀ ਪੰਜਾਬੀ ਸੂਬੇ ਦੀ ਮੰਗ ਕੀਤੀ—ਅਤੇ ਮੰਗ ਕੀਤੀ ਧਾਰਮਿਕ-ਸੰਗ-ਸੰਪ੍ਰਦਾਈ ਅੰਦਾਜ਼ ਵਿਚ—ਤਾਂ ਇਸ ਲਾਬੀ ਲਈ ਪੰਜਾਬੀ ਸੂਬੇ ਦੀ ਮੰਗ ਨੂੰ ਵਖਵਾਦੀ ਸਿੱਧ ਕਰਨ ਦਾ ਬਹੁਤ ਚੰਗਾ ਬਹਾਨਾ ਮਿਲ ਗਿਆ। ਅਜੋਕੀ ਭਾਰਤੀ ਜਨਤਾ ਪਾਰਟੀ ਦੀ ਪ੍ਰਥਮ ਜਨਮੀ ਪਾਰਟੀ—ਜਨ ਸੰਘ—ਅੰਬਾਲਾ 'ਚ (ਪੰਜਾਹਵਿਆਂ ਦੇ ਅਖੀਰ ਵਿਚ ਸ਼ਾਇਦ) ਰਾਸ਼ਟਰੀ ਸਵੈਮ ਸੇਵਕ ਸੰਘ ਦੇ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਨੂੰ ਮਾਨਤਾ ਤੇ ਹੱਕੀ ਸਥਾਨ ਦੇਣ ਦੇ ਮਤੇ ਦੇ ਬਾਵਜੂਦ, ਜਨ ਗਣਨਾ ਸਮੇਂ ਹਿੰਦੂ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਣ ਲਈ ਉਕਸਾਉਂਦਾ ਰਿਹਾ। 1961 ਦੀ ਜਨ-ਗਣਨਾ ਤਕ ਤਾਂ ਖਰੜ ਤਹਿਸੀਲ ਅਤੇ ਕੁਝ ਹੋਰ ਇਲਾਕਿਆਂ ਨੂੰ ਹਿੰਦੂ ਵਸੋਂ ਅਨੁਸਾਰ ਹਿੰਦੀ ਭਾਸ਼ਾਈ ਸਿੱਧ ਕਰ ਦਿਖਾਇਆ। ਅਕਾਲੀ ਪਾਰਟੀ ਨੇ ਪੰਜਾਬੀ ਸੂਬੇ ਲਈ 'ਧਰਮ ਯੁੱਧ' ਵਰਗੀ ਐਜੀਟੇਸ਼ਨ ਚਲਾ ਕੇ ਕਾਂਗਰਸ ਦੀ ਸੰਨ ਬਤਾਲੀ ਦੀ ਲਹਿਰ ਨਾਲੋਂ ਬਹੁਤੀ ਨਫਰੀ ਜੇਲਾਂ

ਵਿਚ ਭੇਜ ਕੇ ਸਿਖ ਬਹੁਗਿਣਤੀ ਵਾਲੀ ਪੰਜਾਬੀ ਸੂਬੀ 1966 ਵਿਚ ਲੈ ਲਈ ਅਤੇ ਕਾਂਗਰਸ ਦੇ ਟਾਕਰੇ ਤੇ ਪੰਜਾਬ ਦਾ ਰਾਜਨੀਤਕ ਪਿੜ ਜਨ ਸੰਘ ਨਾਲ ਵੰਡ ਮੱਲ ਕੇ ਭਵਿਸ਼ ਵਿਚ ਸਾਂਝੀ ਵਜ਼ਾਰਤ ਦੀ ਸੰਭਾਵਨਾ ਵੀ ਬਣ ਗਈ। ਕਾਂਗਰਸ ਨੇ ਆਪਣੀ ਸੈਕੂਲਰ ਨੀਤੀ ਬੈਲਟ ਬਾਕਸ ਨੂੰ ਮੁਖ ਰੱਖ ਕੇ, 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਨੁਸਾਰ ਢਾਲ ਲਈ। ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਵਿਧੇਕ ਪਾਸ ਹੋ ਜਾਣ ਤੋਂ ਬਾਦ ਅਕਾਲੀ ਪਾਰਟੀ ਨੂੰ ਰਾਜ ਦੀ ਵਿਧਾਨ ਸਭਾ ਵਿਚ ਵਜ਼ਾਰਤੀ ਕੁਰਸੀ ਤੇ ਬੈਠਣ ਦਾ ਅਵਸਰ ਵੀ ਮਿਲਿਆ ਅਤੇ ਵਿਰੋਧੀ ਦਲ ਦੇ ਬੈਂਚ ਉਪਰ ਬੈਠਣ ਦਾ ਵੀ—ਪੰਜਾਬੀ ਭਾਸ਼ਾ ਦੀ ਜੋ ਦਸ਼ਾ-ਦੁਰਦਸ਼ਾ ਸਰਕਾਰੀ ਦਫਤਰਾਂ ਤੋਂ ਲੈ ਕੇ ਵਿਦਿਅਕ ਸੰਸਥਾਵਾਂ ਅਤੇ ਜਨ ਸੰਚਾਰ ਮਾਧਿਅਮ 'ਚ ਅਜ ਤਕ ਹੋ ਰਹੀ ਹੈ ਉਸ ਜਾਪਦਾ ਹੈ ਭਾਸ਼ਾਈ ਮਸਲਾ ਰਾਜ ਦੀ ਕਿਸੇ ਵੀ ਬੁਰਜੂਆ ਪਾਰਟੀ ਲਈ ਗੰਭੀਰ ਸਭਿਆਚਾਰਕ ਮਸਲਾ ਨਹੀਂ ਸਗੋਂ ਰਾਜਨੀਤਕ ਮਹਤਵਾਕਾਂਖਿਆ ਦਾ ਮਾਧਿਅਮ ਜਾਂ ਪ੍ਰਗਟਾਵਾ ਰਿਹਾ ਹੈ ਜਦ ਕਿ ਪੰਜਾਬੀਆਂ ਵਿਚ ਇਕ ਸਾਂਝ ਪੈਦਾ ਕਰਨ ਵਾਲੇ ਇਸ ਭਾਸ਼ਾਈ ਪ੍ਰਸ਼ਨ ਨੇ ਪਾਟੋ-ਧਾੜ ਪਾਈ ਹੈ।

ਇਹ ਕੈਸੀ ਇਤਿਹਾਸਕ ਵਿਡੰਬਣਾ ਹੈ ਕਿ ਸਾਡੇ ਨਾਲ ਹੀ ਵਖ ਹੋ ਕੇ ਮਜ਼ਬ ਦੀ ਬੁਨਿਆਦ ਤੇ ਖੁਦ ਮੁਖਤਾਰ ਹੋਈ ਇਸਲਾਮੀ ਰਿਆਸਤ ਪਾਕਿਸਤਾਨ ਵਿਚੋਂ ਭਾਸ਼ਾ ਅਤੇ ਸਭਿਆਚਾਰਕ ਸਾਂਝ ਦੇ ਆਧਾਰ ਤੇ ਬੰਗਲਾ ਦੇਸ ਹੋਂਦ ਵਿਚ ਆਇਆ ਅਤੇ ਸੈਕੂਲਰ ਭਾਰਤੀ ਪੰਜਾਬ ਵਿਚ ਮੁਖ ਸਭਿਆਚਾਰਕ ਪ੍ਰਸ਼ਨ ਭਾਸ਼ਾ ਦੇ ਆਧਾਰ ਤੇ ਫਿਰਕਾਪ੍ਰਸਤੀ ਅਤੇ ਵੱਖਵਾਦ ਦੇ ਬੀਜ ਬੀਜੇ ਗਏ।

ਜਦ ਭਾਸ਼ਾ ਧਰਮ ਨਾਲ ਜੁੜੀ ਤਾਂ ਸਭਿਆਚਾਰ ਵੀ ਅਨਭਿੱਜ ਨਾ ਰਹਿ ਸਕਿਆ। ਪਿਛਲੇ ਵਰ੍ਹਿਆਂ ਤੋਂ ਅਖਾਉਤੀ ਸੈਕੂਲਰ ਚਿੰਤਕਾਂ ਤੇ ਬੁਲਾਰਿਆਂ ਵਲੋਂ ਫਿਰਕੂ ਰਾਜਨੀਤੀ ਨੂੰ ਬੁਰਜੂਆ ਢੰਗ ਨਾਲ ਠਲ੍ਹ ਪਾਉਣ ਲਈ ਕਿਹਾ ਜਾਣ ਲਗਾ ਹੈ ਕਿ "ਰਾਜਨੀਤੀ ਤੇ ਧਰਮ ਤੋੜਦੇ ਹਨ,ਸਭਿਆਚਾਰ ਜੋੜਦਾ ਹੈ।" ਸਭਿਆਚਾਰ ਦੀ ਗਲ ਤੁਰੀ ਤਾਂ ਤਿੰਨੇ ਚਲੰਤ ਰਾਜਨੀਤੀਆਂ—ਹਿੰਦੂ, ਸਿਖ ਤੇ ਸੈਕੂਲਰ—ਨੇ ਸਭਿਆਚਾਰ ਸੰਬੰਧੀ ਆਪੋ ਆਪਣੀਆਂ ਪ੍ਰੀਭਾਸ਼ਾਵਾਂ ਅਤੇ ਸੰਕਲਪ ਪੇਸ਼ ਕੀਤੇ ਹਨ। ਤਿੰਨੇ ਪੱਖ ਇਕੋ ਇਤਿਹਾਸਕ ਮਸਾਲੇ ਅਤੇ ਵਰਤਮਾਨ ਪ੍ਰਸਥਿਤੀਆਂ ਨੂੰ ਆਪਣੇ ਸਿਧਾਂਤ ਦਾ ਆਧਾਰ ਬਣਾਉਂਦੇ ਹਨ। ਪਰ ਤਿੰਨੇ ਪੱਖ ਆਪਣੀ ਸ਼ਾਬਦਿਕ ਕਾਰੀਗਰੀ

ਬੋਧਿਕ ਅਸਲਾਹ-ਖਾਨੇ ਦੀ ਆਪੋ ਆਪਣੀ ਸੰਦ ਸੁਯੋਗਤਾ ਅਨੁਸਾਰ ਸਿੱਟੇ ਵਖ ਵਖ ਕਢਦੇ, ਪ੍ਰਭਾਵ ਵਖ ਵਖ ਪਾਉਂਦੇ ਹਨ। ਹਿੰਦੂ ਸ਼ਾਵਨਵਾਦ ਵੇਦ-ਵੇਦਾਂਤਕ ਤੋਂ ਲੈਕੇ 'ਇਸਲਾਮੀ ਹਮਲਿਆਂ' ਤੋਂ ਪਹਿਲਾਂ ਦੇ ਕਾਲ ਵਾਲੇ ਪੰਜਾਬ ਨੂੰ ਮੂਲ-ਪੰਜਾਬ ਮੰਨ ਕੇ ਉਪ੍ਰੰਤ ਸਮੇਂ ਦੇ ਸਭਿਆਚਾਰਕ ਵਿਕਾਸ ਨੂੰ ਵਿਚਲਤ, ਵਿਕੇਂਦ੍ਰਿਤ ਅਤੇ ਵਿਕ੍ਰਾਲ ਸਿਧ ਕਰਦਾ ਹੈ। ਸਿਖ ਸ਼ਾਵਨਵਾਦੀ ਝੁਕਾਅ ਦਾ ਸਾਰਾ ਯਤਨ ਇਹ ਦੱਸਣ ਤੇ ਹੈ ਕਿ ਆਦਿ ਕਾਲ ਦੀ ਪੰਜਾਬੀ ਸਭਿਅਤਾ ਤੋਂ ਲੈਕੇ ਅਜ ਤਕ ਦੇ ਸਭਿਆਚਾਰ ਨੂੰ ਗੁਰਬਾਣੀ ਨੇ ਸੰਸਲੇਸ਼ਤ ਕੀਤਾ ਅਤੇ ਇਸ ਉਪਰ ਗੁਰੂ ਸਾਹਿਬਾਂ ਦੀ ਮੁਹਰ-ਛਾਪ ਹੈ। ਜਦ ਕਿ 'ਸੈਕੂਲਰ ਬੁਧੀਜੀਵੀ' ਸਤਈ ਤੇ ਪੇਤਲੇ ਢੰਗ ਨਾਲ ਹਿੰਦੂ, ਮੁਸਲਿਮ ਅਤੇ ਸਿਖ ਮਾਨਸਿਕਤਾਵਾ ਦੇ ਅਜਿਹੇ ਮਿਲਗੋਭੇ ਨੂੰ 'ਪੰਜਾਬੀਅਤ' ਦਾ ਨਾਂ ਦੇਂਦੇ ਹਨ ਜਿਸ ਨੂੰ ਅੰਤਮ ਛੋਹਾਂ ਸੁਤੰਤਰਤਾ ਸੰਗਰਾਮ ਸਮੇਂ ਸੈਕੂਲਰਿਜਮ ਨੇ ਦਿਤੀਆਂ ਸਨ।

ਚੰਗੇ ਚੋਖੇ ਪੰਜਾਬੀ ਬੁਧੀਜੀਵੀਆਂ ਨੇ ਪੰਜਾਬੀ ਸਭਿਆਚਾਰ ਦੀ ਤਾਰਕਿਕ ਪ੍ਰੀਭਾਸਾ ਨਹੀਂ ਕੀਤੀ, ਨਾ ਵਿਗਿਆਨਕ ਖੋਜ ਕੀਤੀ ਹੈ। ਕਿਉਂਕਿ ਆਜਾਦੀ ਉਪ੍ਰੰਤ ਪੰਜਾਬ ਵਿਚ ਦੋ-ਦੋ ਵਾਰ ਹਿੰਦੂ-ਸੰਗ-ਸਿਖ ਫਿਰਕਾਪ੍ਰਸਤੀ ਅਤੇ ਸੈਕੂਲਰ ਪਾਰਟੀਆਂ ਨੂੰ ਸਰਕਾਰ ਚਲਾਉਣ ਦੇ ਅਵਸਰ ਮਿਲੇ ਹਨ ਇਸ ਲਈ ਅਕਾਦਮਿਕ ਸਥਾਪਤੀ ਤੋਂ ਪਦ-ਉਨਤੀਆ ਨਾਲ ਜੁੜੇ ਹੋਏ 'ਬੁਧੀਜੀਵੀ' ਅਤੇ ਵਿਦਵਾਨ ਪੰਜਾਬੀਅਤ ਦੀ ਪ੍ਰੀਭਾਸਾ-ਵਿਆਖਿਆ ਅਜਿਹੇ ਢੰਗ ਨਾਲ ਕਰਦੇ ਹਨ ਕਿ ਵਿਭਾਗ ਤੋਂ ਲੈ ਕੇ ਰਾਜ ਦਾ ਮੁਖੀਆ ਤਕ ਕੋਈ ਵੀ ਆਵੇ, ਉਸ ਨੂੰ ਇਸ ਪੰਜਾਬੀਅਤ ਵਿਚੋਂ ਆਪਣੇ ਹੀ ਅਰਥ ਸਮਝ ਵਿਚ ਆਉਣ।

**ਸਿਖ ਫਿਰਕਾਪ੍ਰਸਤੀ ਦੀ ਉਤਪ੍ਰੇਰਕ, ਹਿੰਦੂ ਫਿਰਕਾਪ੍ਰਸਤੀ :—** ਜਿਵੇਂ ਕਿ ਪਹਿਲਾਂ ਦੇਖ ਚੁਕੇ ਹਾਂ, ਆਜ਼ਾਦੀ ਤੋਂ ਪਹਿਲਾ ਪੰਜਾਬ ਵਿਚ ਹਿੰਦੂ-ਫਿਰਕਾਪ੍ਰਸਤੀ ਦਾ ਜੇ ਕੋਈ ਥਾਂ ਦਿਸਦਾ ਸੀ ਤਾਂ ਉਹ ਕੁਲ ਹਿੰਦ ਰਾਜਨੀਤਕ ਪੱਧਰ ਤਕ ਬਰਤਾਨਵੀ ਸਾਮਰਾਜ ਦੇ ਬਗਲਬੱਚੇ ਦਾ ਸੀ, ਸਥਾਨਕ ਪੱਧਰ ਤੇ ਮੰਦਰ-ਮਸਜਿਦ ਦੀ ਜਮੀਨ, ਬੇ-ਹੁਰਮਤੀ, ਗਊ-ਬਧ ਅਤੇ ਅੰਤਰ-ਧਰਮੀ ਵਿਵਾਹਕ ਸੰਬੰਧਾਂ ਨੂੰ ਲੈ ਕੇ ਦੰਗੇ ਫਸਾਦ ਹੋ ਵੀ ਜਾਂਦੇ ਸਨ ਅਤੇ ਅੰਗਰੇਜ਼ ਅਫਸਰਸ਼ਾਹੀ ਵਲੋਂ ਕਰਵਾਏ ਵੀ ਜਾਂਦੇ ਸਨ। ਲਾਹੌਰ ਦਾ ਮਹਾਸਾ-ਪ੍ਰੈਸ ਇਸ ਵਿਚ ਧਿਰ

ਬਣ ਕੇ ਫਿਰਕੂ ਅੱਗ ਧੁਖਾਉਂਦਾ ਮਚਾਉਂਦਾ ਵੀ ਸੀ ਅਤੇ ਅਖਬਾਰ ਦੀ ਵਿਕਰੀ ਵਧਾਉਂਦਾ ਸੀ। ਇੱਕਾ-ਦੁੱਕਾ ਫਿਰਕੂ ਛੁਰੇਬਾਜ਼ੀ ਤਾਂ ਆਜ਼ਾਦੀ ਤੋਂ ਦੋ ਵਰ੍ਹੇ ਪਹਿਲਾ ਅਤੇ ਫਿਰਕੂ ਫਸਾਦ ਸਾਲ ਕੁ ਪਹਿਲਾ ਅੰਤਰਿਮ ਸਰਕਾਰ ਬਣਦਿਆਂ ਹੀ ਆਰੰਭ ਹੋ ਗਏ ਸਨ। ਇਸ ਹਾਲਤ ਵਿਚ ਪੱਛਮੀ ਪੰਜਾਬ ਵਿਚ ਹਿੰਦੂ ਪ੍ਰਤੀ ਰਖਿਆ ਲਈ ਵਿਚਾਰਸ਼ੀਲ ਅਤੇ ਜਥੇਬੰਦ ਹੋਣਾ ਜ਼ਰੂਰੀ ਹੋ ਗਿਆ ਅਤੇ ਵੱਡੇ ਪੈਮਾਨੇ ਤੇ ਲੁੱਟ ਮਾਰ ਵਧਣ ਨਾਲ ਪੂਰਬੀ ਪੰਜਾਬ ਵਿਚ ਪੱਛਮੀ ਪੰਜਾਬ ਦੇ ਹਿੰਦੂ-ਸਿਖਾਂ ਦੀ ਜਾਨ ਮਾਲ ਦੀ ਹਾਨੀ ਦਾ ਬਦਲਾ ਲੈਣ ਲਈ 'ਹਿੰਦੂ ਸੂਰਬੀਰਤਾ' ਧਾਰਨ ਕਰਨੀ ਅਗਲਾ ਕਦਮ ਬਣ ਗਈ। ਇੰਜ ਹਿੰਦੂ ਫਿਰਕਾਪ੍ਰਸਤੀ ਦੇ ਮੂੰਹ ਨੂੰ ਫਿਰਕੂ ਫਸਾਦਾਂ ਦਾ ਲਹੂ ਹੀ ਨਹੀਂ ਲਗਾ ਸਗੋਂ ਆਜ਼ਾਦੀ ਪ੍ਰਾਪਤੀ ਦੇ ਨਾਲ ਮੁਸਲਿਮ-ਘ੍ਰਿਣਾ ਉਪਰ ਫਿਰਕੂ ਰਾਜਨੀਤੀ ਦੀ ਨੀਂਹ ਰਖੀ ਅਤੇ ਇਸ ਘ੍ਰਿਣਾ ਦੀ ਮਾਨਸਿਕਤਾ ਅਤੇ ਫਿਰਕੂ ਰਾਜਨੀਤੀ ਦਾ ਸਿਧਾਂਤੀਕਰਨ ਕਰਕੇ ਧਾਰਮਿਕ ਸਥਾਨਾਂ ਤੋਂ ਲੈ ਕੇ ਵਿਦਿਅਕ ਸੰਸਥਾਵਾਂ ਤਕ ਹਿੰਦੂ ਮੂਲਵਾਦ ਨੂੰ ਵਿਕਸਾਉਣਾ ਆਰੰਭ ਕੀਤਾ ਜਿਸ ਦੀ ਰੂਪ ਰੇਖਾ ਸਾਵਰਕਰ ਤੋਂ ਲੈ ਕੇ ਗੋਲਵਾਲਕਰ ਤਕ ਉਲੀਕੀ ਜਾ ਚੁਕੀ ਸੀ। ਕੇਂਦਰੀ ਸਰਕਾਰ ਵਿਚ ਬੰਗਾਲ ਦੀ ਇਕ ਯੂਨੀਵਰਸਟੀ ਦੇ ਰੂੜੀਵਾਦੀ ਅਤੇ ਅੰਗਰੇਜ਼ ਭਗਤ ਉਪ-ਕੁਲਪਤੀ ਦਾ ਪੁਤਰ, ਸ਼ਿਆਮ ਪ੍ਰਸ਼ਾਦ ਮੁਕਰਜੀ ਇਸ ਮੂਲਵਾਦ ਦੀ ਸਰਪ੍ਰਸਤੀ ਵੀ ਕਰਦਾ ਸੀ ਅਤੇ ਜਨਤਕ ਬਿੰਬ ਵੀ ਪੇਸ਼ ਕਰਦਾ ਸੀ। ਕੁਲ ਹਿੰਦ ਪੱਧਰ ਤੇ ਪਾਕਿਸਤਾਨ ਵਿਚ ਹੋਏ ਪੰਜਾਬੀ ਤੇ ਬੰਗਾਲੀ ਖੂਨ ਖਰਾਬੇ ਦੀ ਵਿਰੋਧਤਾ ਵਿਚੋਂ ਤਿਪਾਸੜ ਰਾਜਨੀਤਕ ਪੇਸ਼ ਕਦਮੀ ਕੀਤੀ ਗਈ :

(1) ਭਾਰਤ ਵਿਚ ਰਹਿ ਗਏ ਹਰ ਮੁਸਲਮਾਨ ਨੂੰ ਮੱਕੇ ਅਤੇ ਪਾਕਿਸਤਾਨ ਨਾਲ ਜੁੜੇ ਦਸ ਕੇ ਮੁਸਲਮਾਨਾਂ ਨੂੰ ਬਦੇਸੀ ਮਜ਼ਬ ਦੇ ਅਨੁਯਾਈ ਅਤੇ ਪਾਕਿਸਤਾਨ ਦੇ ਏਜੰਟ ਦਸ ਕੇ ਪਹਿਲਾਂ ਡਰਾ ਦਿਤਾ, ਆਰਥਕ ਖੇਤਰਾਂ ਵਿਚ ਬੇ-ਐਲਾਨੇ ਬਾਈਕਾਟ ਦੀ ਹਾਲਤ ਪੈਦਾ ਕੀਤੀ ਪ੍ਰਸਾਸ਼ਕੀ ਤੇ ਪੁਲਸੀ ਨੌਕਰੀਆਂ ਵਿਚ ਪਿਛਾੜਿਆ ਅਤੇ ਫੇਰ ਪ੍ਰਸ਼ਾਸਨ ਤੇ ਪੁਲਿਸ ਵਿਚ ਫਿਰਕੂ ਸੰਸਕਾਰਾਂ ਦੀ ਘੁਸਪੈਂਠ ਕਾਰਨ ਅਤੇ ਰੋਜ਼ਾਨਾ ਜੀਵਣ ਵਿਚ ਕੋਈ ਵੀ ਬਹਾਨਾ ਪਾ ਕੇ ਮੁਸਲਿਮ ਵਿਰੋਧੀ ਫਸਾਦਾਂ ਤੇ ਲੁੱਟ ਮਾਰ ਦੀ ਅਮੁੱਕ ਲੜੀ ਵਿਢ ਦਿਤੀ—ਜੋ ਅਜੇ ਤਕ ਬੰਦ ਨਹੀਂ ਹੋਈ। ਇੰਜ ਬਹੁ ਗਿਣਤੀ ਫਿਰਕਾਪ੍ਰਸਤੀ ਦੀ ਨੀਂਹ ਰਖ ਦਿਤੀ ਜੋ ਕਿਸੇ ਵੀ ਦੇਸ ਅਤੇ ਰਾਜ-

ਟਰੀਅਤਾ ਲਈ ਘਾਤਕ ਗਿਣੀ ਹੈ (ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਵਿਚ ਇਹੋ ਕੁਝ ਗੈਰ-ਮੁਸਲਿਮ ਅਤੇ ਇਸਲਾਮੀ ਘੇਰੇ ਦੇ ਅੰਦਰ ਹੁੰਦਾ ਰਿਹਾ ਹੈ)। ਇਹ ਦੇਸ ਦੀ ਅੰਦਰੂਨੀ ਨੀਤੀ ਮੰਨੀ ਗਈ ਜਿਸ ਦੇ ਪੈਂਤੜੇ ਤੋਂ ਰਾਜ ਜਾਂ ਕੇਂਦਰੀ ਸਰਕਾਰ ਉਪਰ ਪ੍ਰਸ਼ਾਸਨਿਕ ਅਯੋਗਤਾ ਦਾ ਦੂਸ਼ਨ ਵੀ ਲਾਇਆ ਜਾ ਸਕਦਾ ਸੀ। (2) 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਨਾਅਰੇ ਨਾਲ ਨਾਲ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਸੰਵਿਧਾਨਕ ਅਧਿਕਾਰਾਂ ਤੋਂ ਵਾਂਝੇ ਕਰਕੇ ਆਮ ਰਾਜਾਂ ਜਿਹਾ ਰਾਜ ਬਨਾਉਣ ਦੀ ਮੰਗ ਕੀਤੀ ਗਈ ਜਿਸ ਨਾਲ ਭਜਾਕਲ ਹਿੰਦੂ ਰਜਵਾੜੇ ਨਾਲ ਹਮਦਰਦੀ ਹੁੰਦੀ ਸੀ ਕਸ਼ਮੀਰ ਵਿਚ ਮੁਸਲਿਮ ਜਨਤਾ ਉਪਰ ਆਤੰਕ ਛਾ ਸਕਦਾ ਸੀ ਅਤੇ ਜੰਮੂ-ਕਸ਼ਮੀਰ ਦੇ ਮਸਲੇ ਉਪਰ ਸੰਯੁਕਤ ਰਾਸ਼ਟਰ ਸੰਘ ਤੋਂ ਲੈ ਕੇ ਅੰਤਰ ਰਾਸ਼ਟਰੀ ਰਾਜਨੀਤੀ ਵਿਚ ਭਾਰਤੀ ਹਿੱਤਾਂ ਤੇ ਬਿੰਬ ਨੂੰ ਹਾਨੀ ਹੁੰਦੀ ਸੀ। ਇਹ ਕੁਝ ਕਰਕੇ ਹਿੰਦੂ ਫਿਰਕਾ-ਪ੍ਰਸਤੀ ਕੇਂਦਰੀ ਸਰਕਾਰ ਨੂੰ ਏਕੀਕਰਨ ਜਾਂ ਰਾਸ਼ਟਰਪਤੀ-ਮੁਖ ਦਾ ਸੰਵਿਧਾਨਕ ਰੂਪ ਦੇਣਾ ਚਾਹੁੰਦੀ ਸੀ ਜਿਸ ਦੀ ਸਤਰ੍ਹਵਿਆਂ ਵਿਚ ਲਗੀ ਐਮਰਜੰਸੀ ਦੇ ਤਜਰਬਿਆਂ ਮਗਰੋਂ ਰੱਜ ਕੇ ਵਿਰੋਧਤਾ ਕੀਤੀ ਗਈ ਅਤੇ ਪਿਛੇ ਜਹੇ ਗਿਆਨੀ ਜ਼ੈਲ ਸਿੰਘ ਨੂੰ ਦੁਬਾਰਾ ਰਾਸ਼ਟਰਪਤੀ ਬਨਾਉਣ ਦੇ ਚੁਪ-ਚੁਪੀਤੇ ਰਾਸ਼ਟਰਪਤੀਤਵ ਰੂਪ ਵਿਚ ਸਰਕਾਰ-ਪਲਟੇ ਦਾ ਯਤਨ ਕੀਤਾ ਗਿਆ। ਇਹ ਵਕਤੀ ਲੋੜਾਂ ਅਨੁਸਾਰ ਅਦਲ-ਬਦਲ ਵਾਲੀ ਦੇਸੀ ਨੀਤੀ ਸੀ ਜਿਸ ਵਿਚ 'ਰਾਮ-ਰਾਜ ਪ੍ਰੀਸ਼ਦ' ਜਹੀਆਂ—ਉਪਰੋਂ ਸਾਧ ਅੰਦਰੋਂ ਸਾਮੰਤੀ—ਜਥੇਬੰਦੀਆਂ ਨੂੰ ਨਾਲ ਲੈਕੇ ਪਾਰਲੀਮੈਂਟ ਅਤੇ ਰਾਜ ਵਿਧਾਨ ਸਭਾਵਾਂ ਵਿਚ ਪੰਜਾਹਵਿਆਂ ਵਿਚ ਪ੍ਰਵੇਸ਼ ਕੀਤਾ ਗਿਆ ਸੀ।

(3) ਉਪਰੋਂ ਦੇਖਣ ਤੋਂ ਤਾਂ ਇਹੋ ਲਗਦਾ ਹੈ ਕਿ 'ਸਿਖ ਸਿਆਸਤ' ਵਾਂਗ 'ਹਿੰਦੂ ਰਾਸ਼ਟਰਵਾਦ' ਦੀ ਅਖਾਉਤੀ ਸੈਕੂਲਰ, ਪਰਜਾਤੰਤਰੀ, ਸਮਾਜਵਾਦੀ ਰਾਜਨੀਤੀ ਦੇ ਟਾਕਰੇ ਤੇ ਕੋਈ ਬਦੇਸੀ ਨੀਤੀ ਨਹੀਂ। ਪਰ ਧੁਰ ਅੰਦਰ ਲੁਕੀਆਂ ਸਾਮਰਾਜੀ ਖਾਸ ਕਰ ਅਮਰੀਕੀ ਸਾਮਰਾਜੀ ਹਮਦਰਦੀਆਂ ਨੂੰ ਲੁਕਾਉਣ ਲਈ, ਹਿੰਦੂ ਫਿਰਕਾਪ੍ਰਸਤੀ ਨੇ ਆਪਣੀ ਬਦੇਸੀ ਰਾਜਨੀਤੀ, ਵੱਖ ਹੋ ਕੇ ਗੁਆਂਢੀ ਦੇਸ ਬਣੇ, ਪਾਕਿਸਤਾਨ ਦੀ ਵਿਰੋਧਤਾ ਨਾਲ ਆਰੰਭ ਕਰ ਦਿਤੀ ਸੀ। ਆਰੰਭ ਵਿਚ ਆਫਰੀਦੀਆਂ ਦੇ ਹਮਲੇ ਦੇ ਪੜਦੇ ਹੇਠ ਦਬਾਏ ਕਸ਼ਮੀਰੀ ਇਲਾਕੇ ਛੁੜਾਉਣ ਦੇ ਨਾਹਰੇ ਲਾਏ ਗਏ, 1965 ਅਤੇ 71 ਵਿਚ ਪਾਕਿਸਤਾਨ ਨਾਲ ਹੋਏ ਭੇੜਾਂ ਮਗਰੋਂ ਹੋਏ ਤਾਸ਼ਕੰਦ ਸਮਝੌਤੇ ਤੇ

ਸ਼ਿਮਲਾ ਕਾਨਫਰੰਸ ਨੂੰ ਨਿੰਦ ਕੇ ਜੰਗਬਾਜ਼ੀ ਦਾ ਸਾਥ ਦਿਤਾ। ਹਿੰਦ-ਪਾਕ ਅਤੇ ਏਸ਼ੀਆਈ ਸਾਂਝੀ ਪ੍ਰਤੀ ਰਖਿਆ ਵਲ ਪ੍ਰੇਰ ਕੇ ਭਾਰਤੀ ਗੁੱਟ ਨਿਰਲੇਪਤਾ ਤੇ ਅਮਨ ਦੀ ਬਦੇਸ਼ ਨੀਤੀ ਨੂੰ ਔਝੜ ਪਾ ਕੇ ਜੰਗਬਾਜ਼ ਸਾਮਰਾਜੀ ਕੈਂਪ ਵਿਚ ਧੱਕਣ ਦੇ ਯਤਨ ਕੀਤੇ। ਅਤੇ 70 ਵਿਆਂ ਦੇ ਅਖੀਰ ਵਿਚ ਜਨਤਾ ਹਕੂਮਤ ਦੀ ਇਕ ਰਚਕ ਪਾਰਟੀ ਦੇ ਰੂਪ ਵਿਚ ਦੇਸੀ ਨੀਤੀ ਵਿਚ ਫਿਰਕੂ ਦੱਖ ਨੂੰ ਲੁਕਾ ਕੇ (ਹਿੰਦੂ) ਕੌਮ-ਪ੍ਰਸਤੀ ਦਾ ਘੁੰਡ ਕਢ ਲਿਆ ਅਤੇ 'ਅਸਲੀ ਗੁੱਟ ਨਿਰਲੇਪਤਾ' ਦੇ ਨਾਹਰੇ ਹੇਠ ਸਾਮਰਾਜੀ ਕਤਾਰਬੰਦੀ ਵਿਚ ਜਾ ਖਲੋਣ ਦਾ ਯਤਨ ਕੀਤਾ।

ਹਿੰਦੂ ਸ਼ਾਵਨਵਾਦ ਦਾ ਮੂਲਵਾਦੀ ਪਾਠ ਪੜ੍ਹ-ਪੜ੍ਹਾਕੇ ਹਿੰਦੂ ਫਿਰਕਾਪ੍ਰਸਤੀ ਨੇ ਆਪਣੀ ਰਾਸ਼ਟਰੀ ਨੀਤੀ ਨੂੰ ਪੰਜਾਬ ਦੀਆਂ ਹਾਲਤਾਂ ਅਨੁਸਾਰ ਲਾਗੂ ਕੀਤਾ। ਇਕ ਤਾਂ ਹਿੰਦੂ ਫਿਰਕਾਪ੍ਰਸਤੀ ਦਾ ਟੀਚਾ ਭਾਰਤ ਦੀ ਕੇਂਦਰੀ ਸਰਕਾਰ ਸੀ। ਦੂਜਾ ਸਿਖ ਸਮੁਦਾਇ ਪੰਜਾਬ ਵਿਚ ਹੀ ਕੇਂਦਰਿਤ ਸੀ ਅਤੇ ਆਪਣੀਆ ਮਸਲਿਹਤਾਂ ਮਜਬੂਰੀਆਂ ਕਾਰਣ ਉਸ ਦਾ ਟਾਕਰਾ ਵੀ ਕੇਂਦਰ ਦੀ ਸੈਕੂਲਰ ਸਰਕਾਰ ਨਾਲ ਸੀ। ਤੀਜਾ ਅਤੇ ਮਹੱਤਵਪੂਰਨ ਕਾਰਣ ਸੀ ਪੰਜਾਬੀ ਹਿੰਦੂ ਸਿਖਾਂ ਦੀਆਂ ਸਾਂਝਾਂ ਜੋ ਵਿਵਾਹਕ ਰਿਸ਼ਤਿਆ ਤੋਂ ਲੈ ਕੇ ਸਭਿਆਚਾਰਕ ਅਤੇ ਆਰਥਕ ਰਿਸ਼ਤਿਆਂ ਤਕ ਫੈਲੀਆਂ ਹੋਈਆਂ ਸਨ। ਸੋ ਕੇਂਦਰੀ ਸਰਕਾਰ ਦੇ ਟਾਕਰੇ ਵਿਚ ਹਿੰਦੂ-ਸਿਖ ਫਿਰਕਾ-ਪ੍ਰਸਤੀਆਂ ਦਾ ਸਾਂਝਾ ਮੋਰਚਾ ਸੰਭਵ ਸੀ। ਪਰ ਭਵਿਖ ਵਿਚ ਕੇਂਦਰੀ ਸੱਤਾ ਹਥਿਆਉਣ ਦੀ ਹਾਲਤ ਨੂੰ ਮੁਖ ਰਖ ਕੇ ਪੰਜਾਬੀ ਭਾਸ਼ਾ ਅਤੇ ਕਿਸਾਨੀ ਮੰਗਾਂ-ਉਮੰਗਾਂ (ਜਿਸ ਨੂੰ ਕੇਂਦਰੀ ਸਰਕਾਰ ਅਤੇ ਹਿੰਦੂ ਫਿਰਕਾਪ੍ਰਸਤੀ, ਦੋਵੇਂ 'ਸਿਖ ਸਿਆਸਤ' ਦਾ ਪੜੁੱਲ ਸਮਝਦੇ ਸਨ) ਵਲ ਹਿੰਦੂ ਫਿਰਕਾਪ੍ਰਸਤੀ ਨੇ ਮੁਢ ਤੋਂ ਦੋਖੀ ਵਤੀਰਾ ਅਪਨਾਈ ਰਖਿਆ।

ਭਰੋਸੇ ਯੋਗ ਵਸੀਲਿਆ ਵਿਚ ਇਹ ਗਲ ਜਾਣੀ ਗਈ ਹੈ ਕਿ ਪੰਜਾਬੀ ਸੂਬੇ ਅਤੇ ਕੇਂਦਰ ਦੀਆਂ ਸਰਕਾਰਾਂ ਵਿਚ ਨਿੱਕੇ ਭਾਈਵਾਲ ਵਜੋਂ ਵੀ ਜਦ 'ਸਿਖ ਸਿਆਸਤ' ਦੇ ਮੋਢੀਆ ਨੇ ਪੰਜਾਬੀ ਭਾਸਾ ਅਤੇ ਹਿੱਤਾਂ ਲਈ ਸ਼ਰਮੋਂ-ਕੁਸ਼ਰਮੀ ਮੋਰਚਾ ਲਾਉਣ ਦੀ ਗਲ ਕੀਤੀ ਤਾਂ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਮੁਰਾਰਜੀ ਭਾਈ ਡਿਸਾਈ ਨੇ ਉਸ ਵੇਲੇ ਕਰੜੇ ਹੱਥੀਂ ਅਜਿਹੇ ਮੋਰਚੇ ਨੂੰ ਦਬਾ ਦੇਣ ਦੀ ਤਾੜਨਾ ਕਰ ਦਿਤੀ ਸੀ। ਸਪਸ਼ਟ ਹੈ ਕਿ ਨੰਗੀ ਹਿੰਦੂ ਫਿਰਕਾਪ੍ਰਸਤੀ ਅਤੇ ਜਨਤਾ ਸਰਕਾਰ

ਦੀਆਂ ਰਥਕ ਸਭ ਪਿਛਾਖੜ ਪਾਰਟੀਆਂ ਆਰਥਕ ਅਤੇ ਸਭਿਆਚਾਰਕ ਆਤਮ-ਨਿਰਭਰ ਪੰਜਾਬ ਨੂੰ ਚੰਗਾ ਨਹੀਂ ਸਨ ਸਮਝਦੀਆਂ।

ਇਹ ਗਲ ਸਪਸ਼ਟ ਸਾਂਝੀ ਹੈ ਕਿ ਹਿੰਦੂ, ਸਿਖ (ਮੁਸਲਿਮ ਵੀ) ਮੂਲਵਾਦੀਆਂ ਅਤੇ ਹੋਰ ਸੱਜ ਪਿਛਾਖੜ ਨੇ ਅਖਾਉਤੀ ਸੈਕੂਲਰ ਅਤੇ ਹੌਲੀ ਹੌਲੀ ਚਿੱਟੀ ਤੋਂ ਗੁਲਾਬੀ ਹੋ ਰਹੀ ਸਮਾਜਵਾਦੀ ਰਾਜਨੀਤੀ ਦੇ ਟਾਕਰੇ ਤੇ ਕਦੇ ਵੀ ਆਪਣੀ ਸਰਬਾਂਗੀ ਦੇਸੀ ਜਾਂ ਬਦੇਸੀ ਰਾਜਨੀਤੀ ਪੇਸ਼ ਨਹੀਂ ਕੀਤੀ। ਜੀਵਣ ਅਤੇ ਸੰਸਾਰ ਦੇ ਬੁਨਿਆਦੀ ਪ੍ਰਸ਼ਨਾਂ ਉਪਰ ਚੁੱਪ ਜਾਂ ਘੋਗਲ-ਕੰਨੇ ਬਣੇ ਰਹਿ ਕੇ ਕੇਵਲ ਮਹਤਵ-ਹੀਨ ਪਸਨਾ ਨੂੰ ਉਠਾਉਣਾ ਅਜਿਹੀ ਨਕਾਰਵਾਦੀ (Negationist) ਨੀਤੀ ਹੈ ਜੋ ਫੌਰੀ ਤੌਰ ਤੇ ਸਰਕਾਰ ਵਿਚੋਂ ਕਿਸੇ ਗੁੱਟ ਜਾ ਵਿਅਕਤੀ ਦੀ ਚੱਕ-ਉਥਲ ਕਰਨਾ ਚਾਹੁੰਦੀ ਹੈ ਅਤੇ ਅੰਤ ਵਿਚ ਅੱਤ ਦੀ ਸੱਜੇ ਪਿਛਾਖੜ ਤੇ ਸਾਮਰਾਜ ਦੇ ਹਿਤਾ ਵਿਚ ਭੁਗਤਦੀ ਹੈ। ਇਹ ਗਲ 70 ਵਿਆ ਦੇ ਅਖੀਰ ਵਿਚ ਜਨਤਾ ਦੇ ਸੰਖੇਪ ਰਾਜ-ਕਾਲ ਵਿਚ ਸਿਧ ਹੋਈ ਹੈ।

ਹਿੰਦ ਫਿਰਕਾ ਪ੍ਰਸਤੀ ਦਾ ਮੂਲਵਾਦੀ ਜਾਂ ਸਿਧਾਤਕ ਆਧਾਰ ਕੀ ਹੈ?

19ਵੀਂ ਸਦੀ ਦੇ ਦੂਜੇ ਅੱਧ ਵਿਚ (ਸਰ ਸੱਯਦ ਅਹਿਮਦ ਅਤੇ ਸਿੰਘ ਸਭਾ ਲਹਿਰ ਦੇ ਸਮਕਾਲੀ) ਗਿਆਨ-ਮੁੜ-ਸੁਰਜੀਤ ਲਹਿਰ ਉਭਰੀ। ਹਿੰਦੂ ਮਤ-ਮਤਾਤਰਾ ਦੇ ਘੇਰੇ ਵਿਚੋਂ ਇਸ ਲਹਿਰ ਦੇ ਪ੍ਰਤੀਨਿਧ ਹਨ, ਗਦਾਧਰ ਚੈਟਰਜੀ ਜਾਂ ਸਵਾਮੀ ਰਾਮ ਕ੍ਰਿਸ਼ਨ ਪਰਮ ਹੰਸ (ਸੰਨ 1834-86), ਉਸ ਦੇ ਸਿਸ ਅਤੇ ਵਿਚਾਰ-ਧਾਰਕ ਵਾਰਸ ਨਰਿੰਦਰ ਨਾਥ ਦੱਤ ਜਾ ਵਿਵੇਕਾ ਨੰਦ (1862-1902), ਦਇਆ ਨੰਦ (ਮੂਲਸੰਕਰ) ਸਰਸਵਤੀ (1824-1883) ਅਤੇ ਅਰਬਿੰਦੂ ਘੋਸ਼ (1873-1950)। ਇਨ੍ਹਾ ਚੌਹਾ ਅਤੇ ਕੁਝ ਹੋਰ ਨੇ ਹਿੰਦੂ ਧਰਮ ਵਿਚ ਜਨਮ ਕਾਰਣ ਵੇਦ-ਵੇਦਾਤ ਦੇ ਗਰਭ-ਤੱਤ (Dogma) ਤੋਂ ਅਧਿਅਨ ਅਤੇ ਚਿੰਤਨ ਆਰੰਭ ਕੀਤਾ ਅਤੇ ਵੇਦਾਤਕ ਮੁਹਾਵਰੇ ਵਿਚ ਚਿਤਵਿਆ ਅਤੇ ਦਰਸਾਇਆ। ਇਹਨਾਂ ਸਭਨਾਂ ਨੇ ਵਖੋ ਵਖ ਤਰਕ-ਵਿਧੀਆਂ ਨਾਲ ਪਰਮਾਤਮਾ, ਜੀਵ ਆਦਿਕ ਦੀ ਪਰਾ-ਸਰੀਰਕਤਾ ਅਤੇ ਅਲੌਕਿਕਤਾ ਨੂੰ ਭੌਤਿਕਤਾ ਅਤੇ ਲੌਕਿਕਤਾ ਨਾਲ ਜੋੜਿਆ। ਰਾਮ ਕ੍ਰਿਸ਼ਨ ਪਰਮ ਹੰਸ ਨੇ ਲਗਭਗ ਅਨਪੜ੍ਹ ਹੋਣ ਕਾਰਣ ਉਚਾਰ ਤੇ ਉਦਾਹਰਨਾਂ ਰਾਹੀਂ, ਦੰਦ-ਕਥਾਵਾ ਰਾਹੀਂ, ਕਿਹਾ ਕਿ ਪਰਮਾਤਮਾ, ਜੀਵ ਅਤੇ ਸਮਾਜ ਇਕ ਦੂਜੇ ਦਾ ਅਨਿੱ-

ਖੜ ਅੰਗ ਹਨ । ਉਹ ਰੱਬ ਨੂੰ ਪਰਮ ਸਚਾਈ ਮੰਨਦਾ ਹੋਇਆ ਅਜਿਹੇ ਅਦਵੈਤਵਾਦ ਦੀ ਗਲ ਕਰਦਾ ਹੈ ਜਿਸ ਦਾ ਮਾਇਆਵਾਦ ਨਾਲ ਨਹੀਂ 'ਮੈਂ' ਜਾਂ ਅਹੰ ਨਾਲ ਸਰੋਕਾਰ ਹੈ । ਉਸ ਦਾ ਸ਼ਿਸ਼ ਵਿਵੇਕਾਨੰਦ ਜੋ ਕਦੇ ਇਨਕਲਾਬੀ ਪਾਰਟੀ ਜਥੇਬੰਦ ਕਰਨ ਵਲ ਰੁਚਿਤ ਰਿਹਾ ਸੀ ਉਸ ਨੂੰ ਪਹਿਲਾ ਆਧੁਨਿਕ ਵੇਦਾਂਤੀ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਨੇ ਸੰਸਾਰ ਅਤੇ ਸਮਾਜ ਨੂੰ ਠੋਸ ਯਥਾਰਥ ਮੰਨਿਆ । ਦਸ ਦਿਨਾਂ ਦੀ ਭੁਖ ਹੜਤਾਲ ਉਪਰੰਤ ਕੁਝ ਖਾ ਕੇ ਸੁਧ ਬੁਧ ਆਉਣ ਦੇ ਅਨੁਭਵ ਰਾਹੀਂ ਕਿਹਾ, 'ਮਨ ਅਤੇ ਪਦਾਰਥ ਅਨਿੱਖੜ ਹਨ ।' ਉਸ ਨੇ ਵਰਣਾਂ ਨੂੰ ਇਤਿਹਾਸਕ ਪ੍ਰਤੀਕ ਬਣਾ ਕੇ ਬ੍ਰਾਹਮਣ-ਦੌਰ ਨੂੰ ਵਿਤਕਰੇ ਪਾਉਣ ਵਾਲੇ ਵਿਦਵਾਨ, ਖੱਤਰੀ ਦੌਰ ਨੂੰ ਬਾਹੂ ਬਲ ਦਾ ਸਮਾਂ ਕਹਿ ਕੇ, ਵੈਸ਼ਾਂ ਦੇ ਸਮੇਂ ਨਾਲ ਅੰਗਰੇਜ਼ੀ ਬਸਤੀਵਾਦ ਦੀ ਤੁਲਨਾ ਕਰਦਿਆਂ ਇਸ ਨੂੰ ਧਨ ਬਲ ਦਾ ਸਮਾਂ ਦਸਿਆ ਤੇ ਅਖੀਰ 'ਚ ਕਹਿ ਦਿਤਾ ਕਿ ਹੁਣ ਚੌਥੀ ਵਾਰ ਨਵਾਂ ਭਾਰਤ ਸ਼ੂਦਰਾਂ ਦੇ ਦੌਰ ਵਿਚ ਉਭਰੇਗਾ; ਜਾਪਦਾ ਹੈ ਉਹ ਵਿਧਵਾ-ਵਿਆਹ ਦੀ ਸਮਕਾਲੀ ਲਹਿਰ ਤੋਂ ਵੀ ਅਗੇ ਵਧਕੇ ਇਨਕਲਾਬੀ ਸੇਧ ਵਲ ਇੰਗਤ ਰਿਹਾ ਸੀ, "ਮੈਂ ਸੁਧਾਰਾਂ ਦੇ ਵਿਰੁਧ ਨਹੀਂ ਪਰ ਕਿਸੇ ਰਾਸ਼ਟਰ ਦੀ ਕਿਸਮਤ, ਉਸ ਦੀਆਂ ਵਿਧਵਾਵਾਂ ਨੂੰ ਖਾਵੰਦ ਮਿਲਣ ਉਪਰ ਨਹੀਂ, ਸਗੋਂ ਲੋਕਾਂ ਦੀ ਹਾਲਤ ਉਪਰ ਨਿਰਭਰ ਹੈ ।"

ਇੰਜ ਹੀ, ਭਾਵੇਂ ਅਰਬਿੰਦੂ ਘੋਸ਼ ਅੱਤਵਾਦੀ ਸਮਾਜਕ ਅਮਲਾਂ ਵਿਚ ਪੈ ਕੇ, ਉਦਾਸੀਨ ਹੋਣ ਕਰਕੇ ਅੰਤਰਮੁਖਤਾ ਅਤੇ ਵਿਚਾਰਵਾਦ ਵਲ ਝੁਕ ਗਿਆ ਸੀ ਅਤੇ ਯੁਗ ਨੂੰ ਵਿਅਕਤੀਵਾਦ ਦਾ ਯੁਗ ਸਮਝ ਕੇ ਸਥਾਪਤ ਕਰਨਾ ਚਾਹੁੰਦਾ ਸੀ ਕਿ ਮੁਖ ਵਿਰੋਧਤਾ, ਵਿਅਕਤੀ ਅਤੇ ਸਮਾਜ ਵਿਚਕਾਰ ਹੀ ਵਿਦਮਾਨ ਹੈ, ਤਾਂ ਵੀ ਉਹ ਇਹ ਗੁਰਬੰਦੀ ਕਰਕੇ—ਕਿ ਭਾਰਤ ਉਪਰ ਕੁਦਰਤ ਦੀ ਮਿਹਰ ਅਤੇ ਖੁਸ਼ਹਾਲੀ ਹੀ ਬਾਹਰਲੇ ਹਮਲਿਆਂ ਦਾ ਕਾਰਣ ਬਣੀ—ਪ੍ਰਕਿਰਤੀ (ਜੋ ਨਿਰੋਲ ਭੌਤਿਕ ਵਰਤਾਰਾ ਹੈ) ਦੀ ਹੋਂਦ ਅਤੇ ਪ੍ਰਭਾਵ ਤੋਂ ਨਾਬਰ ਨਹੀਂ ਹੋ ਸਕਿਆ ।

ਭੌਤਿਕ ਵਰਤਾਰਿਆਂ ਅਤੇ ਪਦਾਰਥਵਾਦੀ ਅੰਸ਼ਾਂ ਨੂੰ ਚਿੰਤਨ ਵਿਚ ਥਾਂ ਦੇਣ ਵਾਲੇ ਉਪ੍ਰੋਕਤ ਸਾਰੇ ਚਿੰਤਕ ਸਮਾਜਕ ਕਰਮਸ਼ੀਲਤਾ ਉਪਰ ਜ਼ੋਰ ਦੇਂਦੇ ਹਨ ।

ਜਿਥੇ ਅਰਬਿੰਦੂ ਘੋਸ਼ ਅਤੇ ਰਾਮ ਕ੍ਰਿਸ਼ਨ ਪਰਮ ਹੰਸ ਦੇ ਨਾਂ ਉਪਰ ਮੰਦਰ-ਵੱਡ ਸੰਸਥਾਵਾਂ ਬਣੀਆਂ—ਜੋ ਪਤਵੰਤ ਸ਼੍ਰੇਣੀ (Gentry) ਦੇ ਸ਼ਰੀਰ ਅਤੇ ਮਨ ਦੀ

ਆਗਮਗਾਹ ਹੋ ਨਿਬੜੀਆਂ—ਉਥੇ ਦਇਆਨੰਦ ਸਰਸਵਤੀ ਦੁਆਰਾ ਉਦਘਾਟਤ ਸੰਸਥਾ, ਆਰਯਾ ਸਮਾਜ ਅਜਿਹੀ ਹਿੰਦੂ ਸੰਪ੍ਰਦਾਇ ਬਣ ਗਿਆ ਜਿਸ ਵਿਚ ਅਜ ਰੀਤ-ਮਰਯਾਦਾ ਤੇ ਰਸਮੀਅਤ ਬ੍ਰਾਹਮਣਵਾਦ ਤੋਂ ਕਿਵੇਂ ਵੀ ਘੱਟ ਨਹੀਂ ।

ਪਰਮਾਰਥ ਜਾਂ ਧਾਰਮਿਕ ਚਿੰਤਨ ਦੀ ਵਿਡੰਬਣਾ ਰਹੀ ਹੈ ਕਿ ਇਸ ਦੇ ਗਰੰਥ ਰੂਪ ਨੂੰ ਆਧਾਰ ਬਣਾ ਕੇ, ਲੱਖ ਕੋਈ ਚਿੰਤਕ ਸਮਾਜਕਤਾ, ਕਿਰਿਆਸ਼ੀਲਤਾ ਅਤੇ ਭੌਤਿਕਤਾ ਨਾਲ ਜੋੜ ਲਵੇ, ਸੱਤਾ ਪ੍ਰਾਪਤ ਸਮਾਜਕ ਸ਼ਕਤੀਆਂ ਅਤੇ ਹਿਤਾਂ-ਬੱਝੇ ਵਿਆਖਿਆਕਾਰ, ਪੋਥੀਕਾਰ ਵਿਚਾਰ ਤੱਤ ਨੂੰ ਨਾਕਾਰਾ ਕਰਕੇ, ਚਿੰਤਕ ਨੂੰ ਦੇਵ-ਮੂਰਤੀ ਬਣਾਉਂਦੇ ਹਨ, ਉਸ ਦੇ ਕੰਮ-ਢੰਗਾਂ ਨੂੰ ਸੰਸਥਾਕ੍ਰਿਤ ਕਰਦੇ ਹਨ ਜਾਂ ਕੇਵਲ ਸ਼ਬਦਾਂ ਨੂੰ ਮੂਲਵਾਦੀ ਜਹੇ ਸੰਕੀਰਣ ਅਰਥ ਪ੍ਰਦਾਨ ਕਰਦੇ ਹਨ । ਉਦਾਹਰਣਾਂ ਸਾਹਮਣੇ ਹਨ : ਰਾਮ ਕ੍ਰਿਸ਼ਨ ਮਿਸ਼ਨ ਅਤੇ ਅਰਬਿੰਦੂ ਆਸ਼ਰਮ ਦੇਸੀ ਬਦੇਸੀ ਪਤ-ਵੰਤਿਆਂ ਲਈ ਸੈਰਗਾਹੀ ਤੀਰਥ ਬਣੇ, ਤਰਕ ਜਾਂ ਦਲੀਲ ਨੂੰ ਛੇਵੀਂ ਸੁਰਤੀ ਮੰਨ ਕੇ, ਜਰਮਨ ਦਾਰਸ਼ਨਿਕ ਕਾਂਤ ਦੇ (ਰੱਬ-ਕੁਦਰਤ ਬਾਰੇ) ਅਗਿਯਾਵਾਦ (Agnosticism) ਤਕ ਦੀ ਨਿਖੇਧੀ ਕਰਨ ਵਾਲੇ ਦਇਆ ਨੰਦ ਸਰਸਵਤੀ ਦੇ ਨਾਂ ਤੇ ਆਰੀਯਾ ਸਮਾਜ ਮੰਦਰਾਂ ਵਿਚ ਬਹੁ-ਰੋਗ ਦਾਂ ਔਸ਼ਧੀ ਵਜੋਂ ਹਵਨ ਕੀਤੇ ਜਾਂਦੇ ਹਨ । ਵਿਵੇਕਾਨੰਦ ਦੇ ਭੌਤਿਕਵਾਦੀ ਅੰਸ਼ਾਂ ਵਾਲੇ ਚਿੰਤਨ ਵਰਣ-ਆਸ਼ਰਮ ਦੇ ਸ਼ਬਦਾਂ ਰਾਹੀਂ ਚਿਤਵੀ ਅਜੋਕੀ ਸ੍ਰੇਣੀ-ਵੰਡ ਨੂੰ ਕਿਸੇ ਮੀਸਣੇ ਢੰਗ ਨਾਲ ਲੁਕਾਉਣ ਲਈ ਉਸ ਦੀ ਅਮਰੀਕੀ ਫੇਰੀ ਦੀ ਕਹਾਣੀ ਇਸ ਢੰਗ ਨਾਲ ਪਾਈ ਜਾਂਦੀ ਹੈ ਕਿ ਭਗਵਦ ਗੀਤਾ ਤੋਂ ਲੈ ਕੇ ਭਗਵਾਨ ਕ੍ਰਿਸ਼ਨ ਦੀ ਬੰਸਰੀ ਦਾ ਜਾਦੂ ਦਰਸਾਇਆ ਜਾ ਸਕੇ। (ਵਿਵੇਕਾਨੰਦ ਬਾਰੇ ਰਵਾਇਤ ਪ੍ਰਸਿਧੀ ਕੀਤੀ ਗਈ ਹੈ ਕਿ ਅਮਰੀਕੀ ਫੇਰੀ ਸਮੇਂ ਕ੍ਰਿਸ਼ਨ ਦੀ ਬੰਸਰੀ ਦੇ ਗੋਪੀਆਂ ਉਪਰ ਜਾਦੂ ਨੂੰ ਪ੍ਰਤੀਕ ਰੂਪ ਵਿਚ ਸਮਝਾ-ਉਂਦਿਆਂ,ਤੇਜੱਸਵੀ ਵਿਵੇਕਾਨੰਦ ਬੋਲਦਾ ਬੋਲਦਾ ਸਟੇਜ ਤੋਂ ਉਤਰ ਕੇ ਬਾਹਰ ਵਲ ਨੂੰ ਤੁਰ ਪਿਆ ਅਤੇ ਚਿੰਤਨਸ਼ੀਲ ਲੋਕਾ ਦੀ ਸੰਗਤ ਉਸ ਦੀ ਸ਼ਾਬਦਿਕ ਜਾਦੂਗਰੀ ਨਾਲ ਕੀਲੀ ਮਗਰ ਤੁਰ ਪਈ ਤਾ ਉਸਨੇ ਕ੍ਰਿਸ਼ਨ ਦੀ ਬੰਸਰੀ ਜਾਂ ਉਸ ਦੇ ਉਪਦੇਸ਼ ਦੇ ਜਾਦੂ ਦਾ ਅਨੁਮਾਨ ਲਾਉਣ ਲਈ ਸ੍ਰੋਤਿਆ ਨੂੰ ਕਿਹਾ ਸੀ) । ਇਸ ਤੋਂ ਉਲਟ ਜਵਾਹਰ ਲਾਲ ਨਹਿਰੂ ਦੇ ਅਨੁਸਾਰ ਵਿਵੇਕਾਨੰਦ ਦੇ ਵਿਚਾਰਾਂ ਨੇ ਸੁਤੰਤਰਤਾ ਸੰਗ-ਰਾਮ ਦੇ ਵਿਚਾਰਾਂ ਨੂੰ ਸਿੱਧਾ ਪ੍ਰਭਾਵਤ ਕੀਤਾ ਸੀ । ਫੇਰ, ਤਿਲਕ ਜਹੇ ਰਾਜਨੀਤਕ

ਤਿਲਕ ਨੇ ਮਰਾਠਵਾੜਾ ਦੇ ਲੋਕਾਂ ਵਿਚ ਏਕਤਾ ਲਿਆਉਣ ਲਈ—ਅੰਗਰੇਜ਼ੀ ਦਮਨ-ਕਾਲ ਵਿਚ— ਜਿਹੜੀ ਗਣੇਸ਼ ਪੂਜਾ ਚਲਾਈ ਉਹ ਪ੍ਰਿਤ ਅਜ ਮੂਰਤੀ ਪੂਜਾ-ਸਗ-ਸ਼ੋਭਾ ਅਤੇ ਵਿਸਰਜਣ ਯਾਤਰਾ ਦੇ 'ਧਾਰਮਿਕ ਤਮਾਸ਼ੇ' ਦਾ ਰੂਪ ਧਾਰ ਚੁਕੀ ਹੈ। ਸਾਇੰਸ ਤੇ ਕਲਾ ਦੋਵੇਂ ਪਰਕਿਰਤੀ ਨਾਲ ਨਜਿੱਠਦੇ ਹਨ—ਇਹ ਟੈਗੋਰ ਦੀ ਧਾਰਨਾ ਸੀ ਪਰ ਅਜ ਰਾਬਿੰਦਰ-ਸੰਗੀਤ ਨੂੰ ਬਿਸ਼ਨ-ਪਦਿਆਂ ਅਤੇ ਧਾਰਮਿਕ ਬਾਣੀ ਵਾਂਗ ਗਾਉਣ ਵਜਾਉਣ ਵਾਲਿਆਂ ਦੀ ਘਾਟ ਨਹੀਂ। ਵਿਵੇਕਾਨੰਦ ਦੇ ਸਮਾਜਕ ਅਤੇ ਸ੍ਰੇਣੀ-ਵੰਡ ਵਾਲੇ ਵਿਚਾਰਾਂ ਦਾ ਮੂੰਹ-ਚਿੜ੍ਹਾ ਕੇ ਇਨ੍ਹਾਂ ਨੂੰ ਯੂਰਪੀ ਚਿੰਤਨ ਉਪਰ ਵੇਦ-ਵੇਦਾਂਤ ਦੀ ਜਿੱਤ ਦਰਸਾਉਣਾ ਸਰ੍ਹੈ-ਸਰਬੋਤਮ ਦਾ ਰੋਗ (Maglomania) ਵੀ ਹੈ ਅਤੇ ਹਿੰਦੂ ਮੂਲਵਾਦ ਦਾ ਲੱਛਣ ਵੀ। ਭੁਲਣਾ ਨਹੀਂ ਚਾਹੀਦਾ ਕਿ ਹਿੰਦੂ ਮੂਲਵਾਦ ਦੇ ਰਾਜਨੀਤਕ ਜਾਂ ਫਿਰਕਾਪ੍ਰਸਤ ਰੂਪ ਨੇ ਮੁਸਲਿਮ, ਸਿਖ ਅਤੇ ਹੋਰਨਾ ਫਿਰਕਾਪ੍ਰਸਤੀਆਂ ਨੂੰ ਉਕਸਾਇਆ ਅਤੇ ਇਹਨਾਂ ਅੰਦਰ ਮੂਲਵਾਦੀ ਕੱਟੜ ਅੰਸ਼ਾ ਨੂੰ ਉਭਾਰ ਲਿਆਉਣ ਵਿਚ ਹਿਸਾ ਪਾਇਆ ਹੈ।

# 18. ਸਫਲਤਾ-ਮੁਖ ਰਾਜਨੀਤੀ ਦਾ ਘਾਲਾ-ਮਾਲਾ

ਵਿਦਵਤਾ ਅਤੇ ਉਚ-ਅਕਾਦਮਿਕਤਾ ਦੀਆਂ ਗੋਸ਼ਟੀਆਂ ਤੋਂ ਰਲ ਕੇ ਚੋਣ-ਜਲਸਿਆਂ ਤਕ ਪਹੁੰਚ ਕੇ ਬੁਰਜੂਆਜ਼ੀ, ਭਾਰਤੀ ਚਿੰਤਕਾਂ, ਸਮਾਜ ਸੁਧਾਰਕ ਵਿਦ-ਵਾਨਾਂ ਅਤੇ ਰਾਜਨੀਤੀ ਦੇ ਮਹਾਰਥੀਆਂ ਦੇ ਆਦਰਸ਼ ਅਤੇ ਸਦਾਚਾਰ ਬਾਰੇ ਉਚੀਆਂ ਉਚੀਆਂ ਗਲਾਂ ਕਰਦੀ ਹੈ ਧਰਮ ਦੇ ਸਥਾਨਾਂ ਤੋਂ ਅਤੇ ਪੁਰਬਾਂ-ਉਤਸਵਾਂ ਦੇ ਸਮੇਂ ਇਹੋ ਸ੍ਰੇਣੀ ਵਖੋ ਵਖਰੇ ਭੇਖਾਂ ਅਤੇ ਭਾਸ਼ਾਵਾਂ ਵਿਚ ਆਦਰਸਵਾਦੀ ਰੰਗ ਵਿਚ ਰੰਗ ਕੇ ਧਰਮ ਦਾ ਕਰਤਵ ਦੇ ਰੂਪ ਵਿਚ ਸਿਧਾਂਤੀਕਰਨ ਕਰਦੀ ਹੈ। ਬੀਤੇ ਦੇ ਚਿੰਤਕਾਂ ਅਤੇ ਧਾਰਮਿਕ ਸਿਖਿਆਵਾਂ ਹੇਠ ਕੰਮ ਕਰ ਰਹੀ ਸੁਹਿਰਦਤਾ ਤੋਂ ਇਨਕਾਰ ਨਹੀਂ ਪਰ ਕਿਵੇਂ ਕੋਈ ਧਾਰਮਿਕ ਆਦਰਸ਼ਵਾਦ ਮਾਨਵ ਵਿਰੋਧੀ ਨਾਰਕੀ ਕਾਰਜਾਂ ਵਿਚ ਅਤੇ ਕਿਵੇਂ ਕੋਈ ਦੇਸ਼ ਭਗਤਕ ਆਦਰਸ਼ਵਾਦ ਭ੍ਰਿਸ਼ਟ-ਕਾਰਜੀ ਗਟਰ ਵਿਚ ਜਾ ਡਿਗਦਾ ਹੈ—ਦੇਖਣ ਲਈ ਸਾਨੂੰ ਅਜੋਕੀ ਸਫਲਤਾ-ਮੁਖ ਰਾਜਨੀਤੀ (Pragmatic Politics) ਵਲ ਧਿਆਨ ਦੇਣਾ ਪਵੇਗਾ।

ਹਰ ਧਰਮ ਵਿਚ ਇਸ ਦੁਨੀਆਂ ਵਿਚ ਜਿਉਣ ਲਈ ਕੁਰਬਾਨੀ-ਸ਼ਹੀਦੀ, ਸਹਿਨਸ਼ੀਲਤਾ ਅਤੇ ਰੱਬ ਨੂੰ ਪਾਉਣ ਲਈ ਪਾਕ-ਪਵਿਤਰ ਰਾਹ ਅਪਨਾਉਣ ਦੇ ਆਦਰਸ਼ ਸਦੀਆਂ ਤੋਂ ਦੁਹਰਾਏ ਜਾ ਰਹੇ ਹਨ। ਰਾਸ਼ਟਰ ਦੇ ਨਹੀਂ, ਰਾਜ-ਸੱਤਾ ਪ੍ਰਾਪਤ ਰਾਜਨੀਤੀ ਦੇ ਵੀ ਬਾਪੂ; ਮਹਾਤਮਾ ਗਾਂਧੀ ਦੇ ਆਜ਼ਾਦੀ ਪ੍ਰਾਪਤੀ ਲਈ ਅਹਿੰਸਾ ਸਹਿਨਸੀਲਤਾ ਆਦਿਕ ਸਦਾਚਾਰਕ ਆਦਰਸ਼ਾਂ ਦੀ ਡੀਂਗ ਵੀ ਘਟ ਨਹੀਂ ਮਾਰੀ ਜਾਂਦੀ। ਆਦਰਸ਼ਵਾਦ ਅਤੇ ਅਸੂਲਪ੍ਰਸਤੀ—ਜਾਂ ਆਦਰਸ਼ ਅਨੁਸਾਰ ਸਦਾ-

ਚਾਰਕ ਨੀਤੀ ਉਪਰ ਚੋਖਾ ਜ਼ੋਰ ਦੇਂਦੇ ਹਨ ਪਰ ਅਮਲ ਵਿਚ ਹਰ ਗਲ ਉਲਟ ਦਿਸਦੀ ਹੈ।

ਉਂਜ ਤਾਂ ਸਿਧਾਂਤ ਅਤੇ ਅਮਲ ਵਿਚ ਕਤਈ ਮੇਲ, ਕਾਮਨਾ ਵਿਚ ਹੀ ਸੰਭਵ ਹੈ, ਯਥਾਰਥ ਵਿਚ ਨਹੀਂ। ਸਿਧਾਂਤ ਅਤੇ ਅਮਲ ਵਿਚ ਸਾਪੇਖਿਅਕ ਫਰਕ ਨੂੰ ਦੂਰ ਕਰਨ ਦਾ ਸੁਹਿਰਦ ਜਾਂ ਲੋਕ-ਹਿਤੈਸ਼ੀ ਢੰਗ, ਅਮਲ ਨੂੰ ਸਿਧਾਤ ਅਨੁਸਾਰ ਵਿਉਂ-ਤਣਾ ਤੇ ਵਿੱਢਣਾ ਹੈ। ਇਹ ਇਕੋ ਸਮੇਂ ਆਦਰਸ਼ਵਾਦ (ਅਸੂਲ ਪ੍ਰਸਤੀ) ਵੀ ਹੈ ਅਤੇ ਸਦਾਚਾਰ ਵੀ। ਇਹੋ ਗਲ ਸਿਧ ਕਰਦੀ ਹੈ ਕਿ ਮਾਰਕਸਵਾਦ ਸਿਧਾਂਤ ਰੂਪ ਵਿਚ ਹੀ ਨਹੀਂ ਸਦਾਚਾਰਕ ਰੂਪ ਵਿਚ ਵੀ ਅਜ ਦੇ ਯੁਗ ਦਾ ਮੋਹਰੀ ਹੈ।

ਪਰ ਬੁਰਜੂਆ ਸ਼੍ਰੇਣੀ ਸਿਧਾਂਤ ਨੂੰ ਲੋਕਾਂ ਦਾ ਮਨ ਮੋਹਣ ਤੇ ਮੂੰਹ ਬੰਦ ਰਖਣ ਲਈ ਵਰਤਦੀ ਹੈ ਅਤੇ ਅਮਲੀ ਰਾਜਨੀਤੀ ਨੂੰ ਸੱਤਾ ਉਪਰ ਕਬਜ਼ਾ ਤੇ ਗਲਬਾ ਜਮਾਈ ਰਖਣ ਲਈ। ਅਜਿਹੀ ਰਾਜਨੀਤੀ ਆਜ਼ਾਦੀ ਮਿਲਦਿਆਂ ਹੀ ਅਮਲ ਵਿਚ ਲਿਆਂਦੀ ਗਈ ਜਿਸ ਦੇ ਸਾਹਮਣੇ ਰਣਨੀਤੀ ਅਤੇ ਪੈਂਤੜਾ ਘੜਦਿਆਂ-ਬਦਲ-ਦਿਆਂ ਇਕੋ ਟੀਚਾ ਸਾਹਮਣੇ ਹੁੰਦਾ ਹੈ ਕਿ ਸੱਤਾ ਉਪਰ ਬਣੇ ਰਹਿਣ ਲਈ ਨੀਤੀ ਸਫਲ ਰਹੇ, ਐਲਾਨੇ ਅਤੇ ਬਿਆਨੇ ਗਏ ਅਸੂਲਾਂ ਪ੍ਰੋਗਰਾਮਾ ਉਪਰ ਅਮਲ ਭਾਵੇਂ ਕੁਝ ਵੀ ਹੋਵੇ। ਸੱਤਾ ਬਣੀ ਰਹੇ-ਸੱਤਾ ਤੇ ਬਣੇ ਰਹਿਣ ਲਈ ਹਰ ਪਿਛਾਂਹ ਖਿੱਚੂ ਅਸੂਲ-ਸਿਧਾਂਤ ਅਤੇ ਦਲ ਨਾਲ ਸਮਝੌਤਾ ਕਰਨਾ ਪਵੇ ਤਾਂ ਕਰ ਲਿਆ ਜਾਏ। ਆਦਰਸ਼ਾਂ ਅਸੂਲਾਂ ਨੂੰ ਗਗਨ ਤੋਂ ਗਟਰ ਵਿਚ ਉਤਾਰਨ ਵਾਲੀ ਸਫਲਤਾ-ਮੁਖ ਰਾਜਨੀਤੀ ਦੇ ਸਿੱਟੇ ਭਾਰਤੀ ਜਨਤਾ ਦੇ ਸਾਹਮਣੇ ਹਨ :

**ਸੈਕੂਲਰ, ਸਮਾਜਵਾਦੀ ਪਰਜਾਤੰਤਰ** :— ਇਹ ਕੈਸਾ ਸੈਕੂਲਰਿਜ਼ਮ ਹੈ ਜਿਸ ਵਿਚ ਮਿਸ਼ਰਤ ਆਰਥਕਤਾ ਵਾਂਗ ਸਭਨਾਂ ਧਰਮਾਂ ਦਾ ਮਿਲਗੋਭਾ ਕੀਤਾ ਗਿਆ ਹੈ ਪਰ ਨੀਂਹ-ਪਥਰ ਭਾਵੇਂ ਕਿਸੇ ਸਭਿਆਚਾਰਕ ਜਾਂ ਉਦਯੋਗਿਕ ਮੰਦਰ (ਜਵਾਹਰ ਲਾਲ ਨਹਿਰੂ ਨੇ ਡੈਮਾਂ-ਉਦਯੋਗਾਂ ਨੂੰ ਮੰਦਰ ਕਿਹਾ ਸੀ) ਦਾ ਰਖਣਾ ਹੋਵੇ ਭਾਵੇਂ ਖਗੋਲ-ਖੋਜੀ ਪ੍ਰਯੋਗਸ਼ਾਲਾ ਦਾ; ਭੂਮੀ ਪੂਜਨ ਰਾਜਸੀ ਪਧਰ ਤੇ ਕੀਤਾ ਜਾਂਦਾ ਹੈ। ਜਿਉਂਦੇ ਮੋਏ ਰਾਜਸੀ ਵਿਅਕਤੀ ਦੇ ਸੰਸਕਾਰ ਇਕੋ ਧਰਮ ਦੇ ਕੀਤੇ ਅਤੇ ਰੇਡੀਓ ਟੀਵੀ ਉਪਰ ਪਰਸਾਰੇ ਪਰਚਾਰੇ ਜਾਂਦੇ ਹਨ। ਰੂੜ੍ਹੀਆਂ, ਰੀਤਾਂ, ਜੋਤਿਸ਼ ਤੇ ਵਹਿਮਾਂ ਭਰਮਾਂ ਨੂੰ ਵਧਾਇਆ ਜਾਂਦਾ ਹੈ। ਹਿੰਦੁਸਤਾਨੀ ਦੀ ਥਾਂ ਹਿੰਦੀ ਦਾ ਨਾਂ ਲੈ

ਕੇ, ਤਿੰਨ ਭਾਸ਼ਾਈ ਫਾਰਮੂਲੇ ਵਿਚ ਭਾਸ਼ਾ ਵਿਗਿਆਨਕ ਪੱਖ ਤੋਂ ਗ਼ੁਆਂਢੀ ਅਤੇ ਸਹੂਲਤ ਦੀ ਭਾਸ਼ਾ ਨੂੰ ਅਣਡਿੱਠ ਕਰਕੇ ਸੰਸਕ੍ਰਿਤ ਨੂੰ ਪਹਿਲ ਦੇ ਕੇ ਕਿਹੜੇ ਵੋਟ-ਬੈਂਕ ਨੂੰ ਮੁਖ ਰਖਿਆ ਜਾ ਰਿਹਾ ਹੈ? ਇਹ ਕੈਸੀ ਧਰਮ-ਨਿਰਲੇਪਤਾ ਹੈ ਜਿਸਨੇ ਸਭ ਧਰਮ ਨੂੰ ਸੁਬਕ ਤੇ ਕੇਂਦਰੀ ਛੁਟੀਆਂ ਦੇ ਕੇ—ਤਿੰਨ ਕੁ ਕੌਮੀ ਨੇਤਾਵਾਂ ਜਾਂ ਦਿਨਾਂ ਦੀਆਂ ਮਿਲਾ ਕੇ —"ਮਹੀਨੇ ਦੇ ਤੀਹ ਦਿਨ ਤੇ ਬੱਤੀ ਤਿਉਹਾਰ" ਦਾ ਮੁਹਾਵਰਾ ਤਾਂ ਸਥਾਪਤ ਕਰ ਦਿਤਾ ਹੈ ਪਰ ਭਾਰਤ ਦੀ 94 ਪ੍ਰਤੀਸ਼ਤ ਕਿਰਤੀ-ਕਿਸਾਨ ਜਨਤਾ ਦਾ ਮਈ ਦਿਵਸ, ਗਜ਼ਟਿਡ ਛੁਟੀ ਨਹੀਂ ਐਲਾਨਿਆ? (ਅਜੋਕੇ ਸੈਕੂਲਰਿਜ਼ਮ ਕੋਲੋਂ ਤਾਂ ਇਹ ਆਸ ਵੀ ਰਖੀ ਜਾ ਸਕਦੀ ਹੈ ਕਿ ਉਹ ਹਿੰਦੂ ਕਾਮਿਆਂ ਲਈ ਵਿਸ਼ਵਕਰਮਾ ਦਿਵਸ, ਸਿਖ ਕਿਰਤੀਆਂ ਲਈ ਲਾਲੋ ਦਿਵਸ, ਮੁਸਲਿਮ ਮਿਹਨਤੀਆਂ ਲਈ ਫਰਿਹਾਦ-ਦਿਨ ਆਦਿਕ ਵਖ ਵਖ ਛੁਟੀਆਂ ਐਲਾਨ ਕੇ ਇਕੋ ਦਿਨ ਭਾਰਤੀ ਕਾਮਿਆਂ ਨੂੰ ਦੁਨੀਆਂ ਭਰ ਦੇ ਕਾਮਿਆਂ ਨਾਲ ਇਕਮੁਠਤਾ ਦੀ ਭਾਵਨਾ ਨੂੰ ਠਲ੍ਹ ਪਾਵੇ)।

ਭਾਸ਼ਾਈ ਮਾਮਲੇ ਵਿਚ ਤਾਂ ਸੈਕੂਲਰਿਜ਼ਮ ਨੇ ਹਿੰਦੀ-ਭਾਸ਼ਾਈ ਬੈਲਟ-ਬਕਸੀ ਸਥਿਤੀ ਪੱਕੀ ਕਰਨ ਲਈ ਦੱਖਣ ਦੀ ਵਿਰੋਧਤਾ ਦੇ, ਉਤਰੀ ਤੇ ਦੱਖਣੀ ਭਾਰਤ ਵਿਤਕਰੇ ਦਾ ਰੂਪ ਲੈਣ ਦੀ ਵੀ ਪ੍ਰਵਾਹ ਨਹੀਂ ਕੀਤੀ।

ਪੰਜਾਬ ਵਿਚ, ਇਹ ਕਿਹੜੀ ਸੈਕੂਲਰਿਜ਼ਮ ਸੀ ਜਿਸ ਨੇ 1951 ਅਤੇ 1961 ਦੀਆਂ ਮਰਦਮ ਸ਼ੁਮਾਰੀਆਂ ਵਿਚ, ਰਾਸ਼ਟਰੀ ਸਵੈਮ ਸੇਵਕ ਸੰਘ, ਆਰੀਆ ਸਮਾਜ ਨਾਲ ਰਲ ਕੇ ਹਿੰਦੂਆਂ ਨੂੰ ਮਾਤ-ਭਾਸ਼ਾ ਹਿੰਦੀ ਲਿਖਵਾਉਣ ਲਈ ਪ੍ਰੇਰ ਕੇ ਪੰਜਾਬ ਨੂੰ ਦੋ-ਭਾਸ਼ਾਈ ਸੂਬਾ ਸਿੱਧ ਕੀਤਾ? ਫੇਰ, 1966 ਵਿਚ, ਕਈ ਝੂਠੇ ਸੱਚੇ ਇਕਰਾਰਾਂ ਮਗਰੋਂ ਜਿਹੜਾ ਪੰਜਾਬੀ ਸੂਬਾ ਵੇਤਰਿਆ-ਕਤਰਿਆ ਗਿਆ ਉਸ ਵਿਚੋਂ ਪੰਜਾਬੀ ਬੋਲਦੇ ਇਲਾਕੇ ਕਿਸ ਵੋਟ ਬੈਂਕ ਨੂੰ ਮੁਖ ਰਖਕੇ ਜਾਂ ਕਿਸ ਹਿੰਦੂ ਹਿੰਦੀਪ੍ਰਸਤ ਦਲ ਕੋਲੋਂ ਵੋਟਾਂ ਖੋਹਣ ਲਈ ਵਖ ਕੀਤੇ ਗਏ? ਚੰਡੀਗੜ੍ਹ ਦੀ ਬਾਂਦਰ ਵੰਡ ਨਾਲ ਕੇਂਦਰੀ ਜਕੜਬੰਦ ਵਧਾਈ ਗਈ? ਪੰਜਾਬ ਦੀਆਂ ਬਿਜਲੀ, ਪਾਣੀ ਤੇ ਸਨਅਤਾਂ ਦੇ ਵਿਕਾਸ ਦੀਆਂ ਮੰਗਾਂ ਨੂੰ ਧਰਮ ਨਾਲ ਰਲਗੱਡ ਕਰਕੇ ਰਖ ਰਹੀ ਸਿਖ ਫਿਰਕਾਪ੍ਰਸਤੀ ਤੇ ਮੂਲਵਾਦ ਨੂੰ ਇਹ ਕਹਿਣ ਦਾ ਮੌਕਾ ਕਿਹੜੀ ਸਫਲਤਾ-ਮੁਖ ਸੈਕੂਲਰ ਸਿਆਸਤ ਨੇ ਦਿਤਾ ਕਿ ਕਾਂਗਰਸੀ ਸਰਕਾਰ ਹਿੰਦੂ ਸਰਕਾਰ ਜਾਂ (ਮੁਗਲ ਕਾਲ ਦਾ) ਦਿੱਲੀ

ਦਰੋਬਾਰ ਹੈ ? ਅੰਤ ਵਿਚ; ਅੱਤਵਾਦ-ਵਖਵਾਦ ਵਲੋਂ ਸਿਖ ਸਿਆਸਤ ਹਥੋਂ ਗੁਰ-ਦੁਆਰੇ ਅਤੇ ਲੀਡਰੀ ਖੋਹਣ, ਸਿਖ ਫਿਰਕਾਪ੍ਰਸਤੀ ਅਤੇ ਅਤਵਾਦ ਨੂੰ ਹੁਸ਼ਿਆਉਣ ਅਤੇ ਢਿੱਲ ਦੇਣ ਬਾਰੇ ਅਤੇ ਅਤਵਾਦ ਤੇ ਵਖਵਾਦ ਦੇ ਅਤ ਤੇ ਪਹੁੰਚਣ ਦੇ ਹਾਲਾਤ ਅਤੇ ਨੀਤੀਆਂ ਬਾਰੇ ਵਖ ਵਖ ਵਿਚਾਰ ਹੋ ਸਕਦੇ ਹਨ ਅਤੇ ਐਕਸ਼ਨ ਨੀਲ ਤਾਰਾ ਦੇ ਉਚਿਤਯ ਅਤੇ ਅਨ-ਉਚਿਤਯ ਬਾਰੇ ਵਖ ਵਖ ਵਖ ਉਤਰ ਵੀ। ਪਰ ਇਕ ਗਲ ਦਾ ਸੱਚਾ ਉੱਤਰ ਇਹ 'ਸੈਕੂਲਰਿਜ਼ਮ' ਆਪਣੇ ਆਪਨੂੰ ਹੀ ਦੇ ਸਕਦੀ ਹੈ ਕਿ ਐਕਸ਼ਨ ਨੀਲ ਤਾਰਾ ਦੇ ਫੈਸਲੇ ਦਾ ਮੁਖ ਕਾਰਣ ਉਸ ਸਮੇਂ ਦੀ ਹਿੰਦੂ ਫਿਰਕਾ ਪ੍ਰਸਤੀ ਦਾ ਵੋਟ-ਬੈਂਕ ਲੁਟਣ ਲਈ ਸੀ ਜਾਂ ਨਹੀਂ ? ਇੰਦਰਾ ਗਾਂਧੀ ਕਤਲ ਦੇ ਨਾਲ ਹੀ ਪੰਜਾਬ ਤੋਂ ਬਾਹਰ ਜਿਹੜੇ ਸਿਖ ਵਿਰੋਧੀ ਫਸਾਦ ਅਤੇ ਹੋਰ ਮਗਰੋਂ ਮੇਰਠ ਵਿਚ ਜਿਹੜੇ ਮੁਸਲਿਮ-ਵਿਰੋਧੀ ਦੰਗੇ ਹੋਏ ਉਹਨਾਂ ਨੂੰ ਦੇਖ ਕੇ ਪਤਾ ਲਗਦਾ ਹੈ ਕਿ ਇਸ ਪਾਰਟੀ ਦੀ ਰਾਜਨੀਤੀ ਅਤੇ ਅਮਲ ਨਾਲ ਸੱਚੀ ਸੈਕੂਲਰਿਜ਼ਮ ਦਾ ਕੋਈ ਸੰਬੰਧ ਹੈ ਕਿ ਨਹੀਂ।

ਸਮਾਜਵਾਦ ; ਦੂਜਾ ਨਾਹਰਾ ਜਾਂ ਲੱਖਣ ਹੈ ਜੋ ਕਾਂਗਰਸ ਪਾਰਟੀ ਅਤੇ ਸਰ-ਕਾਰ ਅਪਨਾਉਂਦੀ ਹੈ। ਇਹ ਕੈਸਾ ਸਮਾਜਵਾਦ ਹੈ ਜਿਸ ਦੇ ਸੰਵਿਧਾਨ ਵਿਚ 'ਅਪਾਰ ਨਿੱਜੀ ਮਲਕੀਅਤ ਦਾ ਪਵਿਤਰ ਅਧਿਕਾਰ' ਅਜੇ ਤਕ ਸੁਰਖਿਅਤ ਹੈ ਅਤੇ ਅਮਲ ਵਿਚ ਮੁਨਾਫੇ, ਮਹਿੰਗਾਈ, ਗਰੀਬੀ ਦੀ ਹੱਦ ਅਤੇ ਬਹੁ-ਕੌਮੀ ਸਾਮਰਾਜੀ ਪੂਜੀ ਲਾਉਣ-ਲਿਜਾਉਣ ਤੇ ਕੋਈ ਰੋਕ ਨਹੀਂ। ਪੰਚਾਇਤ, ਪੁਲਿਸ, ਪ੍ਰਸ਼ਾਸਨ, ਨਿਆਂ-ਪਾਲਿਕਾ ਕਿਹੜੀ ਸ਼੍ਰੇਣੀ ਦੇ ਹਿਤਾਂ ਦੀ ਰਾਖੀ ਕਰਦੇ ਹਨ ? ਕੋਈ ਮੰਤਰੀ ਮੰਤ੍ਰਾਲਾ ਜਾਂ ਵਿਭਾਗ ਇਨਕਮ ਟੈਕਸ ਦੀ ਚੋਰੀ, ਕਸਟਮ-ਐਕਸਾਈਜ਼ ਦੀ ਚੋਰੀ (ਬਰਾਮਦ ਰਕਮ ਵਿਚੋਂ ਕੁਝ ਹਿੱਸਾ, ਫੜਾਉਣ ਵਾਲੇ ਨੂੰ ਕਾਨੂੰਨੀ ਰੂਪ ਦੇ ਕੇ) ਫੜ ਕੇ ਪ੍ਰੈਸ ਤੇ ਰੇਡੀਓ-ਟੀ.ਵੀ. ਉਪਰ ਮਾਣ ਕਰਦੇ ਹਨ। ਪਰ ਇਹ ਕੈਸਾ ਸਮਾਜਵਾਦ ਹੈ ਜੋ ਕਾਲੇ ਅਤੇ ਬੇ-ਹਿਸਾਬੇ ਧਨ ਨੂੰ ਵਧ ਫੁਲ ਕੇ ਸਮਾਨਾਂਤਰ ਅਰਥਚਾਰਾ ਬਣਨ ਦੇਂਦਾ ਹੈ ?

ਦੇਸ ਦੀ ਆਜ਼ਾਦੀ ਪ੍ਰਾਪਤੀ ਵੇਲੇ ਦੇ ਬ੍ਰਤਾਨਵੀ ਰਾਜਨੀਤੀ ਸ਼ਾਸਤ੍ਰੀ ਪ੍ਰੋ: ਹੈਰਲਡ ਲਾਸਕੀ ਤੋਂ ਲੈ ਕੇ ਅਜ ਤਕ ਕੌਮੀ ਤੇ ਕੌਮਾਂਤਰੀ ਬੁਰਜੂਆ ਅਕਲਈਏ ਪਾਰਲੀਮੈਂਟਰੀ ਪਰਜਾਤੰਤਰ ਨੂੰ ਸਭ ਤੋਂ ਚੰਗੇ ਤੋਂ ਲੈ ਕੇ 'ਘਟ ਗੁਨਾਹ' ਤਕ ਕਹਿ

ਕੇ ਸਫਲ ਸਿੱਧ ਕਰਨ ਵਿਚ ਲਗੀ ਹੋਏ ਹਨ। ਇਹ ਗਲ ਵੀ ਮਾਣ ਨਾਲ ਕਹੀ ਜਾਣ ਲਗੀ ਹੈ ਕਿ ਭਾਰਤ, ਸੰਸਾਰ ਦਾ ਸਭ ਤੋਂ ਵਡਾ ਪਰਜਾਤੰਤਰ ਹੈ। ਪਰ ਇਹ ਕੈਸਾ ਪਰਜਾਤੰਤਰ ਹੈ ਜਿਸ ਵਿਚ ਕੇਰਲ ਦੀ ਵਜ਼ਾਰਤ ਤੋੜਨ ਤੋਂ ਲੈ ਕੇ ਐਸਾ ਸਿਲਸਿਲਾ ਆਰੰਭ ਹੋਇਆ ਹੈ ਕਿ ਸ਼ਾਇਦ ਹੀ ਕੋਈ ਰਾਜ ਬਚਿਆ ਹੋਵੇ ਜਿਥੇ ਲੋਕਾਂ ਦੀ ਚੁਣੀ ਰਾਜ ਸਰਕਾਰ ਨੂੰ ਵਿਰੋਧੀ ਦਲ ਦੇ ਸੱਤਾ ਵਿਚ ਆ ਜਾਣ ਕਾਰਣ ਨਾ ਤੋੜਿਆ ਹੋਵੇ ? ਸਗੋਂ, ਹੁਣ ਤਾਂ ਸੱਤਾ ਪ੍ਰਾਪਤ ਪਾਰਟੀ ਦੇ ਇਕ ਗੁਟ ਨੂੰ ਹਟਾ ਕੇ ਦੂਜੇ ਨੂੰ ਲਿਆਉਣ ਲਈ ਵੀ ਰਾਜਾਂ ਵਿਚ ਸਰਕਾਰ-ਪਲਟੇ ਕੀਤੇ ਜਾ ਰਹੇ ਹਨ।

**ਬੈਲਟ ਬਕਸ ਦੀ ਮਿੱਥ** :—ਸਫਲਤਾ-ਮੁਖ ਰਾਜਨੀਤੀ ਇਕੋ ਸਮੇਂ ਬੇ-ਅਸੂਲੀ, ਲਾਰਾ, ਜੋੜ ਤੋੜ ਤੇ ਰਿਸਵਤ ਹੈ ਜਿਸ ਅਨੁਸਾਰ ਬੈਲਟ ਬਕਸੇ ਨੂੰ ਕਿਵੇਂ ਨਾ ਕਿਵੇਂ ਆਪਣੇ ਪੱਖ ਵਿਚ ਬਹੁ-ਗਿਣਤੀ ਵੋਟਾਂ ਨਾਲ ਭਰ ਕੇ ਜਿਤਿਆ ਜਾਏ। ਜਿੱਤ ਕੇ, ਖੁਲ੍ਹਵਾਗ ਹੋ ਕੇ ਅਗਲੀ ਚੋਣ ਤਕ ਮਨ-ਆਈ ਕੀਤੀ ਜਾਏ। ਬੈਲਟ ਬਕਸ ਦੀ ਦੌੜ ਨੇ ਪਾਰਟੀ ਪ੍ਰਬੰਧ ਨੂੰ ਖੋਖਲਾ ਕਰ ਦਿਤਾ ਹੈ ਜੋ ਪਾਰਲੀਮੈਂਟਰੀ ਪਰਜਾਤੰਤਰ ਦਾ ਆਧਾਰ ਹੈ। ਚੋਣਾਂ ਵਿਚ ਪਰਚਾਰ ਪ੍ਰਬੰਧ ਅਤੇ ਖਰਚੇ ਕਿਉਂਕਿ ਪਾਰਟੀ ਜਾਂ ਇਸ ਦੇ ਉਮੀਦਵਾਰ ਦੇ ਹਨ। ਖਰਚੇ, ਕਾਨੂੰਨ ਅਨੁਸਾਰ ਨਿਸ਼ਚਿਤ ਹੱਦ ਤੋਂ ਸਦਾ ਉਪਰ ਹੁੰਦੇ ਹਨ। ਇਸ ਲਈ ਇਕ ਪਾਸੇ ਸਭ ਰਾਜਨੀਤਕ ਪਾਰ-ਟੀਆਂ ਆਪਣੇ ਵਿੱਤ ਅਨੁਸਾਰ ਆਮਦਨ-ਖਰਚੇ ਦਾ ਝੂਠਾ ਹਿਸਾਬ ਰਖਦੀਆਂ ਹਨ ਦੂਜੇ ਪਾਸੇ ਉਮੀਦਵਾਰ, ਪਾਰਟੀ ਦਾ ਸੁਹਿਰਦ, ਸੁਘੜ ਤੇ ਪਰਖਿਆ ਵਰਕਰ ਨਹੀਂ ਆਮ ਤੌਰ ਤੇ ਉਹ ਵਿਅਕਤੀ ਬਣਦਾ ਹੈ ਜਿਸ ਦੀ ਪਿੱਠ ਤੇ ਥੈਲੀ, ਧਰਮ, ਜਾਤ-ਬਰਾਦਰੀ ਜਾਂ ਬੁਰਛਾ ਗਰਦੀ ਦਾ ਜੋਰ ਹੋਵੇ। ਇੰਜ, ਬੈਲਟ ਬਕਸੀ ਪਰਜਾਤੰਤਰ ਲਈ ਆਦਰਸ਼ ਅਤੇ ਅਸੂਲਪ੍ਰਸਤੀ ਕੇਵਲ ਦਿਖਾਵੇ ਦੀ ਸ਼ੈ ਬਣ ਰਹੇ ਹਨ ਅਤੇ ਹਰ ਬੇ-ਅਸੂਲਾ ਕਾਰਜ ਅਮਲੀ ਜਾਂ ਸਫਲਤਾ-ਮੁਖ ਰਾਜਨੀਤੀ ਦਾ ਹਿੱਸਾ ਹੈ।

ਪੰਜਾਬ ਦੀ ਹਿੰਦੂ ਫਿਰਕਾਪ੍ਰਸਤੀ ਕਿਸੇ ਤਰ੍ਹਾਂ ਵੀ ਸਫਲਤਾ-ਮੁਖ ਰਾਜਨੀਤੀ ਵਿਚ ਪਿੱਛੇ ਨਹੀਂ। ਇਸ ਦੀ ਮੁਖ ਰਣਨੀਤੀ, ਸਿਖ ਫਿਰਕਾਪ੍ਰਸਤੀ ਨਾਲ ਸਿਧੀ ਨਹੀਂ, ਸੈਕੂਲਰ ਰਾਜ ਤੇ ਰਾਜਨੀਤੀ ਰਾਹੀਂ ਟਕਰਾਉ ਦੀ ਹੈ। ਉਹ ਸਿਖ ਫਿਰਕਾ-ਪ੍ਰਸਤੀ ਨਾਲ ਆਪ ਨਹੀਂ ਲੜਦੀ ਸਗੋਂ ਇਸ ਨੂੰ ਸੱਪ ਸਮਝ ਕੇ, ਮੁਖ ਦੁਸ਼ਮਣ ਸੈਕੂਲਰਿਜ਼ਮ ਦੀ ਹਿੱਕ ਵਿਚ ਮਾਰਦੀ ਹੈ ਤਾਂ ਜੋ ਕੋਈ ਵੀ ਮਰੇ, ਉਹ ਆਪ ਲਾਹੇ

ਵਿਚ ਰਹੇ। ਹਰਿਆਣਾ, ਜੰਮੂ-ਕਸ਼ਮੀਰ ਅਤੇ ਹਿਮਾਚਲ, ਹਿੰਦੂ ਫਿਰਕਾਪ੍ਰਸਤੀ ਦੇ ਉਹ ਪ੍ਰਭਾਵ-ਖੇਤਰ ਹਨ ਜੋ ਭਾਸ਼ਾਈ, ਸਭਿਆਚਾਰਕ ਅਤੇ ਰਾਜਨੀਤਕ ਸਹਾਇਤਾ ਕਰਦੇ ਹਨ।

**ਮੌਕਾ-ਪ੍ਰਸਤ ਰਾਜਨੀਤੀ, ਵੱਖ-ਵਾਦ ਵਲ :—** ਆਜ਼ਾਦੀ ਪ੍ਰਾਪਤੀ ਤੋਂ ਲੈ ਕੇ ਸਤਰਵਿਆਂ ਦੇ ਅੰਤ ਤਕ ਅਕਾਲੀ ਦਲ ਅਤੇ ਇਸ ਦੀ ਸਿਖ ਸਿਆਸਤ ਨੂੰ ਇਕ ਤੋਂ ਵਧ ਵਾਰ ਪੰਜਾਬ ਦੀ ਸਰਕਾਰ ਚਲਾਉਣ ਦਾ ਮੌਕਾ ਮਿਲਿਆ। ਇਸ ਵਿਚ ਕੋਈ ਵੀ ਸੰਦੇਹ ਨਹੀਂ ਕਿ ਕੇਂਦਰੀ ਸਰਕਾਰ ਰਾਜਾਂ ਵਿਚ ਕਾਨੂੰਨ ਬਨਾਉਣ, ਟੈਕਸ ਲਾਉਣ, ਬਿਜਲੀ-ਪਾਣੀ, ਗ੍ਰਾਂਟਾਂ ਤੇ ਪੂੰਜੀ ਦੀ ਵੰਡ ਅਤੇ ਟ੍ਰਾਂਸਪੋਰਟ, ਪ੍ਰਚਾਰ-ਪ੍ਰਸਾਰ ਦੇ ਵਸੀਲੇ ਅਤੇ ਗਵਰਨਰੀ ਰਾਜ ਲਾਗੂ ਕਰਨ ਦੇ ਅਧਿਕਾਰ ਮੁਖ ਰੂਪ ਵਿਚ ਆਪਣੇ ਪਾਸ ਰਖੇ ਹੋਏ ਹਨ ਅਤੇ ਉਹ ਇਨ੍ਹਾਂ ਵਸੀਲਿਆਂ ਨੂੰ ਚੋਣਾਂ ਆਪਣੇ ਹੱਕ ਵਿਚ ਜਿੱਤਣ ਅਤੇ ਵਿਰੋਧੀ-ਦਲੀ ਵਜ਼ਾਰਤਾਂ ਨੂੰ ਡੇਗਣ ਲਈ ਵੀ ਵਰਤਦੀ ਹੈ। ਅਕਾਲੀ ਵਜ਼ਾਰਤ ਸਮੇਂ ਵੀ ਉਸ ਨੇ ਇੰਜ ਕੀਤਾ। ਤਾਂ ਵੀ ਪੰਜਾਬੀ ਭਾਸ਼ਾ ਨੂੰ ਇਸ ਦਾ ਹੱਕੀ ਸਥਾਨ ਅਤੇ ਜ਼ਮੀਨੀ ਸੁਧਾਰਾਂ ਜੋ ਇਸ ਦੇ ਪੂਰਣ ਅਧਿਕਾਰ ਵਿਚ ਸਨ ਬਾਰੇ ਅਕਾਲੀ ਦਲ ਨੇ ਲੋਕ-ਹਿਤਾਂ ਲਈ ਉਹ ਕੁਝ ਨਹੀਂ ਕੀਤਾ ਜੋ ਕੀਤਾ ਜਾ ਸਕਦਾ ਸੀ। ਸਗੋਂ ਬਾਦਲ ਮਨਿਸਟਰੀ ਸਮੇਂ ਕਿਸਾਨੀ ਅਰਥਚਾਰੇ ਦੇ ਸੰਕਟ ਨੂੰ ਸੰਵਿਧਾਨਿਕ ਢੰਗ ਨਾਲ ਸੋਧਣ ਦੀ ਆਸ ਨਾ ਦੇਖ ਕੇ ਤੰਗ ਆ ਕੇ ਗੈਰ-ਪਾਰਲੀਮੈਂਟਰੀ ਹਿੰਸਕ ਢੰਗ ਵਰਤਣ ਵਾਲੇ ਨਕਸਲਬਾੜੀਏ (ਸਿਖ) ਯੁਵਕਾਂ ਨੂੰ ਨਕਲੀ ਪੁਲਸੀ ਮੁਕਾਬਲਿਆਂ ਵਿਚ ਮਾਰਨ ਦੀ ਪਿਰਤ ਪਾਈ ਗਈ। (ਪੱਛਮੀ ਬੰਗਾਲ ਅਤੇ ਕੇਰਲ ਵਿਚ ਸੰਭਵ ਹਦ ਤਕ ਸੁਧਾਰ ਕੀਤੇ ਗਏ)। ਆਜ਼ਾਦੀ ਉਪ-ਰੰਤ ਦੇ ਲਗਭਗ ਤਿੰਨ ਦਹਾਕਿਆਂ ਵਿਚ ਇਸ ਦੀ ਗੁਰਦੁਆਰਿਆਂ ਤੋਂ ਲੈ ਕੇ ਸਿਖ-ਮਾਨਸਿਕਤਾ ਵਿਚ ਅਜਾਰੇਦਾਰੀ ਬਣ ਗਈ। ਜਿਵੇਂ ਕੇਂਦਰ ਵਿਚ ਇਨ੍ਹਾਂ ਤੀਹ ਵਰ੍ਹਿਆਂ ਵਿਚ ਅੱਤ ਦੀ ਸੱਤਾ ਨੇ ਕਾਂਗਰਸ ਨੂੰ ਅੱਤ ਦਾ ਭ੍ਰਸ਼ਟ ਕਰ ਦਿਤਾ ਸੀ ਉਸੇ ਦੇ ਸਮਾਨਾਂਤਰ ਅਕਾਲੀ ਸਿਆਸਤ ਨੂੰ ਵੀ ਅੱਤ ਦੀ ਰਾਜਨੀਤਕ ਸੱਤਾ ਨੇ ਭ੍ਰਸ਼ਟ ਕਰਕੇ ਗੁਰਦੁਆਰਿਆਂ ਦੇ ਗੋਲਕ-ਪ੍ਰਬੰਧ, ਦਲ ਦੀ ਜਥੇਬੰਦੀ ਅਤੇ ਵਜ਼ਾਰਤ ਉਪਰ ਕਬਜ਼ਾ ਕਰਨ ਵਾਲੇ ਧੜਿਆਂ ਵਿਚ ਅਜਿਹਾ ਵੰਡਿਆ ਕਿ ਧਰਮ ਨਾਲੋਂ ਧੜਾ ਪਿਆਰਾ ਹੋ ਗਿਆ। ਖੰਡਾ, ਹੁਣ ਅੰਦਰਖਾਨੇ ਆਪੋ ਵਿਚ ਵੀ ਖੜਕਣ ਲਗਾ। 1980 ਵਿਚ

ਕੇਂਦਰ ਵਿਚ ਇੰਦਰਾ ਸਰਕਾਰ ਦੇ ਮੁੜ ਆਉਣ ਤੇ ਪੰਜਾਬ ਵਿਚ ਅਕਾਲੀ ਵਜ਼ਾਰਤ ਟੁਟਣ ਨਾਲ ਅੰਦਰਖਾਨੇ ਖੰਡਾ ਖੜਕਣਾ ਘਟਿਆ ਨਹੀਂ।

ਵਿਤਕਰੇ, ਕਾਣੀ-ਵੰਡ, ਲੁਟ-ਘਸੁਟ ਅਤੇ ਦਮਨ-ਦਾਬੇ ਦਾ ਇਕ ਅਹਿਸਾਸ ਧਾਰਮਿਕ ਅਤੇ ਇਲਾਕਾਈ ਵੀ ਹੁੰਦਾ ਹੈ ਇਸੇ ਅੰਸ਼ਕ ਸੱਚ ਉਪਰ ਕੇਂਦਰ ਦੀ ਕਾਂਗਰਸੀ ਸਰਕਾਰ ਵਿਰੁਧ ਲੜੀਵਾਰ ਮੋਰਚੇ ਲਾਏ ਗਏ। ਆਨੰਦਪੁਰ ਸਾਹਿਬ ਦੇ 45 ਮੰਗਾਂ ਵਾਲੇ ਮਤੇ ਵਿਚ ਉਹਨਾਂ ਇਲਾਕਾਈ ਅਤੇ ਧਾਰਮਿਕ ਮੰਗਾਂ-ਉਮੰਗਾਂ ਦਾ ਪ੍ਰਗਟਾਵਾ ਹੁੰਦਾ ਹੈ ਜੋ ਬਹੁਤ ਹਦ ਤਕ ਹੋਰਨਾਂ ਰਾਜਾਂ ਵਿਚ ਵੀ ਵਿਦਮਾਨ ਸਨ। ਇਸ ਮਤੇ ਵਿਚ ਭਵਿਖ ਦੇ ਪੰਜਾਬ ਵਿਚ 'ਸਿਖਾਂ ਦਾ ਬੋਲ ਬਾਲਾ' ਦਾ ਸ਼ਬਦ, ਰਾਜਨੀਤਕ ਜਾਂ ਪੰਜਾਬੋਂ ਬਾਹਰ ਦੀ ਸ਼ਬਦਾਵਲੀ ਵਿਚ ਅਸਪਸ਼ਟ ਅਰਥਾਂ ਵਾਲਾ ਸੀ ਅਤੇ ਅਰਦਾਸ ਵਿਚੋਂ ਲਿਆ ਹੋਣ ਕਾਰਣ 'ਸਿਖ-ਹੋਮ ਲੈਂਡ' ਤੋਂ ਚਲ ਖਾਲਿ-ਸਤਾਨ ਤਕ ਦੇ ਸੁਪਨਿਆਂ ਦੀ ਝਲਕ-ਝਕਾਣੀ ਵੀ ਦੇਂਦਾ ਸੀ। ਇਸ 'ਬੋਲ ਬਾਲੇ' ਵਾਲੀ ਗਲ ਨੂੰ ਫੜ ਕੇ ਕਾਂਗਰਸ ਨੇ ਸੱਚੀ ਸੈਕੂਲਰ ਬਣ ਕੇ ਕਮਿਊਨਿਸਟ ਪਾਰ-ਟੀਆਂ ਨੂੰ ਅਤੇ ਅਖੰਡ ਭਾਰਤ ਦੀ ਮੁਦਈ ਬਣ ਕੇ ਜਨਤਾ ਪਾਰਟੀ, ਲੋਕ ਦਲ ਅਤੇ ਭਾਜਪਾ ਜਹੀਆਂ ਸੱਜ ਪਿਛਾਖੜ ਤੇ ਹਿੰਦੂ ਫਿਰਕਾਪ੍ਰਸਤ ਪਾਰਟੀਆਂ ਨੂੰ ਅਕਾਲੀ ਮੋਰਚਿਆਂ ਤੋਂ ਨਿਖੇੜ ਦਿਤਾ ਜਿਨ੍ਹਾਂ ਵਿਚ 'ਰਾਜ ਕਰੇਗਾ ਖਾਲਸਾ...' 'ਖਾਲਸਾ ਜੀ ਕੇ ਬੋਲ ਬਾਲੇ' 'ਮੋਰਚਾ ਧਰਮ ਯੁਧ ਹੈ' ਦੇ ਨਾਹਰੇ ਲਗਦੇ ਸਨ। ਇੰਜ ਹੀ ਪਾਣੀ ਦੀ ਸੰਭਾਵੀ ਕਾਣੀ-ਵੰਡ ਵਿਰੁਧ ਸਤਲੁਜ-ਜਮਨਾ ਲਹਿਰ ਨੂੰ ਰੋਕਣ ਵਰਗੇ ਮੋਰਚੇ ਭਾਵੇਂ ਬੁਨਿਆਦੀ ਤੋਰ ਤੇ ਆਰਥਕ ਅਤੇ ਇਲਾਕਾਈ ਮਹਤਤਾ ਵਾਲੇ ਸਨ ਪਰ ਜਿਵੇਂ ਇਨ੍ਹਾਂ ਨੂੰ ਪੰਜਾਬੀ ਅਤੇ ਸਿਖ ਰੰਗਤ ਦੇ ਕੇ ਚਲਾਇਆ ਗਿਆ ਉਸ ਦੇ ਸਿੱਟੇ ਵਜੋਂ ਹਰਿਆਣਾ ਅਤੇ ਰਾਜਿਸਥਾਨ ਵਿਚ ਇਸ ਦੇ ਇਲਾਕਾਈ ਲੱਛਣਾਂ ਪ੍ਰਤੀ ਦੋਖੀ ਰਾਏ ਬਣੀ ਅਤੇ ਪੰਜਾਬ ਦੇ ਸਿੱਖਾਂ ਉਪਰ ਵੀ ਇਹ ਅਸਰ ਪਾਇਆ ਗਿਆ ਕਿ ਸਿੱਖੀ ਦੇ ਨਾਂ ਉਪਰ ਸਿੱਖਾਂ ਦੀ ਕੇਂਦਰੀ ਲੀਡਰਸ਼ਿਪ ਕੇਵਲ ਸਥਾਨਕ ਹਿਤਾਂ ਲਈ ਲੜਦੀ ਹੈ।

ਮੋਰਚੇ ਦਾ ਮਤਾ ਸਾਂਝਾ ਸੀ ਅਤੇ ਇਸ ਨੂੰ ਲਾਉਣ ਵਾਲਾ ਦਲ ਵੀ ਇਕੋ ਸੀ ਪਰ ਇਸ ਦੇ ਤਿੰਨੇ ਧੜੇ ਵਖ ਵਖ ਰਣ-ਖੇਤਰਾਂ ਤੇ ਵਖੋ ਵਖ ਢੰਗ ਨਾਲ ਸਗੋਂ ਇਕ ਤੋਂ ਇਕ ਵਧ ਚੜ੍ਹ ਕੇ ਤੱਤੇ ਨਾਹਰਿਆਂ ਨਾਲ ਲੜ ਰਹੇ ਸਨ। ਦਲ ਦੇ ਅੰਦਰ

ਧੜੇਬੰਦੀ ਨੂੰ ਤਾੜ ਕੇ ਕੇਂਦਰ ਸਰਕਾਰ ਕਦੇ ਇਕ, ਕਦੇ ਦੂਜੇ ਧੜੇ ਨੂੰ ਸੌਦੇਬਾਜੀ ਕਰਨ ਲਈ ਬੁਲਾਕੇ ਦੂਜਿਆਂ ਧੜਿਆਂ ਨੂੰ ਵੱਖ ਤੇ ਦੋਖੀ ਦਿਖਾਕੇ ਫੁਟ ਨੂੰ ਵਧਾਉਂਦੀ ਤੇ ਲੋਕਾਂ ਵਿਚ ਅਕਾਲੀ ਲੀਡਰਸ਼ਿਪ ਨੂੰ ਹਾਸੋਹੀਣਾ ਦਿਖਾਉਂਦੀ ਸੀ। ਪਰ ਇਸ ,ਧਰਮ ਯੁਧ ਦੇ ਧੜੇ, ਲੜਾਈ ਸਮੇ ਹੀ ਕੱਠੇ ਦਿਸਦੇ ਸਨ। ਗਲਬਾਤ, ਜਿੱਤ ਤੋਂ ਲੈ ਕੇ ਫੈਸਲੇ ਦੀ ਘੜੀ ਆਈ ਦੇਖਦਿਆਂ ਹੀ 'ਹੰਨੇ ਹੰਨੇ ਦੀ ਸਰਦਾਰੀ' ਹੋ ਜਾਂਦੀ ਸੀ।

ਪੰਜਾਬ ਤੋਂ ਬਾਹਰ ਦੇ ਸਿੱਖਾਂ ਉਪਰ ਸ਼੍ਰੋਮਣੀ ਅਕਾਲੀ ਦਲ ਦਾ ਆਮ ਪ੍ਰਭਾਵ ਸੀ ਅਤੇ ਪੰਜਾਬ ਸਥਿਤ ਕੇਂਦਰੀ ਲੀਡਰਸ਼ਿਪ ਵਿਚ ਧੜੇਬੰਦੀ ਅਨੁਸਾਰ ਸਥਾਨਕ ਗੁਰਦੁਆਰਾ ਕਮੇਟੀਆਂ ਵਿਚ ਧੜੇਬੰਦੀ ਵੀ ਹੁੰਦੀ ਜਾ ਰਹੀ ਸੀ ਅਤੇ ਦਿੱਲੀ, ਪਟਨਾ ਤੇ ਨਾਦੇੜ (ਹਜ਼ੂਰ ਸਾਹਿਬ) ਜਹੀਆਂ ਵੱਡੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਬੋਰਡਾਂ (ਜਿਨ੍ਹਾਂ ਦੇ ਆਪਣੇ ਬਜਟ ਇਸ ਸਮੇਂ ਦੋ ਦੋ ਕਰੋੜ ਤਕ ਹੋਣ ਦਾ ਅਨੁਮਾਨ ਹੈ) ਦੇ ਸਥਾਨਕ ਹਿਤ, ਲੀਡਰਸ਼ਿਪ ਅਤੇ ਰਾਜ ਜਾਂ ਕੇਂਦਰ ਸਰਕਾਰਾਂ ਪ੍ਰਤੀ ਨੀਤੀਆਂ ਵਿਕਸਤ ਹੋ ਚੁਕੀਆਂ ਸਨ। ਇਨ੍ਹਾਂ ਵਿਚੋਂ ਦਿੱਲੀ ਜਹੇ ਵਡੇ ਸ਼ਹਿਰਾਂ ਦੀ ਸਥਾਨਕ ਸਿਖ ਲੀਡਰਸ਼ਿਪ;ਕਾਂਗਰਸ-ਅਕਾਲੀ ਮਧਿਅਸਥਤਾ,ਪੰਜਾਬ ਦੀ ਅਕਾਲੀ ਲੀਡਰਸ਼ਿਪ ਨੂੰ ਮਾਤ ਪਾਉਣ ਲਈ ਕੇਂਦਰੀ ਸਰਕਾਰ ਵਲੋਂ ਸਥਾਨਕ ਗੁਰਦੁਆਰਿਆਂ ਤੇ ਸਿਖ ਲੀਡਰਸ਼ਿਪ ਦੀ ਦਬਾਅ-ਯੋਗਤਾ ਨੂੰ ਮੁਖ ਰਖ ਕੇ ਇਹ ਵੀ ਚਾਹੁੰਦੀ ਰਹੀ ਸੀ ਕਿ ਪੰਜਾਬ ਵਿਚ ਸਿਖ-ਸਿਆਸਤ ਵਲੋਂ ਕਾਂਗਰਸੀ ਸਰਕਾਰ ਨਾਲ ਖੜਕਾ ਦੜਕਾ ਲਗਾ ਰਹਿਣਾ ਚਾਹੀਦਾ ਹੈ। ਨਾਲ ਹੀ, ਇਹ ਸਥਾਨਕ ਸਿਖ ਲੀਡਰੀਆਂ, ਪੰਜਾਬ ਦੇ ਅਕਾਲੀ ਮੋਰਚਿਆਂ ਨੂੰ ਦਿਨੋ ਦਿਨ ਵਖਵਾਦੀ ਤੇ ਖਾਲਿਸਤਾਨੀ ਰੁਖ ਲੈਂਦਿਆਂ ਦੇਖ, ਸਥਾਨਕ ਰੂਪ ਵਿਚ ਭੈੜੀਆਂ ਪੈਂਦੀਆਂ ਜਾ ਰਹੀਆਂ ਹਨ ਅਤੇ ਆਪੋ ਆਪਣੇ ਕਿੱਤੇ ਤੇ ਪੇਸ਼ੇ ਦੇ ਸਥਾਨਕ ਦੋਖੀਆਂ ਨੂੰ ਰੜਕਦੀਆਂ ਸਨ। ਸਾਰਾ ਪ੍ਰੈਸ ਹਰ ਪੰਜਾਬੀ ਨੂੰ ਲੜਾਕਾ ਝਗੜਾਲੂ ਅਤੇ ਹਰ ਸਿਖ ਨੂੰ ਖਾਲਿਸਤਾਨੀ ਦਿਖਾ ਰਿਹਾ ਸੀ।

ਇਸ ਅੰਦਰ-ਬਾਹਰ ਦੀਆਂ ਕਈ ਮੋਰਚੇਬੰਦੀਆਂ ਵਿਚ ਫਸੀ ਅਤੇ ਵਿਰੋਧੀ ਦਲਾਂ ਵਿਚ ਨਿਖੜਦੀ ਜਾ ਰਹੀ ਲੀਡਰਸਿਪ ਕੋਲ ਹੋਰ ਕੋਈ ਚਾਰਾ ਨਾ ਰਿਹਾ ਕਿ ਉਹ ਆਨੰਦਪੁਰ ਸਾਹਿਬ ਦੇ ਮਤੇ ਦੇ ਆਰਥਕ ਅਤੇ ਰਾਜਨੀਤਕ ਪੱਖਾਂ ਨੂੰ ਵਿਸਾਰ

ਕੇ ਫਿਰਕੂ ਅਤੇ ਵਖਵਾਦੀ ਰੂਪ ਦੇਵੇ।

ਸਿਖ ਧਰਮ ਵਿਚ ਗ੍ਰਹਿਸਥ ਆਸ਼ਰਮ ਨੂੰ ਸਭ ਤੋਂ ਉਚਾ ਮੰਨਿਆ ਗਿਆ ਹੈ। ਗੁਰਦੁਆਰਾ ਸੁਧਾਰ ਲਹਿਰ ਤੋਂ ਰਾਜਨੀਤਕ ਸਿਖ ਲੀਡਰਸ਼ਿਪ ਵਿਚ 'ਗੁਰੂ ਕੇ' ਤੇ ਸੰਤ ਆਦਿਕ ਪਛੜ ਗਏ ਸਨ ਅਤੇ ਸਮਾਜਕ ਰੂਪ ਵਿਚ ਚੇਤੰਨ ਸਿਖੀ ਦੀ ਲੀਡਰਸ਼ਿਪ ਸਥਾਪਤ ਹੋ ਗਈ ਸੀ। ਜਿਥੇ ਇਹ ਇਸ ਗਲ ਦਾ ਸਬੂਤ ਸੀ ਕਿ ਸਿਖ ਧਰਮ ਨੂੰ ਰਾਜਨੀਤੀ ਨਿਸਚਿਤ ਕਰੇਗੀ ਉਥੇ ਇਹ ਪੋਪ-ਰਹਿਤ ਯੂਰਪੀ ਰਾਜ-ਤੰਤਰ ਵਰਗੀ ਸੰਸਥਾ ਸੀ। ਪਰ ਪੰਜਾਹਵਿਆਂ ਤਕ ਅਕਾਲੀ ਦਲ ਅੰਦਰ ਜਥੇਬੰਦਕ ਸੰਕਟ ਅਤੇ ਤਬਕਾਤੀ ਧੜੇਬੰਦੀ ਏਨੇ ਵਧ ਗਏ ਕਿ ਮਾਸਟਰ ਤਾਰਾ ਸਿੰਘ ਦੀ ਸਥਾਪਤ ਲੀਡਰਸ਼ਿਪ ਨੂੰ ਸੰਤੀ-ਸੇਵਕੀ ਨਾਲ ਪ੍ਰਤੀਸਥਾਪਤ ਕਰਨਾ ਪਿਆ। ਇਸ ਨਾਲ ਸਿਖ ਸਿਆਸਤ ਤੇ ਅਕਾਲੀ ਲੀਡਰਪਸ਼ਿਪ ਵਿਚ ਉਭਰਦੀ ਕਿਸਾਨੀ ਆਧਾਰ ਅੰਸ਼ਾ ਦਾ ਹੱਕ ਉਚਾ ਹੋ ਗਿਆ; ਧੜੇਬੰਦੀਆਂ ਨੂੰ ਖਿੱਚ-ਧੂਹ ਕਰਨ ਅਤੇ ਮਿਲਣ ਦਾ ਬਿੰਦੂ ਮਿਲ ਗਿਆ, ਵਿਸ਼ਵਾਸੀ ਸਿਖ ਜਨਤਾ ਅਗੇ ਸੰਤ ਸਰੂਪ ਦਾ ਪੂਜ ਬਿੰਬ ਪੇਸ਼ ਕੀਤਾ ਗਿਆ, ਵਕਤੀ ਸਫਲਤਾ ਵੀ ਮਿਲੀ ਪਰ ਕੌਮੀ ਤੇ ਕੌਮਾਂਤਰੀ ਪੱਧਰ ਤੇ ਸਿਖ ਸਿਆਸਤ ਅਤੇ ਨੀਤੀਵੇਤਾ-ਪਣ (Statesmanship) ਦਾ ਪੱਧਰ ਨੀਵਾਂ ਹੋ ਗਿਆ। ਰਾਜਨੀਤਕ ਸੋਚ ਹੋਰ ਸੌੜ-ਦਿਲੀ ਅਤੇ ਸੰਕੀਰਣ ਹੋਣ ਲਗੀ। ਮੂਲਵਾਦੀ ਸਬਦਾਵਲੀ ਕੰਨੀਂ ਪੈਣ ਲਗੀ।

ਅਕਾਲੀ ਮੋਰਚਿਆਂ ਸਮੇਂ ਕਈ ਮਜਬੂਰੀਆਂ ਅਤੇ ਮਸਲਿਹਤਾਂ ਨੂੰ ਮੁਖ ਰਖ ਕੇ ਲੌਂਗੋਵਾਲ ਦੀ ਸੰਤੀ-ਸੇਵਕੀ ਨੂੰ ਦੂਸਰੀ ਵਾਰ ਮੁਹਰਾ ਵੀ ਬਣਾਇਆ ਗਿਆ ਅਤੇ ਕੇਂਦਰਿਕ ਵੀ। ਸੰਤ ਤੇ ਵਿਰਕਤ ਵਿਅਕਤੀ ਨੂੰ ਕੇਂਦਰਿਕ ਬਣਾਉਂਦਿਆਂ ਜਿਥੇ ਬਰਾਬਰ ਦੇ ਸਭਨਾਂ ਸੰਤੁਲਿਤ ਧੜਿਆਂ ਨੂੰ ਆਪਣੇ ਪਾਸੇ ਕਰ ਲੈਣ ਦੀ ਆਸ ਹੁੰਦੀ ਹੈ ਉਥੇ ਪਾਰਟੀ ਦੀ ਅੰਦਰਲੀ ਡੈਮੋਕ੍ਰੈਸੀ ਅਤੇ ਜਥੇਬੰਦਕ ਪਰਕਿਰਿਆ ਰੁਕ ਜਾਂਦੀਆਂ ਹਨ। ਨਾਲ ਹੀ ਸੰਤ-ਸਰੂਪ ਦੀ ਚੁਪ ਜਾਂ ਸੰਖੇਪ ਭਾਸਾ ਉਸ ਦੀ ਮੂਰਖਤਾ ਅਤੇ ਮਚਲੇਪਣ ਦੋਹਾਂ ਉਪਰ ਪੜਦਾ ਪਾਉਂਦੀ ਹੈ ਪਰ ਕੌਮੀ ਤੇ ਕੌਮਾਂਤਰੀ ਪੱਧਰ ਤੇ ਸਿਆਸਤ ਨੂੰ ਅੜਾਉਣੀ ਤੋਂ ਲੈ ਕੇ ਹਾਸੋ-ਹੀਣੇ ਬਿੰਬ ਵਜੋਂ ਪੇਸ਼ ਕਰਦੀ ਹੈ। ਕਿਉਂਕਿ ਕੋਈ ਸੰਤ, ਸਮਾਜਕ-ਰਾਜਨੀਤਕ ਪ੍ਰਸ਼ਨਾਂ ਉਪਰ ਧਾਰਮਿਕ ਭਾਸ਼ਾ ਵਿਚ ਹੀ ਸੋਚ ਅਤੇ ਧਾਰਮਿਕ ਮੁਹਾਵਰੇ ਵਿਚ ਹੀ ਬੋਲ ਸਕਦਾ ਹੈ। ਧੜੇਬੰਦਕ ਤੋਂ ਲੈ ਕੇ

ਮੋਰਚਿਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਇਕ ਸੰਤ-ਸਰੂਪ, ਹਰਚੰਦ ਸਿੰਘ ਲੌਂਗੋਵਾਲ ਨੂੰ ਅਗੇ ਲਾਇਆ ਗਿਆ।

ਪਰ ਇਸ ਵਾਰ ਇਕ ਹੋਰ ਸੰਤ ਉਭਰਿਆ ਜੋ ਕਿ ਇਕੋ ਵੇਲੇ ਸਿੱਖੀ ਨੂੰ ਫੈਲਾਉਣ ਵਾਲਾ ਨਹੀਂ ਸੋਧ ਕੇ ਸਥਾਪਤ ਕਰਨ ਵਾਲਾ ਸੰਤ ਵੀ ਸੀ ਅਤੇ ਅਜਿਹਾ ਸਿਪਾਹੀ ਵੀ, ਜਿਸ ਦੀ ਤਲਵਾਰ-ਤੁਫੰਗ ਦੀ ਨੀਤੀ ਅਗੇ ਰਾਜਨੀਤਕ ਅਤ-ਵਾਦੀਆਂ, ਰੁਸੇ ਫੌਜੀ ਤੇ ਪੁਲਸ ਅਫਸਰਾਂ, ਹੈਡ-ਗਰੰਥੀਆਂ ਤੋਂ ਲੈ ਕੇ ਮੰਤਰੀ ਪਦ ਦੇ ਉਮੀਦਵਾਰਾਂ ਨੂੰ ਮਨੋਨੀਤ ਕਰਨ ਵਾਲੇ ਜਥੇਦਾਰਾਂ ਨੇ ਝੁਕ ਕੇ ਗੋਡੀਂ ਹੱਥ ਲਾਉਣਾ ਸੀ। ਅਖੀਰ ਇਕ ਦਿਨ ਅਜਿਹਾ ਵੀ ਆਇਆ ਜਦ ਅਕਾਲੀ ਲੀਡਰ-ਸ਼ਿਪ, ਗਰੰਥ ਸਾਹਿਬ ਦੇ ਉਤਾਰੇ ਤੇ ਪ੍ਰਚਾਰ ਕਰਨ ਵਾਲੀ ਸਹਿਜ-ਸੰਸਥਾ— ਦਮ-ਦਮੀ ਟਕਸਾਲ—ਤੋਂ ਆਏ ਅਲ੍ਹੜ-ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਕ੍ਰੋਪੀ ਤੋਂ ਡਰਨ ਲਗ ਪਈ ਜਿਸ ਨੂੰ ਇਸ ਨੇ ਆਪ ਕਦੇ ਹੁਸ਼ਿਆਇਆ ਅਤੇ ਗੁਰੂ ਰਾਮ-ਦਾਸ ਸਰਾਂ (ਮੁਢ ਵਿਚ ਇਹੋ ਨਾਂ ਪ੍ਰਚੱਲਤ ਸੀ) ਵਿਚ ਟਿਕਾਇਆ ਸੀ। ਅਕਾਲੀ ਲੀਡਰਸ਼ਿਪ ਜਿਸ ਵੱਖਰੀ ਸਿਖ ਹੋਮ ਲੈਂਡ ਅਤੇ ਸਿਖਾਂ ਦੇ ਬੋਲ-ਬਾਲੇ ਵਾਲੇ ਸੂਬੇ ਦੀ ਕੱਚੀ-ਪੱਕੀ ਮੰਗ ਤਕ ਪਹੁੰਚਦੀ ਸੀ, ਸੰਤ ਭਿੰਡਰਾਂਵਾਲੇ ਸਮੇਂ ਇਹ ਮੰਗ ਸਿੱਧਾ-ਸਪਸ਼ਟ ਖਾਲਿਸਤਾਨੀ ਨਾਹਰਾ ਬਣ ਕੇ ਉਭਰੀ ਜੋ ਕਿਸੇ 'ਪੜੇ-ਪਾਰਲੀ-ਮੈਂਟਰੀ' ਤੇ 'ਸੜੇ-ਸੰਵਿਧਾਨਕ' ਢੰਗ ਵਿਚ ਯਕੀਨ ਨਹੀਂ ਰਖਦੀ ਸੀ। ਅਕਾਲੀ ਲੀਡਰਸ਼ਿਪ ਦੇ ਮੂੰਹ-ਜ਼ਬਾਨੀ ਅੱਤਵਾਦ ਦੀ ਥਾਂ ਹੁਣ ਬੰਦੂਕ-ਪਿਸਤੌਲ ਵਾਲੇ ਉਗਰਵਾਦ ਨੇ ਲੈ ਲਈ ਸੀ। ਇਸ ਅੱਤਵਾਦ-ਉਗਰਵਾਦ ਦੇ ਮੋਢੇ ਨਾਲ ਇਕ ਖੱਬੇ ਅੱਤਵਾਦ ਨੇ ਮੋਢਾ ਆ ਜੋੜਿਆ।

**ਖੱਬੇ ਅੱਤਵਾਦ ਦਾ ਰੋਲ** :—ਹਰ ਮਨੁਖੀ ਅਮਲ ਦਾ ਸੰਬੰਧ ਮਨ ਨਾਲ, ਮਨੁਖੀ ਸੋਚਣੀ ਨਾਲ ਹੁੰਦਾ ਹੈ। ਇਸੇ ਲਈ ਹਰ ਧਰਮ ਅਤੇ ਰਾਜਨੀਤਕ ਵਾਦ ਨੂੰ ਇਕ ਵਿਚਾਰ ਸੰਘਤਾ ਅਪਨਾਉਣੀ ਅਤੇ ਵਿਕਸਾਉਣੀ ਪੈਂਦੀ ਹੈ। ਵਿਚਾਰ ਸੰਘਤਾ ਧਰਮ ਵਿਸ਼ੇਸ਼ ਦੀ ਹੋਵੇ ਜਾਂ ਰਾਜਨੀਤੀ ਦੀ, ਦਾਰਸ਼ਨਿਕਤਾ ਅਤੇ ਤਰਕ ਨਾਲ ਸੰਬੰਧ ਹੋਣ ਕਾਰਣ ਇਸ ਨੂੰ ਦਰਸ਼ਨ ਜਾਂ ਫਿਲਾਸਫੀ ਜਾ (ਵਿਅਕਤੀ-ਸੰਸਥਾ ਆਦਿਕ ਦੇ ਨਾਂ ਨੂੰ ਅਗੇਤਰ ਵਜੋਂ ਜੋੜ ਕੇ) ਵਾਦ ਵੀ ਕਿਹਾ ਜਾਂਦਾ ਹੈ ਜਿਵੇਂ ਸਿਖਇਜ਼ਮ, ਸੈਕੂਲਰਿਜ਼ਮ ਅਤੇ ਮਾਰਕਸਵਾਦ! ਸਿਧਾਂਤ ਰੂਪ ਵਿਚ ਮਾਰਕਸਵਾਦ

ਵਲ ਪੰਜਾਬ ਨੇ ਗਦਰ ਪਾਰਟੀ ਅਤੇ ਨਾਲ ਹੀ ਇਨਕਲਾਬੀ ਦੇਸ ਭਗਤਾਂ ਰਾਹੀਂ ਰੂਸ ਦੇ ਸਮਾਜਵਾਦੀ ਇਨਕਲਾਬ ਹੁੰਦਿਆਂ ਹੀ ਦੇਖਣਾ ਆਰੰਭ ਕਰ ਦਿਤਾ ਸੀ। ਵੀਹਵਿਆਂ ਤੋਂ ਲਾਲ-ਝੰਡਾ ਬਰਦਾਰ ਕਿਸਾਨ ਤੇ ਕਿਰਤੀ ਜਥੇਬੰਦੀਆਂ ਵੀ ਰਾਜਨੀਤਕ ਖੇਤਰ ਵਿਚ ਉਤਰ ਆਈਆਂ ਸਨ, ਪੰਜਾਵਿਆਂ ਤਕ ਕਿਸਾਨ ਲਹਿਰ ਦੀਆਂ ਸਰਗਰਮ ਮੋਹਰੀ ਰਹੀਆਂ ਸਨ। ਕਿਰਤੀਆਂ ਕਿਸਾਨਾਂ ਦੀਆਂ ਮੰਗਾਂ ਉਮੰਗਾਂ ਲਈ ਲੜਨ ਵਾਲੀ ਅਤੇ ਮਾਰਕਸਵਾਦੀ ਦਰਸ਼ਨ ਨੂੰ ਸਮਾਜਕ ਸ਼ਕਤੀ ਵਿਚ ਬਦਲਣ ਵਾਲੀ ਕਮਿਊਨਿਸਟ ਲਹਿਰ ਤੇ ਪਾਰਟੀ ਬ੍ਰਤਾਨਵੀ ਸਾਮਰਾਜ ਦੀਆਂ ਕਾਨੂੰਨੀ ਪਾਬੰਦੀਆਂ ਅਤੇ ਝੂਠੇ ਸਾਜ਼ਸ਼ ਕੇਸਾਂ ਦੇ ਉਦਰ ਵਿਚ ਲਗਭਗ ਦੋ ਦਹਾਕੇ ਪਲਦੀ ਹੋਈ ਚਾਲੀਵਿਆਂ ਦੇ ਆਰੰਭ ਵਿਚ ਜਨਤਕ ਪੱਧਰ ਤੇ ਬਾਹਰ ਆਈ। ਕੁਝ ਬਾਲ-ਬੁਧ, ਕੁਝ ਜਥੇਬੰਦਕ ਰੂਪ ਵਿਚ ਨਿਤਾਣੀ ਹੋਣ ਕਾਰਣ ਪੰਜ-ਸੱਤ ਵਰ੍ਹੇ ਸਰਕਾਰੀ ਦਮਨ ਸਮੇਤ, ਬੁਰਜੂਆ ਊਜਾਂ ਅਤੇ ਧਾਰਮਿਕ ਫਤਵੇ ਸਹਿੰਦੀ ਹੋਈ ਵੀ ਅਗੇ ਵਧ ਰਹੀ ਸੀ ਕਿ ਦੇਸ ਦੇ ਨਾਲ ਹੀ ਪੰਜਾਬ ਦੀ ਵੰਡ ਹੋ ਗਈ। ਵੰਡ ਤੋਂ ਹੋਏ ਉਜਾੜੇ-ਵਸੇਬੇ ਦੀਆਂ ਸਮਸਿਆਵਾਂ ਕਾਰਣ ਕਿਸਾਨੀ ਦੀਆਂ ਹੇਠਲੀਆਂ ਪਰਤਾਂ ਤਕ ਪੁਜਣ ਵਿਚ ਰੁਕਾਵਟ ਪਈ, ਅਤੇ ਪੰਜਾਬ ਦੀ ਪਹਿਲਾਂ ਹੀ ਅਵਿਕਸਤ ਸੱਨਅਤ ਵਿਚ ਕਿਰਤੀ ਜਥੇਬੰਦੀ ਬਸ ਜਿਊਂਦੀ ਹੀ ਦਿਸਦੀ ਰਹੀ। ਨਾਲ ਹੀ, ਕਮਿਊਨਿਸਟ ਲਹਿਰ ਵਿਚ, ਆਜ਼ਾਦੀ ਦੇ ਪੂਰੀ-ਅਧੂਰੀ; ਰਾਜ-ਸੱਤਾ ਦੇ ਸ਼੍ਰੇਣੀ-ਕਿਰਦਾਰ; (ਇਨਕਲਾਬ ਦੀ ਬਣੀ ਆ ਰਹੀ, ਹਿੰਸਕ ਪ੍ਰੀਭਾਸ਼ਾ ਅਨੁਸਾਰ) ਆਜ਼ਾਦੀ ਇਨਕਲਾਬੀ ਜਾਂ ਸਮਝੌਤੂ ਢੰਗ ਦੀ ਹੈ— ਵਰਗੇ ਕਈ ਸਿਧਾਂਤਕ, ਰਾਜਨੀਤਕ ਅਤੇ ਜਥੇਬੰਦਕ ਪ੍ਰਸ਼ਨ ਅਤੇ ਅੰਤਰ ਦਵੰਦ ਖੜ੍ਹੇ ਹੋ ਗਏ। ਲਹਿਰ ਉਪਰ ਦੁਬਾਰਾ ਦਮਨ ਚੱਕਰ ਚਲਿਆ, ਕਮਿਊਨਿਸਟ ਪਾਰਟੀ ਗੈਰ-ਕਾਨੂੰਨੀ ਕਰਕੇ ਅਤੇ ਇਸ ਨਾਲ ਸੰਬੰਧਤ ਜਥੇਬੰਦੀਆਂ ਦੇ ਵਰਕਰ ਜੇਲ੍ਹਾਂ ਵਿਚ ਸੁਟੇ ਗਏ। ਪਹਿਲਾਂ ਕਦੇ ਨਾ ਦੇਖੀ-ਸੁਣੀ ਸਮੂਹਿਕ ਤੇ ਲੰਮੀ ਭੁਖ ਹੜਤਾਲ ਹੋਈ; ਸਰਕਾਰੀ ਅਦਾਰਿਆਂ ਵਿਚੋਂ ਸੁੰਘ-ਲੱਭ ਕੇ ਕਮਿਊਨਿਸਟ-ਹਮਦਰਦ ਕਢੇ ਜਾਣ ਲਗੇ ਅਤੇ ਵਿਦਿਅਕ ਸੰਸਥਾਵਾਂ ਉਪਰ ਪ੍ਰਗਤੀਸ਼ੀਲ ਤੋਂ ਲੈ ਕੇ ਸਾਇੰਟੇਫਿਕ ਸੋਚ ਉਪਰ ਸਖਤ ਦਬਾਉ ਪਿਆ। ਇਸ ਦੇ ਬਾਵਜੂਦ ਦਬਾਉ ਤੇ ਪਾਬੰਦੀ ਘਟਦਿਆਂ ਹੀ ਦੋ-ਚਾਰ ਵਰ੍ਹਿਆਂ ਵਿਚ ਕਮਿਊਨਿਸਟ ਲਹਿਰ ਇਸ ਯੋਗ ਹੋ ਗਈ ਕਿ 1957 ਵਿਚ ਭਾਰਤ ਦੇ ਸਭ ਤੋਂ ਵਧ ਪੜ੍ਹੇ-ਲਿਖੇ

ਰਾਜ, ਕੇਰਲ ਵਿਚ ਆਪਣੀ ਵਜ਼ਾਰਤ ਸਿਰਜ ਲਵੇ ।

ਭੁਲਣਾ ਨਹੀਂ ਚਾਹੀਦਾ ਕਿ ਸਮਾਜ ਦੇ ਬੁਨਿਆਦੀ ਅਸੂਲਾਂ ਅਨੁਸਾਰ ਜਿਥੇ ਭਾਰਤ ਦੀ ਬੁਰਜੂਆਜ਼ੀ ਆਪਣੇ ਅੰਤਰ ਦਵੰਦਾਂ ਵਿਚ ਫਸੀ ਹੋਈ ਸੀ ਉਥੇ ਆਜ਼ਾਦੀ ਆਉਣ ਤੋਂ ਮਗਰੋਂ ਕਮਿਊਨਿਸਟ ਲਹਿਰ ਵੀ ਦੋ ਮੁਖ ਰੁਚੀਆਂ-ਰੁਝਾਨਾਂ ਵਿਚ ਗ੍ਰਸੀ ਹੋਈ ਸੀ । ਉਂਜ ਤਾਂ ਦੋਹਾਂ ਰੁਝਾਨਾਂ ਵਿਚ ਮਕੈਨਕੀ ਸੋਚ-ਤਰਕ ਦੀ ਪ੍ਰਧਾਨਤਾ ਸੀ ਪਰ ਦੋਵੇਂ ਰੁਝਾਨ ਆਪੋ ਆਪਣੇ ਲੱਛਣਾਂ ਤੇ ਸਿਟਿਆਂ ਦੇ ਕਾਰਣ ਸੋਧਵਾਦੀ ਅਤੇ ਗ੍ਰੰਥਵਾਦੀ (Revisionist and Dogmatic) ਕਹਾਏ । ਰਾਜਨੀਤਕ ਖੇਤਰ ਵਿਚ ਇਕ-ਪਾਸੜ ਅਤੇ ਵੇਰਵੇ ਤਕ ਜਾਣ ਵਾਲੇ ਇਨ੍ਹਾਂ ਦੋਹਾਂ ਕਰੁਚੀਆਂ ਦੇ ਚੰਗੇ ਨਤੀਜੇ ਨਹੀਂ ਨਿਕਲੇ ਤਾਂ ਵੀ, ਆਰਥਕ ਅਤੇ ਰਾਜਨੀਤਕ ਲੋੜਾਂ ਮਜਬੂਰੀਆਂ ਕਾਰਣ ਕਮਿਊਨਿਸਟ ਲਹਿਰ, ਕਾਂਗਰਸ ਦੇ ਅੰਦਰਲੇ ਅੱਤ ਪਿਛਾਖੜ-ਪੱਖ ਦੇ ਗਲਬੇ, ਸਮੁੱਚੀਆਂ ਬੁਰਜੂਆ ਤੇ ਫਿਰਕੂ ਰਾਜਨੀਤੀਆਂ ਵਿਰੁਧ ਲੜਦੀ ਰਹੀ। ਅਖੀਰ, ਅੰਦਰਲੇ ਸਿਧਾਂਤਕ ਅੰਤਰ-ਦਵੰਦਾਂ ਦੇ ਨਾਲ ਚਲਦੀ ਗੁਭਗੁਭਾਹਟ, ਅੱਧ ਪੰਜਾਹਵਿਆਂ ਤੋਂ ਚੀਨ ਨਾਲ ਕਦੇ ਕਦੇ ਹੁੰਦੇ ਸੀਮਾਵਰਤੀ ਝਗੜਿਆਂ ਤੋਂ ਵਧ ਕੇ 1962 ਵਿਚ ਹਿੰਦ-ਚੀਨ ਦੀ ਬਕਾਇਦਾ ਜੰਗ ਹੋ ਜਾਣ ਨਾਲ ਵਧੀ ਅਤੇ 1964 ਵਿਚ ਸਮਾਨਾਂਤਰ ਕਮਿਊਨਿਸਟ ਪਾਰਟੀ (ਮਾਰਕਸੀ) ਦੇ ਹੋਂਦ ਵਿਚ ਆਉਣ ਨਾਲ ਫੁਟ ਨਿਕਲੀ । ਕਮਿਊਨਿਸਟ ਲਹਿਰ ਦੀ ਮੁਢਲੀ ਜਥੇਬੰਦੀ ਆਪਣੀ ਰਾਜਨੀਤਕ ਲਾਈਨ ਨੂੰ ਨਿਰੰਤਰ ਅਤੇ ਜਥੇਬੰਦੀ ਦੀ ਮੁੜ ਕਤਾਰਬੰਦੀ ਕਰ ਹੀ ਰਹੀ ਸੀ ਕਿ ਕਮਿਊਨਿਸਟ ਪਾਰਟੀ (ਮਾਰਕਸੀ) ਵਿਚੋਂ ਵਧੇਰੀ ਗਰੰਥਵਾਦੀ ਪਹੁੰਚ ਵਾਲੀ ਤੀਜੀ ਕਮਿਊਨਿਸਟ ਪਾਰਟੀ (ਨਕਸਲਬਾੜੀ) ਹੋਂਦ ਵਿਚ ਆਈ ਜੋ ਪਹਿਲਾਂ ਦੀਆਂ ਦੋਹਾਂ ਕਮਿਊਨਿਸਟ ਪਾਰਟੀਆਂ ਤੋਂ ਵਧੇਰੇ ਇਨਕਲਾਬੀ ਅਤੇ ਖੱਬੇਪੱਖੀ ਹੋਣ ਦਾ ਦੰਮ ਭਰਦੀ ਸੀ ਅਤੇ ਅੱਤਵਾਦੀ ਸੋਚ ਤੇ ਵਿਅਕਤੀਗਤ ਹਿੰਸਾ ਤੇ ਧਰਕਾਊਪਣ ਦੀ ਲਖਾਇਕ ਸੀ । ਪੰਜਾਹਵਿਆਂ ਵਿਚ ਭੂ-ਦਾਨ ਵਿਚ ਮਿਲੀਆਂ ਬੰਜਰ ਤੇ ਰੱਕੜ ਜ਼ਮੀਨਾਂ ਤੋਂ ਲੈ ਕੇ ਅਸੀਵਿਆਂ ਤਕ ਹੋਏ ਜ਼ਮੀਨੀ ਸੁਧਾਰਾਂ ਅਤੇ 'ਹਰੇ ਇਨਕਲਾਬ' ਦਾ ਚੰਗਾ ਅਸਰ ਪੱਛਮੀ ਬੰਗਾਲ (ਜਿਥੋਂ ਕਿ ਨਕਸਲੀ ਲਹਿਰ ਉਠੀ ਸੀ), ਬਿਹਾਰ ਆਦਿਕ ਦੀ ਉਪਜ ਤੇ ਨਹੀਂ ਸੀ ਪਿਆ ਸਗੋਂ ਹੇਠਲੀ ਤੇ ਬੇ-ਜ਼ਮੀਨੀ ਕਿਸਾਨੀ ਦੀਆਂ ਪਰਤਾਂ ਗਰੀਬੀ ਦੀ ਰੇਖਾ ਤੋਂ ਹੇਠਾਂ ਜਾ ਰਹੀਆਂ ਸਨ । ਪੰਜਾਬ ਵਿਚ ਨਕਸਲੀ

ਲਹਿਰ ਦਾ ਅਸਰ ਵਧੇਰੇ ਕਰਕੇ ਮੱਧ ਸ਼੍ਰੇਣੀ ਕਿਸਾਨੀ ਦੇ ਪੜ੍ਹੇ ਲਿਖੇ ਯੁਵਕ ਵਰਗ ਉਪਰ ਵਧੇਰੇ ਪਿਆ। ਅਵਿਕਸਤ ਪੰਜਾਬੀ ਉਦਯੋਗ ਦੀਆਂ ਬਹੁ-ਪੱਖੀ ਆਰਥਕ ਤੇ ਜਥੇਬੰਦਕ ਸਮਸਿਆਵਾਂ ਕਾਰਣ ਪੰਜਾਬੀ ਵਿਚ ਨਕਸਲੀ ਵਰਕਰਾਂ ਨੇ ਪੱਛੜੇ ਇਲਾਕਿਆਂ ਅਤੇ ਕਿਸਾਨੀ ਦੀਆਂ ਹੇਠਲੀਆਂ ਪਰਤਾਂ ਨੂੰ ਧਿਆਨ ਵਿਚ ਰਖਿਆ। ਕਿਸਾਨੀ ਦੀ ਆਪ-ਮੁਹਾਰੀ ਮਾਨਸਿਕਤਾ, ਅਤੇ ਅਸਪਸ਼ਟ ਨੀਤੀ ਨੂੰ ਪੰਜਾਬ ਦੀਆਂ ਹਾਲਤਾਂ ਵਿਚ ਢਾਲਣ ਅਤੇ ਹੋਰ ਜਥੇਬੰਦਕ ਘਾਟਾ ਕਾਰਣ ਇਸ ਲਹਿਰ ਵਲੋਂ ਜਿਹੜੇ ਵੀ ਯਰਕਾਊ ਅਮਲ ਜਾਂ ਕਾਰੇ ਕੀਤੇ ਗਏ ਉਸ ਨਾਲ ਜਨਤਕ ਆਧਾਰ ਬਣਨ ਦੀ ਥਾਂ ਇਹ ਕਾਰੇ ਨੇੜਲੇ ਤੇ ਸਾਹਮਣੇ ਆਈ ਧਨੀ ਕਿਸਾਨੀ, ਭ੍ਰਸ਼ਟ ਵਿਅ-ਕਤੀਆਂ ਅਤੇ ਪੁਲਸ ਨਾਲ ਭਿੜ ਗਏ। ਸਪਸ਼ਟ ਹੈ ਕਿ ਪੰਜਾਬ ਵਿਚ ਧਨੀ ਕਿਸਾਨੀ ਉਪਰ ਟੇਕ ਰਖਣ ਵਾਲੀ ਅਕਾਲੀ ਵਜਾਰਤ ਸਮੇਂ ਨਕਸਲੀ ਵਰਕਰ ਝੂਠੇ-ਸੱਚੇ ਪੁਲਿਸ ਮੁਕਾਬਲਿਆ ਵਿਚ ਮਾਰੇ ਗਏ ਸਨ। ਇਨ੍ਹਾ ਵਿਚੋਂ ਕੁਝ ਅੰਸ਼ ਸਨ ਜੋ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਆ ਰਲੇ ਸਨ। (ਗਿਣਤੀ ਦੇ ਅੱਤ ਖੱਬੇ ਪੱਖੀ ਲਿਖਾਰੀ ਅਤੇ 'ਅਕਾਦਮਿਕ ਬੁਧੀਜੀਵੀ' ਇਨ੍ਹਾਂ ਦੀ ਨੀਤੀ ਅਤੇ ਅਮਲਾ ਦਾ ਕਿਵੇਂ ਮੂਲਵਾਦੀ ਸਿਧਾਤੀਕਰਨ ਕਰ ਰਹੇ ਸਨ—ਇਸ ਸੰਬੰਧੀ ਅਗੇ ਚਰਚਾ ਕੀਤੀ ਜਾਏਗੀ)।

ਉਗਰਵਾਦੀ ਮੋਰਚੇ ਵਿਚ ਭਿੰਡਰਾਂਵਾਲੇ ਦਾ ਨਾਂ— ਪਤਾ ਨਹੀਂ, ਸਿਖ ਸਿਆਸਤ ਦੇ ਧੜਿਆ ਦੀ ਮਜਬੂਰੀ, ਕਾਂਗਰਸ ਤੋਂ ਲੈ ਕੇ ਬਹੁਤੀਆਂ ਰਾਜਨੀਤਕ ਪਾਰਟੀਆਂ ਦੀਆ ਆਸਾਂ-ਮਸਲਿਹਤਾਂ ਅਤੇ ਦੇਸੀ-ਬਦੇਸੀ ਪ੍ਰੈਸ ਜਾਂ ਪ੍ਰਤੀ-ਜਾਸੂਸੀਆਂ ਕਾਰਣ—ਬਹੁਤਾ ਉਭਰਿਆ। ਪਰ ਦਿਸ ਰਿਹਾ ਸੀ ਕਿ ਇਸ ਮੋਰਚੇ ਵਿਚ ਵੱਖ-ਵਖਰੇ ਨਾਵਾਂ, ਰੂਪਾਂ, ਪ੍ਰੇਰਨਾ-ਸ੍ਰੋਤਾਂ, ਮਾਲੀ ਵਸੀਲਿਆਂ, ਕਾਰਜ-ਖੇਤਰਾਂ ਅਤੇ ਦੋਖੀਆ ਦੀਆਂ ਲਿਸਟਾਂ ਵਾਲੇ ਜਥੇ, ਗੁੱਟ ਤੇ ਟੋਲੀਆਂ ਸਨ ਜੋ ਇਕ ਤੋਂ ਇਕ ਵਧ ਕੇ ਨਾਹਰੇ ਦੇਂਦੇ, ਕਤਲ-ਕਾਰੇ ਕਰਦੇ ਆਪੋ ਵਿਚ ਵੀ ਭਿੜੀ ਜਾ ਰਹੇ ਸਨ। ਹੁਣ ਅਕਾਲੀ ਸਿਆਸਤ ਕੋਲੋਂ ਸਿਖਾਂ-ਸੰਗ-ਪੰਜਾਬ ਦੇ ਹਿਤਾਂ ਦੀ ਸੌਦੇਬਾਜੀ ਲਈ ਵਿਢੀ ਲੜਾਈ ਦੀ ਕਮਾਨ ਆਪਣੇ ਹਥ ਵਿਚ ਲੈ ਕੇ ਅੱਤਵਾਦੀ ਖਾਲਿਸਤਾਨ ਬਨਾਉਣ ਲਈ ਨਿੱਤਰ ਪਏ ਸਨ। ਉਗਰਵਾਦੀ ਇਸ ਦੌਰ ਵਿਚ, ਜਿਥੇ ਗੋਲਕੀ, ਜਥੇਬੰਦਕ ਅਤੇ ਵਜਾਰਤੀ ਅਕਾਲੀ ਧੜੇ ਇਕ ਪਾਸੇ ਇਕ ਦੂਜੇ ਨੂੰ ਮਾਤ ਦੇਣ ਲਈ; ਦਰਬਾਰ

ਸਾਹਿਬ ਅਤੇ ਸਿਖੀ ਦੇ ਬਾਹਰਲੇ ਘੇਰੇ ਤੋਂ ਹਰਿਮੰਦਰ ਅਤੇ ਸਿਆਸਤ ਦੇ ਮੋਹਰੀ ਬਣਨ ਵਲ ਹੱਲਾ-ਸ਼ੇਰੀ ਦੇ ਰਹੇ ਸਨ, ਦੂਜੇ ਪਾਸੇ ਸੂਬਕ ਸਰਕਾਰ ਨੂੰ ਤੋੜਨ ਦੀ ਮਗ ਕੇਂਦਰੀ ਸਰਕਾਰ ਕੋਲੋਂ ਕਰ ਰਹੇ ਸਨ। ਇੱਕਾ ਦੁੱਕਾ ਕਤਲ ਵਾਰਦਾਤਾਂ ਵਧ ਰਹੀਆਂ ਸਨ। ਮੁਖ-ਮੰਤਰੀ ਉਪਰ ਹਥ ਚੁਕਣ ਤੋਂ ਲੈ ਕੇ ਪੁਲਿਸ ਅਫਸਰਾਂ ਦੇ ਕਤਲ ਵੀ ਹੋਣ ਲਗੇ। ਉਗਰਵਾਦ ਕਿਵੇਂ ਮੂਲਵਾਦੀ ਮਾਨਸਿਕਤਾ ਦੀਆਂ ਨੀਹਾਂ ਤੇ ਉਸਰਦਾ ਹੈ, ਇਹ ਜਾਣਨ ਲਈ ਸਾਨੂੰ ਯਾਦ ਕਰਨਾ ਪਵੇਗਾ ਕਿ ਹਿੰਸਕ ਘਟ-ਨਾਵਾਂ ਨੇ ਉਗਰਵਾਦ ਵਲ ਮੁਹਾਰਾਂ, ਬੀੜੀ ਸਿਗਰਟ ਨੂੰ ਜ਼ੋਰੀਂ ਬੰਦ ਕਰਨ ਵਰਗੀਆਂ ਮਾਮੂਲੀ ਕਾਰਵਾਈਆਂ ਨਾਲ ਮੋੜੀਆਂ ਸਨ। ਸਮਾਜ ਵਿਚ ਖਲੋਤ ਅਤੇ ਨਿਰਾਸ਼ਾਜਨਕ ਹਾਲਤਾਂ ਵਧਣ ਨਾਲ ਅਪਸਾਰੀ ਲੋਕ ਬਿਰਤੀ ਜਗਰਾਤੇ, ਅਖੰਡ ਜਾਂ ਖੰਡਤ ਕੀਰਤਨ ਕਰਦਿਆਂ ਕਈ ਵਾਰ 'ਕਰਨੀ ਵਾਲੇ ਸੰਤਾਂ-ਬਾਬਿਆਂ' ਦੇ ਚਰਨੀ ਜਾ ਲਗਦੀ ਹੈ। ਇਸੇ ਲਈ ਪੰਜਾਹਵਿਆਂ ਤੋਂ, ਜਨਤਾਂ ਵਿਚ ਸੁੱਖਣਾ ਲਾਹੁਣ ਤੋਂ ਲੈ ਕੇ ਨੱਕ ਉੱਚਾ ਰਖਣ ਲਈ ਕੀਰਤਨ-ਜਗਰਾਤੇ ਅਰੁਕ ਲਾਊਡ-ਸਪੀਕਰੀ ਕੁਲਾਹਲ ਦਾ ਰੂਪ ਹੀ ਨਹੀਂ ਧਾਰ ਸਨ ਬੈਠੇ ਸਗੋਂ ਸੱਤਰਵਿਆਂ ਤਕ, ਰਾਜਨੀਤਕ ਖੇਤਰ ਦੇ ਸਮਾਨਾਂਤਰ ਕਈ ਡੇਰੇ ਤੇ ਸੰਤੀਆਂ-ਸੇਵਕੀਆਂ ਚਲ ਰਹੀਆਂ ਸਨ, ਚੁਪ-ਚੁਪੀਤਿਆਂ ਵੋਟਿੰਗ-ਬੈਂਕ ਬਣ ਰਹੀਆਂ ਸਨ। ਅਜਿਹੀ ਹੀ ਇਕ ਨਿਰੰਕਾਰੀ, ਸਿੱਖੀ-ਸੇਵਕੀ ਜੋ 'ਸਿਖ ਸਿਆਸਤ' ਅਤੇ ਸਿੰਘ-ਸਭਾ ਦੀ ਰੋਕ-ਟੋਕ ਤੋਂ ਬਿਨਾਂ ਕਈ ਵਰ੍ਹਿਆਂ ਤੋਂ ਪਣਪ ਰਹੀ ਸੀ। ਜਾਂ ਤਾਂ ਏਨੇ ਚਿਰ ਮਗਰੋਂ ਨਿਰੰਕਾਰੀ ਸਿਖੀ-ਸੇਵਕੀ ਦੀ ਗੁਰਬਾਣੀ ਅਤੇ ਗੁਰ-ਮਰਯਾਦਾ ਦੀਆਂ ਕਰੁਚੀਆਂ-ਕੁਰਹਿਤਾਂ ਦਿੱਸ ਪਈਆਂ ਸਨ ਜਾਂ ਪਹਿਲਾਂ ਦੀ ਚੁਪ-ਚੁਪੀਤੀ ਵਫਾਦਾਰੀ ਵਿਚ ਫਰਕ ਆ ਗਿਆ ਸੀ ਕਿ ਸੱਤਰਵਿਆਂ ਦੇ ਅੰਤ ਤਕ ਇਸ ਨਿਰੰਕਾਰੀ ਸੰਤੀ-ਸੇਵਕੀ ਦੀ ਸਖਤ ਵਿਰੋਧਤਾ ਆਰੰਭ ਹੋ ਗਈ ਜੋ ਹੋਰ ਮਗਰੋਂ ਇਕ ਰੋਸ-ਪ੍ਰਦਰਸ਼ਨ ਦੇ ਕਾਰਣ ਅਤੇ ਨਿਰੰਕਾਰੀਆਂ ਦੇ ਸਨਧਬੱਧ ਮੁਕਾਬਲੇ ਕਾਰਣ ਖ਼ੂਨੀ-ਕਾਂਡ ਵਿਚ ਬਦਲ ਗਈ। ਇਸ ਨਾਲ ਪੱਕੇ ਤੋਂ ਲੈ ਕੇ ਕੱਟੜ ਸਿਖ ਜਥਿਆਂ ਦੀਆਂ ਰੋਸ ਅਤੇ ਬਦਲੇ ਦੀਆਂ ਕਾਰਵਾਈਆਂ ਆਰੰਭ ਹੋ ਗਈਆਂ ਜਿਨ੍ਹਾਂ ਵਿਚ ਪੇਸ਼-ਪੇਸ਼ ਭਿੰਡਰਾਂਵਾਲੇ ਦਾ ਗੁੱਟ ਸੀ। ਇਨ੍ਹਾਂ ਹੀ ਦਿਨਾਂ ਵਿਚ ਮੂਲਵਾਦੀ ਵਿਚਾਰ ਅਤੇ ਉਗਰਵਾਦੀ ਕਾਰੇ ਕੁਝ ਇੰਜ ਓਤ-ਪੋਤ ਹੋ ਕੇ ਵਧੇ ਕਿ ਇਕ ਪਾਸੇ ਅਕਾਲੀ ਲੀਡਰਸ਼ਿਪ ਬੋਦੀ-ਨਕਾਰੀ ਸਿੱਧ ਹੋ ਕੇ ਆਪ

ਹਿੱਟ ਲਿਸਟ ਉਪਰ ਆਉਣ ਲਗੀ, ਦੂਜੇ ਪਾਸੇ ਮੂਲਵਾਦ-ਉਗਰਵਾਦ, ਖਾਲਿਸਤਾਨ ਲਈ ਸੰਘਰਸ਼ ਦੇ ਰੂਪ ਵਿਚ ਅਜਿਹੇ ਉਭਰੇ ਕਿ ਧੁਰ ਉਪਰੋਂ ਕਿਸੇ ਅੰਤਰ-ਦੇਸੀ (ਪਾਕਿਸਤਾਨੀ) ਅਤੇ ਅੰਤਰ-ਰਾਸ਼ਟਰੀ ਰਾਜਨੀਤਕ ਹਿਤ ਇਸ ਉਭਾਰ ਲਈ ਨਾਲ ਆ ਜੁੜੇ ।

**ਮੂਲਵਾਦ-ਉਗਰਵਾਦ ਦੇ ਅੰਤਰ-ਰਾਜੀ,ਅੰਤਰ-ਰਾਸ਼ਟਰੀ ਪਰਿਖੇਪ :—**
(1)ਦੇਸ ਦੀ ਵੰਡ ਨਾਲ ਦਿੱਲੀ,ਉਤਰ ਪ੍ਰਦੇਸ(ਦੇ ਚਾਰ-ਪੰਜ ਵਡੇ ਸ਼ਹਿਰਾਂ, ਅੱਠ-ਨੌਂ ਨਿੱਕੇ ਸ਼ਹਿਰਾਂ ਅਤੇ ਤਰਾਈ ਦੇ ਇਲਾਕਿਆਂ),ਮੱਧ ਪ੍ਰਦੇਸ ਦੇ ਉਦਯੋਗਿਕ ਕੇਂਦਰ ਤੇ ਬੰਬਈ ਆਦਿਕ ਸ਼ਹਿਰਾਂ ਵਿਚ ਸਿੱਖਾਂ ਸਮੇਤ ਪੰਜਾਬੀਆਂ ਦੀ ਵੱਸੋਂ ਵਧੀ । ਨਾਂਦੇੜ (ਹਜ਼ੂਰ ਸਾਹਿਬ) ਅਤੇ ਪਟਨੇ ਦੇ ਗੁਰੂ-ਧਾਮਾਂ ਦੀ ਮਹਿਮਾਂ ਵੀ ਵਧੀ । ਵੱਸੋਂ ਦਾ 75 ਤੋਂ 80 ਪ੍ਰਤੀਸ਼ਤ ਭਾਗ ਪੰਜਾਬੀ ਹੋਣ ਕਾਰਣ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਤਾਂ ਪੰਜਾਬ ਦੇ ਕਿਸੇ ਵੀ ਨਗਰ ਨਾਲੋਂ ਵਧ ਪੰਜਾਬੀ ਵੱਸੇ ਹੋਏ ਹਨ । ਦਿੱਲੀ ਅਤੇ ਨਾਂਦੇੜ ਗੁਰਦੁਆਰਿਆਂ ਦੇ ਬਜਟ ਦੋ-ਦੋ ਕਰੋੜ ਰੁਪਏ ਸਾਲਾਨਾ ਤਕ ਪੁੱਜੇ ਹੋਏ ਹਨ । ਪੰਜਾਬ ਵਿਚ ਕੇਂਦਰੀਕ੍ਰਿਤ ਅਕਾਲੀ ਲੀਡਰਸ਼ਿਪ ਸੰਸਾਰ ਭਰ ਦੇ ਸਿੱਖਾਂ ਅਤੇ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਨਿਰਣਾਇਕ ਸਰਦਾਰੀ ਦੀ ਇੱਛਾਵਾਨ ਰਹੀ ਹੈ ਜਦ ਕਿ ਪੰਜਾਬੋਂ ਬਾਹਰ ਦੇ ਗੁਰਦੁਆਰਾ-ਪ੍ਰਬੰਧਾਂ ਅਤੇ ਸਿੱਖ ਸਮਾਜਾਂ ਦਾ ਆਧਾਰ ਸਥਾਨਕ ਵਸੋਂ ਅਤੇ ਸੰਬੰਧਤ ਰਾਜਾ-ਰਾਜਨੀਤੀਆਂ ਨਾਲ ਰਿਹਾ ਹੈ ਇੰਜ ਸਥਾਨਕ ਅਤੇ ਕੇਂਦਰੀ ਸਿਖ ਨੀਤੀਆਂ ਦੇ ਕੁਝ ਹਿਤ ਵਖਰੇ ਹੋਏ । ਸਥਾਨਕ ਇਕ-ਜੁੱਟਤਾ ਅਨੁਸਾਰ ਉਪ੍ਰੋਕਤ ਸਿੱਖ-ਕੇਂਦਰ ਜਾਂ ਸੰਗਤਾਂ, ਕੇਂਦਰ ਤੋਂ ਨਾਬਰ ਹੁੰਦੀਆਂ ਰਹੀਆਂ ਹਨ ਅਤੇ ਸਥਾਨਕ ਧੜੇਬੰਦੀ ਅਤੇ ਕੇਂਦਰੀ (ਪੰਜਾਬੀ) ਅਕਾਲੀ ਨੀਤੀ ਅਨੁਸਾਰ ਪ੍ਰਭਾਵਤ ਵੀ ਹੁੰਦੀਆਂ ਰਹੀਆ ਹਨ । ਦਿੱਲੀ ਵਿਚ ਤਾਂ ਸਥਾਨਕ ਸਿਖ-ਰਈਸਸ਼ਾਹੀ ਦੀ ਆਸ਼ੀਰਵਾਦ ਨਾਲ ਸਮਾਨਾਤਰ ਅਕਾਲੀ ਦਲ ਵੀ ਮਾਸਟਰ ਤਾਰਾ ਸਿੰਘ ਦੇ ਨਾਂ ਤੇ ਸਥਾਪਤ ਹੋਇਆ । ਇਸ ਦੇ ਬਾਵਜੂਦ ਪੰਜਾਹ-ਵਿਆਂ ਤੋਂ ਲੈ ਕੇ ਆਨੰਦਪੁਰ ਸਾਹਿਬ ਦੇ ਮਤੇ ਤਕ ਪੰਜਾਬ ਤੋਂ ਬਾਹਰ ਦੇ ਸਿੱਖ-ਕੇਂਦਰਾਂ ਉਪਰ ਅਕਾਲੀ ਪ੍ਰਭਾਵ ਕਾਇਮ ਰਿਹਾ, ਵੱਖਵਾਦ ਤੇ ਉਗਰਵਾਦ ਦੇ ਵਧਣ ਨਾਲ ਧੁੰਦਲਾਹਟ ਅਤੇ ਦੁਚਿੱਤੀ ਵੀ ਵਧੀ ਅਤੇ ਦੋਖੀ ਵਾਤਾਵਰਣ ਤੇ ਸਥਾਨਕ ਪ੍ਰੈਸ ਦੀ ਸ਼ੋਸੇਬਾਜ਼ੀ ਕਾਰਣ ਰੁਸੇਵਾਂ ਅਤੇ ਚਿੜਚਿੜਾਪਣ ਆਇਆ ਇਸ ਨਾਲ ਰਾਸ਼ਟਰੀ

ਇਕਜੁਟਤਾ ਵਿਚ ਘਾਟ ਅਤੇ ਸਿਖ ਸਮੁਦਾਵਾਂ ਦੇ ਵਸੇਬੇ ਵਾਲੇ ਸਥਾਨਾਂ ਨਾਲ ਨਖੇੜ ਵਧਿਆ। ਇਹ ਮਾਨਸਿਕਤਾ ਵਖਵਾਦ ਦੇ ਅਨੁਕੂਲ ਸੀ।

(2) ਆਜ਼ਾਦੀ ਪਿਛੋਂ ਆਰਥਕ ਹਾਲਾਤ ਦੀ ਖਰਾਬੀ ਕਾਰਣ ਅਤੇ ਦੂਜੀ ਜੰਗ ਉਪ੍ਰੰਤ ਚਲ ਰਹੀ ਮੁੜ ਉਸਾਰੀ ਕਾਰਣ ਪੰਜਾਬ ਵਿਚੋਂ, ਘਟ ਅਤੇ ਮੁੜ-ਮੁੜ ਵੰਡੀਂਦੀ ਜ਼ਮੀਨ ਕਾਰਣ, ਮਾਝੇ ਤੇ ਦੁਆਬੇ 'ਚੋਂ ਬਹੁਤ ਸਾਰੇ ਅਧਪੜ੍ਹ-ਅਨਪੜ੍ਹ ਸਿਖ ਲੇਬਰ ਵਾਊਚਰ ਲੈਕੇ ਇੰਗਲੈਂਡ ਜਾ ਪੁਜੇ। ਮਿਹਨਤ-ਭੂੜੀ ਕਰਦੇ ਪਹਿਲਾਂ ਤਾਂ ਜ਼ਮੀਨਾਂ ਕਰਜ਼ੇ ਹੇਠੋਂ ਛੁੜਾਉਂਦੇ ਤੇ ਹੋਰ ਜ਼ਮੀਨਾਂ ਖਰੀਦਦੇ ਪਿੱਛੇ ਵਲ ਤਕਦੇ ਰਹੇ। ਫੇਰ, ਪੜ੍ਹੇ-ਲਿਖੇ ਵੀ, (ਉਥੋਂ ਦੀ ਲੇਬਰ ਮਾਰਕੀਟ ਵਿਚ ਸੰਕਟ ਆਉਣ ਅਨੁਸਾਰ ਵਧ-ਦੀਆਂ ਆਵਾਸੀ ਪਾਬੰਦੀਆਂ ਦੇ ਬਾਵਜੂਦ) ਸੱਠਵਿਆਂ ਤਕ 8-10 ਲਖ ਦੀ ਗਿਣਤੀ ਤਕ ਪਹੁੰਚ ਕੇ, ਪਿਛੇ ਦਾ ਖਿਆਲ ਛਡ ਕੇ ਉਥੇ ਹੀ ਵੱਸਣ-ਡਟਣ ਲਗੇ। ਪ੍ਰਵਾਸੀ ਸਿੱਖਾ ਦੀ ਕਿਰਤ ਨਾਲ ਸੰਬੰਧਤ ਗਿਣਤੀ ਦਾ ਸੁਚੇਤ ਹਿੱਸਾ, ਬ੍ਰਤਾਨੀਆ ਦੀ ਲੇਬਰ-ਪਾਰਟੀ (ਖੱਬੇ ਧੜੇ) ਵਲ ਝੁਕਾ ਰਖਦਾ ਸੀ ਪਰ ਉਥੇ ਪਹੁੰਚ ਕੇ ਮਿਲੀ ਮਜ਼ਦੂਰੀ ਵਿਚੋਂ ਆਪਣੇ ਜੋੜੂ ਤੇ ਸੰਜਮੀ ਸੁਭਾ ਅਨੁਸਾਰ ਰਾਠ ਅਤੇ ਨਿੱਕ-ਬੁਰਜੂਆ ਸੰਸਕਾਰਾਂ ਜਾਂ ਸੰਤੀ-ਸੇਵਕੀ ਵਿਚ ਗੁਸੇ ਸਿਖਾਂ ਨੇ ਗੁਰਦੁਆਰਿਆਂ ਨੂੰ ਮੇਲ-ਗੇਲ ਦੇ ਸਥਾਨ ਤੋਂ ਲੈ ਕੇ ਨਿੱਜੀ ਤੇ ਧੜੇਬੰਦਕ ਝਗੜਿਆਂ ਦਾ ਅੱਡਾ ਬਣਾ ਕੇ, ਜਾਤਾਂ-ਗੋਤਾਂ ਅਨੁਸਾਰ ਬਣਾ-ਵੰਡ ਲਿਆ। ਸਪਸ਼ਟ ਹੈ ਕਿ ਇਕ ਹਿੱਸਾ ਸ਼੍ਰੇਣੀ-ਜਾਗ੍ਰਤੀ ਤੋਂ ਆਰੰਭ ਹੋ ਕੇ ਸਾਮਰਾਜ ਵਿਰੋਧੀ ਹੋ ਕੇ ਵੀ ਗੋਰੇ-ਕਿਰਤੀਆਂ ਸੰਗ ਏਕਤਾ ਰਾਹੀਂ ਲੋਕ-ਸਭਿਆਚਾਰ ਦਾ ਹਿੱਸਾ ਬਣਦਾ ਸੀ। ਦੂਜਾ ਭਾਗ ਕੇਵਲ ਨਕਾਰਵਾਦੀ (Negationist) ਵਤੀਰਾ ਅਪਨਾ ਕੇ ਪੂਰੇ ਗੋਰੇ ਸਮਾਜ ਪ੍ਰਤੀ ਘ੍ਰਿਣਾ ਨੂੰ ਦਿਲ ਵਿਚ ਵਸਾਉਂਦਾ ਸੀ, ਸਿੱਖੀ ਪ੍ਰਤੀ ਕੱਟੜਵਾਦੀ ਹੋ ਨਿਬੜਦਾ ਸੀ ਅਤੇ ਵਾਕਾਂ ਤੋਂ ਬਾਹਰ ਹੁੰਦੀ ਜਾਂਦੀ ਆਸ-ਔਲਾਦ ਦੇ ਸੁਧਾਰ ਦਾ ਰਾਹ ਆਪਣੇ ਪੁਰਾਤਨ-ਪੰਥੀ ਧਾਰਮਿਕ ਸੰਕਲਪਾਂ ਵਿਚੋਂ ਲਭਦਾ ਸੀ। ਇਸ ਭਾਂਤ ਦੇ ਲੋਕਾਂ ਉਪਰ ਵਹਿਮ-ਭਰਮ ਤੋਂ ਲੈ ਕੇ ਪੰਜਾਬ ਤੋਂ ਜਾਂਦੇ ਸੰਤਾਂ, ਰਾਗੀਆਂ ਤੇ ਨਾਹਰੇਬਾਜ਼ ਪੰਥਕ ਲੀਡਰਾਂ ਦਾ ਅਸਰ ਵਧੇਰੇ ਹੁੰਦਾ ਸੀ।

ਇੰਗਲੈਂਡ ਵਿਚ ਭਾਰਤੀਆਂ ਦੇ ਆਵਾਸ ਦੀ ਤੰਗੀ ਹੋਣ ਨਾਲ, ਇੰਗਲੈਂਡ ਵਿਚ ਆਉਣੋਂ ਰੁਕੇ ਸਿਖ, ਪੱਛਮੀ ਜਰਮਨੀ ਅਤੇ ਪੱਛਮੀ ਯੂਰਪੀ ਦੇਸਾਂ ਵਿਚ ਗੈਰ-

ਕਾਨੂੰਨੀ ਢੰਗਾਂ ਨਾਲ ਰੁਕਣ-ਟਿਕਣ ਅਤੇ ਸਕੈਂਡੇਨੇਵੀਅਨ ਦੇਸਾਂ ਵਿਚ ਖਿਲ-ਰਨ ਲਗੇ—ਰੋਜ਼ਗਾਰ ਦੀ ਤੱਕ ਵਿਚ ਨਿਕਲੇ ਹਜ਼ਾਰਾਂ ਪਾਕਿਸਤਾਨੀਆ ਦਾ ਵੀ ਇਹੋ ਹਾਲ ਸੀ । ਕੈਨੇਡਾ ਅਤੇ ਅਮਰੀਕੀ ਦੇਸਾਂ ਵਲ ਸੱਠਵਿਆਂ ਦੇ ਆਰੰਭ ਤੋਂ ਪੰਜਾਬੀ ਸਿਖ ਯੁਵਕਾਂ, ਨੇ ਧਾਈ ਧਰੀ ਸੀ ਅਤੇ ਗਦਰ ਪਾਰਟੀ ਸਮੇਂ ਦੇ ਪੁਰਾਣੇ ਸਿਖ ਕੇਂਦਰਾਂ ਤੋਂ ਕਿਤੇ ਵਧ ਕਈ ਛੋਟੇ ਵਡੇ ਨਗਰਾਂ ਵਿਚ ਫੈਲ ਗਏ ਸਨ । ਇਹ ਲੋਕ ਪੜ੍ਹੇ ਲਿਖੇ ਸਨ । ਲਹਿਰ ਦੇ ਢਲ ਜਾਣ ਮਗਰੋਂ ਨਿਰਾਸ ਹੋ ਕੇ ਕੁਝ ਨਕਸਲੀ ਸੰਪਰਕ ਉਥੇ ਜਾ ਪੁੱਜੇ ਸਨ । ਕਈ ਰਾਜਨੀਤਕ ਰੰਗ ਬਦਲ ਕੇ ਅੱਤ ਦੀਆਂ ਗੱਲਾਂ ਕਰਦਾ, ਜਗਜੀਤ ਸਿੰਘ ਚੌਹਾਨ, ਸੱਠਵਿਆਂ ਵਿਚ ਅਮਰੀਕਾ ਪਹੁੰਚ ਕੇ ਛੋਟੇ-ਮੋਟੇ ਸਹਿਰਾਂ ਵਿਚ ਖਾਲਿਸਤਾਨ ਬਨਾਉਣ ਦੀ ਬਿਆਨਬਾਜ਼ੀ ਆਰੰਭ ਕਰ ਚੁਕਾ ਸੀ । ਸੱਤਰਵਿਆਂ ਵਿਚ ਉਸ ਨੇ ਵਖ-ਵਖ ਦੇਸਾਂ ਦੇ ਆਵਾਸੀ ਕਾਨੂੰਨਾਂ ਅਤੇ ਹਾਲਤਾਂ ਅਨੁਸਾਰ ਰੁਕੇ-ਟਿਕੇ ਸਿਖਾਂ ਵਿਚ ਹਵਾ ਬਨਾਉਣ ਦਾ ਯਤਨ ਕੀਤਾ । ਜਿਵੇਂ, ਪੱਛਮੀ ਜਰਮਨੀ ਦੇ ਖੁਲ੍ਹੀ ਰਾਜਨੀਤਕ ਸਰਨ ਦੇ ਕਾਨੂੰਨ ਤੋਂ ਲਾਹਾ ਲੈ ਕੇ ਆਵਾਸ ਲਈ ਰੁਕੇ ਹਜਾਰਾਂ ਯੁਵਕਾਂ ਨੂੰ ਖਾਲਿਸਤਾਨੀ ਦੱਸ ਕੇ ਰਾਜਨੀਤਕ ਸਰਨ ਲੈਣ ਵਿਚ ਸਹਾ-ਇਤਾ ਕੀਤੀ । ਇੰਦਰਾ ਗਾਂਧੀ ਦੇ ਮੁੜ ਪ੍ਰਧਾਨ-ਮੰਤਰੀ ਬਣਨ ਮਗਰੋਂ ਪੰਜਾਬ ਦੀ ਅਕਾਲੀ-ਭਾਜਪਾ-ਜਨਤਾ ਕੋਲੀਸਨ ਸਰਕਾਰ ਟੁੱਟਣ ਨਾਲ ਜਦ ਖਾਲਿਸਤਾਨ ਦਾ ਰੌਲਾ ਪਿਆ ਤਾਂ ਪੱਛਮੀ ਦੇਸਾਂ ਦੇ ਜਨ-ਸੰਚਾਰ ਮਾਧਿਅਮਾਂ ਨੇ ਭਾਰਤ-ਵਿਰੋਧਤਾ ਦੇ ਸਾਧਾਰਨ ਪ੍ਰੋਗਰਾਮ ਨੂੰ ਮੁਹਿੰਮ ਦੇ ਰੂਪ ਵਿਚ ਚਾਲੂ ਕੀਤਾ ।

ਬਹੁਲਤਾ, ਰਾਜਨੀਤਕ ਘੁਟਣ, ਦੂਜੀ ਸੰਸਾਰ ਜੰਗ ਸਮੇਂ ਘਰ ਅਤੇ ਕੁਟੰਬੀ ਜੀਵਣ ਟੁਟ ਜਾਣ ਕਾਰਨ ਸਭਨਾ ਪੱਛਮੀ ਦੇਸਾਂ ਅਤੇ ਵੀਅਤਨਾਮ ਦੀ ਜੰਗ ਸਮੇਂ, ਫੇਰ ਵੀਅਤਨਾਮ ਛਡ ਆਉਣ ਤੋਂ ਮਗਰੋਂ ਅਮਰੀਕਨ ਫੌਜੀਆਂ ਰਾਹੀਂ ਨਸਾ ਖੋਰ ਤੇ ਉਸਰਿੰਖਲ ਆਦਤਾ ਲੈ ਆਉਣ ਕਾਰਣ, ਯੂਰਪੀ ਯੁਵਕ ਸਮਾਜ ਤੇ ਘਰ ਤੋਂ ਉਦਾਸੀਨ ਹੋ ਕੇ ਬੋਹੀਮੀਅਨ ਅਤੇ ਮਲੰਗੀ ਦੇ ਰਾਹ ਪੈ ਗਿਆ ਜਿਸ ਨੂੰ ਉਹ ਸਮਾਜ ਵਿਰੁਧ ਪ੍ਰੋਟੈਸਟ ਸਮਝਦਾ ਸੀ (ਇਹ ਪ੍ਰੋਟੈਸਟ ਮੁਖ ਰੂਪ ਵਿਚ ਆਪਣੇ ਮਾਪਿਆਂ ਵਿਰੁਧ ਹੀ ਹੋ ਨਿਬੜਦਾ ਸੀ) । ਇਸ ਉਦਾਸੀਨ, ਮਲੰਗ ਜੀਵਣ ਤੋਂ ਨਿਕਲਣ ਲਈ ਉਥੋਂ ਦਾ ਯੁਵਕ ਬਹੁਤ ਸਾਰੇ ਏਸ਼ੀਆਈ ਮਤਾਂ-ਮਤਾਂਤਰਾਂ, ਖਾਸ ਕਰ ਭਾਰਤੀ ਧਾਰਮਿਕ ਰੀਤਾਂ ਵਿਚ ਪਨਾਹ ਆ ਲੈਂਦਾ ਸੀ ਜਿਨ੍ਹਾਂ ਵਿਚੋਂ 'ਹਰੇ ਰਾਮਾ, ਹਰੇ

ਕ੍ਰਿਸ਼ਨਾ' ਗਾਉਣ ਵਾਲੀ ਸੰਪ੍ਰਦਾਇ ਕ੍ਰਿਸ਼ਨਾ ਚੇਤੰਨਤਾ (Krishna Consciousness), ਬਾਲ-ਯੋਗੇਸ਼ਵਰ, (ਭਗਵਾਨ) ਰਜਨੀਸ਼ ਆਦਿਕ ਧਨ ਤੇ ਕੀਰਤੀ ਕਮਾ ਰਹੇ ਸਨ। ਇਨ੍ਹਾਂ ਹੀ ਦਿਨਾਂ ਵਿਚ 3-HO Foundation ਅਰਥਾਤ ਭਜਨ ਯੋਗੀ ਦਾ ਨਾਂ, ਅਮਰੀਕੀ ਸਿਖ ਸਜਾਉਣ ਦੇ ਸੰਬੰਧ ਵਿਚ ਉਭਰਿਆ ਅਤੇ ਪੰਜਾਬ ਦੀ ਸਿਖ-ਸਿਆਸਤ ਵਿਚ ਇਹ ਨਾਂ ਕੁਝ ਚਿਰ ਲਈ ਖੂਬ ਧੁੰਮਿਆ।

**ਅਮਰੀਕੀ ਯੋਗਾ-ਸਿੱਖੀ ਦੀ ਘੁਸ-ਪੈਂਠ :—** ਰਾਜਾਂ ਵਿਚਕਾਰ ਅਮਨ ਅਤੇ ਜੰਗ ਸਮੇਂ ਇਕ ਦੂਜੇ ਬਾਰੇ ਸੂਚਨਾ ਇਕਤ੍ਰ ਕਰਨੀ ਅਤੇ ਜਾਸੂਸੀ ਕਰਨੀ ਸਦੀਆਂ ਤੋਂ ਚਲੀ ਆ ਰਹੀ ਹੈ। ਸਭ ਤੋਂ ਵਿਕਸਤ ਸਾਮਰਾਜੀ ਦੇਸ ਅਮਰੀਕਾ ਦੀ ਜਾਸੂਸੀ ਵੀ ਅਤਿਅੰਤ ਵਿਕਸਤ ਹੈ। ਬਦੇਸਾਂ ਦੀ ਜਾਸੂਸੀ ਲਈ ਨਿਯੁਕਤ ਸੰਸਥਾ; ਸੀ. ਆਈ. ਏ. (ਸੈਂਟਰਲ ਇੰਟੈਲੀਜੈਂਸ ਏਜੰਸੀ) ਤਾਂ ਇਕ ਪ੍ਰਕਾਰ ਗੁਪਤ ਅਤੇ ਸਮਾਨਾਂਤਰ ਅਮਰੀਕੀ ਸਰਕਾਰ ਹੈ ਜਿਸ ਨੇ ਵੀਅਤਨਾਮ ਦੀ ਲੜਾਈ, ਬਿਨਾਂ ਐਲਾਨ ਤੋਂ ਆਰੰਭ ਕਰਕੇ ਅਮਰੀਕੀ ਸਰਕਾਰ ਤੋਂ ਐਲਾਨ ਕਰਵਾ ਦਿਤਾ ਸੀ। ਕੋਈ ਨਹੀਂ ਜਾਣਦਾ ਕਿ ਈਰਾਨ ਦੇ ਪੰਜਾਹਵਿਆਂ ਵਿਚ ਚੁਣੇ ਪ੍ਰਧਾਨ ਮੰਤਰੀ ਮੁਸੱਦਕ ਨੂੰ ਹਟਾ ਕੇ ਪਾਗਲ ਸਿੱਧ ਕਰਨ, ਚਿੱਲੀ ਵਿਚ ਅਲਾਂਦੇ ਸਰਕਾਰ ਦਾ ਤਖਤਾ ਉਲਟਾ ਕੇ ਫੌਜੀ ਜੁੰਡਲੀ ਦਾ ਰਾਜ ਸਥਾਪਤ ਕਰਨ, ਇੰਡੋਨੇਸ਼ੀਆ ਦੇ ਸੁਕਾਰਨੋ ਨੂੰ ਬਦਨਾਮ ਕਰਕੇ ਹਟਾਉਣ, ਅਫਰੀਕੀ ਸੁਤੰਤਰਤਾ ਸੰਗਰਾਮ ਦੇ ਆਗੂ ਲੁਮੂੰਬਾ ਨੂੰ ਮਾਰਨ; ਭਾਰਤ, ਪਾਕਿਸਤਾਨ, ਬੰਗਲਾ ਦੇਸ ਦੇ ਰਾਜ-ਮੁਖੀਆਂ ਦੀਆ ਮਾਰੂ ਘਟਨਾਵਾਂ ਵਿਚ ਸੀ. ਆਈ. ਏ. ਦਾ ਕਿੰਨਾ ਹੱਥ ਹੈ। 'ਤੀਜੀ ਦੁਨੀਆਂ' ਅਰਥਾਤ ਨਵ-ਸੁਤੰਤਰ, ਵਿਕਾਸਸ਼ੀਲ ਅਤੇ ਅਵਿਕਸਤ ਦੇਸਾਂ ਵਿਚ ਸੀ. ਆਈ. ਏ. ਦੀ ਖਾਸ ਰੁਚੀ ਹੀ ਨਹੀਂ ਰਹੀ ਸਗੋਂ ਇਨ੍ਹਾਂ ਦੇਸਾਂ ਵਿਚ ਆਪਣੀਆਂ ਕਾਰਵਾਈਆਂ ਲਈ ਉਸ ਦਾਂ ਵਿਸ਼ੇਸ਼ ਪ੍ਰੋਗਰਾਮ ਵੀ ਰਿਹਾ ਹੈ ਅਤੇ ਵਿਸ਼ੇਸ਼ ਜਾਸੂਸੀ ਸੇਵਾਵਾਂ ਵੀ। ਸੀ. ਆਈ. ਏ. ਦਾ ਗਰੀਬ ਦੇਸਾਂ ਜਾਂ ਤੀਜੀ ਦੁਨੀਆਂ ਸੰਬੰਧੀ ਮੋਟਾ ਮੁਲਾਂਕਣ ਹੈ ਕਿ ਇਹ ਅਰਥਚਾਰੇ ਵਲੋਂ ਹੀ ਨਹੀਂ; ਖੁਦ-ਮੁਖਤਾਰੀ, ਰਾਸ਼ਟਰੀ-ਸਲਾਮਤੀ (National Security) ਦੇ ਪੱਖ ਤੋਂ ਪ੍ਰਸ਼ਾਸਨ ਅਤੇ ਲੋਕ-ਰਾਏ ਵਿਚ ਵੀ ਪੱਛੜੇ ਹੋਏ ਹਨ। ਸੀ. ਆਈ. ਏ. ਦਾ ਇਹ ਪੱਕਾ ਮੱਤ ਹੈ ਕਿ ਤੀਜੀ ਦੁਨੀਆਂ ਦੇ ਦੇਸਾਂ ਵਿਚ ਰਾਜਨੀਤਕ ਪਾਰਟੀਆਂ ਅਤੇ ਵਿਅਕਤੀਆਂ ਦੀ ਦੁਫੇੜ ਨਸਲੀ, ਫਿਰਕੂ,

ਕਬੀਲਾਈ ਵਿਤਕਰੇ ਰਾਸ਼ਟਰੀ ਹਿਤਾਂ ਤੋਂ ਉੱਚੇ ਹੁੰਦੇ ਹਨ ਇਨ੍ਹਾਂ ਦੁਫੇੜਾਂ ਵਿਚ ਰਾਜ-ਪਲਟਿਆਂ ਦੀ ਸੰਭਾਵਨਾ ਹੈ ਅਤੇ ਘ੍ਰਿਣਾਵਾਂ-ਵਿਤਕਰਿਆਂ ਅਤੇ ਧਾਰਮਿਕ ਕੱਟੜ-ਪੰਥੀਆਂ ਵਿਚੋਂ ਸਸਤੇ, ਸੁਹਿਰਦ ਤੇ ਆਚੁਕ ਜਾਸੂਸ ਅਤੇ ਤੋੜ-ਫੋੜਕ ਲੱਭਦੇ ਹਨ। ਸੀ. ਆਈ. ਏ. ਦੀਆਂ ਗੁਪਤ ਕਾਰਵਾਈਆਂ ਵਿਚੋਂ ਅਹਿੰਸਕ ਜਾਂ 'ਸ਼ਰੀਫ ਜਾਸੂਸੀ' ਵਿਭਾਗ ਦਾ ਵਿਸ਼ੇਸ਼ ਪ੍ਰੋਗਰਾਮ ਵਿਚਾਰਧਾਰਕ, ਵਿਦਿਅਕ, ਜਜ਼ਬਾਤੀ ਅਤੇ ਧਾਰਮਿਕ ਸੰਸਕਾਰਾਂ ਦੇ ਖੇਤਰਾਂ ਵਿਚ ਪ੍ਰਭਾਵ ਬਨਾਉਣਾ ਸ਼ਾਮਲ ਹੈ। ਇਸੇ ਲਈ, ਯੂਨੀਵਰਸਟੀਆਂ ਦੀਆਂ ਅਤੇ ਸਾਹਿਤਕ ਤਬਾਦਲਾ-ਯੋਜਨਾਵਾਂ ਤੋਂ ਲੈ ਕੇ ਉਪ੍ਰੋਕਤ ਭਾਰਤੀ ਮਤਾਂ-ਮਤਾਂਤਰਾ ਦੇ ਅਮਰੀਕੀ-ਯੂਰਪੀ ਅਨੁਯਾਈਆਂ ਰਾਹੀਂ ਮੁੜ ਭਾਰਤ ਵਿਚ ਹੀ ਪ੍ਰਭਾਵ-ਖੇਤਰ ਬਨਾਉਣੇ-ਵਿਕਸਾਉਣੇ ਸੀ. ਆਈ. ਏ. ਦੇ ਪ੍ਰੋਗਰਾਮ ਵਿਚ ਸਾਮਲ ਰਹੇ ਹਨ। ਸਾਡੇ ਪਾਸ ਸਿੱਧੇ ਸਬੂਤ ਨਹੀਂ, ਤੱਥ ਤੇ ਅੰਕੜੇ ਹਨ ਜਿਨ੍ਹਾਂ ਤੋਂ ਵਿਸ਼ੇ ਦੇ ਵਿਸ਼ੇਸ਼ਗ ਲੱਭ ਸਕਦੇ ਹਨ ਕਿ ਭਜਨ ਯੋਗੀ ਵਲ ਸਿਖ ਆਗੂਆਂ ਦੀ ਫੇਰੀ, ਮੁੜ ਕੇ ਅਮਰੀਕੀ ਸਿਖਾਂ ਦੀਆਂ ਭਾਰਤ ਫੇਰੀਆਂ ਅਤੇ ਅਮਰੀਕੀ ਸਿਖਾਂ ਦੇ ਅਮਰੀਕੀ-ਸ਼ਹਿਰੀ ਸਿਖਾਂ ਵਿਚਕਾਰ ਸੰਪਰਕ, ਕਿਸ ਹੱਦ ਤਕ ਸਿਖ ਸਮੁਦਾਇ ਦੀ ਵਿਚਾਰਧਾਰਾ ਉਪਰ ਮੂਲਵਾਦੀ ਪ੍ਰਭਾਵ ਪਾਇਆ ਹੋਵੇਗਾ ਅਤੇ ਉਗਰਵਾਦੀ ਘਲੂਘਾਰਿਆਂ ਵਿਚ ਕਿਸ ਹਦ ਤਕ ਰਣਨੀਤਕ ਤੇ ਸੰਨਦਬਧ ਸਹਾਇਤਾ ਦਿਤੀ ਹੋਵੇਗੀ।

ਭਾਰਤ ਵਿਚੋਂ ਯੋਗ ਸਿਖਾਉਣ ਲਈ ਗਏ ਹਰਭਜਨ (ਸਿੰਘ) ਯੋਗੀ ਨੇ ਜੋਗ ਦੀ ਉਚਤਮ ਅਵਸਥਾ (ਕੁੰਡਲਣੀ ਜਗਾ ਕੇ ਮੋਕਸ਼ ਪਦ ਪਾਉਣ) ਕੁੰਡਲਣੀ ਸਿਧਾਂਤ ਨਾਲ, ਨਾਮ ਜਪਣ ਦੇ ਸਿਧਾਂਤ ਦਾ ਮੇਲ ਕਰਕੇ ਚਮਤਕਾਰੀ ਢੰਗ ਨਾਲ ਸੱਤਰ-ਵਿਆਂ ਵਿਚ ਸਿਖੀ ਦਾ ਅਜਿਹਾ ਪ੍ਰਚਾਰ ਕੀਤਾ ਕਿ 13 ਨਵੰਬਰ 1974 ਵਾਲੇ ਦਿਹਾੜੇ ਸਾਧੂ ਸਿੰਘ, ਜਥੇਦਾਰ ਅਕਾਲ ਤਖਤ, ਅੰਮ੍ਰਿਤਸਰ ਦੇ ਦਸਖਤਾਂ ਨਾਲ ਯੋਗੀ ਹਰਭਜਨ ਸਿੰਘ ਨੂੰ ਕਿਰਪਾਨ ਭੇਟ ਸਮੇਤ (ਮਸੰਦੀ ਦੀ ਸਨਦ ਵਰਗਾ) ਇਹ ਹੁਕਮਨਾਮਾ ਜਾਰੀ ਕੀਤਾ ਗਿਆ:

ੴ ਵਾਹਿਗੁਰੂ ਜੀ ਕੀ ਫਤਹ

## ਹੁਕਮਨਾਮਾ

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਭਾਈ ਸਾਹਿਬ ਸਰਦਾਰ ਹਰਿਭਜਨ ਸਿੰਘ ਜੀ ਵਲੋਂ ਵਿਦੇਸਾਂ ਵਿਖੇ ਗੁਰ ਸਿੱਖੀ ਦੇ ਪਰਚਾਰ ਹਿਤ ਕੀਤੀ ਜਾ ਰਹੀ ਨਿਸਕਾਮ ਸੇਵਾ ਪ੍ਰਤੀ ਖਾਲਸਾ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ । ਆਪ ਜੀ ਉਪਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਹੋਣ ।

ਅਕਾਲ ਪੁਰਖ ਵਾਹਿਗੁਰੂ ਅਗੇ ਅਰਦਾਸ ਹੈ ਕਿ ਆਪਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭੇ ।

(ਦਸਖਤ ਤੇ ਮੁਹਰ, ਜੱਥੇਦਾਰ ਅਕਾਲ ਤਖਤ)

(ਜੇ ਅਵੱਗਿਆ ਨਾ ਹੋਵੇ ਤਾਂ ਇਹ ਹੁਕਮਨਾਮਾ ਦੇਖ ਕੇ ਖਿਆਲ ਆਉਂਦਾ ਹੈ ਕਿ ਕੀ ਗਦਰ ਪਾਰਟੀ ਦੇ ਸ਼ਹੀਦਾਂ ਤੇ ਬਾਬਿਆ ਵਿਰੁਧ ਜਿਹੜਾ ਹੁਕਮਨਾਮਾ ਅੰਗਰੇਜ਼-ਟੋਡੀ ਮਹੰਤਾਂ ਨੇ ਜਾਰੀ ਕੀਤਾ ਸੀ ਉਹ ਕਦੇ ਕਿਸੇ ਪ੍ਰਤੀ-ਹੁਕਮਨਾਮੇ ਨਾਲ ਵਾਪਸ ਲੀਤਾ ਗਿਆ ਹੈ ?)

ਇਸ ਕਿਤਾਬਚੀ ਦੇ ਲੇਖਕ ਪਾਸ ਯੋਗੀ ਹਰਿਭਜਨ (ਸਿੰਘ) ਅਤੇ ਉਸ ਦੀ ਸਿਰਜੀ-ਸਜਾਈ ਸੰਸਥਾ **3-HO Foundation**, ਲਾਸ ਐਂਜਲਿਸ (ਕੈਲੀਫੋਰ-ਨੀਆ) ਦੇ 'ਸਿਖ ਪੁਨਰ ਸੁਰਜੀਤ ਲਹਿਰ' ਅੰਕ 1975 ਤੋਂ ਲੈ ਕੇ ਜਿਲਦ 2, ਨੰ: 8, 1981 ਤਕ ਦੇ ਪਰਚਿਆਂ ਵਿਚੋਂ ਕੇਵਲ ਪਹਿਲਾ ਅਤੇ ਅੰਤਮ ਅੰਕ ਬਚੇ ਹਨ । ਇਨ੍ਹਾਂ ਸਚਿੱਤਰ ਪਰਚਿਆਂ (**'Sikh Dharma Brotherhood'** ਅਤੇ **'Beads of Truth'**) ਵਿਚ ਕੁਝ ਗੱਲਾਂ ਨੋਟ ਕਰਨ ਵਾਲੀਆਂ ਹਨ ।

1) ਪਹਿਲੇ ਪਰਚੇ ਦੇ ਲਿਖਾਰੀਆਂ,ਮੁਖੀਆ ਸਰਦਾਰਨੀ ਸਾਹਿਬਾ, ਸਰਦਾਰਨੀ ਪ੍ਰੇਮਕਾ ਕੌਰ ਖਾਲਸਾ; ਮੁਖੀਆ ਸਰਦਾਰਨੀ ਸਾਹਿਬਾ ਸ਼ਕਤੀ ਪ੍ਰਵਾਹ ਕੌਰ ਅਤੇ ਸ੍ਰੀ ਸਿੰਘ ਸਾਹਿਬ ਹਰਭਜਨ ਸਿੰਘ ਜੀ ਯੋਗੀ ਦੇ ਨਾਵਾਂ ਨਾਲ 'ਖਾਲਸਾ' ਸ਼ਬਦ ਪਿਛੇ-ਤਰ ਵਜੋਂ ਜੁੜ ਗਿਆ (ਉਸ ਸਮੇਂ ਖਾਲਸਾ ਸ਼ਬਦ ਉਗਰਵਾਦੀ ਖੇਤਰ ਵਿਚ ਕਾਫੀ ਵਰਤੋਂ ਵਿਚ ਸੀ) ।

2) ਯੋਗੀ ਹਰਿਭਜਨ ਸਿੰਘ ਅਤੇ ਉਸ ਦੀ ਅਮਰੀਕੀ ਸਿਖਾਂ ਦੀ ਉਮੱਤ ਵਲੋਂ ਯੋਗ ਮਤ ਨੂੰ ਕੁੰਡਲਣੀ ਦੇ ਸਿਧਾਂਤ ਸਮੇਤ ਕਦੇ ਤਿਆਗਿਆ ਨਹੀਂ ਗਿਆ,ਜਦ ਕਿ ਨਿਰੰਕਾਰੀ ਗੁਰੂ ਤੇ ਉਸ ਦੇ ਸਿੱਖ ਸੇਵਕ ਵੀ ਅਸਿੱਖ ਕੁਰੀਤੀਆਂ ਕਾਰਣ ਇਕ ਹੁਕਮਨਾਮੇ ਰਾਹੀਂ ਛੇਕੇ ਗਏ ਸਨ। ਪਰ ਪਹਿਲੇ ਪਰਚੇ ਤੋਂ ਪਤਾ ਲਗਦਾ ਹੈ ਕਿ ਜੋ ਯੋਗੀ ਵੀ ਹੈ ਤੇ ਸਿੰਘ ਵੀ ਉਸ ਨੂੰ ਹੁਕਮਨਾਮੇ ਨਾਲ ਨਿਵਾਜਿਆ ਗਿਆ।

3) ਫੋਟੋਆਂ ਅਨੁਸਾਰ ਯੋਗੀ ਹਰਿਭਜਨ (ਸਦਾ ਕੇਂਦਰ ਬਣੇ) ਨਾਲ ਸਰਬ ਸ੍ਰ: ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਬਹਾਦਰ ਸਿੰਘ ਅਮਰੀਕੀ ਸਿਖਾਂ ਨੂੰ ਅੰਮ੍ਰਿਤ ਛਕਾਉਂਦੇ ਤੇ ਭਾਰਤੀ ਸਿਖਾਂ ਨਾਲ ਤਾਲਮੇਲ ਕਰਾਉਂਦੇ, ਸ੍ਰ: ਹੁਕਮ ਸਿੰਘ (ਸਾਬਕਾ ਸਪੀਕਰ) ਨੂੰ ਅਮਰੀਕੀ ਸਿਖਾਂ ਦੇ ਕੈਂਪ ਵਿਚ ਵਿਚਰਦੇ, ਐਮਸਟਰਡਮ ਸਿਖ ਟੈਂਪਲ ਵਿਚ ਇਕੱਠੇ ਦਿਖਾਇਆ ਗਿਆ ਹੈ। ਕੁਝ ਹੋਰ ਲੇਖ ਤੇ ਫੋਟੋ ਹਨ ਜਿਨ੍ਹਾਂ ਅਨੁਸਾਰ ਚੀਫ ਸਕੱਤ੍ਰ ਪੰਜਾਬ, ਸ੍ਰੀ ਆਈ. ਸੀ. ਪੁਰੀ (3-2-81 ਅਸ਼ੋਕਾ ਹੋਟਲ ਦੇ ਡਿਨਰ ਵਿਚ ਚੀਫ ਗੈਸਟ), ਸ੍ਰ ਦਰਬਾਰਾ ਸਿੰਘ (ਉਸ ਸਮੇਂ ਮੁਖ ਮੰਤਰੀ ਪੰਜਾਬ) ਯੋਗੀ ਹਰਿਭਜਨ ਨਾਲ ਇਕੱਠੇ ਹਨ। ਯੋਗੀ ਹਰਿਭਜਨ ਹੋਰੀਂ ਤਾਂ ਬਿਰਧ ਬਾਬਾ ਖੜਕ ਸਿੰਘ ਤੋਂ ਬਿਨਾ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਘਰ ਜਥੇਦਾਰ ਅਜਨੋਹਾ, ਬਾਬਾ ਨਿਹਾਲ ਸਿੰਘ, ਜਰਨੈਲ ਸਿੰਘ ਭਿੰਡਰਾਂਵਾਲੇ, ਜੱਥੇਦਾਰ ਗੁਰਚਰਨ ਸਿੰਘ ਟੌਹੜਾ, ਭਾਈ ਅਮਰੀਕ ਸਿੰਘ ਆਦਿਕ ਨਾਲ ਵੀ ਸਜੇ ਦਿਸਦੇ ਹਨ, ਜਥੇਦਾਰ ਜਗਦੇਵ ਸਿੰਘ ਤਲਵੰਡੀ ਨਾਲ ਲੰਗਰ ਛਕ ਰਹੇ ਹਨ।

4) ਇਨ੍ਹਾਂ ਪਰਚਿਆਂ ਵਿਚ ਗੁਰੂ ਗੋਬਿੰਦ ਸਿੰਘ ਵਲੋਂ ਭਵਿਖ ਬਾਣੀ ਕੀਤੀ ਦੱਸੀ ਗਈ ਹੈ ਕਿ ਕਦੇ ਪੱਛਮ ਵਿਚ 96 ਕਰੋੜ ਖਾਲਸਾ ਹੋਵੇਗਾ ਜੋ ਇਸ ਧਰਤੀ ਦੀ ਅਗਵਾਈ ਕਰੇਗਾ ਅਤੇ ਗੁਰੂ ਤੇਗ ਬਹਾਦਰ ਪੱਛਮ ਵਲ ਮੂੰਹ ਕਰਕੇ ਤਪ ਕਰਦੇ ਜਾਂ ਨਾਮ ਜਪਦੇ ਸਨ ਕਿਉਂਕਿ ਖਾਲਸੇ ਦਾ ਰਾਜ ਪੱਛਮ ਵਲੋਂ ਆਵੇਗਾ (Sikh Dharma Brotherhood, Winter 1975, Col. I, Page 7 by Premka Kaur)। ਇਸੇ ਲੇਖ ਵਿਚ ਕਿਹਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਦੱਖਣ-ਯਾਤ੍ਰਾ ਸਮੇਂ ਹਜ਼ੂਰੀ ਸਿੱਖਾਂ ਨੂੰ ਪਿੱਪਲ ਦਾ ਦਰਖਤ ਦੇਖਣ ਲਈ ਕਿਹਾ ਜੋ ਉਸ ਇਲਾਕੇ ਵਿਚ ਨਹੀਂ ਉਗਦਾ। ਸਿਖਾਂ ਦੇ ਦੋ ਵਾਰ ਨਾਹ ਕਹਿਣ

ਤੇ ਤੀਜੀ ਵਾਰ ਜਦ ਇਕ ਜੰਡ ਦੇ ਬਹੁਤ ਉਚੇ ਦਰਖਤ ਉਪਰ ਚੜ੍ਹ ਕੇ ਵੀ ਪਿੱਪਲ ਦਾ ਦਰਖਤ ਨਾ ਲਭਾ ਤਾਂ ਉਸੇ ਦਰਖਤ ਦੀ ਜੜ੍ਹ ਵਿਚ ਪਿੱਪਲ ਦਾ ਪੌਦਾ ਦਿਸਿਆ ਜਿਸ ਬਾਰੇ ਦਸਵੇਂ ਗੁਰੂ ਨੇ ਵਾਕ ਕੀਤਾ ਕਿ ਜਦੋਂ ਪਿੱਪਲ ਦਾ ਇਹ ਪੌਦਾ ਜੰਡ ਨਾਲੋਂ ਵੀ ਵਡਾ ਹੋ ਜਾਏਗਾ ਤਾਂ ਖਾਲਸਾ ਵਿਧ-ਫੈਲ ਕੇ ਪੱਛਮੀ ਦੇਸਾਂ ਵਿਚ ਮਾਨਤਾ ਪਾਵੇਗਾ; ਸਿਖ ਭੂਮੀਆਂ ਵਿਚ ਖੁਦਮੁਖਤਾਰ ਬਣੇਗਾ ਅਤੇ ਦਿੱਲੀ ਦੀ ਰਾਜਧਾਨੀ ਉਪਰ ਨਿਰਣਾਇਕ ਬਣੇਗਾ । ਅਗੇ ਦਸਿਆ ਗਿਆ ਹੈ ਕਿ 1862 ਵਿਚ ਸਰ ਅਤਰ ਸਿੰਘ ਨੇ ਮਹਾਰਾਣੀ ਵਿਕਟੋਰੀਆ ਨੂੰ ਇਹ ਭਵਿੱਖਬਾਣੀ ਦੱਸੀ ਤਾਂ ਉਸ ਨੇ ਫਿਕਰਮੰਦੀ ਨਾਲ ਆਪਣੇ ਵਿਗਿਆਨੀਆਂ ਨੂੰ ਉਸ ਪਿੱਪਲ ਦੇ ਦਰਖਤ ਦੇ ਵਾਧੇ ਬਾਰੇ ਪੁਛਿਆ ਤਾਂ ਪਤਾ ਲੱਗਾ ਕਿ ਅਜੇ 100-150 ਵਰ੍ਹਾ ਉਸ ਪਿੱਪਲ ਦੇ ਜੰਡ ਤੋਂ ਵੱਡਾ ਹੋਣ ਵਿਚ ਲਗੇਗਾ । ਨਾਲ ਹੀ (1981 ਵਿਚ) ਇਹ ਲਿਖਿਆ ਹੈ ਕਿ 18 ਵਰ੍ਹੇ ਪਹਿਲਾਂ ਪਿਪਲ, ਜੰਡ ਜਿਡਾ ਉਚਾ ਹੋ ਗਿਆ ਸੀ ।

5) 1975 ਦੇ ਉਪ੍ਰੋਕਤ ਪਰਚੇ ਵਿਚ ਮੁਖੀਆ ਸਿੰਘ ਸਾਹਿਬ ਲਹਿਰੀ ਸਿੰਘ ਵੈਂਟਿੰਕ ਦੇ ਲੇਖ 'Sikh Renaissance' ਅਧੀਨ ਯੋਗੀ ਹਰਭਜਨ (ਸਿੰਘ)•ਦੀ ਗੁਰਚਰਨ ਸਿੰਘ ਟੌਹੜਾ, ਗਿਆਨੀ ਮਹਿੰਦਰ ਸਿੰਘ ਸ੍ਰ: ਹੁਕਮ ਸਿੰਘ, ਪ੍ਰਧਾਨ ਸਿੰਘ ਸਭਾ ਸ਼ਤਾਬਦੀ ਕਮੇਟੀ ਅਤੇ ਸੁਰਜੀਤ ਸਿੰਘ ਬਰਨਾਲਾ ਨਾਲ ਅਮਰੀਕਾ ਅਤੇ ਕੈਨੇਡਾ ਫੇਰੀ ਸਮੇਂ, ਨਿਊਯਾਰਕ (14 ਜੂਨ, 1974) ਦੇ ਗੁਰੂ ਰਾਮ ਦਾਸ ਆਸ਼ਰਮ ਹੋ ਕੇ ਵਾਸ਼ਿੰਗਟਨ ਡੀ. ਸੀ. ਵਿਖੇ ਅਮਰੀਕਨ ਸ਼ਹਿਰੀ ਬਣੇ ਪ੍ਰਸਿੱਧ ਸਿਖ ਗੰਗਾ ਸਿੰਘ ਢਿਲੋਂ ਦੇ ਮਹਿਮਾਨ ਬਣੇ, ਅਮਰੀਕਨ ਕਾਂਗਰਸ ਦੇ ਲੀਡਰਾਂ ਨੂੰ ਮਿਲੇ, ਹੋਊਸਟਨ ਦੇ ਗੁਰੂ ਰਾਮ ਦਾਸ ਆਸ਼ਰਮ ਵਿਖੇ ਅਮਰੀਕਨ ਸਿਖਾਂ ਦੇ ਰੁਜ਼ਾਨਾ ਜੀਵਨ ਦਾ ਅਨੁਭਵ ਪ੍ਰਾਪਤ ਕੀਤਾ, ਨਿਊ ਮੈਕਸੀਕੋ ਦੇ ਲੈਂ ਗਵਰਨਰ ਨੂੰ ਮਿਲੇ । ਸਾਨ ਫਰਾਂਸਿਸਕੋ, ਯੂਬਾ ਸਿਟੀ ਹੁੰਦੇ ਹੋਏ ਵੈਨਕੂਵਰ (ਕੈਨੇਡਾ) ਪੁਜੇ । ਟੋਰਾਂਟੋ ਦੇ ਗੁਰਦੁਆਰੇ ਵਿਚ ਹੀ ਭਾਰਤ ਤੋਂ ਵਖਰੇ ਤੇ ਖੁਦਮੁਖਤਾਰ ਸਿਖ ਰਾਜ ਸਥਾਪਤ ਕਰਨ ਦੀ ਚਰਚਾ ਛਿੜੀ ਜਿਸ ਦੀ ਉਪ੍ਰੋਕਤ ਲੀਡਰਾਂ ਨੇ ਜ਼ਾਹਰਾ ਤੌਰ ਤੇ ਹਾਮੀ ਨਹੀਂ ਭਰੀ ।

6) ਮੁਖੀਆ ਸਿੰਘ ਸਾਹਿਬ ਗੁਰਤੇਜ਼ ਸਿੰਘ ਖਾਲਸਾ, (ਟੋਰਾਂਟੋ-ਕੈਨੇਡਾ) ਨੇ ਆਪਣੀ ਲੰਮੀ ਰਿਪੋਰਤਾਜ਼ ਵਿਚ, 15 ਜਨਵਰੀ 1981 ਦੀ ਤਾਰੀਖ ਵਿਚ

(Beads of truth, Bead No 8. vol. II Fall 1981, Col. 1 page 11) ਲਿਖਿਆ ਹੈ, "ਜੇ ਸਿਖ ਭਾਰਤ ਨੂੰ ਸੋਵੀਅਤ ਹਮਲੇ ਜਾਂ ਕਮਿਊਨਿਸਟ ਜਿੱਤ ਤੋਂ ਬਚਾਉਣ ਲਈ ਕੁੰਜੀ-ਵੱਤ ਹਨ ਤਾਂ ਉਹ (ਹਰਿਭਜਨ ਯੋਗੀ) ਅਤਿਅੰਤ ਮਹ-ਤਵਪੂਰਨ, ਰਾਜਨੀਤਕ ਸਿਖਰ ਦਾ ਵਿਅਕਤੀ ਹੈ।"

7) 3 HO Foundation ਦੀ ਸੈਕ੍ਰਟਰੀ ਜਨਰਲ, ਮੁਖੀਆ ਸਰਦਾਰਨੀ ਸਾਹਿਬਾ, ਪ੍ਰੇਮਕਾ ਕੌਰ ਖਾਲਸਾ ਦੀ 26 ਫਰਵਰੀ 1981 ਦੀ, ਅਕਾਲ ਤਖਤ ਦੇ ਜੱਥੇਦਾਰ (ਗੁਰਦਿਆਲ ਸਿੰਘ ਅਜਨੋਹਾ) ਵਲ 10 ਨੁਕਾਤੀ ਚਿਠੀ ਵਿਚ ਅਕਾਲ ਤਖਤ ਦੇ ਜੱਥੇਦਾਰ ਪਦ ਦੀ ਨਿਯੁਕਤੀ ਦੇ ਪ੍ਰਸਨ ਨੂੰ ਲੈ ਕੇ ਕਿਹਾ ਗਿਆ ਹੈ ਕਿ ਸਿਹਤ ਠੀਕ ਨਾ ਹੋਣ ਦੀ ਹਾਲਤ ਵਿਚ ਜੱਥੇਦਾਰ ਨੂੰ ਤਿਆਗ ਪਤਰ ਦੇਣਾ ਜਾ ਗੰਭੀਰ ਗਲਤੀ ਕਰਨ ਦੀ ਹਾਲਤ ਵਿਚ ਹਟਾਉਣਾ ਪਵੇਗਾ। ਅਕਾਲ ਤਖਤ ਅਤੇ ਇਸ ਦੀ ਜੱਥੇਦਾਰੀ ਅਧਿਕਾਰਾਂ ਬਾਰੇ ਵੀ ਪੁੱਛ ਕੀਤੀ ਗਈ ਹੈ। ਹਰਿਮੰਦਰ ਸਾਹਿਬ ਅੰਦਰ ਰਾਗ ਮਾਲਾ ਪੜ੍ਹਨ, ਅਕਾਲ ਤਖਤ ਉਪਰ (ਅਖੰਡ ਪਾਠ ਸਮੇਂ) ਨਾ ਪੜ੍ਹਨ ਅਤੇ ਅਜਿਹਾ ਫੈਸਲਾ ਕਰਨ ਉਪਰ ਅਖੰਡ ਕੀਰਤਨੀ ਜੱਥੇ ਦਾ ਤਥਾ ਕਥਿਤ ਜ਼ੋਰ ਦੇਣ ਉਪਰ ਰੋਸ ਪ੍ਰਗਟ ਕੀਤਾ ਗਿਆ ਹੈ। ਅਖੰਡ ਕੀਰਤਨੀ ਜੱਥੇ ਦੇ ਪੰਜਵਾ ਕਕਾਰ ਕੇਸ ਦੀ ਥਾਂ 'ਕੇਸਕੀ' ਮੰਨਣ ਜਹੇ ਮੁੱਦਿਆਂ ਬਾਰੇ ਵੀ ਪ੍ਰਸ਼ਨ ਉਠਾਏ ਗਏ ਹਨ। (ਇਸ ਤੋਂ ਮਗਰੋਂ ਅਕਾਲ ਤਖਤ ਦੇ ਜੱਥੇਦਾਰੀ ਪਦ ਉਪਰ ਵਖ ਵਖ ਧੜਿਆਂ ਵਲੋਂ ਜੱਥੇਦਾਰ ਲਾਹੇ ਤੇ ਚਾੜ੍ਹੇ ਗਏ)।

ਦਿਸਦਾ ਹੈ ਕਿ ਮਰਯਾਦਾ, ਰਹਿਤ ਆਦਿਕ ਨਾਲ ਸੰਬੰਧਤ ਵੇਰਵਿਆਂ ਬਾਰੇ ਵਖ ਵਖ ਪੁਜ਼ੀਸ਼ਨਾਂ ਤੇ ਸਟੈਂਡ ਅਕਾਲ ਤਖਤ ਦੀ ਜੱਥੇਦਾਰੀ ਦੇ ਸਨਮੁਖ ਹੋਣ ਲਗ ਪਏ ਸਨ।

ਅਮਰੀਕੀ ਯੂਰਪੀ ਪ੍ਰੈਸ ਆਪਣੀ ਪੁਰਾਣੀ ਆਦਤ ਅਨੁਸਾਰ ਸਿਖ ਸਮਾਜ ਨੂੰ ਦਬੀ ਹੋਈ ਅਤੇ ਅਤਿਅੰਤ ਬਹਾਦਰ ਸਮੁਦਾਇ ਦਿਖਾ ਕੇ ਜਰਨੈਲ ਸਿੰਘ ਭਿੰਡਰਾਂ-ਵਾਲੇ ਨੂੰ ਮਸੀਹਾ ਦਸ ਰਿਹਾ ਸੀ। ਪਾਕਿਸਤਾਨ ਦਾ ਰੇਡੀਓ, ਟੀ ਵੀ, ਪ੍ਰੈਸ ਆਪਣੇ ਵਿਤ ਅਨੁਸਾਰ ਬਲਦੀ ਉਪਰ ਤੇਲ ਪਾ ਕੇ ਬੰਗਲਾ ਦੇਸ ਬਣਨ ਦਾ ਬਦਲਾ ਲੈਣ ਦੇ ਸਭ ਹੀਲੇ ਕਰ ਰਿਹਾ ਸੀ। ਪੰਜਾਬੀ ਅਤੇ ਭਾਰਤੀ ਵਡੇ ਪ੍ਰੈਸ ਦਾ ਵਡਾ ਹਿੱਸਾ ਖਬਰਾਂ ਤੋਂ ਲੈ ਕੇ ਪ੍ਰਸਨੋਤਰੀ ਲੇਖਾਂ ਦੀ ਲੜੀ ਨਾਲ ਅਖਬਾਰਾਂ ਦੀ ਵਿਕਰੀ ਵੀ

ਵਧਾ ਰਿਹਾ ਸੀ ਅਤੇ ਫ਼ਿਰਕੂ ਘ੍ਰਿਣਾ ਵੀ। ਅੰਮ੍ਰਿਤਸਰ ਦੇ ਕਿਸੇ ਮੰਦਰ ਵਿਚ ਗਊ ਸਿਰੀਆਂ ਤੇ ਹਰਿਮੰਦਰ ਦੀ ਹੱਦ ਵਿਚ ਤਮਾਕੂ ਆਦਿਕ ਸੁੱਟੇ ਗਏ। ਛੋਟੇ ਮੋਟੇ ਪੁਲਿਸ ਅਫ਼ਸਰ, ਅਖਬਾਰਾਂ ਦੇ ਐਡੀਟਰ ਕਤਲ ਹੋਣ ਲਗੇ। ਜਾਪਦਾ ਸੀ, ਦਰਬਾਰ ਸਾਹਿਬ ਕੰਪਲੈਕਸ ਵਿਚ ਉਗਰਵਾਦ ਨੂੰ ਪੰਜਾਬ ਸਰਕਾਰ ਤੇ ਪੁਲਿਸ ਬੰਦ ਰਖਣਾ ਚਾਹੁੰਦੀ ਹੈ ਅਤੇ ਅੰਦਰ ਦਾਖਲ ਨਹੀਂ ਹੋਵੇਗੀ। ਆਪੋ ਵਿਚ ਖਹਿਬੜਦੇ ਤੇ ਕੱਠੇ ਹੁੰਦੇ ਉਗਰਵਾਦੀ ਅੰਸ਼ ਵੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਜਮਾਉ ਕਰਦੇ ਅਕਾਲ ਤਖਤ ਉਪਰ ਚੜ੍ਹਦੇ ਆ ਰਹੇ ਸਨ।

1981-82 ਤੋਂ 84 ਤਕ ਦੇ ਹਾਲਾਤ ਦਾ ਪਤਰਕਾਰਕ ਨਹੀਂ, ਸਗੋਂ ਸਿਧਾਂਤਕ-ਰਾਜਨੀਤਕ ਵਿਸ਼ਲੇਸ਼ਣ ਕੀਤਿਆਂ ਪਤਾ ਲਗਦਾ ਹੈ ਕਿ ਮੂਲਵਾਦ, ਫਿਰਕੂ ਰਾਜਨੀਤੀ ਅਤੇ ਉਗਰਵਾਦ ਕਿਵੇਂ ਵਖ ਵਖ ਤੇ ਦੁਰਾਡੇ ਦਿਸਦੇ ਖੇਤਰਾਂ ਤੋਂ ਵਿਕਸਤ ਹੋ ਕੇ ਇਕ ਦੂਜੇ ਨੂੰ ਪ੍ਰੇਰਤ, ਪ੍ਰਭਾਵਤ ਕਰਦੇ ਹੋਏ ਖਾਲਿਸਤਾਨ ਦੀ ਮੰਗ ਅਤੇ ਸੰਘਰਸ਼ ਉਪਰ ਇਕ ਹੁੰਦੇ ਜਾ ਰਹੇ ਸਨ। ਅੰਧ ਵਿਸ਼ਵਾਸ, ਕਟੜ ਪੰਥੀ, ਘ੍ਰਿਣਾ ਅਤੇ ਹੋਰ ਮਾਨਸਿਕ ਸੰਕੀਰਣਤਾਵਾਂ ਮੂਲਵਾਦ ਵਿਚ ਓਤ-ਪੋਤ ਹੋ ਰਹੀਆਂ ਸਨ। ਫਿਰਕੂ ਰਾਜਨੀਤੀ ਨੂੰ ਸੱਤਾ ਦੀ ਸੌਦੇਬਾਜ਼ੀ ਦੀ ਭਾਸ਼ਾ ਬਨਾਉਣਾ, ਗੁਰਦੁਆਰਾ ਪ੍ਰਬੰਧ ਅਕਾਲੀ ਜੱਥੇਬੰਦੀ ਵਿਚ ਬੇਬਸੀ ਦਾ ਅੰਦਰੋਂ ਦਰਕਣਾ, ਸਰਕਾਰ ਨਾਲ ਬੜ੍ਹਕਣਾ ਤੇ ਜਨਤਾ ਵਿਚ ਘੋਗਲ-ਕੰਨੇ ਬਣੇ ਰਹਿਣਾ ਅਤੇ ਦੁਵੱਲੀ ਮੌਕਾ ਪ੍ਰਸਤੀ (ਅਕਾਲੀ) ਰਾਜਨੀਤੀ ਦੇ ਅਨਿੱਖੜ ਭਾਗ ਬਣਦੇ ਜਾ ਰਹੇ ਸਨ। ਉਗਰਵਾਦ ਵਿਚ ਸਨੱਦਬਧ ਪ੍ਰਤੀ ਰਖਿਆ ਤੋਂ ਲੈ ਕੇ ਹਮਲਾਵਰੀ ਰੁਚੀ, ਪੁਰਾਣੀ ਪੰਥਕ ਅਗਵਾਈ ਨੂੰ ਨਿਖੇੜਨਾ ਅਤੇ ਖਾਲਿਸਤਾਨ ਦੀ ਮੰਗ ਦੇ ਆਧਾਰ ਤੇ ਸੂਬਕ ਤੇ ਕੇਂਦਰੀ ਸਰਕਾਰ ਨਾਲ ਭਿੜਨ ਦੀ ਰੁਚੀ, ਕੀਮਤੀ ਧਾਤਾਂ, ਨਸ਼ੀਲੇ ਪਦਾਰਥਾਂ ਅਤੇ ਹਥਿਆਰਾ ਦੀ ਅਦਲ-ਬਦਲ ਹੁੰਦੀ ਸਮਗਲਿੰਗ, ਵਿਚਾਰ-ਭੇਦ, ਰਾਜਨੀਤਕ, ਧੜੇਬੰਦਕ ਤੇ ਨਿੱਜੀ ਦੁਸਮਨੀ ਵਿਚ ਜਾਨ-ਲੇਵਾ ਹਮਲੇ, ਰਾਹ ਜਾਂਦੇ ਲੋਕਾਂ ਨੂੰ ਮਾਰ-ਮੁਕਾਉਣ ਤਕ ਵਧ ਕੇ ਅਜਿਹਾ ਉਗਰਵਾਦੀ ਤੇ ਜਨੂੰਨੀ ਰੂਪ ਲੈ ਰਹੇ ਸਨ ਕਿ ਇਸ ਤੋਂ ਜਨ ਮਤ ਬਹੁਤ ਧੁੰਦਲਾ ਗਿਆ। ਦਿਨ ਬਦਿਨ ਟੱਕਰ ਦੋ-ਟੁਕ ਹੋ ਰਹੀ ਸੀ ਅਤੇ ਪੜਦੇ ਪਿਛੇ ਲੜਾਈ, ਤਿਗੜਮਬਾਜ਼ੀ ਅਤੇ ਮਨੋਵਿਗਿਆਨਕ ਬਣਦੀ ਜਾ ਰਹੀ ਸੀ।

'ਇੰਦਰਾ ਗਾਂਧੀ ਸਮੇਂ ਤੋਂ ਕੇਂਦਰੀ ਸਰਕਾਰ ਨੇ ਸਫਲਤਾ-ਮੁਖ ਰਾਜਨੀਤੀ ਦੇ ਜਿਹੜੇ ਦਾਅ-ਪੇਚ ਅਪਨਾ ਲਏ ਸਨ ਉਸ ਵਿਚ ਹਰ ਗਲ ਵਿਚੋਂ ਆਰਥਕ, ਰਾਜਨੀਤਕ ਏਥੋਂ ਤਕ ਕਿ, ਸਭਿਆਚਾਰਕ ਭਾਂਤ ਦੇ ਮਸਲਿਆਂ ਨੂੰ ਅਨਡਿੱਠ ਕਰਕੇ ਕੇਵਲ ਧਾਰਮਿਕ ਪੱਖਾਂ ਦਾ ਉੱਤਰ ਦਿਤਾ ਜਾਂਦਾ ਸੀ। ਹੇਠਲੇ ਪਧਰ ਤੇ ਜੇ ਰੇਡੀਓ, ਟੀ ਵੀ ਉਪਰ ਪੰਜਾਬੀ ਭਾਸਾ ਤੇ ਸਭਿਆਚਾਰ ਦੇ ਹੱਕੀ ਸਥਾਨ ਦੀ ਗਲ ਕਦੇ ਛਿੜੀ ਤਾਂ ਗੁਰਬਾਣੀ ਅਤੇ ਖਬਰਾਂ ਦੇ ਸਮੇਂ ਨੂੰ ਪੰਜਾਬੀ ਪ੍ਰੋਗਰਾਮ ਦਾ ਸਮਾਂ ਦਸ ਦਿਤਾ। ਚੰਡੀਗੜ੍ਹ ਪੰਜਾਬੀ ਬੋਲਦਾ ਦੇਖਕੇ ਤੇ ਪੰਜਾਬ ਨੂੰ ਦੇਣਾ ਮੰਨ ਕੇ ਵੀ ਕੇਂਦਰ ਪ੍ਰਸਾਸਤ ਕੀਤਾ ਗਿਆ। ਰਾਜਨੀਤਕ ਪੱਧਰ ਤੇ ਇਕ ਪਾਸੇ ਆਨੰਦਪੁਰ ਸਾਹਿਬ ਦੇ ਮਤੇ ਦੀਆਂ ਕੇਵਲ ਧਾਰਮਿਕ ਮੰਗਾਂ ਨੂੰ ਵਿਚਾਰਿਆ ਅਤੇ ਪ੍ਰਵਾਨਿਆ ਗਿਆ, ਦੂਜੇ ਪਾਸੇ ਨਹਿਰੀ ਪਾਣੀ, ਬਿਜਲੀ ਦੀ ਵੰਡ ਅਤੇ ਕੇਂਦਰ-ਰਾਜ ਸੰਬੰਧਾਂ ਦੀਆਂ ਮੰਗਾਂ ਬਾਰੇ ਟਾਲਮਟੋਲ, ਮੁਕਰਨਾ ਅਤੇ ਪੁਨਰ-ਵਿਆਖਿਆ ਦਾ ਰਾਹ ਫੜ ਕੇ ਅਕਾਲੀ ਮੋਰਚੇ ਨੂੰ ਇੰਜ ਲਟਕਾਇਆ ਗਿਆ ਕਿ ਇਹ ਜਾਂ ਤਾਂ ਆਪ ਹੀ ਢਿੱਲਾ ਪੈ ਜਾਏ ਜਾਂ ਕਦੇ ਇਕ ਕਦੇ ਦੂਜੇ ਧੜੇ ਨੂੰ ਪਹਿਲ-ਪਿਠ ਦੇ ਕੇ ਫੁੱਟ ਵਧਾਈ ਜਾ ਸਕੇ। ਏਥੋਂ ਤਕ ਕਿ ਭਿੰਡਰਾਂਵਾਲੇ ਜਰਨੈਲ ਸਿੰਘ ਨੂੰ ਰਾਜੀਵ ਗਾਂਧੀ ਨੇ ਸੰਤ ਅਤੇ ਹਥਿਆਰਬੰਦ ਮੁਕਾਬਲੇ ਲਈ ਤਿਆਰ ਬਰ ਤਿਆਰ ਹਾਲਤ ਨੂੰ ਜਨਤਾ ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਬੇ-ਹਥਿਆਰ ਤੇ ਪੁਰਅਮਨ ਦਸ ਦਿਤਾ। ਅਖੀਰ ਜੂਨ 1984 ਵਿਚ 'ਐਕਸ਼ਨ ਬਲਿਊਸਟਾਰ' ਦੇ ਨਾਂ ਹੇਠ ਫੌਜੀ ਕਾਰਵਾਈ ਕੀਤੀ ਗਈ। ਮੁਕਾਬਲਾ ਹੋਇਆ। ਕਿੰਨੀਆਂ ਕੀਮਤੀ 'ਜਾਨਾਂ ਗਈਆਂ ਇਸ ਦਾ ਨਾ ਕੋਈ ਅਨੁਮਾਣ ਨਾ ਕੋਈ ਮਹਤਵ ਰਿਹਾ। ਕਿਉਂਕਿ ਸਰਕਾਰ ਲਈ ਲੋਕ ਏਡੀ ਮਹਿੰਗੀ ਵਸਤ ਨਹੀਂ ਹੁੰਦੇ। ਅਤੇ ਸਿਖ ਸਮਾਜ ਵਿਚ ਜਾਨਾਂ ਤੋਂ ਵਧ ਮਹਤਵ-ਪੂਰਨ ਧਰਮ ਸਥਾਨ ਨੂੰ ਸਮਝਿਆ ਜਾਣਾ ਕੁਦਰਤੀ ਸੀ। ਅਕਾਲ ਤਖਤ ਦਾ ਢਹਿ-ਢੇਰੀ ਹੋਣਾ, ਸਰੋਵਰ ਦੀ ਪ੍ਰਕਰਮਾ ਵਿਚ ਫੌਜੀਆਂ ਤੇ ਟੈਂਕਾਂ ਦਾ ਆ ਵੜਨਾ ਅਤੇ ਕਿੰਨੀਆਂ ਹੀ ਹੋਰ ਬੇ-ਅਦਬੀਆਂ ਭੁਲਾਏ ਜਾਣ ਯੋਗ ਨਹੀਂ ਸਨ। ਨਾਲ ਹੀ ਇਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਸਮੇਤ ਲਗਪਗ ਸਭ ਅਕਾਲੀ ਨੇਤਾ ਅਤੇ ਹਜਾਰਾਂ ਵਰਕਰ, ਸੇਵਾਦਾਰ ਤੇ ਯਾਤ੍ਰੀ ਵੀ ਫੜੇ ਗਏ। ਵਖ ਵਖ ਪਲਟਨਾਂ ਤੇ ਕੇਂਦਰਾਂ ਤੋਂ ਸਿਖ ਫੌਜੀ ਡਿਊਟੀ ਛਡ ਕੇ ਅੰਮ੍ਰਿਤਸਰ ਵਲ

ਜਾਂਦੇ ਫੜੇ ਗਏ ਅਤੇ ਬ੍ਰਖਾਸਤ ਕੀਤੇ ਗਏ। ਜਰਨੈਲ ਸਿੰਘ ਭਿੰਡਰਾਂਵਾਲੇ ਦੇ ਖਾਤਮੇ ਨਾਲ ਰਾਜਨੀਤਕ ਭੇਤਾਂ ਦਾ ਇਕ ਤਲਿੱਸਮ ਵੀ ਟੁਟ ਗਿਆ ਜੋ ਜੇ ਉਹ ਫੜਿਆ ਜਾ ਕੇ ਦੱਸ ਦਿੰਦਾ ਤਾਂ ਸ਼ਾਇਦ ਬਦੇਸ਼ੀ ਸ਼ਕਤੀਆਂ ਦੀ ਸਹਾਇਤਾ ਤੋਂ ਲੈਕੇ ਸਭਨਾਂ ਬੁਰਜੂਆ ਪਾਰਟੀਆਂ ਦੀਆਂ ਗੋਂਦਾਂ ਤੇ ਤਿਗੜਬਾਜ਼ੀਆਂ ਦਾ ਪਾਜ ਖੁਲ੍ਹ ਜਾਂਦਾ ਜੋ ਆਪਣੇ ਐਲਾਨੇ-ਬਿਆਨੇ ਅਸੂਲਾਂ ਨੂੰ ਛਡ ਕੇ ਕੇਵਲ ਅੰਧਕਰਮੀ ਸਫਲਤਾ-ਮੁਖ ਰਾਜਨੀਤੀ ਵਿਚ ਪੈ ਗਈਆਂ ਸਨ।

ਇਸ ਤੋਂ ਮਗਰੋਂ ਉਗਰਵਾਦ ਵਕਤੀ ਤੌਰ ਤੇ ਅਕਾਲ ਤਖਤ ਅਤੇ ਦਰਬਾਰ ਸਾਹਿਬ ਕੰਪਲੈਕਸ ਨੂੰ ਛਡ ਕੇ ਇੱਕਾ ਦੁੱਕਾ ਆਤੰਕਵਾਦੀ ਕਾਰਵਾਈਆਂ ਨਾਲ ਪੰਜਾਬ ਭਰ ਵਿਚ ਫੈਲ ਗਿਆ। ਬਦਲੇ ਦੀਆਂ ਕਾਰਵਾਈਆ ਵੀ ਵਧਣ ਲਗੀਆਂ। ਅਖੀਰ ਇਕੱਤੀ ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਜਿਸ ਦੇ ਨਾਲ ਹੀ ਹਰਿਆਣੇ;ਦਿੱਲੀ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਦੇ ਸ਼ਹਿਰਾਂ ਵਿਚ ਸਿਖ-ਵਿਰੋਧੀ ਦੰਗੇ ਭੜਕ ਪਏ, ਜਾਨ ਮਾਲ ਦੀ ਹਾਨੀ ਹੋਈ। ਆਪਣੀਆਂ ਕਤਾਰਾਂ ਵਿਚ ਕਾਂਗਰਸ ਉਂਜ ਵੀ ਫਿਰਕਾਪ੍ਰਸਤੀ ਵਲੋਂ ਦੁਧ ਧੋਤੀ ਨਹੀਂ ਰਹੀ। ਇਨ੍ਹਾਂ ਫਸਾਦਾਂ ਨਾਲ ਪੰਜਾਬ ਵਿਚ ਕਾਂਗਰਸ ਦਾ ਹਿੰਦੂ ਵੋਟ ਬੈਂਕ ਪੱਕਾ ਹੋਇਆ ਜਿਸ ਵਿਚ ਵਡਾ ਸਾਰਾ ਖਾਤਾ 'ਐਕਸ਼ਨ ਬਲਿਊ ਸਟਾਰ' ਵੇਲੇ ਖੁਲ੍ਹ ਚੁਕਾ ਸੀ। ਪੰਜਾਬ ਤੋਂ ਬਾਹਰ ਸਿਖ-ਬਿੰਬ ਪਹਿਲਾਂ ਹੀ ਦੋਖੀ ਪ੍ਰੈਸ ਅਤੇ ਰਾਜਨੀਤਕ ਹਲਕਿਆਂ ਵਲੋਂ ਵਿਗਾੜਿਆ ਜਾ ਰਿਹਾ ਸੀ, ਇਨ੍ਹਾਂ ਦੰਗਿਆਂ ਵਿਚ ਸਥਾਨਕ ਆਰਥਕ ਮੁਕਾਬਲੇ-ਬਾਜ਼ੀ ਅਤੇ ਕੁਕਰਿਆਂ ਨੂੰ ਨਾਲ ਲੈ ਕੇ ਸਿਖਾਂ ਨੂੰ ਇੰਜ ਡਰਾਇਆ ਧਰਕਾਇਆ ਕਿ ਉਹ ਭਵਿਸ਼ ਵਿਚ ਬਹੁ-ਗਿਣਤੀ ਫਿਰਕਾਪ੍ਰਸਤੀ ਅਤੇ ਵਡੀਆਂ ਬੁਰਜੂਆ ਪਾਰ-ਟੀਆਂ ਦੇ ਰਾਜਨੀਤਕ ਬੰਧਕੇ ਬਣ ਗਏ। ਸਿਖ ਫਿਰਕਾਪ੍ਰਸਤੀ ਪੰਜਾਬ ਤੋਂ ਬਾਹਰ ਦੇ ਸਿਖਾਂ ਨੂੰ ਮਾਇਆ ਤੇ "ਦਿਲੀ ਦਰਬਾਰ" ਨਾਲ ਬੱਝੇ ਤੇ ਪੰਥ ਜਾਂ ਪੰਜਾਬ ਤੋਂ ਬੇਮੁਖ ਕਹਿੰਦੀ ਰਹੀ ਸੀ—ਖਾਲਿਸਤਾਨ ਬਣਨ ਦੀ ਹਾਲਤ 'ਚ ਪੰਜਾਬ ਤੋਂ ਬਾਹਰ ਦੇ ਸਿਖਾਂ ਨੂੰ ਸੰਭਾਵੀ ਦਸਵੰਧ ਤਕ ਕਹਿ ਦਿਤਾ ਗਿਆ ਸੀ। ਕੁਝ ਇਨਸਾਫ ਪਸੰਦ ਕਾਨੂੰਨਦਾਨਾਂ ਅਤੇ ਇੰਦਰਾ ਸਮੇਂ ਦੀ ਐਮਰਜੰਸੀ ਦੇ ਢੱਟੇ ਵਿਅਕਤੀਆਂ ਨੇ ਇਨ੍ਹਾਂ ਫਸਾਦਾਂ ਪਿਛੇ ਕਾਂਗਰਸੀ ਫਿਰਕਾਪ੍ਰਸਤਾਂ ਨੂੰ ਨੰਗਾ ਕੀਤਾ। ਪਰ ਸਮੁਚੇ ਸਿਖ ਸਮਾਜ ਉਪਰ ਮੂਲਵਾਦੀ ਪ੍ਰਭਾਵ ਵਧਿਆ। ਉਗਰਵਾਦ ਨੇ ਦੁਰਾਡੀਆਂ ਅੰਤਰ-

ਰਾਸ਼ਟਰੀ ਜੂਹਾਂ ਨੂੰ ਜਾ ਛੋਹਿਆ ਅਤੇ ਦੇਸ ਅੰਦਰ ਫੌਜ ਤੇ ਪੁਲਿਸ ਦੀਆਂ ਉਚਤਮ ਪਦਵੀਆਂ ਨੂੰ ਨਿਸ਼ਾਨਾ ਬਣਾਇਆ ।

ਇਸ ਸਭ ਕੁਝ ਦਾ ਲਾਭ ਕਾਂਗਰਸ ਦੀ ਸਫਲਤਾ-ਮੁਖ ਰਾਜਨੀਤੀ ਨੂੰ ਹੋਇਆ ਜਿਸ ਨੇ ਇੰਦਰਾ ਗਾਂਧੀ ਵਾਂਗ ਉਸਦੇ ਪੁਤਰ, ਰਾਜੀਵ ਗਾਂਧੀ ਨੂੰ 1985 ਦੀਆਂ ਚੋਣਾਂ ਵਿਚ ਵੋਟ-ਚੁੰਬਕ ਲੀਡਰ ਬਣਾ ਕੇ ਕੇਂਦਰ ਵਿਚ ਆਪਣੀ ਸਰਕਾਰ ਸੁਦ੍ਰਿੜ ਕਰ ਲਈ । ਕਾਂਗਰਸ ਨੇ ਨਾ ਕਦੇ ਸਿਧਾਂਤਕ ਪਧਰ ਤੇ ਫਿਰਕਾਪ੍ਰਸਤੀ ਨਾਲ ਲੜਾਈ ਕੀਤੀ ਸੀ, ਨਾ ਹੁਣ ਰਾਜਨੀਤਕ ਪੱਧਰ ਤੇ ਪੰਜਾਬ ਦੀ ਸਮੱਸਿਆ ਹੱਲ ਕਰਨ ਲਈ ਤਿਆਰ ਸੀ । ਇਸੇ ਲਈ ਉਸ ਨੇ ਅਜੇ ਤਕ ਅਕਾਲੀ ਧੜੇਬੰਦੀ ਵਿਚ ਭਟਕਦੇ ਹੁਣ ਉਗਰਵਾਦੀ ਕਰਮਾਂ ਤੋਂ ਚੁਕੰਨੇ ਹੋਏ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲ ਨਾਲ ਸੁਰਜੀਤ ਸਿੰਘ ਬਰਨਾਲਾ ਆਦਿਕ ਨਾਲ ਬਿਠਾ ਲਿਆ, ਜਨਤਕ ਮੰਗਾਂ ਨੂੰ ਅਨਡਿੱਠ ਕਰਕੇ, ਇਸੇ ਅਕਾਲੀ ਧੜੇ ਨੂੰ ਉਭਾਰ ਕੇ ਸਮਝੌਤਾ ਕਰ ਲਿਆ ਬਰਨਾਲਾ ਮੰਤਰੀ ਮੰਡਲ ਵਿਚ ਤਰੁਟੀਆਂ ਅਤੇ ਮੌਕਾ ਪ੍ਰਸਤ ਅੰਸ਼ ਤਾਂ ਸਨ ਹੀ ਪਰ ਜਿਉਂ ਹੀ ਹਰਿਆਣੇ ਦੀਆਂ ਹੋ ਰਹੀਆਂ ਚੋਣਾਂ ਵਿਚ ਹਰਿਆਣਵੀ ਸਜੇ ਪਖ ਦੀ ਪੰਜਾਬ ਵਿਰੋਧੀ ਚੜ੍ਹਤਲ ਦੇਖੀ, ਬਰਨਾਲਾ ਵਜ਼ਾਰਤ ਵੀ ਤੋੜ ਦਿਤੀ । (ਹਾਲਾਂ ਕਿ ਚੋਣਾਂ ਫੇਰ ਵੀ ਜਾਟ-ਸਾਵਨਿਜ਼ਮ-ਸੰਗ-ਹਿੰਦੂ ਮੂਲਵਾਦੀਆਂ ਨੇ ਜਿੱਤ ਲਈ) ।

**ਕਮਿਊਨਿਸਟ ਪਹਿਲ ਕਦਮੀ** : ਸਿਧਾਂਤ ਅਤੇ ਸੁਚੇਤ ਰੂਪ ਵਿਚ ਕਮਿ-ਊਨਿਸਟ ਹੀ ਸੱਚੇ-ਸੁੱਚੇ ਸੈਕੂਲਰ ਹੋ ਸਕਦੇ ਹਨ । ਮਾਰਕਸਵਾਦ-ਲੈਨਿਨਵਾਦ ਦਾ ਬੀਜ-ਮੰਤਰ ਕਿਉਂਕਿ ਦਵੰਦਾਮਕ ਭੌਤਿਕਵਾਦ ਜਾਂ ਵਿਰੋਧ-ਵਿਕਾਸੀ ਪਦਾਰਥਵਾਦ ਹੈ ਇਸ ਲਈ ਕੋਈ ਮਾਰਕਸਵਾਦੀ-ਲੈਨਿਨਵਾਦੀ ਕਿਸੇ ਅਲੌਕਿਕ ਪਾਰ-ਸ਼ਰੀਰਕ ਸ਼ਕਤੀ ਰੱਬ ਆਦਿਕ-ਉਪਰ ਵਿਸ਼ਵਾਸ ਨਹੀਂ ਰਖਦਾ—ਪਰ ਕਿਉਂਕਿ ਉਸੇ ਸਮੇਂ ਮਾਰਕ-ਸਵਾਦੀ ਮਾਨਵਵਾਦੀ ਹੁੰਦਾ ਹੈ-ਮਨੁਖ ਨੂੰ ਸਰਬੋਤਮ ਸਮਝਦਾ, ਧਰਮ ਨੂੰ ਵੀ ਮਨੁਖ ਦਾ, ਮਨੁਖ ਲਈ ਸਮਝਦਾ ਹੈ—ਇਸ ਲਈ ਧਾਰਮਿਕ ਸੰਸਕਾਰਾਂ-ਸੰਕੀਰਣ-ਤਾਵਾਂ ਤੋਂ ਉਪਰ ਹੋ ਕੇ ਸੱਚਾ ਸੈਕੂਲਰ ਹੋ ਨਿਬੜਦਾ ਹੈ ਪਰ ਆਪਣੀ ਹੋਂਦ ਅਤੇ ਵਿਕਾਸ ਦੀ ਫਿਕਰ ਵਿਚ ਪਈ ਅਤੇ ਆਜ਼ਾਦੀ ਉਪ੍ਰੰਤ ਅਸੂਲ-ਸਿਧਾਂਤ ਰਹਿਤ ਰਾਜਨੀਤਕ ਸੰਦਰਭਾਂ ਵਿਚ ਵਿਚਰਦੀ ਕਮਿਊਨਿਸਟ ਲਹਿਰ ਦੇ ਇਕ ਪਖ ਦੀ ਕੋਈ ਮਸਲੇਹਤ ਸੀ ਜਾਂ ਮਜਬੂਰੀ ਕਿ ਇਸ ਨੇ ਫਿਰਕਾਪ੍ਰਸਤੀ ਨਾਲ ਸਿੱਧੀ ਸਿਧਾਂ-

ਤਕ ਅਤੇ ਰਾਜਨੀਤਕ ਟੱਕਰ ਨਹੀਂ ਲਈ। ਸਗੋਂ, 'ਐਕਸ਼ਨ ਨੀਲ ਤਾਰਾ' ਤਕ ਰਾਜਨੀਤਕ ਖੇਤਰ ਵਿਚ ਜਿਹੜੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਉਹ ਸਿਖ ਫਿਰਕਾਪ੍ਰਸਤੀ ਅਤੇ ਅਖਾਉਤੀ ਸੈਕੂਲਰਿਜ਼ਮ ਵਿਚਕਾਰ ਵਿਚੋਲਗੀ ਵੀ ਜਾਪਦੀਆਂ ਸਨ ਅਤੇ ਦੋਹਾਂ ਨੂੰ ਨੰਗਾ ਵੀ ਕਰਦੀਆਂ ਸਨ। ਨਾ ਹੀ ਕਮਿਊਨਿਸਟ ਲਹਿਰ, ਪਾਕਿਸਤਾਨ ਦੀ ਮਿਲਟਰੀ ਡਿਕਟੇਟਰਸ਼ਿਪ ਤੋਂ ਅਨਜਾਣ ਸੀ ਜੋ ਮੂਲਵਾਦ ਨੂੰ ਬਦੇਸ਼ ਨੀਤੀ ਵਿਚ 'ਪਾਨ-ਇਸਲਾਮ' ਦੇ ਹਥਿਆਰ ਵਜੋਂ ਅਤੇ ਪਾਕਿਸਤਾਨੀ ਅਵਾਮ ਦੇ ਮੂੰਹ ਨੂੰ ਬੰਦ ਰਖਣ ਲਈ ਬੁੱਜੇ ਵਜੋਂ ਵਰਤ ਰਹੀ ਸੀ। ਪੰਜਾਬ ਦੀ ਕਮਿਊਨਿਸਟ ਲਹਿਰ ਨੇ "ਐਕਸ਼ਨ ਨੀਲ ਤਾਰਾ" ਤੋਂ ਪਹਿਲਾਂ ਹੀ ਖਾਲਿਸਤਾਨੀ ਉਗਰਵਾਦ ਦੇ ਫਾਸਿਸ਼ਟ ਨੈਣ-ਨਕਸ਼—ਗੁਰਮੁਖ ਸਿਖ ਤੋਂ ਲੈ ਕੇ ਰਾਜਨੀਤਕ ਮਤ-ਭੇਦ ਪ੍ਰਗਟ ਕਰਨ ਵਾਲੇ ਦੇ ਕਤਲ ਤਕ—ਦੇਖ ਲਏ ਸਨ ਪਰ ਐਕਸ਼ਨ ਤੋਂ ਮਗਰੋਂ ਦੋ ਪੰਜਾਬ ਵਿਚ ਖਾਲਿਸਤਾਨੀ ਅਤਵਾਦ ਦੀ ਤਾਰ ਹਿਲਾ ਰਹੇ ਖਾਲਿਸਤਾਨੀ ਟ੍ਰੇਨਿੰਗ ਕੈਂਪਾਂ ਨੂੰ ਦੇਖ ਕੇ ਅਤੇ ਕੇਰਲ ਵਿਚ ਹਿੰਦੂ-ਮੂਲਵਾਦੀਆਂ ਦੇ ਤਜਰਬੇ ਨੇ ਕਮਿਊਨਿਸਟ ਪਾਰਟੀ (ਮਾਰਕਸੀ) ਅਤੇ ਅਤੇ ਸੀ. ਪੀ. ਆਈ. ਨੂੰ ਭਾਰਤੀ ਤੇ ਪੰਜਾਬੀ ਫਿਰਕਾਪ੍ਰਸਤੀ ਵਿਰੋਧੀ ਮੋਰਚੇ ਵਿਚ ਜੋੜ ਦਿਤਾ। ਪੰਜਾਬ ਵਿਚ ਕ੍ਰਮਵਾਰ ਅਗੜ-ਪਿਛੜ ਸੀ. ਪੀ. ਆਈ, ਸੀ. ਪੀ, ਆਈ. (ਮਾਰਕਸੀ) ਅਤੇ ਸੀ. ਪੀ. ਆਈ. (ਐਮ. ਐਲ.) ਨਾਲ ਸੰਬੰਧਤ ਰਾਜਨੀਤਕ ਤੇ ਸਾਹਿਤਕ ਵਿਅਕਤੀਆਂ ਨੇ ਫਿਰਕਾਪ੍ਰਸਤੀ ਅਤੇ ਅੱਤਵਾਦ ਵਿਰੁਧ ਕੁਰਬਾਨੀਆਂ ਦੇ ਕੇ ਫਿਰਕੂ ਤੇ ਬੁਰਜੂਆ ਸਿਆਸਤ ਦੇ ਰੰਗ ਦੇਖ ਰਹੇ ਪੰਜਾਬੀ ਲੋਕਾਂ ਨੂੰ ਕਮਿਊਨਿਸਟਾਂ ਦੀ ਅਮਲੀ ਤੇ ਅਡਿੱਗ ਸੈਕੂਲਰਿਜ਼ਮ ਵਲ ਤਕਾਇਆ ਹੈ; ਅਤੇ ਪਿਛੇ ਜਿਹੇ ਫਿਰਕੂ ਅਤੇ ਸੱਜੇ ਪੱਖੀ ਵਿਰੋਧਦਲੀ ਸ਼ਕਤੀਆਂ ਵਲੋਂ ਰਾਸ਼ਟਰਪਤੀ ਦੀ ਚੋਣ ਰਾਹੀਂ ਲਿਆਂਦੇ ਜਾ ਰਹੇ ਸੰਵਿਧਾਨਕ (ਰਾਜ) ਪਲਟੇ ਨੂੰ ਠਲ੍ਹ ਪਾਈ ਹੈ।

ਸਤਨਾਜਾ ਭਾਂਤ ਦੇ ਵਿਰੋਧੀ-ਦਲ ਵਿਚੋਂ ਨੰਗੀ-ਪੁੰਗੀ ਹਿੰਦੂ-ਮੁਸਲਿਮ ਫਿਰਕਾਪ੍ਰਸਤੀ ਨੂੰ ਨਿਖੇੜਿਆ ਹੈ। ਤਾਂ ਵੀ, ਇਕ-ਮੁੱਠ ਤੇ ਚੱਟਾਨੀ ਫਿਰਕਾਪ੍ਰਸਤੀ ਵਿਰੋਧੀ ਮੋਰਚੇ ਦੇ ਰਾਹ ਵਿਚ ਕਮਿਊਨਿਸਟ ਪਾਰਟੀਆਂ, ਗੁੱਟਾਂ ਤੇ ਵਿਅਕਤੀਆਂ ਦੇ, ਅਕਾਲੀ-ਸਿਆਸਤ ਅਤੇ ਕਾਂਗਰਸੀ ਸੈਕੂਲਰਿਜ਼ਮ ਸੰਬੰਧੀ ਮੁਲਾਂਕਣ ਨਾਲ ਸੰਬੰਧਤ ਕਈ ਪ੍ਰਸ਼ਨ ਤੇ ਰੁਕਾਵਟਾਂ ਹਨ ਜੋ ਛੋਰੀ ਰਾਜਨੀਤਕ ਮਸਲਿਹਤਾਂ ਮਜਬੂਰੀਆਂ ਨੂੰ ਭੁੱਲ ਕੇ

ਅਤੇ ਸਿਧਾਂਤਕ ਟੀਚਿਆਂ ਨੂੰ ਸਾਹਮਣੇ ਰਖ ਕੇ ਹੀ ਦੂਰ ਹੋਣਗੇ। ਸਮਾਜ ਲਈ ਪ੍ਰਤੀਬੱਧਤਾ ਅਤੇ ਸਵੈ-ਸੋਧਕ ਹੋਣ ਕਾਰਣ ਇਤਹਾਸ ਦਾ ਨੇਂਗਾ ਇਸੇ ਲਹਿਰ ਦੇ ਹੱਕ ਵਿਚ ਪਵੇਗਾ ਕਿ ਇਹ ਫਿਰਕਾਪ੍ਰਸਤ ਤੇ ਮੂਲਵਾਦੀ ਸ਼ਕਤੀਆਂ ਨੂੰ ਭਾਂਜ ਦੇਵੇ।

**ਮਾਨਵਤਾਵਾਦੀ ਲੇਖਕ-ਕਲਾਕਾਰ ਅਤੇ ਵਿਗਿਆਨਕ ਬੁਧੀਜੀਵੀ :** ਫਿਰਕੂ ਤੇ ਮੂਲਵਾਦੀ ਇਸ ਪੂਰੇ ਦੌਰ ਵਿਚ ਬਹੁਤ ਕੁਝ ਗੁਆ ਕੇ ਪੰਜਾਬੀ ਲੇਖਕ-ਕਲਾਕਾਰ ਅਤੇ ਵਿਦਵਾਨ ਦੀ ਪ੍ਰੀਖਿਆ ਹੋਈ ਹੈ। ਲੇਖਕ ਕਲਾਕਾਰ ਜਿਸ ਹਦ ਤਕ ਬੁਨਿਆਦੀ ਤੌਰ ਤੇ ਮਾਨਵਤਾਵਾਦੀ ਹੁੰਦਾ ਹੈ ਇਸ ਦੌਰ ਵਿਚ ਉਹ ਆਮ ਤੌਰ ਤੇ ਅੰਦਰੋਂ ਹਿੰਦੂ ਜਾਂ ਸਿਖ ਰਿਹਾ ਹੈ। ਪੰਜਾਬੀ ਦਾ ਲੇਖਕ ਵਧੇਰੇ ਕਰਕੇ ਸਿੱਖ ਹੈ ਅਤੇ ਉਹ ਫਿਰਕਾਪ੍ਰਸਤੀ ਤੇ ਮੂਲਵਾਦ ਨੂੰ ਸਮੇਂ ਸਿਰ ਸਮਝਣ-ਸਮਝਾਉਣ ਵਿਚ ਸਫਲ ਨਹੀਂ ਹੋਇਆ। ਪੰਜਾਬੋਂ ਬਾਹਰ ਦੇ ਪੰਜਾਬੀ ਲੇਖਕ (ਸਮੇਤ, ਬਹੁਤੇ ਅਗਾਹ-ਵਧੂ ਪੰਜਾਬੀ ਲੇਖਕਾਂ ਦੇ) ਅੰਦਰ ਮਾਨਵਤਾਵਾਦ; ਅੱਤਵਾਦੀ-ਉਗਰਵਾਦੀ ਚੜ੍ਹਤਲ ਸਮੇਂ ਘਟ; 1984 ਦੇ ਸਿਖ-ਵਿਰੋਧੀ ਦੰਗਿਆਂ ਉਪ੍ਰੰਤ ਬਹੁਤਾ ਜਾਗਿਆ ਹੈ। ਸਗੋਂ, ਸਿਖ ਸਾਹਿਤ ਨੂੰ ਧੁਰ ਦਾ ਇਨਕਲਾਬੀ ਅਤੇ ਸਾਮੰਤਵਾਦ ਦੀ ਉਪਜ ਸਮਝਣ ਵਾਲੇ ਦੋਵੇਂ ਖੱਬੇ ਉਲਟ-ਰੁਝਾਨ, ਅੱਤ ਦੀ ਹੱਦ ਤਕ ਵਧਦੇ ਹੋਏ ਇਕ ਹੋਏ ਹਨ ਅਤੇ ਮੂਲਵਾਦ ਦੀ ਪੰਗਤ ਵਿਚ ਜਾ ਬੈਠੇ ਹਨ।

ਆਜ਼ਾਦੀ ਤੋਂ ਪਹਿਲਾਂ, ਫੁੱਟ ਦੇ ਪ੍ਰਤੀਕ ਵਜੋਂ ਰੇਲਵੇ ਦੀ ਸਾਮਰਾਜੀ ਨੌਕਰ-ਸਾਹੀ ਨੇ ਰੇਲਵੇ ਸਟੇਸ਼ਨਾਂ ਉਪਰ ਹਿੰਦੂ ਤੇ ਮੁਸਲਿਮ ਪਾਣੀ ਰਖੇ ਹੋਏ ਸਨ। ਬੁੱਧ, ਕਿਸੇ ਵੀ ਧਾਰਮਿਕ ਜਨਮ-ਜਾਮੇ ਵਿਚ ਹੋਵੇ, ਬੁਧ ਹੀ ਰਹਿੰਦੀ ਹੈ। ਪਰ ਇਹ ਮੂਲਵਾਦ ਦੀ ਸਿਫਤ ਹੈ ਜਾਂ ਅਖਾਉਤੀ ਬੁਧੀਜੀਵੀ ਦਾ ਲੱਛਣ, ਕਿ ਉਸ ਨੇ 'ਸਿਖ ਬੁਧੀਜੀਵੀ' ਬਣ ਕੇ ਪਿਛਾਖੜ ਅਤੇ ਸਾਮਰਾਜ ਦੀ ਬੌਧਿਕ ਚਾਕਰੀ ਕੀਤੀ ਹੈ। ਤਾਂ ਵੀ ਲੇਖਣੀ, ਕਲਾ, ਅਤੇ ਬੁਧੀ ਦੇ ਵਿਸ਼ਾਲ ਖੇਤਰਾਂ ਤੋਂ ਹੀ ਫਿਰਕਾਪ੍ਰਸਤੀ ਅਤੇ ਮੂਲਵਾਦ ਵਿਰੁਧ ਆਵਾਜ਼ ਆਈ ਹੈ। ਇਨ੍ਹਾਂ ਖੇਤਰਾਂ ਤੋਂ ਹੀ ਆਸ ਹੈ ਕਿ ਉਹ ਵਿਗਿਆਨਕ ਮਾਨਵਤਾਵਾਦ ਦਾ ਪਹਿਰਾ ਦੇਣਗੇ।

ਮਾਰਕਸਵਾਦ ਦਰਸਨ ਵੀ ਹੈ ਅਤੇ ਸਾਇੰਸ ਵੀ। ਮੂਲਵਾਦ ਨਾਲ, ਦਾਰਸ਼-ਨਿਕ-ਸਿਧਾਂਤਕ ਅਤੇ ਤਾਰਕਿਕ-ਵਿਗਿਆਨਕ ਪੱਖ ਤੋਂ ਮਾਰਕਸਵਾਦ ਹੀ ਨਜਿੱਠਣ ਦੇ ਯੋਗ ਹੈ। ਪਰ ਇਹ ਕਮਿਊਨਿਸਟ ਲਹਿਰ ਦੀ ਤ੍ਰਾਸਦੀ ਹੈ ਜਾਂ ਉਕਾਈ ਕਿ

ਇਸ ਵਲੋਂ ਦਾਰਸ਼ਨਿਕ, ਇਤਹਾਸਕ ਅਤੇ ਸਮਾਜ-ਵਿਗਿਆਨਕ ਪੱਖ ਤੋਂ ਪੰਜਾਬ ਦੇ ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਵਰਤਾਰਿਆਂ ਬਾਰੇ ਸਰਬਾਂਗੀ ਵਿਸ਼ਲੇਸਣ ਨਹੀਂ ਦਿਤਾ ਗਿਆ। ਜਿਵੇਂ ਕਿ ਹਥਲੇ ਅਧਿਅਨ ਵਿਚ ਦਸਿਆ ਹੈ; ਮੂਲਵਾਦ ਬੋਧਿਕੀਕ੍ਰਿਤ ਤੋਂ ਲੈ ਕੇ ਅਕਾਦਮੀਕ੍ਰਿਤ ਅਤੇ ਮਿੱਥਿਕ ਤੋਂ ਲੈ ਕੇ ਸੰਸਕਾਰਕ ਰੂਪਾਂ ਵਿਚ ਫੈਲਿਆ ਹੋਇਆ ਹੈ। ਇਸ ਲਈ ਆਵਸ਼ਕ ਹੈ ਕਿ ਇਸ ਦੀ ਪੁੱਛ-ਪੜਤਾਲ ਬਹੁ-ਪੱਖੀ ਵਿਧੀ-ਵਿਧਾਨਾਂ ਨਾਲ ਕੀਤੀ ਜਾਏ। ਨਿਪਟ ਸਾਹਿਤਕ, ਨਿਰੋਲ ਇਤ-ਹਾਸਕ, ਮੇਕਾਂਕੀ ਵਿਗਿਆਨਕ ਅਧਿਅਨ ਜਾਂ ਆਰਾਮ-ਕੁਰਸੀ ਚੜ੍ਹੇ ਵਿਚਾਰ ਬੁਰਜ਼ੂਆ ਸਥਾਪਤੀਆਂ ਅਨੁਸਾਰ "ਆਪਣੀ ਲਾਈਨ ਦੇ ਮਾਹਰ" ਹੋ ਨਿਬੜਦੇ ਹਨ —ਅਜਿਹੇ ਬੌਣੇ ਬਣ ਜਾਂਦੇ ਹਨ ਇਹ ਇਕ-ਇਕੱਲੇ ਅਧਿਅਨ, ਕਿ ਦੈਂਤ-ਕੱਦ ਬੁਰਜ਼ੂਆਜ਼ੀ ਦਾ ਕੁਝ ਵਿਗਾੜ ਨਹੀਂ ਸਕਦੇ।

# 19. ਮੂਲਵਾਦ ਵਿਰੁਧ ਸੰਘਰਸ਼

ਜਿਥੇ ਫਿਰਕਾਪ੍ਰਸਤੀ ਰਾਜਨੀਤੀ ਵਿਚ ਅੰਧਕਰਮੀ ਵਰਤਾਰਾ ਹੈ ਉਥੇ ਮੂਲ-ਵਾਦ ਮਾਨਸਿਕਤਾ ਉਪਰ ਆਧਾਰਿਤ ਉਹ ਸੂਖਮ ਵਰਤਾਰਾ ਹੈ ਜੋ ਵਿਸ਼ਵਾਸ ਅਹਿਸਾਸ ਦੇ ਖੇਤਰਾਂ— ਧਾਰਮਿਕ ਭਾਵਨਾ ਅਤੇ ਸਾਹਿਤ-ਕਲਾ— ਤੋਂ ਲੈ ਕੇ ਵਿਦਿਆ-ਵਿਦਵਤਾ ਦੇ ਬੌਧਿਕ ਖੇਤਰਾਂ ਤਕ ਪਸਰਿਆ ਹੋਇਆ ਹੈ। ਇਸੇ ਲਈ ਮੂਲਵਾਦ-ਵਿਰੋਧੀ ਸੰਘਰਸ਼, ਫਿਰਕਾਪ੍ਰਸਤੀ ਵਿਰੋਧੀ ਸੰਘਰਸ਼ ਜਿੰਨਾ ਹੀ ਮਹਤਵ ਪੂਰਨ ਹੈ।

ਮੂਲਵਾਦ ਦੀ ਟੇਕ ਧਰਮ ਉਪਰ ਹੈ। ਓਹ ਧਾਰਮਿਕ ਬੋਲੀ ਬੋਲਦਾ ਹੈ ਇਸ ਲਈ ਧਾਰਮਿਕ ਖੇਤਰ ਵਿਚ ਮੂਲਵਾਦੀ ਵਿਚਾਰਾਂ, ਪਹੁੰਚ ਅਤੇ ਪ੍ਰਭਾਵ ਦੀ ਨਿਸ਼ਾਨ-ਦੇਹੀ ਕਰਨੀ ਬਣਦੀ ਹੈ!

**ਮਿਥਹਾਸਕ ਪੱਖ** :—ਧਰਮ ਦੇ ਵਿਚਾਰ-ਤੱਤ ਦੀ ਪ੍ਰਤੀਪਾਦਨ ਕਰਨ ਅਤੇ ਪ੍ਰਗਟਾਉਣ ਲਈ ਮਿਥਿਹਾਸ, ਸ਼ੈਲੀ ਦਾ ਕੰਮ ਕਰਦਾ ਹੈ। ਇਸੇ ਲਈ ਮਿਥਹਾਸ, ਸਾਹਿਤ ਨੂੰ ਪੁੱਗਦਾ ਹੈ, ਵਾਰਾ ਖਾਂਦਾ ਹੈ। ਸਮਾਂ ਪਾ ਕੇ ਪੁਜਾਰੀ ਸ਼੍ਰੇਣੀ ਇਸੇ ਨੂੰ ਇਤਹਾਸ ਦੱਸ ਕੇ ਵਹਿਮ-ਭਰਮ ਫੈਲਾਉਂਦੀ ਹੈ ਅਤੇ ਅਖਾਉਤੀ ਸਟੀਕਕਾਰ, ਸਮੀਖਿਅਕ ਤੇ ਬੁਧੀਜੀਵੀ ਇਸ ਦੇ ਅਰਥ-ਭੇਦ ਖੋਹਲਣ (Decodification) ਨਾਲ ਆਪਣੇ ਅਰਥ ਦੇਂਦਾ ਹੈ। ਸੱਜੇ ਪੱਖੀ ਮੂਲਵਾਦੀ, ਮਿਥਹਾਸ ਨੂੰ ਰਲਾ ਕੇ ਇਤਹਾਸ ਲਿਖਦੇ ਹਨ ਅਤੇ ਖੱਬੇ ਪੱਖੀ ਮੂਲਵਾਦੀਆਂ ਨੇ ਮਾਰਕਸਵਾਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਮਿਥਹਾਸ ਨੂੰ ਆਪਣੇ ਸੰਕਲਪਾਂ ਵਿਚ ਵਰਤਿਆ ਹੈ।

**ਗਰੰਥਕਾਰ (Doctrinal) ਪੱਖ**:—ਗਰੰਥ ਬਿਨਾਂ ਧਰਮ ਨਹੀਂ। ਗਰੰਥਾ-ਕਾਰੀ, ਧਾਰਮਿਕ ਵਿਸ਼ਵਾਸ ਅਤੇ ਮਰਯਾਦਾ ਦੀਆਂ ਲੋੜਾਂ ਅਤੇ ਹੋਂਦ ਨੂੰ ਸਪਸ਼ਟ ਕਰਦੀ ਹੈ। ਕਈ ਵਾਰ ਵਿਸ਼ਵਾਸ ਅਤੇ ਮਰਯਾਦਾ ਦਾ ਬੰਧਿਕੀਕਰਨ ਵੀ ਕਰਦੀ ਹੈ। ਮਿਥਹਾਸ ਦੀ ਵਰਤੋਂ ਅਤੇ ਗਰੰਥਾਕਾਰੀ ਵਿਚ ਫਰਕ ਕਈ ਵਾਰ ਬਹੁਤ ਨਾਜ਼ੁਕ ਹੁੰਦਾ ਹੈ। ਤਾਂ ਵੀ ਧਰਮ 'ਚ ਗਰੰਥਾਕਾਰੀ ਦੀ ਮਹਤਤਾ, ਮਿਥਹਾਸ ਨਾਲੋਂ ਵਧ ਹੁੰਦੀ ਹੈ। ਗਰੰਥਾਕਾਰੀ ਵਧੇਰੇ ਕਰਕੇ ਧਰਮ ਨੂੰ'ਬੰਦ ਕਿਤਾਬ' ਬਣਾਉਂਦੀ ਹੈ—ਸੋਧ-ਸੁਧਾਰ ਦੀ ਸੰਭਾਵਨਾ ਘਟਾਉਂਦੀ ਹੈ। ਸਿਖ ਧਰਮ—ਦਰਸ਼ਨ ਨੂੰ 'ਬੰਦ ਕਿਤਾਬ' ਬਣਾਉਣ ਦੇ ਅਚੇਤ ਯਤਨ ਤਾਂ ਸੇਵਾ-ਪੰਥੀ, ਅੱਡਨ-ਸ਼ਾਹੀ, ਉਦਾਸੀ-ਮਤ ਅਤੇ ਨਿਰਮਲ-ਪੰਥੀ ਆਦਿਕ ਸੰਪ੍ਰਦਾਇ-ਸਨਾਤਨੀ ਟੀਕਾਕਾਰਾਂ ਨੇ ਕੀਤੇ ਸਨ ਪਰ ਉਨ੍ਹੀਵੀਂ ਸਦੀ ਦੇ ਅੰਤ ਤੋਂ ਅੰਗਰੇਜ਼ੀ ਵਿਦਵਤਾ ਦੇ ਚੰਡੇ ਹੋਏ ਚਾਟੜਿਆਂ ਨੇ ਗੁਰਬਾਣੀ ਦੀ ਦਾਰਸ਼-ਨਿਕਤਾ ਨੂੰ 'ਬੰਦ ਕਿਤਾਬ' ਬਣਾਉਣ ਵਿਚ ਸੁਚੇਤ ਹਿੱਸਾ ਪਾਇਆ ਹੈ।

**ਸਦਾਚਾਰਕ ਪੱਖ** :—ਧਰਮ ਆਚਾਰ-ਸੰਘਤਾ ਦਾ ਘਾੜਾ ਨਹੀਂ। ਲੋਕ ਜੀਵਣ ਵਿਚ ਵਿਕਸਤ ਹੋ ਚੁਕੀ ਸਮੁਚੀ ਆਚਾਰ-ਸੰਘਤਾ ਨੂੰ ਪ੍ਰਵਾਨ ਕਰਦਾ ਹੈ ਅਤੇ ਇਸ ਵਿਚੋਂ ਸਮਾਜਕ ਸੰਦਰਭ ਅਤੇ ਲੋੜਾਂ ਦੇ ਅਨੁਸਾਰੀ ਅੰਸ਼ ਨੂੰ ਆਦਰਸ਼ਿਆ-ਉਂਦਾ ਹੈ ਜਿਵੇਂ ਬਹੁਤੇ ਧਰਮਾਂ ਨੇ ਇਕ ਇਸਤਰੀ ਵਿਆਹ ਦੀ ਵਿਵਸਥਾ ਨਹੀਂ ਦਿਤੀ (ਇਹ ਤਾਂ ਸਦੀਆਂ ਤੋਂ ਵਿਕਸਤ ਹੋ ਰਹੀ ਸੀ) ਸਗੋਂ ਇਕ ਇਸਤ੍ਰੀ ਵਿਵਾਹ ਨੂੰ ਹੀ ਧਰਮ ਵੀ ਮੰਨਿਆ ਹੈ (ਪਿਆਰ ਵਿਵਾਹ ਬਾਰੇ ਚੁਪ ਰਹਿ ਕੇ; ਕਿਉਂਕਿ ਕਬੀਲਾਈ ਅਤੇ ਸਾਮੰਤੀ ਯੁਗ ਵਿਚ ਇਕ-ਇਸਤ੍ਰੀ ਵਿਵਾਹ ਦਾ ਇਹ ਰੂਪ ਆਦਰਸ਼ ਨਹੀਂ ਸੀ) ਅਤੇ ਇਕ ਇਸਤਰੀ-ਵਿਵਾਹ ਵਿਚੋਂ ਹੀ ਜੀਵ ਦੇ ਰੱਬ ਨਾਲ ਮੇਲ ਦੀ ਕਲਪਨਾ ਕੀਤੀ ਹੈ। ਕੁਝ ਧਰਮਾਂ ਤੇ ਸੰਪ੍ਰਦਾਵਾਂ ਨੇ ਤਾਂ ਬਹੁ-ਇਸਤਰੀ-ਵਿਵਾਹ ਅਤੇ ਬਹੁ-ਮਰਦ ਵਿਵਾਹ ਨੂੰ ਵੀ ਪ੍ਰਵਾਨ ਕੀਤਾ ਹੈ। ਗੁਰਬਾਣੀ ਅਤੇ ਸਿਖ ਜੀਵਣ ਵਿਚ, ਇਸਤਰੀ-ਮਰਦ ਦੀ ਵਧਦੀ ਜਾਂਦੀ ਨਾ-ਬਰਾਬਰੀ ਨੂੰ ਠਲ੍ਹ ਪਾਉਣ ਲਈ ਸਿਧਾਂਤ ਤੋਂ ਲੈ ਕੇ ਸੰਗਤ ਤਕ ਸਮਾਨਤਾ ਵਧਾਈ ਗਈ। ਅਜ ਸਿਖ ਸਮਾਜ ਵਿਚ ਇਸਤਰੀ ਸਮਾਨਤਾ ਜਿੰਨੀ ਕੁ ਹੈ ਉਹ ਪੰਜਾਬੀ ਮਿੱਟੀ ਤੇ ਨਸਲੀ ਪਿਛੋਕੜ ਕਰਕੇ ਵੀ ਹੈ ਅਤੇ ਸਿਖ ਸਮਾਜ ਤੋਂ ਲੈ ਕੇ ਸੰਸਾਰ ਭਰ ਵਿਚ ਇਸਤਰੀ ਸਮਾਨਤਾ ਦੀ ਲਹਿਰ ਕਾਰਣ ਵੀ। ਪਰ ਅਸੀਂ ਸਿਖ ਸਮਾਜ ਦੀਆਂ

ਉਪਰਲੀਆਂ ਤੋਹਾਂ ਵਿਚ ਦੇਖਦੇ ਹਾਂ ਕਿ ਬੁਰਜੁਆਜ਼ੀ ਤਾਂ ਇਸਤਰੀ ਨੂੰ ਸਜੀ ਸਜਾਈ ਗੁੱਡੀ ਤੋਂ ਲੈ ਸਨਮਾਨਤ ਰਖੇਲ ਵਜੋਂ ਰਖਦੀ ਹੈ। ਨਾਲ ਹੀ ਅੱਤਵਾਦ ਦੀ ਕੇਂਦਰੀ ਸਰਕਾਰ ਨਾਲ ਸੌਦੇਬਾਜ਼ੀ ਸਮੇਂ 'ਸਿਖ ਪ੍ਰਾਈਵੇਟ ਕਾਨੂੰਨ' ਦੀ ਜਿਹੜੀ ਅਛੋਪਲੀ ਜਹੀ ਮੂਲਵਾਦੀ ਮੰਗ ਉਠੀ ਉਸ ਤੋਂ ਅਨੁਮਾਨ ਹੁੰਦਾ ਹੈ ਕਿ ਸਾਮੰਤਵਾਦੀ ਅੰਸ਼ਾਂ ਦਾ ਵੱਸ ਚੱਲੇ ਤਾਂ ਉਹ ਬੇਵਾ ਭਰਜਾਈ ਨੂੰ ਆਪਣੇ ਹੱਕ ਵਿਚ ਜ਼ਮੀਨ ਦਾ ਬੈ-ਨਾਮਾ ਬਣਾ ਧਰੇ । ਸਪਸ਼ਟ ਹੈ ਕਿ ਸਿਖ ਸਮਾਜ ਵਿਚ ਉਹਨਾਂ ਸ੍ਰੇਣੀਆਂ ਦੀ ਚਲਦੀ ਹੈ ਜੋ ਸਦਾਚਾਰ ਅਤੇ ਇਕ-ਇਸਤਰੀ ਵਿਵਾਹ (Monogamy) ਬਾਰੇ ਆਪਣੀਆਂ ਸ੍ਰੇਣੀ ਦੀਆ ਕਦਰਾਂ-ਕੀਮਤਾਂ ਲਾਗੂ ਕਰਨੀਆਂ ਚਾਹੁੰਦੀਆਂ ਹਨ ।

ਇੰਜ ਹੀ ਸਮਾਜ ਨੂੰ ਮੁਖ ਰਖ ਕੇ ਪਾਪ-ਪੁੰਨ, ਸਰਬੱਤ ਕਾ ਭਲਾ, ਕੂੜ-ਸੱਚ, ਆਦਿਕ ਬਾਰੇ ਸਿੱਖ ਕਦਰਾਂ ਕੀਮਤਾਂ ਨੂੰ ਰਸਮੀਅਤ ਵਿਚ ਬਦਲਣਾ ਦਸਦਾ ਹੈ ਸਦਾਚਾਰ ਅਤੇ ਚੱਜ ਆਚਾਰ ਦੀ ਪ੍ਰੀਭਾਸਾ ਉਪਰ ਮੂਲਵਾਦ ਅਤੇ ਹੋਰ ਸੰਕੀਰਣ ਵਿਚਾਰਾਂ ਦਾ ਕਿੰਨਾ ਪ੍ਰਭਾਵ ਪੈ ਰਿਹਾ ਹੈ ।

**ਸਮਾਜਕ ਪੱਖ** :—ਪਸ਼ੂ ਅਤੇ ਮਨੁਖ ਬਿਰਤੀ ਵਿਚਾਲੇ ਬੁਨਿਆਦੀ ਫਰਕ ਸਮਾਜਿਕਤਾ ਦਾ ਹੀ ਮੰਨਿਆ ਗਿਆ ਹੈ ਜੋ ਆਪਣੇ ਆਪ ਵਿਚ ਜਥੇਬੰਦਕ ਵਰ-ਤਾਰਾ ਹੈ। ਨਸਲ, ਘਰਾਣੇ, ਇਲਾਕੇ ਜਾਂ ਭਾਸ਼ਾ ਦੀ ਸਮਾਨਤਾ ਤੋਂ ਸੂਖਮ ਤੇ ਸ਼ਕਤੀਸ਼ਾਲੀ ਸਮਾਨਤਾ; ਵਿਚਾਰਾਂ-ਵਿਸਵਾਸਾਂ ਦੀ ਹੈ। ਇਸੇ ਲਈ ਧਰਮ ਪ੍ਰਭਾਵਕ ਜਥੇਬੰਦਕ ਸੰਸਥਾ ਹੈ ਜੋ ਗੁਆਂਢ ਤੋਂ ਲੈ ਕੇ ਅੰਤਰ-ਦੇਸੀ ਖੇਤਰਾਂ ਤਕ ਵਰਤਦੀ-ਵਿਚਰਦੀ ਹੈ। ਧਰਮ ਜਦੋਂ ਮਿਸਾਲੀ ਬਣ ਕੇ ਫੈਲ ਰਿਹਾ ਹੋਵੇ ਤਾਂ ਸਮਝੋ ਇਹ ਲੋਕ ਪੱਖੀ ਹੈ। ਧਰਮ ਜਦੋਂ ਸੁੰਗੜ ਰਿਹਾ ਹੋਵੇ ਤਾਂ ਸਪਸ਼ਟ ਹੈ ਕਿ ਸ੍ਰੇਣੀ ਵਿਸ਼ੇਸ਼ ਦੇ ਹੱਥਾਂ ਵਿਚ ਹੈ। ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਨਿਕਾਸ-ਵਿਕਾਸ ਸਮੇਂ ਮਿਸਾਲ ਬਣ ਕੇ ਲੋਕਾ (ਅਨਧਰਮਾ) ਨੂੰ ਆਪਣੇ ਨਾਲ ਮਿਲਾਉਂਦਾ ਹੈ ਅਤੇ ਸਥਾਪਤੀ ਮਗਰੋਂ ਜਦ ਧਰਮ, ਸਮਾਜ ਬਣ ਜਾਏ ਤਾਂ ਵਿਅਕਤੀ ਜਨਮ ਕਾਰਣ ਅਨੁਚਿਤ ਗਲਾਂ ਸਹਿ ਸੁਣ ਕੇ ਇਸ ਵਿਚ ਰਹਿੰਦਾ ਹੈ ਕਿ ਉਹ ਸਮਾਜ ਤੋਂ ਨਿਖੇ-ੜਿਆ ਛੇਕਿਆ ਨਾ ਜਾਏ। ਅਤੇ ਜਦੋਂ ਧਾਰਮਿਕ ਬੰਧੇਜ ਹਿੰਸਕ ਰੂਪ ਧਾਰਨ ਕਰਨ ਲਗੇ ਤਾਂ ਸਮਝੋ ਧਰਮ ਨੂੰ ਡੰਡਾ ਸਮਝਣ ਵਾਲੀ ਸ਼ਕਤੀ-ਸ੍ਰੇਣੀ ਦਾ ਵਾਰਾ-ਪਹਿਰਾ ਹੈ। ਮੂਲਵਾਦ ਅਜਿਹੀ ਅਵਸਥਾ ਦਾ ਲੱਛਣ ਹੈ।

**ਪ੍ਰਯੋਗਵਾਦੀ ਪੱਖ** :—ਗਰੰਥਤਵ ਕਿੰਨਾ ਵੀ ਧੁਰ ਤੋਂ ਆਇਆ ਬਣ ਜਾਏ ਅਤੇ ਮਿੱਥ ਕਿੰਨੀ ਹੀ ਨੂਰੀ ਪਈ ਦਿਸੇ; ਧਰਮ ਇਕ ਸਮਾਜਕ ਵਰਤਾਰਾ ਹੈ—ਸੂਖਮ ਪਦਾਰਥਕ ਵਰਤਾਰਾ ! ਇਸ ਲਈ ਧਰਮ ਦੇ ਹਰ ਪੱਖ ਵਿਚ ਪ੍ਰਯੋਗ ਹੋਏ ਹਨ, ਪ੍ਰੀਵਰਤਨ ਹੋਏ ਹਨ। ਮਰਯਾਦਾ, ਰੀਤ-ਰਸਮ, ਵਿਆਖਿਆ, ਪੁਨਰ ਵਿਆਖਿਆ ਧਰਮ ਦੇ ਬਾਹਰਮੁਖੀ ਪੱਖ ਹਨ। ਇਸੇ ਲਈ ਜਦੋਂ ਧਰਮ ਵਿਚ ਵਿਨਾਸ਼ਮਈ ਪ੍ਰੀਵਰਤਨ ਆਉਂਦਾ ਹੈ, ਉਦੋਂ ਬਾਹਰਮੁਖੀ ਪੱਖ ਤੋਂ ਤੋੜ-ਮਰੋੜ ਆਰੰਭ ਹੁੰਦੀ ਹੈ। ਜੇ ਸਿੰਘ ਸਭਾ ਲਹਿਰ ਸੱਚੇ ਅਰਥਾਂ ਵਿਚ ਗਿਆਨ-ਮੁੜ ਸੁਰਜੀਤ ਲਹਿਰ ਹੁੰਦੀ ਤਾਂ ਪ੍ਰੀਵਰਤਨ, ਸਮਾਜ ਦੀਆਂ ਲੋੜਾਂ ਅਨੁਸਾਰ—'ਧਰਮ ਮਨੁਖ ਲਈ ਹੈ' ਦੇ ਅਸੂਲ ਨੂੰ ਮੁਖ ਰਖ ਕੇ—ਆਉਣੇ ਸਨ ਜਦ ਕਿ ਸਿਖ ਸਿਆਸਤ ਦੇ ਵਿਕਾਸ ਤੋਂ ਲੈ ਕੇ ਮੂਲਵਾਦ ਦੀ ਚੜ੍ਹਤਲ ਤਕ ਸਭ ਪ੍ਰੀਵਰਤਨ ਸਿੱਖੀ ਦੇ ਉਪ੍ਰੋਕਤ ਬਾਹਰਮੁਖੀ ਘੇਰੇ ਵਿਚ ਆਏ ਹਨ। ਮੂਲਵਾਦ ਦਾ ਮੂਲ-ਮੰਤਰ ਹੈ, "ਮਨੁਖ ਧਰਮ ਨੂੰ ਪਾਲਣ ਲਈ ਜਨਮ ਲੈਂਦਾ ਹੈ।" ਇਹ ਲੋਟੂ ਸ੍ਰੇਣੀਆਂ ਦੀ ਰਾਜ-ਸੱਤਾ ਸੰਬੰਧੀ ਗੁਰਬੰਦੀ ਦੇ ਕਿੰਨੀ ਨੇੜ ਹੈ ਜਿਸ ਦਾ ਕਥਨ ਹੈ ਕਿ ਸਮਾਜ ਰਾਜ-ਸੱਤਾ ਦੇ ਕਾਰਣ ਹੀ ਕਾਇਮ ਹੋਇਆ ਹੈ।

**ਮੂਲਵਾਦੀ ਵਿਚਾਰ ਅਤੇ ਪਹੁੰਚ** :—ਮੂਲਵਾਦ, ਸ਼ਬਦਾਰਥ ਵਿਚ ਵੀ ਮੂਲਵਾਦ ਨਹੀਂ। ਕਿਉਂਕਿ ਇਹ ਧਰਮ ਅਤੇ ਸਮਾਜ ਨੂੰ ਮੁਢ ਤੋਂ ਨਹੀਂ ਦੇਖਦਾ, ਨਾ ਹੀ ਪੂਰੇ ਸੰਦਰਭ ਵਿਚ ਦੇਖਦਾ ਹੈ। ਸਗੋਂ ਪੂਰਬ-ਨਿਸਚਿਤ ਸਿੱਟੇ ਨੂੰ ਸਿੱਧ ਕਰਨ ਲਈ ਮੂਲਵਾਦ; ਗੁਰਬਾਣੀ, ਇਤਿਹਾਸ, ਮਿਥਹਾਸ, ਰਹਿਤ-ਬਹਿਤ, ਰੀਤ-ਮਰਯਾਦਾ ਵਿਚੋਂ ਜੋ ਰਾਸ ਆਵੇ, ਵਾਰਾ ਖਾਏ ਉਹ ਕੁਝ ਜੋੜ ਤੋੜ ਕੇ ਧਰਮ-ਅਨੁਯਾਈਆਂ ਨੂੰ ਸੌੜੇ ਹਿਤਾਂ ਲਈ ਸੌੜ-ਦਿਲੀ ਵਲ ਮੋੜਦਾ ਹੈ।

ਮੂਲਵਾਦ ਦੀ ਸਭ ਤੋਂ ਵਡੀ ਉਕਾਈ ਹੈ ਇਸ ਦੀ ਅਵਿਗਿਆਨਕ ਕੂਪ-ਮਡੂਕਤਾ (ਖੂਹ ਦਾ ਡੱਡੂਪਣ)। ਉਹ ਧਰਮ ਨੂੰ ਬਾਹਰਮੁਖੀ (ਸਮਾਜਕ) ਯਥਾਰਥ ਦਾ ਪ੍ਰਤੀਫਲ, ਨਾ ਸਮਝਣ ਕਾਰਣ ਹਰ ਵਸਤ-ਵਰਤਾਰੇ ਨੂੰ ਨਖੇੜ ਕੇ ਵਸਤੂ-ਭੀਤਰ-ਰੂਪ ਵਿਚ ਦੇਖਦਾ ਹੈ। ਇਸੇ ਲਈ ਨਾ ਇਹ ਤਰਕ ਨੂੰ ਮੰਨਦਾ ਹੈ ਨਾ ਵਿਗਿਆਨਕ ਵਿਧੀ-ਵਿਧਾਨ ਨੂੰ। ਇੰਜ ਇਹ ਮਿਥਾਂ, ਰੂੜ੍ਹੀਆਂ, ਨੂੰ ਆਪਣੇ ਢੰਗ ਨਾਲ ਪੱਕਾ ਕਰਦਿਆਂ ਉਹਨਾਂ ਨੂੰ ਨਾਂਹ-ਪੱਖੀ ਰੂਪ ਵਿਚ ਬਦਲ ਰਿਹਾ ਹੁੰਦਾ ਹੈ। ਇਹ ਸਭ

ਕੂੜ ਕਰਦਿਆਂ ਮਰਯਾਦਾ, ਕਰਮ ਕਾਂਡ, ਇਤਹਾਸਕ-ਮਿਥਹਾਸਕ ਪ੍ਰਤੀਕਾਂ ਤੇ ਸ਼ਬਦਾਂ ਦੀ ਵਰਤੋਂ ਆਪਣੇ ਅਰਥਾਂ ਵਿਚ ਕਰਦਾ ਹੈ (ਉਗਰਵਾਦੀ ਟੋਲੀਆਂ ਦੇ ਨਾਂ : ਦਲ ਖਾਲਸਾ, ਤੱਤ ਖਾਲਸਾ, ਬਬਰ ਖਾਲਸਾ । ਹਰ ਧੜੇ ਦੇ ਸਮਾਗਮ ਦਾ ਨਾਂ 'ਸਰਬੱਤ ਖਾਲਸਾ' ਆਦਿਕ) । ਕਈ ਵਾਰ ਰਹਿਤ-ਬਹਿਤ ਅਤੇ ਸ਼ਾਦੀ ਗ਼ਮੀ ਦੇ ਅਵਸਰ ਤੇ ਧਨ ਦਿਖਾਵੇ ਦੀ ਅਖਾਉਤੀ ਪਵਿਤਰਤਾਵਾਦੀ ਵਿਰੋਧਤਾ ਵੀ ਕਰਦਾ ਹੈ ਜਿਵੇਂ ਵਿਆਹ ਸ਼ਾਦੀ ਉਪਰ ਫਜ਼ੂਲ ਖਰਚੀ, ਦਿਖਾਵੇ ਅਤੇ ਨਸ਼ਾਖੋਰੀ ਦੀ ਵਕਤੀ ਵਿਰੋ-ਧਤਾ ਮੂਲਵਾਦੀ ਸਟੰਟ ਹੈ ।

**ਖੱਬੇ-ਪੱਖੀ ਮੂਲਵਾਦ** :—ਕਿਉਂਕਿ ਮਾਰਕਸਵਾਦ ਨੇ ਵੀ ਆਪਣੇ ਸ੍ਰੋਤਿਆਂ ਪਾਠਕਾਂ ਅਤੇ ਅਨੁਯਾਈਆਂ ਦਾ ਘੇਰਾ ਪੈਦਾ ਕਰ ਲਿਆ ਹੈ ਇਸ ਲਈ ਸੱਠਵਿਆਂ ਤੋਂ ਮੂਲਵਾਦ ਦੀ ਪਿਤਾ-ਪੁਰਖੀ ਨਹੀਂ; 'ਆਧੁਨਿਕ' ਤੇ ਅਖਾਉਤੀ ਮਾਰਕਸਵਾਦੀ ਧਾਰਾ ਚਾਲੂ ਹੋਈ ਹੈ । ਲੰਮੀ ਵਰਤੋਂ ਨਾਲ, ਸ੍ਰੋਤਿਆਂ ਪਾਠਕਾਂ ਦਾ ਇਕ ਖਾਸ ਕਿਸਮ ਦੀ ਸ਼ਬਦਾਵਲੀ ਨਾਲ ਮੋਹ ਪੈ ਜਾਂਦਾ ਹੈ ਕੰਨ-ਰਸ ਵਿਕਸਤ ਹੁੰਦਾ ਹੈ । ਸੋ ਵਿਚਾਰ ਤੱਤ ਅਤੇ ਪਹੁੰਚ ਨੂੰ ਇਕ ਪਾਸੇ ਰਖ ਕੇ ਇਸ ਮੈਂਕਾਕੀ ਮਾਰਕਸੀ ਧਾਰਾ ਨੇ ਪਹਿਲਾਂ ਸਾਰੇ ਸਿਖ ਇਤਹਾਸ ਨੂੰ ਮਿਥਹਾਸ, ਗੁਰਬਾਣੀ ਆਦਿਕ ਦੀ ਪੁਠ ਦੇ ਕੇ ਇਨਕਲਾਬ ਦੇ ਇਤਹਾਸ ਵਾਂਗ ਲਿਖਿਆ । ਫੇਰ ਪੂਰੀ ਦੀ ਪੂਰੀ ਗੁਰਬਾਣੀ ਨੂੰ ਇਸ ਦੇ ਪਰਮਾਰਥਕ ਤੱਤ ਨਾਲੋਂ ਨਿਖੇੜ ਕੇ, ਰੱਬ, ਨਾਮ, ਗੁਰੂ, ਸਿਖ, ਆਦਿਕ ਸ਼ਬਦਾਂ ਨੂੰ ਖਾਲਸ ਇਨਕਲਾਬੀ ਤੇ 'ਮਾਰਕਸ ਤੋਂ ਪਹਿਲਾਂ ਦੇ ਮਾਰਕਸੀ' ਦੱਸ ਕੇ ਅੱਤ-ਖੱਬੇ ਪੱਖ ਤੋਂ ਮੂਲਵਾਦ ਦਾ ਸਿਧਾਂਤੀਕਰਨ ਕੀਤਾ । ਕੁਝ ਤੱਤੀਆਂ ਕਲਮਾਂ ਨੇ ਕਲਾ ਅਤੇ ਸੁਹਜ-ਸੁਆਦ ਨੂੰ ਪਿੱਛੇ ਪਾ ਕੇ ਨਾਹਰੇਬਾਜ਼ ਸਾਹਿਤ ਵੀ ਲਿਖਿਆ ਜਿਸ ਨੇ ਮੂਲਵਾਦ ਅਤੇ ਸੰਕੀਰਣਤਾਵਾਂ ਨੂੰ ਪਾਠਕਾਂ ਦੇ ਜਜ਼ਬਾਤ ਵਿਚ ਉਤਾਰਨ ਦਾ ਯਤਨ ਕੀਤਾ ।

**ਮੂਲਵਾਦੀ ਕਿਲਾਬੰਦੀਆਂ** :—ਮੂਲਵਾਦ ਦੀ ਸਭ ਤੋਂ ਸੁਰਖਿਅਤ ਕਿਲਾ-ਬੰਦੀ ਧਾਰਮਿਕ ਵਿਚਾਰ ਅਤੇ ਸੰਸਕਾਰ ਹਨ ਜਿਥੋਂ ਇਹ ਫਿਰਕਾਪ੍ਰਸਤੀ ਅਤੇ ਅੱਤਵਾਦ ਨੂੰ ਮਾਨਸਕ ਸਹਾਇਤਾ ਵੀ ਦੇਂਦਾ ਹੈ ਅਤੇ ਜਨਸਾਧਾਰਨ ਵਿਚ ਓਹਲਾ ਵੀ । ਦੋ-ਟੁਕ ਰਾਜਕੀ ਟਾਕਰੇ ਸਮੇਂ ਮੂਲਵਾਦ ਦਾ ਸਭ ਤੋਂ ਵਡਾ ਨਾਹਰਾ ਹੈ ਕਿ ਉਹ ਰਾਜਕੀ ਮਾਮਲਿਆਂ ਵਿਚ ਵੀ ਆਪਣੇ ਧਰਮ ਜਾਂ ਰੱਬ ਨੂੰ ਉਤਰਦਾਈ ਹੈ ।

ਧਰਮ-ਦਰਸ਼ਨ ਦੀ ਪ੍ਰਮਾਣੀਕਤਾ ਆਪਣੇ ਹੱਥ ਵਿਚ ਰਖ ਕੇ ਧਰਮ ਦੇ ਮਾਨਵਵਾਦੀ ਸੋਤਰ ਸੁਕਾਉਂਦਾ, ਇਤਿਹਾਸ ਦੀ ਪੁੱਠੀ ਪੱਟੀ ਪੜ੍ਹਾਉਂਦਾ ਅਤੇ ਇਕ ਪਾਸੇ ਸਹਿ-ਧਰਮੀਆਂ ਨੂੰ ਨਖੇੜ ਕੇ ਵਿਰੋਧੀ ਕਤਾਰਬੰਦੀ ਕਰਦਾ ਹੈ ਦੂਜੇ ਪਾਸੇ ਉਹਨਾਂ ਨੂੰ ਮਾਨਸਕ ਤੌਰ ਤੇ ਗੁਲਾਮ ਬਣਾਈ ਰਖਦਾ ਹੈ।

ਮੂਲਵਾਦ ਨੇ ਧਾਰਮਿਕ ਸੰਸਥਾਵਾਂ ਰੂੜ੍ਹੀਆਂ ਤੋਂ ਬਿਨਾਂ ਦੂਜੀ ਕਿਲਾਬੰਦੀ ਵਿਦਿਅਕ-ਅਕਾਦਮਿਕ ਖੇਤਰ ਵਿਚ ਬਣਾਈ ਹੋਈ ਹੈ। ਗਹਿਣ ਅਧਿਅਨ ਅਤੇ ਪੜਤਾਲ ਹੀ ਦੱਸਣਗੇ ਕਿ ਭਾਈ ਕਾਨ੍ਹ ਸਿੰਘ ਨਾਭਾ ਅਤੇ ਉਹਨਾਂ ਦੇ ਸਮਕਾਲੀ ਸਿਖ ਵਿਦਵਾਨਾਂ ਨੇ ਸਰ ਲੈਪਲ ਗ੍ਰਿਫਨ ਤੋਂ ਲੈ ਕੇ ਹੋਰਨਾਂ ਅੰਗਰੇਜ਼ੀ ਅਫਸਰੀ-ਵਿਦਵਾਨਾਂ ਨੂੰ ਗੁਰਬਾਣੀ ਅਤੇ ਸਿਖ ਇਤਹਾਸ ਤੇ ਦਰਸ਼ਨ ਬਾਰੇ ਸਿਖਿਆ ਕਿੰਨੀ ਦਿਤੀ ਅਤੇ ਇਹ ਸੂਚਨਾਮਈ ਸਿਖਿਆ ਦੇਂਦਿਆਂ ਹੋਇਆਂ ਉਨ੍ਹਾਂ ਦੇ ਸਾਮਰਾਜੀ ਹਿਤਾਂ ਦੀਆਂ ਅਨੁਸਾਰੀ ਵਿਦਵਤਾ ਪ੍ਰਣਾਲੀਆਂ ਤੇ ਵਿਧੀ-ਵਿਧਾਨ ਕਿੰਨੇ ਕੁ ਅਪਨਾ ਲਏ ! ਕਿਉਂਕਿ ਇਹ ਬਿਲਕੁਲ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਸਿਖ ਇਤਹਾਸ ਵਿਚ ਬਹੁਤ ਘਾਲੇ ਮਾਲੇ ਹੋਏ ਹਨ ਜੋ ਕਿਵੇਂ ਵੀ ਸਿਖ-ਸਮਾਜ ਦੇ ਹਿਤਾਂ ਦੇ ਅਨੁ-ਕੂਲ ਨਹੀਂ ਹਨ। ਸਵਾ ਚਾਰ ਦਹਾਕਿਆਂ ਵਿਚ ਜਿਹੜੇ ਵਿਦਵਾਨ ਅਤੇ ਬੁਧੀਜੀਵੀ ਪੰਜਾਬੀ ਸਾਹਿਤ ਅਤੇ ਸਿੱਖੀ ਵਿਚ ਉਭਰੇ ਹਨ ਉਹਨਾਂ ਨੂੰ ਵਿਦਿਆ ਸਿਖਿਆ ਮਾਨਸਿਕ ਵਿਕਾਸ ਜਾਂ ਹੋਰ ਉਚੇਰੇ ਸਮਾਜਕ ਟੀਚਿਆਂ ਲਈ ਨਹੀਂ ਪੇਸ਼ੇ ਤੇ ਪਦ-ਉਨਤੀ ਲਈ ਮਿਲੀ ਹੈ। ਇਸੇ ਲਈ ਸਾਡੇ ਬਹੁਤੇ ਧਰਮ-ਸ਼ਾਸਤਰੀ, ਸਿਖਿਆ ਸ਼ਾਸਤਰੀ, ਬੁਧੀਜੀਵੀ ਅਤੇ ਲਿਖਾਰੀ ਕੇਵਲ ਓਨਾ ਹੀ ਅਤੇ ਉਸੇ ਵਿਧੀ-ਵਿਧਾਨ ਦਾ ਅਧਿਅਨ ਕਰਦੇ ਹਨ ਜਿਸ ਵਿਚ ਉਹ ਇਕੋ ਸਮੇਂ ਆਪਣੇ ਵਿਸ਼ੇ ਦੇ ਵਿਸ਼ੇਸ਼ਗ ਵੀ ਬਣੇ ਰਹਿਣ ਅਤੇ ਉਚੇ ਸਮਾਜਕ ਆਦਰਸ਼ਾਂ ਦੇ ਟਾਕਰੇ ਤੇ ਕੂਪ-ਮੰਡੂਕ ਵੀ। ਪੰਜਾਬੀ ਪਾਠਕਾਂ ਦੀ ਘਾਟ ਤੇ ਤੋਟ ਹੋਣ ਕਾਰਣ ਪੰਜਾਬੀ ਪ੍ਰਕਾਸ਼ਨ ਦੀ ਇਹ ਮਜਬੂਰੀ ਰਹੀ ਹੈ ਕਿ ਪੁਸਤਕਾਂ ਉਸੇ ਭਾਂਤ ਦੀਆਂ ਲਿਖੀਆਂ ਤੇ ਛਾਪੀਆਂ ਜਾਣ ਜੋ ਪਾਠ-ਪੁਸਤਕ ਵਜੋਂ ਵਿਕਣ ਅਤੇ ਜੋ ਬਚ ਜਾਣ ਉਹ ਧਾਰਮਿਕ ਅਤੇ ਸਾਹਿਤਕ ਰੁਚੀਆ ਵਾਲੇ ਪਾਠਕ ਖਰੀਦ ਲੈਣ।

ਧਾਰਮਿਕ ਜਥੇਬੰਦੀਆਂ ਅਧੀਨ ਚਲ ਰਹੀਆਂ ਸਵੈ-ਨਿਰਭਰ ਤੇ ਗ੍ਰਾਂਟ-ਪ੍ਰਾਪਤ ਵਿਦਿਅਕ ਸੰਸਥਾਵਾਂ ਵਿਚ ਅਧਿਆਪਕ ਵਰਗ ਦੀ ਜਿਵੇਂ ਅਧੋਗਤੀ ਤੇ ਲੁੱਟ ਘਸੁੱਟ

ਹੁੰਦੀ ਹੈ ਉਸ ਨੂੰ ਭੁੱਲ ਜਾਈਏ ਤਾਂ ਵੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਵੇਰ ਦੀ ਅਰਦਾਸ ਤੋਂ ਲੈ ਕੇ ਧਾਰਮਿਕ ਪੀਰੀਅਡਾਂ ਅਤੇ ਵਾਤਾਵਰਣ ਵਿਚੋਂ ਵਿਦਿਆਰਥੀਆਂ ਨੂੰ ਕਿੰਨਾ ਕੁ ਸੱਚਾ ਧਰਮ, ਸੈਕੂਲਰਿਜ਼ਮ ਅਤੇ ਮਾਨਵਤਾਵਾਦ ਸਿਖਾਇਆ ਜਾਂਦਾ ਹੈ ਅਤੇ ਕਿੰਨਾ ਕੁ ਵਿਤਕਰੇ ਤੇ ਤੁਅਸਬ ਦਾ ਸਹਿਜ ਜ਼ਹਿਰ !

ਮੂਲਵਾਦ ਦਾ ਉਪਰੋਕਤ ਸਰਵੇਖਣ ਬਹੁਤ ਸਾਰੇ ਪ੍ਰਸ਼ਨ ਪ੍ਰਸਤੁਤ ਕਰ ਰਿਹਾ ਹੈ ਜੋ ਰਾਜਨੀਤਕ-ਸਮਾਜਕ ਚਿੰਤਕਾਂ, ਬੁਧੀਜੀਵੀਆਂ, ਲੇਖਕਾਂ ਅਤੇ ਹੋਰ ਰਚਨਾਤਮਕ ਕਾਮਿਆਂ ਦੇ ਧਿਆਨ ਦੀ ਮੰਗ ਕਰਦਾ ਹੈ ।

# ਧੰਨਵਾਦ :

ਇਸ ਪੁਸਤਿਕਾ ਦੀ ਰਚਨਾ ਵਿਚ ਹੇਠ ਲਿਖੀਆਂ ਪੁਸਤਕਾਂ ਰਚਕ ਬਣੀਆਂ। ਧੰਨਵਾਦ !


1. The Cambridge History of India (Vol. IV) Cambridge Uni. Press.
2. Origin of the Sikh Power in Panjab : Henry T. Princip (Language Deptt. Panjab—1970).
3. Rajas of The Punjab : Lepel H. Griffin (Lang. Deptt. Panjab—1970)
4. The Sikhs And The Sikh Wars : Charles Gouch (Lang. Deptt. Panjab—1970)
5. Punjab, A Hundred Years Ago : V. Jacquemont & Others (Lang. Deptt. Panjab—1970)
6. The Punjab in Peace And War : S. S. Thorburn (Lang. Deptt. Panjab—1970)
7. History of India : Romila Thapar : (Panguin Books)
8. Religions Experience of Mankind : Ninian Smart (Collin Publication)

9. Political Reality & Political Consciousness : (Progress Publishers, Moscow)

10. Towards Understanding Islam : Abu Ala-Moududi (Markazi Maktaba Islami. Delhi)

11. Shia'ism Or Original Islam : S. Ghaffari, Tehran, Iran.

12. Sikh Revolution : S. Jagjit Singh

13. Singh Sabha & Other Movements : Punjabi Univercity, Patiala.

14. Indian Philosophy in Modren Times : Progress Publishers, Moscow.

15. ਮਹਾਨ ਕੋਸ਼ (ਗੁਰੂ ਸ਼ਬਦ ਰਤਨਾਕਰ) : ਭਾ: ਕਾਨ੍ਹ ਸਿੰਘ (ਭਾਸ਼ਾ ਵਿਭਾਗ, ਪਟਿਆਲਾ)

16 ਭਾਰਤ ਦਾ ਇਤਹਾਸ : ਕ. ਅਨਤੋਨੋਵਾ ਅਤੇ ਹੋਰ ਲੇਖਕ (ਪ੍ਰਗਤੀ ਪ੍ਰਕਾਸ਼ਨ, ਮਾਸਕੋ)

17. ਅਠਾਰਵੀਂ ਸਦੀ ਦਾ ਸਿਖ ਇਤਹਾਸ : ਡਾ: ਸਾਹਿਬ ਸਿੰਘ ਅਰਸ਼ੀ

18. ਸਾਡਾ ਇਤਹਾਸ (ਭਾਗ ਪਹਿਲਾ) : ਪ੍ਰਿੰ: ਸਤਿਬੀਰ ਸਿੰਘ

19. ਅਕਾਲੀ ਮੋਰਚਿਆਂ ਦਾ ਇਤਹਾਸ : ਸ: ਸੋਹਨ ਸਿੰਘ ਜੋਸ਼

20. ਗੁਰੂ ਨਾਨਕ (ਲੇਖ ਸੰਗ੍ਰਹਿ) : ਪ੍ਰਗਤੀ ਪ੍ਰਕਾਸ਼ਨ, ਮਾਸਕੋ ।

21. ਗੁਰਬਾਣੀ ਦਾ ਸੱਚ : ਪ੍ਰੋ: ਕਿਸ਼ਨ ਸਿੰਘ

22. ਕਰਮ ਫਿਲਾਸਫੀ : ਭਾ: ਰਣਧੀਰ ਸਿੰਘ

23. ਨਾਮਧਾਰੀ ਇਤਹਾਸ : ਸ੍ਰ: ਨਾਹਰ ਸਿੰਘ ਐਮ.ਏ.

24. ਪੁੰਦ੍ਰੀਕ : ਸ੍ਰ: ਕਪੂਰ ਸਿੰਘ ਆਈ.ਸੀ.ਐਸ.

25. ਤਵਾਰੀਖਾਂ; ਗੁਰੂ, ਸ਼ਮਸ਼ੀਰ ਤੇ ਰਾਜ ਖਾਲਸਾ : ਗਿਆਨੀ ਗਿਆਨ ਸਿੰਘ

26. ਗੁਰਬਾਣੀ ਅਤੇ ਸਿਖ ਇਤਹਾਸ ਨਾਲ ਸੰਬੰਧਤ ਲੇਖ-ਲਿਖਤਾਂ : ਡਾ: ਗੰਡਾ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪ੍ਰੋ: ਸਾਹਿਬ ਸਿੰਘ, ਪ੍ਰੋ: ਤੇਜਾ ਸਿੰਘ, ਬਾਵਾ ਬੁਧ ਸਿੰਘ, ਬਾਬਾ ਪ੍ਰੇਮ ਸਿੰਘ ਹੋਤੀ ਇਤਿਆਦਿਕ ।

27. ਅਮਰੀਕਨ ਸਿੱਖਾਂ (3 H.O. Foundation) ਦੀਆਂ ਲਿਖਤਾਂ ਅਤੇ ਪੁਰਾਣੇ ਪੰਜਾਬੀ ਪੱਤਰ ।

# ਸ਼ੁਧੀ ਪਤਰ

| ਪੰਨਾ | ਪੈਰਾ | ਲਾਈਨ | ਅਸ਼ੁਧ | ਸ਼ੁਧ |
|---|---|---|---|---|
| 13 | ਪਹਿਲਾ | 10 | ਵਿਚਾਰ | ਵਿ ਤਾਮੇ |
| 27 | ਤੀਜਾ | 8 | ਘਟਨਾਵਾ | ਘਟਨਾਵਾਂ |
| 27 | ,, | 11 | ਸੋ ਬੀਤੇ ਸਮੇਂ | ਜੋ... |
| 40 | ਪਹਿਲਾ | 9 | ਜਿਨ੍ਹਾਂ ਜੇ .. | ਜਿਨ੍ਹਾਂ ਦੇ |
| 40 | ,, | 12 | ਤੁਰਕਾਂ | ਤੂਰਕ |
| 42 | ... | 25 | ਮਨਸ-ਬਰਦਾਰੀਆਂ | ਮਨਸਬਦਾਰੀਆ |
| 45 | ਤੀਜਾ | 2 | ਰਿਆ | ਰਿਆਇਆ |
| 45 | ਚੌਥਾ | 7 | ਇਤਹਾਸਕਾਰੀ ਤੇ | ...ਉਤੇ |
| 46 | ਦੂਜਾ | 4 | Insolation | Isolation |
| 46 | ਚੌਥਾ | 7 | ਅਲ-ਗਜ਼ਾਲ | ਅਲ-ਗ਼ਜ਼ਾਲੀ |
| 47 | ਸਿਖ ਅਤੇ ਬ੍ਰਾਹਮਣਵਾਦ | 4 | ਜੇਊ | ਜੰਞੂ |
| 48 | ਦੂਜਾ | 3 | (ਭਾਰਤੀ ) | (ਭਗਤੀ |
| 51 | ਦੂਜਾ | 3 | ਕੀਤਾ ਜਾ | ਕੀਤਾ |
| 52 | ਚੌਥਾ | 3 | ਨਵਿਤਰੀ | ਨਵਿਰਤੀ |

| ਪੰਨਾ | ਪੈਰਾ | ਲਾਈਨ | ਅਸ਼ੁਧ | ਸ਼ੁਧ |
|---|---|---|---|---|
| 53 | ਅੰਤਮ | ਅੰਤਮ | ਹਿਸਕ | ਹਿੰਸਕ |
| 65 | ਦੂਜਾ | 7 | ਬੋਲਾ ਰੋਲਾ | ਬੋਲਾ ਠੋਲਾ |
| 70 | ਲਾਹੌਰ ਵਲ ਮੂੰਹ | 1 | ਉਸ ਦੇ ਪੁਤਰ | ਉਸ ਦਾ |
| 77 | ਤੀਜਾ | 3 | ਵਿਚੋਂ ਜਾਂਦੇ | ਵਿਚੋ ਨਿਕਲ ਜਾਂਦੇ |
| 78 | ਦੂਜਾ | 6 | ਸਰਦਾਰਾਂ ਨੂੰ | ਸਰਦਾਰਾਂ ਨੇ |
| 80 | ਦੂਜਾ | 5 | ਕਿ ਜੋ | ਕਿ ਜੇ |
| 85 | ,, | 3 | ਫੌਜੀਆਂ ਦੀ | ਫੌਜੀਆਂ ਦਾ |
| 87 | ਪਹਿਲਾ | ਅੰਤਮ | ਛਾਰਿਆ | ਛਾਇਆ |
| 89 | ਤੀਜਾ | ਪਹਿਲੀ | ਸੰਘੇਂ | ਸੰਮੇਂ |
| 90 | ਦੂਜਾ | ਦੂਜੀ | ਤ੍ਰਿਸਕਿਤ | ਤ੍ਰਿਸਕ੍ਰਿਤ ਹੋਣ |
| 91 | ,, | 7 | ਤਾਂ ਇਕਸਾਰਤਾ | ਤਾਂ ਭਾਵਰਦੀ ਇਕਸਾਰਤਾ |
| 91 | ਤੀਜਾ | 1 | ਵਿਰੋਧ ਵਿਕਾਸ | ਵਿਰੋਧ ਵਿਕਾਸੀ |
| 92 | ... | ਅੰਤਮ | ਲਈ ਰੱਬ | ਲਈ ਮਹਾਰਾਜੇ ਨੇ ਰੱਬ |
| 93 | ਪਹਿਲਾ | 1 | Hundeed | Hundred |
| 93 | ਦੂਜਾ | 1 | ਮਿਲਨ | ਮਿਲਣ |
| 93 | ,, | 2 | ਲੋਕ | ਲੋਕਾਂ |
| 93 | ,, | 3 | ਲਲਾਉਣੀਆ | ਅਲਾਹੁਣੀਆਂ |
| 95 | ਦੂਜਾ | 2 | ਵਿਚ ਅਕਾਲ | ਵਿਚ ਕਈ ਵਾਰ ਅਕਾਲ |
| 95 | ਅੰਤਮ | 1 | ਰਾਜ | ਪੰਜਾਬ |
| 96 | ... | ਅੰਤਮ | ਵਿਚ | ਵਿਚ ਮੁਸਲਮਾਨ ਅਤੇ |
| 97 | ਪਹਿਲਾ | 2 | eypert | expert |
| 97 | ਅੰਤਮ | 1 | ਸਿਰੇ | ਸਿਰ |

| ਪੰਨਾ | ਪੈਰਾ | ਲਾਈਨ | ਅਸ਼ੁੱਧ | ਸ਼ੁੱਧ |
|---|---|---|---|---|
| 99 | ... | 1 | ਪਹਿਲਾਂ ਮੁਕਦਮਾ | ਪਹਿਲਾ ਝੂਠਾ ਮੁਕਦਮਾ |
| 99 | ... | 20-21 | ਮਾਰੇ ਗਏ | ਉਡਾ ਦਿਤੇ ਗਏ |
| 101 | ਸਿੰਘ ਸਭਾ... | 5 | ਸਮੇ ਲਗ ਭਗ | ਸਮੇਂ ਤੋਂ ਲਗ ਭਗ |
| 102 | ... | 5 | ਵਿਰੋਧਤਾ ਸਗੋਂ | ਵਿਰੋਧਤਾ ਕੀਤੀ |
| 104 | ਸਿਰਲੇਖ | ... | ਦੇ ਜੁਝਾਰ | ਦੋ ਜੁਝਾਰ |
| 106 | ... | 5 | ਭਾਰਤ ਆਜ਼ਾਦ | ਭਾਰਤ ਨੂੰ ਆਜ਼ਾਦ |
| 115 | ... | 15 | ਚਾਬੀਆਂ ਦੇ | ਚਾਬੀਆਂ ਦਾ |
| 118 | ... | 3 | ਪਿਆਦੇ | ਪਿਆਦਿਆਂ |
| 121 | ਪਹਿਲਾ | 2 | ਵਿਦਵਾਨ | ਵਿਦਮਾਨ |
| 122 | .. | 3 | ਪਹਿਲਾ ਰੀਟਾਇਰਡ | ਪਹਿਲਾਂ ਦੋ... |
| 124 | .. | 5 | ਪ੍ਰਬੰਮਕ | ਪ੍ਰਬੰਧਕ |
| 124 | ਅੰਤਮ | 2 | ਸਮੇਤ) | ਸਮੇਤ) ਦੇਣ |
| 125 | ਪਹਿਲਾ | 3 | ਦ੍ਰਿਸ | ਦਿਸ਼ਾ |
| 126 | ਪਹਿਲਾ | ਅੰਤਮ | ਉਹ ਦੀਵਾਨ | ਉਹ ਚੀਫ ਖਾਲਸਾ |
| 127 | ... | 5 | ਬੀਅ ਵੀ | ਬੀਅ |
| 135 | ਪਹਿਲਾ | 8 | ਸਨ । | ਸਨ ਜਿਵੇਂ |
| 137 | ... | 4 | ਕੁਹ | ਕੁਝ |
| 154 | ... | 1 | ਅਸਭਿਆ | ਅਸਭਿਅ |
| 154 | ਦੂਜਾ | 1 | ਮਿੱਟੀ ਹੁੰਦੀ | ਮਿੱਟੀ ਦੀ ਹੁੰਦੀ |
| 156 | ... | 9 | ਉਸ | ਉਸ ਤੋਂ |
| 158 | ... | 10 | ਘ੍ਰਿਣਾ ਵੀ | ਘ੍ਰਿਣਾ ਦੀ |
| 160 | ਦੂਜਾ | 1 | ਵਸੀਲਿਆਂ | ਹਲਕਿਆਂ |
| 163 | ... | 1 | ਆਗਮਗਾਹ | ਆਰਾਮਗਾਹ |

| ਪੰਨਾ | ਪੈਰਾ | ਲਾਈਨ | ਅਸ਼ੁਧ | ਸ਼ੁਧ |
|---|---|---|---|---|
| 163 | ਪਹਿਲਾ | 16 | ਪ੍ਰਸਿੱਧੀ | ਪ੍ਰਸਿੱਧ |
| 165 | .. | 4 | ਉਰਸ | ਉਰਸਾ |
| 171 | ਪਹਿਲਾ | 8 | ਚਲ | ਚਲ ਕੇ |
| 182 | ਪਹਿਲਾ | 19 | Natioual | National |
| 183 | ... | 3 | ਆਚੁਕ | ਅਚੁਕ |
| 196 | ਪਹਿਲਾ | 14 | ਬੰਧਕੇ | ਬੰਧਕ |
| 194 | ... | 9 | ਜਾਦੇ ਹਨ | ਜਾਦੇ ਹਨ ਕਿ |
| 195 | ਤੀਜਾ | 1 | ਤੱਤ ਦੀ | ਤੱਤ ਦਾ |
| 197 | .. | 2 | ਲੈ ਸਨਮਾਨਤ | ਲੈ ਕੇ ਸਨਮਾਨਤ |
| 198 | ਤੀਜਾ | 2 | ਮਡੂਕਤਾ | ਮੰਡੂਕਤਾ |